ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 104 | 3 Jan. to 9 Jan.2024 | Ph.: (510) 240-5949 | Email: asrtimes@gmail.com

# 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਹੋਇਆ ਨਵੇਂ ਸਾਲ ਦਾ ਸਵਾਗਤ

➤ ਨਵੇਂ ਵਰ੍ਹੇ 'ਤੇ ਪੰਜ ਲੱਖ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ➤ ਸੰਗਤ ਨੇ ਕਈ ਘੰਟੇ ਕਤਾਰਾਂ 'ਚ ਖੜ੍ਹੇ ਹੋ ਕੇ ਇੰਤਜ਼ਾਰ ਕਰਨ ਮਗਰੋਂ ਮੱਥਾ ਟੇਕਿਆ





ਅੰਮ੍ਰਿਤਸਰ/ਏ.ਟੀ.ਨਿਊਜ਼ : ਵੱਡੀ ਗਿਣਤੀ ਸੰਗਤ ਨੇ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋ ਕੇ ਨਵੇਂ ਵਰ੍ਹੇ ਨੂੰ ਜੀ ਆਇਆਂ ਕਿਹਾ। ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਕਰੀਬ ਚਾਰ ਤੋਂ ਪੰਜ ਲੱਖ ਸੰਗਤ ਨੇ ਇੱਥੇ ਨਤਮਸਤਕ ਹੋ ਕੇ ਨਵੇਂ ਵਰ੍ਹੇ ਦੀ ਸ਼ੁਰੂਆਤ ਕੀਤੀ।

ਨਵੇਂ ਸਾਲ ਨੂੰ ਜੀ ਆਇਆਂ ਕਹਿਣ ਦੇ ਪੱਛਮੀ ਢੰਗ ਤਰੀਕੇ ਦੇ ਵਧ ਰਹੇ ਰੁਝਾਨ ਵਿਚਾਲੇ ਲੋਕਾਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਨਵੇਂ ਵਰ੍ਹੇ ਨੂੰ ਜੀ ਆਇਆਂ ਕਹਿਣ ਦਾ ਰੁਝਾਨ ਵੀ ਵਧ ਰਿਹਾ ਹੈ। ਇਹੀ ਕਾਰਨ ਹੈ ਕਿ ਹਰ ਵਰ੍ਹੇ 31 ਦਸੰਬਰ ਦੀ ਰਾਤ ਅਤੇ ਪਹਿਲੀ ਜਨਵਰੀ ਨੂੰ ਇੱਥੇ ਸੰਗਤ ਦੀ ਭਾਰੀ ਆਮਦ ਰਹਿੰਦੀ ਹੈ। ਸੰਗਤ ਦੇਰ ਸ਼ਾਮ ਨੂੰ ਹੀ ਇੱਥੇ ਪੁੱਜਣੀ ਸ਼ੁਰੂ ਹੋ ਗਈ ਸੀ ਅਤੇ ਰਾਤ ਨੂੰ ਜਦੋਂ 12 ਵੱਜੇ ਤਾਂ ਇੱਥੇ ਪਰਿਕਰਮਾ ਵਿੱਚ ਸੰਗਤ ਦਾ ਹੜ੍ਹ ਆਇਆ ਹੋਇਆ ਸੀ। ਸੰਗਤਾਂ ਨੇ ਜੈਕਾਰੇ ਛੱਡ ਕੇ, ਮੂਲ ਮੰਤਰ ਦਾ ਪਾਠ ਕਰ ਕੇ ਅਤੇ ਗੁਰੂ ਘਰ ਵਿੱਚ ਨਤਮਸਤਕ ਹੁੰਦੇ ਹੋਏ ਨਵੇਂ ਵਰ੍ਹੇ ਨੂੰ ਜੀ ਆਇਆਂ ਕਿਹਾ।

ਬੀਤੇ ਦਿਨਾਂ ਤੋਂ ਭਾਵੇਂ ਵਧੇਰੇ ਠੰਢ ਪੈ ਰਹੀ ਹੈ ਅਤੇ ਧੁੰਦ ਨੇ ਜਨ-ਜੀਵਨ ਨੂੰ ਪ੍ਰਭਾਵਿਤ ਕੀਤਾ ਹੋਇਆ ਹੈ ਪਰ ਇਸ ਦੇ ਬਾਵਜੂਦ ਦੂਰ-ਦੁਰਾਡੇ ਤੋਂ ਸੰਗਤ ਤੜਕੇ ਹੀ ਇੱਥੇ ਸੰਗਤ ਪੁੱਜੀ ਹੋਈ ਸੀ।

ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਭਾਰੀ ਠੰਢ ਨੂੰ ਦੇਖਦਿਆਂ ਪਰਿਕਰਮਾ ਅਤੇ ਹੋਰਨਾਂ ਥਾਵਾਂ 'ਤੇ ਸੰਗਤ ਦੀ ਸਹੂਲਤ ਲਈ ਵਧੇਰੇ ਗੱਦੇ ਤੇ ਗਲੀਚੇ ਵਿਛਾ ਦਿੱਤੇ ਗਏ ਸਨ। ਇਸ ਤੋਂ ਇਲਾਵਾ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿੱਚ ਦੋਹਾਂ ਮੰਜ਼ਿਲਾਂ 'ਤੇ ਸਾਰੀ ਰਾਤ ਹੀ ਲੰਗਰ ਚੱਲਦਾ ਰਿਹਾ ਹੈ ਅਤੇ ਖਾਸ ਕਰਕੇ ਚਾਹ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਰਾਤ ਜਦੋਂ 12 ਵੱਜੇ ਅਤੇ ਨਵੇਂ ਸਾਲ ਦੀ ਸ਼ੁਰੂਆਤ ਹੋਈ ਤਾਂ ਵੱਡੀ ਗਿਣਤੀ ਸੰਗਤ ਨੇ ਸਰੋਵਰ ਵਿੱਚ ਇਸ਼ਨਾਨ ਕੀਤਾ ਅਤੇ ਗੁਰੂ ਘਰ ਵਿੱਚ ਅਰਦਾਸ ਕਰ ਕੇ ਨਵੇਂ ਵਰ੍ਹੇ ਨੂੰ ਜੀ ਆਇਆਂ ਕਿਹਾ।

ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਹਰੇਕ ਪਾਸੇ ਵੱਡੀ ਗਿਣਤੀ ਸੰਗਤ ਮੌਜੂਦ ਸੀ।

ਉਨ੍ਹਾਂ ਗੁਰਬਾਣੀ ਕੀਰਤਨ ਸਰਵਣ ਕੀਤਾ ਅਤੇ ਗੁਰੂ ਦੇ ਚਰਨਾਂ ਵਿੱਚ ਨਵੇਂ ਸਾਲ ਦਾ ਸਵਾਗਤ ਕੀਤਾ। ਹਰੇਕ ਪਾਸੇ ਸੰਗਤ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦੀ ਦਿਖਾਈ ਦੇ ਰਹੀ ਸੀ। ਇਸ ਮਗਰੋਂ ਰਾਤ 12 ਵਜੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਗੂੰਜਣੇ ਸ਼ੁਰੂ ਹੋ ਗਏ ਅਤੇ ਦਰਬਾਰ ਸਾਹਿਬ ਦਾ ਸਾਰਾ ਕੰਪਲੈਕਸ ਤੇ ਬਾਹਰ ਮੌਜੂਦ ਸੰਗਤ ਇਸ ਵਿੱਚ ਸ਼ਾਮਲ ਹੋਈ।

ਜਿਹੜੀ ਸੰਗਤ ਦਰਬਾਰ ਸਾਹਿਬ ਦੇ ਅੰਦਰ ਨਹੀਂ ਪਹੁੰਚ ਸਕੀ ਉਨ੍ਹਾਂ ਬਾਹਰ ਰਹਿ ਕੇ ਹੀ ਜੈਕਾਰਿਆਂ ਵਿੱਚ ਸ਼ਮੂਲੀਅਤ ਕੀਤੀ। ਸਾਲ ਦੇ ਪਹਿਲੇ ਦਿਨ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਆਈ ਸੰਗਤ ਨੇ ਕਈ ਘੰਟੇ ਕਤਾਰਾਂ ਵਿੱਚ ਖੜ੍ਹੇ ਹੋ ਕੇ ਇੰਤਜ਼ਾਰ ਕਰਨ ਮਗਰੋਂ ਮੱਥਾ ਟੇਕਿਆ।

## ਅਮਰੀਕਾ ਵੱਲੋਂ ਯੂ.ਐਸ-ਮੈਕਸੀਕੋ ਬਾਰਡਰ ਕ੍ਰਾਸਿੰਗਾਂ ਨੂੰ ਮੁੜ ਖੋਲ੍ਹਣ ਦਾ ਫ਼ੈਸਲਾ

ਕੈਲੀਫ਼ੋਰਨੀਆ/ਏ.ਟੀ.ਨਿਊਜ਼ : ਇੱਕ ਸੀਨੀਅਰ ਅਮਰੀਕੀ ਅਧਿਕਾਰੀ ਨੇ ਕਿਹਾ ਕਿ ਅਮਰੀਕਾ 4 ਜਨਵਰੀ ਨੂੰ ਚਾਰ ਕਾਨੂੰਨੀ ਯੂ.ਐਸ-ਮੈਕਸੀਕੋ ਬਾਰਡਰ ਕ੍ਰਾਸਿੰਗਾਂ ਨੂੰ ਮੁੜ ਖੋਲ੍ਹੇਗਾ ਕਿਉਂਕਿ ਉੱਚ ਪੱਧਰੀ ਗੈਰ-ਕਾਨੂੰਨੀ ਇਮੀਗ੍ਰੇਸ਼ਨ ਵਿੱਚ ਕਮੀ ਆਈ ਹੈ ਅਤੇ ਕਰਮਚਾਰੀਆਂ ਨੂੰ ਮੁਕਤ ਕਰ ਦਿੱਤਾ ਗਿਆ ਹੈ।

ਅਧਿਕਾਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਅਮਰੀਕਾ ਈਗਲ ਪਾਸ, ਟੈਕਸਾਸ, ਐਰੀਜ਼ੋਨਾ ਵਿੱਚ ਦੋ ਕਰਾਸਿੰਗਾਂ ਅਤੇ ਸੈਨ ਡਿਏਗੋ, ਕੈਲੀਫ਼ੋਰਨੀਆ ਦੇ ਨੇੜੇ ਇੱਕ ਅੰਤਰਰਾਸ਼ਟਰੀ ਪੁਲ ਨੂੰ ਦੁਬਾਰਾ ਖੋਲ੍ਹੇਗਾ।

ਮੈਕਸੀਕਨ ਅਤੇ ਯੂ. ਐਸ. ਅਧਿਕਾਰੀਆਂ ਨੇ ਪਿਛਲੇ ਹਫ਼ਤੇ ਆਪਣੀ ਸਾਂਝੀ ਸਰਹੱਦ 'ਤੇ ਰਿਕਾਰਡ ਮਾਈਗ੍ਰੇਸ਼ਨ ਨਾਲ ਨਜਿੱਠਣ ਲਈ ਮਿਲ ਕੇ ਕੰਮ ਕਰਨ ਦਾ ਵਾਅਦਾ ਕੀਤਾ, ਜਦੋਂ ਚੋਟੀ ਦੇ ਅਮਰੀਕੀ ਅਧਿਕਾਰੀਆਂ ਨੇ ਮੈਕਸੀਕੋ ਦੇ ਰਾਸ਼ਟਰਪਤੀ ਐਂਡਰੇਸ ਮੈਨੁਅਲ ਲੋਪੇਜ਼ ਓਬਰਾਡੋਰ ਨਾਲ ਮੁਲਾਕਾਤ ਕਰਨ ਲਈ ਮੈਕਸੀਕੋ ਦੀ ਯਾਤਰਾ ਕੀਤੀ।

ਸੀਨੀਅਰ ਅਮਰੀਕੀ ਅਧਿਕਾਰੀ ਨੇ ਕਿਹਾ ਕਿ ਮੈਕਸੀਕਨ ਅਧਿਕਾਰੀਆਂ ਨੇ ਹਾਲ ਹੀ ਦੇ ਹਫ਼ਤਿਆਂ ਵਿੱਚ ਇਮੀਗ੍ਰੇਸ਼ਨ ਲਾਗੂਕਰਨ ਨੂੰ ਤੇਜ਼ ਕੀਤਾ ਹੈ, ਜਿਸ ਵਿੱਚ ਪ੍ਰਵਾਸੀਆਂ ਨੂੰ ਦੱਖਣੀ ਮੈਕਸੀਕੋ ਵੱਲ ਮੋੜਨਾ ਅਤੇ ਵੈਨੇਜ਼ੁਏਲਾ ਲਈ ਦੇਸ਼ ਨਿਕਾਲੇ ਦੀਆਂ ਉਡਾਣਾਂ ਨੂੰ ਮੁੜ ਸ਼ੁਰੂ ਕਰਨਾ ਸ਼ਾਮਲ ਹੈ।

ਰਾਇਟਰਜ਼ ਦੁਆਰਾ ਸਮੀਖਿਆ ਕੀਤੀ ਗਈ ਇੱਕ ਅੰਦਰੂਨੀ ਅਮਰੀਕੀ ਸਰਕਾਰ ਦੀ ਰਿਪੋਰਟ ਦੇ ਅਨੁਸਾਰ, ਯੂ.ਐਸ. ਸਰਹੱਦੀ ਅਧਿਕਾਰੀਆਂ ਨੇ ਪਿਛਲੇ ਹਫ਼ਤੇ ਇੱਕ ਦਿਨ ਵਿੱਚ ਔਸਤਨ 6,400 ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ। ਯੂ.ਐਸ. ਦੇ ਇੱਕ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਕ੍ਰਿਸਮਸ ਅਤੇ ਨਵੇਂ ਸਾਲ ਦੇ ਦਿਨ ਦੇ ਵਿਚਕਾਰ ਇਤਿਹਾਸਕ ਤੌਰ 'ਤੇ ਪ੍ਰਵਾਸੀ ਕਰਾਸਿੰਗ ਘੱਟ ਗਈ ਹੈ। ਅਧਿਕਾਰੀ ਨੇ ਕਿਹਾ ਕਿ ਅਸੀਂ ਪਿਛਲੇ ਸਾਲ ਮੁਕਾਬਲਿਆਂ ਵਿੱਚ ਵਾਧਾ ਅਤੇ ਮੁਕਾਬਲੇ ਵਿੱਚ ਕਮੀ ਦੇਖੀ ਹੈ। ਅਸੀਂ ਇਸ ਕਿਸਮ ਦੇ ਵਾਧੇ ਦਾ ਜਵਾਬ ਦੇਣ ਲਈ ਤਿਆਰ ਰਹਾਂਗੇ।

ਦਿੱਲੀ ਵਿੱਚ ਫ਼ਿਰ ਲਗੇਗਾ ਕਿਸਾਨ ਮੋਰਚਾ

## 18 ਉੱਤਰ ਭਾਰਤੀ ਜਥੇਬੰਦੀਆਂ ਅਤੇ ਸੰਯੁਕਤ ਕਿਸਾਨ ਮੋਰਚਾ ਵੱਲੋਂ ਸਾਂਝੇ ਰੂਪ 'ਚ 13 ਫ਼ਰਵਰੀ ਨੂੰ ਦਿੱਲੀ ਕੂਚ ਕਰਨ ਦਾ ਐਲਾਨ



ਜੰਡਿਆਲਾ ਗੁਰੂ/ ਏ.ਟੀ.ਨਿਊਜ਼ : ਉੱਤਰੀ ਭਾਰਤ ਦੀਆਂ 18 ਕਿਸਾਨ ਮਜਦੂਰ ਜਥੇਬੰਦੀਆਂ ਅਤੇ ਸੰਯੁਕਤ ਕਿਸਾਨ ਮੋਰਚਾ (ਗ਼ੈਰ ਰਾਜਨੀਤਿਕ) ਦੇ ਸਾਂਝੇ ਸੱਦੇ 'ਤੇ ਹੋਈ ਜੰਡਿਆਲਾ ਗੁਰੂ ਦਾਣਾ ਮੰਡੀ ਦੀ ਮਹਾਂਰੈਲੀ ਵਿੱਚ ਦੋਵਾਂ ਫ਼ੋਰਮਾਂ ਵੱਲੋਂ 13 ਫ਼ਰਵਰੀ ਨੂੰ ਸਾਂਝੇ ਦਿੱਲੀ ਕੂਚ ਦਾ ਐਲਾਨ ਕਰ ਕੇ ਇੱਕ ਵਾਰ ਫ਼ੇਰ ਤੋਂ ਦਿੱਲੀ ਮੋਰਚੇ ਦੇ ਬਿਗੁਲ ਫ਼ੂਕ ਦਿੱਤੇ ਗਏ ਹਨ।

ਇਸ ਮੌਕੇ ਆਗੂਆਂ ਨੇ ਲੋਕਾਂ ਦੇ ਉਮੜੇ ਜਨ ਸੈਲਾਬ ਨੂੰ ਸੰਬੋਧਨ ਹੁੰਦੇ ਕਿਹਾ ਕਿ ਕੇਂਦਰ ਵਿੱਚ ਆਈਆਂ ਸਭ ਸਰਕਾਰਾਂ ਨੇ ਦੇਸ਼ ਦੇ ਹਰ ਤਰ੍ਹਾਂ ਦੇ ਸਰੋਤਾਂ ਨੂੰ ਦੇਸੀ ਅਤੇ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹੱਥੀਂ ਦੇਸ਼ ਵੇਚਣ ਵਾਲੀਆਂ ਨੀਤੀਆਂ ਤਹਿਤ ਕੰਮ ਕੀਤਾ ਹੈ ਅਤੇ 10 ਸਾਲ ਤੋਂ ਭਾਜਪਾ ਸਰਕਾਰ ਪਿਛਲੀਆਂ ਸਰਕਾਰਾਂ ਤੋਂ ਵੀ ਅੱਗੇ ਵਧ ਕੇ ਕੰਮ ਕਰ ਰਹੀ ਹੈ ਅਤੇ ਅੱਜ ਦੇਸ਼ ਦੇ ਖੇਤੀ ਸੈਕਟਰ ਅਤੇ ਜ਼ਮੀਨਾਂ 'ਤੇ ਕਾਰਪੋਰੇਟ ਦੇ ਕਬਜ਼ੇ ਕਰਵਾਉਣ ਦੀ ਨੀਤੀ ਤਹਿਤ ਕੰਮ ਕਰ ਰਹੀ ਹੈ, ਜਿਸ ਨਾਲ ਕਿਸਾਨਾਂ ਮਜ਼ਦੂਰਾਂ ਦੀ ਤਬਾਹੀ ਨਿਸ਼ਚਿਤ ਹੈ। ਉਨ੍ਹਾਂ ਕਿਹਾ ਕਿ ਅੱਜ ਦਾ ਇਹ ਇਕੱਠ ਕੇਂਦਰ ਸਰਕਾਰ ਤੋਂ ਮੰਗ ਕਰਦਾ ਹੈ ਕਿ ਸਾਰੀਆਂ ਫ਼ਸਲਾਂ ਦੀ ਖ਼ਰੀਦ ਤੇ ਐਮ.ਐਸ.ਪੀ. ਗਰੰਟੀ ਕਾਨੂੰਨ ਬਣਾ ਕੇ ਫ਼ਸਲਾਂ ਦੇ ਭਾਅ ਡਾ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਫ਼ਸਲੀ ਬੀਮਾ ਯੋਜਨਾ ਸਰਕਾਰ ਦੁਆਰਾ ਲਾਗੂ ਕੀਤੀ ਜਾਵੇ, ਕਿਸਾਨ ਅਤੇ ਖੇਤ ਮਜਦੂਰ ਦੀ ਪੂਰਨ ਕਰਜ਼ ਮੁਕਤੀ ਕੀਤੀ ਜਾਵੇ, ਜ਼ਮੀਨ ਐਕਵਾਇਰ ਕਰਨ ਸਬੰਧੀ 2013 ਦੇ ਕਾਨੂੰਨ ਵਿੱਚ ਸਾਲ 2015 ਦੌਰਾਨ ਕੀਤੀਆਂ ਸੋਧਾਂ ਰੱਦ ਕਰ ਕੇ ਪਹਿਲੇ ਰੂਪ ਵਿੱਚ ਲਾਗੂ ਕੀਤਾ ਜਾਵੇ।

ਇਸ ਮੌਕੇ ਪੰਜਾਬ ਸਮੇਤ ਵੱਖ-ਵੱਖ ਰਾਜਾਂ ਦੀਆਂ ਜਥਬੰਦੀਆਂ ਤੋਂ ਸਰਵਣ ਸਿੰਘ ਪੰਧੇਰ, ਜਗਜੀਤ ਸਿੰਘ ਡੱਲੇਵਾਲ, ਜਸਵਿੰਦਰ ਸਿੰਘ ਲੌਂਗੋਵਾਲ, ਬਲਦੇਵ ਸਿੰਘ ਜੀਰਾ ਸ਼ਾਮਿਲ ਰਹੇ ਅਤੇ ਸੁਖਵਿੰਦਰ ਸਿੰਘ ਸਭਰਾ ਵੱਲੋਂ ਸਟੇਜ ਸਕੱਤਰ ਦੀ ਡਿਊਟੀ ਨਿਭਾਈ ਗਈ।

# ਜਗਮੀਤ ਸਿੰਘ ਵੱਲੋਂ ਲਿਬਰਲਾਂ ਨਾਲ ਅਗਲੀਆਂ ਚੋਣਾਂ ਦੌਰਾਨ ਗੱਠਜੋੜ ਦੀ ਸਰਕਾਰ ਬਣਾਉਣ ਦੀ ਸੰਭਾਵਨਾ ਤੋਂ ਇਨਕਾਰ

ਓਟਾਵਾ/ਏ.ਟੀ.ਨਿਊਜ਼ : ਕੈਨੇਡਾ ਵਿੱਚ ਨਿਊ ਡੈਮੋਕ੍ਰੈਟਿਕ ਪਾਰਟੀ (ਐਨ.ਡੀ.ਪੀ) ਦੇ ਆਗੂ ਜਗਮੀਤ ਸਿੰਘ ਨੇ ਚੋਣਾਂ ਤੋਂ ਪਹਿਲਾਂ ਜਸਟਿਨ ਟਰੂਡੋ ਨੂੰ ਵੱਡਾ ਝਟਕਾ ਦਿੱਤਾ ਹੈ। ਤਾਜ਼ਾ ਜਾਣਕਾਰੀ ਮੁਤਾਬਕ ਐਨ.ਡੀ.ਪੀ ਆਗੂ ਜਗਮੀਤ ਸਿੰਘ ਨੇ ਅਗਲੀਆਂ ਫੈਡਰਲ ਚੋਣਾਂ ਤੋਂ ਬਾਅਦ ਕਿਸੇ ਵੀ ਪਾਰਟੀ ਨੂੰ ਸਪੱਸ਼ਟ ਬਹੁਮਤ ਨਾ ਮਿਲਣ 'ਤੇ ਲਿਬਰਲਾਂ ਨਾਲ ਗੱਠਜੋੜ ਦੀ ਸਰਕਾਰ ਬਣਾਉਣ ਦੀ ਸੰਭਾਵਨਾ ਤੋਂ ਇਨਕਾਰ ਕੀਤਾ ਹੈ।

ਜਗਮੀਤ ਸਿੰਘ ਨੇ ਕੈਨੇਡੀਅਨ ਪ੍ਰੈਸ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ ਕਿ ਇਸ ਸਬੰਧੀ ਨਿਊ ਡੈਮੋਕਰੇਟਸ ਪਾਰਟੀ ਵਿੱਚ ਵਿਚਾਰ ਵਟਾਂਦਰਾ ਜਾਰੀ ਹੈ, ਭਾਵੇਂ ਕਿ ਦੋਵੇਂ ਪਾਰਟੀਆਂ ਮਿਲ ਕੇ ਕੰਮ ਕਰ ਰਹੀਆਂ ਹਨ। ਉਨ੍ਹਾਂ ਨੇ ਦੱਸਿਆ ਕਿ ਮਾਰਚ 2022 ਵਿੱਚ ਇੱਕ ਸਮਝੌਤੇ 'ਤੇ ਹਸਤਾਖਰ ਕੀਤੇ ਗਏ ਸਨ, ਜਿਸ ਵਿੱਚ ਨੀਤੀਗਤ ਤਰਜੀਹਾਂ 'ਤੇ ਕਾਰਵਾਈ ਦੇ ਬਦਲੇ ਸੰਸਦ ਵਿੱਚ ਮੁੱਖ ਵੋਟਾਂ 'ਤੇ ਘੱਟ ਗਿਣਤੀ ਲਿਬਰਲਾਂ ਦਾ ਸਮਰਥਨ ਕਰਨ ਲਈ ਸਹਿਮਤ ਹੋ ਗਈ। ਉਨ੍ਹਾਂ ਨੇ ਦੱਸਿਆ ਕਿ ਸਹਿਯੋਗ ਨਾਲ ਹੁਣ ਤੱਕ ਇੱਕ ਰਾਸ਼ਟਰੀ ਡੈਂਟਲ-ਕੇਅਰ ਪ੍ਰੋਗਰਾਮ, ਘੱਟ ਆਮਦਨੀ ਵਾਲੇ ਕਿਰਾਏਦਾਰਾਂ ਲਈ ਇੱਕ ਵਾਰ ਦੇ



ਕਿਰਾਏ ਦਾ ਭੁਗਤਾਨ, ਜੀ.ਐਸ.ਟੀ ਛੋਟ ਨੂੰ ਅਸਥਾਈ ਤੌਰ 'ਤੇ ਦੁੱਗਣਾ ਕਰਨ ਅਤੇ ਬਦਲਣ ਵਾਲੇ ਕਰਮਚਾਰੀਆਂ 'ਤੇ ਪਾਬੰਦੀ ਲਗਾਉਣ ਵਾਲੇ ਕਾਨੂੰਨ ਦੀ ਸ਼ੁਰੂਆਤ ਹੋਈ ਹੈ।

ਪਾਰਟੀਆਂ ਨੇ ਆਪਣੇ ਸਮਝੌਤੇ ਨੂੰ 2025 ਤੱਕ ਕਾਇਮ ਰੱਖਣ ਲਈ ਸਹਿਮਤੀ ਦਿੱਤੀ ਸੀ ਕਿਉਂਕਿ ਉਸ ਸਾਲ ਅਕਤੂਬਰ ਤੱਕ ਸੰਘੀ ਚੋਣਾਂ ਹੋਣੀਆਂ ਸਨ। ਜਗਮੀਤ ਸਿੰਘ ਦਾ ਕਹਿਣਾ ਹੈ ਕਿ ਨਿਊ ਡੈਮੋਕਰੇਟਸ ਦਾ ਧਿਆਨ ਸੰਸਦ ਦੇ ਇਸ ਸੈਸ਼ਨ ਨੂੰ ਪੂਰਾ ਕਰਨ ਅਤੇ ਫਿਰ ਅਗਲੀਆਂ ਚੋਣਾਂ ਜਿੱਤਣ 'ਤੇ ਹੈ।

ਸਿੰਘ ਨੇ ਕਿਹਾ ਕਿ ਸਮਝੌਤੇ ਨੇ ਉਨ੍ਹਾਂ ਨੂੰ ਲਿਬਰਲਾਂ ਨੂੰ ਨੇੜੇ ਤੋਂ ਦੇਖਣ ਦਾ ਮੌਕਾ ਦਿੱਤਾ ਅਤੇ ਉਸ ਨੇ ਪਾਇਆ ਕਿ ਫੈਡਰਲ ਸਰਕਾਰ ਕੋਲ ਕੈਨੇਡੀਅਨਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਬਹੁਤ ਤਾਕਤ ਹੈ। ਜਗਮੀਤ ਸਿੰਘ ਨੇ ਕਿਹਾ, ਮੈਂ ਬਹੁਤ ਸਪੱਸ਼ਟਤਾ ਨਾਲ ਕਹਿ ਸਕਦਾ ਹਾਂ ਕਿ ਸਾਡੀ ਪਾਰਟੀ ਲੋਕਾਂ ਦੀ ਮਦਦ ਲਈ ਹੋਰ ਵੀ ਬਹੁਤ ਕੁਝ ਕਰ ਸਕਦੀ ਹੈ। ਜਗਮੀਤ ਸਿੰਘ ਨੇ ਅੱਗੇ ਕਿਹਾ, ਮੈਂ ਪਹਿਲਾਂ ਨਾਲੋਂ ਜ਼ਿਆਦਾ ਪ੍ਰੇਰਿਤ ਹਾਂ ਅਤੇ ਮੈਂ ਅਗਲਾ ਪ੍ਰਧਾਨ ਮੰਤਰੀ ਬਣਨਾ ਚਾਹੁੰਦਾ ਹਾਂ। ਇਹ ਮੇਰਾ ਟੀਚਾ ਹੈ। ਉੱਧਰ ਟਰੂਡੋ ਨੇ ਕਿਹਾ ਕਿ ਉਨ੍ਹਾਂ ਨੇ ਚੋਣਾਂ ਤੋਂ ਬਾਅਦ ਸੰਭਾਵਤ ਤੌਰ 'ਤੇ ਗੱਠਜੋੜ ਸਰਕਾਰ ਬਣਾਉਣ ਬਾਰੇ ਨਿਊ ਡੈਮੋਕਰੇਟਸ ਨਾਲ ਕੋਈ ਗੱਲ ਨਹੀਂ ਕੀਤੀ ਹੈ, ਕਿਉਂਕਿ ਉਹ ਵਰਤਮਾਨ 'ਤੇ ਧਿਆਨ ਕੇਂਦਰਿਤ ਕਰ ਰਹੇ ਹਨ।

# ਅਮਰੀਕਾ ਦੇ ਮਾਰੂਥਲ ਵਿੱਚ ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਲੰਗਰ ਲਗਾਏ

## ਹਰਮਨ ਪਿਆਰੇ ਕੋਹੇਨੂਰ ਢਾਬੇ ਦਾ ਸਰਾਹਣਯੋਗ ਉੱਦਮ :ਫ਼ਕੀਰ ਸਿੰਘ ਮੱਲ੍ਹੀ

ਕਿੰਗਜ ਮੈਨ (ਅਮਰੀਕਾ)/ਏ.ਟੀ.ਨਿਊਜ਼ : ਸ਼ਰਧਾ ਤੇ ਸੇਵਾ ਵਿੱਚ ਸਿੱਖਾਂ ਦਾ ਕੋਈ ਸਾਨੀ ਨਹੀਂ, ਖ਼ਾਸ ਕਰ ਸਿੱਖਾਂ ਵੱਲੋਂ ਲੰਗਰ ਸੇਵਾ ਦੀ ਰਵਾਇਤ ਦੇ ਮਾਮਲੇ ਵਿੱਚ ਦੁਨੀਆ 'ਚ ਕੋਈ ਮਿਸਾਲ ਨਹੀਂ ਮਿਲਦੀ। ਇਸਤੋਂ ਵੀ ਅਹਿਮ ਗੱਲ ਇਹ ਕਿ ਗੁਰਪੁਰਬਾਂ ਅਤੇ ਸਿੱਖ ਇਤਿਹਾਸਕ ਦਿਹਾੜਿਆਂ ਉੱਤੇ ਸਿੱਖ ਜਿੱਥੇ ਕਿੱਥੇ ਵੀ ਵੱਸਦੇ ਹੋਣ, ਬਹੁਤ ਹੀ ਉਤਸ਼ਾਹ ਨਾਲ ਲੰਗਰ ਲਾਉਂਦੇ ਹਨ। ਅਜਿਹਾ ਹੀ ਸ਼ੁਭ ਕਰਮ ਅਮਰੀਕਾ ਦੇ ਐਰੀਜ਼ੋਨਾ ਸਟੇਟ ਦੇ ਮਾਰੂਥਲਾਂ ਵਿੱਚ ਘਿਰੇ ਕਿੰਗਜ ਮੈਨ ਸ਼ਹਿਰ ਤੋਂ ਕੁੱਝ ਦੂਰ ਸਥਿਤ ਕੋਹੇਨੂਰ ਪੰਜਾਬੀ ਢਾਬੇ ਵਾਲਿਆਂ ਨੇ ਸਿੱਖ ਸ਼ਹਾਦਤਾਂ ਦੇ ਹਫ਼ਤੇ ਦੌਰਾਨ ਲੰਗਰ ਲਾ ਕੇ ਕੀਤਾ।




ਅਮਰੀਕਾ ਵਿਸ਼ਾਲ ਦੇਸ਼ ਹੈ, ਜਿਸ ਨੂੰ ਬਹੁਭਾਂਤੀ ਸੱਭਿਆਚਾਰ ਨੇ ਇੱਕ-ਮਿੱਕ ਕੀਤਾ ਹੋਇਆ ਹੈ। ਕੰਮ ਧੰਦਿਆਂ, ਕਿਰਤ ਸੱਭਿਆਚਾਰ ਤੇ ਸੰਸਾਰੀ ਸ਼ਕਤੀ ਕਰਕੇ ਇਸ ਦੇਸ਼ ਨੂੰ ਸਾਰੀ ਦੁਨੀਆਂ ਵਿੱਚ ਜਾਣਿਆ ਜਾਂਦਾ ਹੈ। ਇਸ ਬਹੁ-ਭਾਂਤੀ ਸਮਾਜ ਵਿੱਚ ਵਿਚਰਦਿਆਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਕਿਰਤੀਆਂ ਨੇ ਮੁੱਖ ਰੂਪ ਵਿੱਚ ਟਰੱਕ ਨਾਲ ਸਬੰਧਿਤ ਕਿੱਤੇ ਨੂੰ ਪਹਿਲ ਦਿੱਤੀ।

ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਜੇ ਅਮਰੀਕੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਟਰੱਕ ਸੇਵਾਵਾਂ ਹਨ ਤਾਂ ਉਸ ਵਿੱਚ ਬਹੁਤ ਵੱਡਾ ਹਿੱਸਾ ਪੰਜਾਬੀਆਂ ਦਾ ਹੈ।

ਇਹੀ ਕਰਤੱਵ ਕਰਦਿਆਂ ਢੋਆ-ਦੁਆਈਂ ਦੇ ਕਾਰਜਾਂ ਨੂੰ ਅਪਣਾਉਂਦੇ ਅਸੀਂ ਦੁਨੀਆਂ ਦੇ ਬਿਹਤਰ ਸੜਕੀਂ ਮਾਰਗਾਂ ਵਾਲ਼ੇ ਦੂਰ ਦੂਰ ਤੱਕ ਫੈਲੇ ਇਸ ਮੁਲਕ 'ਚ ਅਕਸਰ 1-40(2557) ਮਾਇਲ ਲੰਬੀ ਉੱਪਰ ਵਿਚਰਦੇ ਹਾਂ ਜੋ ਅਮਰੀਕਾ ਦੇ ਕੈਲੀਫ਼ੋਰਨੀਆ ਦੇ ਬਾਰਸਟਾਉ ਤੋਂ ਸ਼ੁਰੂ ਹੋ ਕੇ ਐਨ.ਉੱਤਰੀ ਕੈਰੋਲੀਨਾ ਸ਼ਹਿਰ ਡਿਰਲਾਮ ਤੇ ਰਲੀਘ ਸ਼ਹਿਰ ਤੱਕ ਐਂਟਲਾਂਟਿਕ ਤੋਂ ਥੋੜਾ ਪਿੱਛੇ ਤੱਕ ਰਹਿ ਜਾਂਦੀ ਹੈ। ਕੈਲੀਫ਼ੋਰਨੀਆ ਦੇ ਅਖੀਰ ਤੋਂ ਪੂਰਬ ਵੱਲ ਜਾਂਦਿਆਂ ਐਰੀਜੋਨਾ ਸਟੇਟ ਦੇ 25 ਮਾਇਲ ਦੂਰੀ ਉੱਪਰ ਖੁਸ਼ਕ ਏਰੀਏ ਵਿੱਚ ਪੰਜਾਬੀ, ਭਾਰਤੀ ਤੇ ਪਾਕਿਸਤਾਨੀ ਪਕਵਾਨਾਂ ਦੇ ਚਾਹਵਾਨਾਂ ਲਈ ਕੋਹੇਨੂਰ ਢਾਬਾ ਖ਼ਾਸ ਖਿੱਚ ਦਾ ਕੇਂਦਰ ਹੈ।

ਚੌਵੀ ਘੰਟੇ ਸੱਤੇ ਦਿਨ ਨਿਰੰਤਰ ਸੇਵਾਵਾਂ ਨਿਭਾਉਣ ਵਾਲੇ ਇਸ ਮਨਭਾਉਂਦੀ ਠਹਿਰ ਨੇ ਜੰਗਲ ਵਿੱਚ ਮੰਗਲ ਲਾਏ ਹੁੰਦੇ ਹਨ।

ਹਰ ਵੇਲੇ ਲੋੜਵੰਦ ਦੀ ਢਿੱਡ ਭੁੱਖ ਪੂਰਤੀ ਨੂੰ ਪੂਰਿਆਂ ਕਰਨ ਵਾਲੇ ਢਾਬੇ ਵਾਲਿਆਂ ਵੱਲੋਂ ਕੀਤੀ ਗਈ ਲੰਗਰ ਸੇਵਾ ਨੂੰ ਵੇਖਕੇ ਤਾਂ ਜ਼ਿਹਨ ਵਿੱਚੋਂ ਸਹਿਜ-ਸੁਭਾਏ ਮੰਨੋ ਬਿਰਤੀ ਵਿੱਚ ਸਰਬੱਤ ਦਾ ਭਲਾ ਸੰਕਲਪ ਆਉਂਦਾ ਹੈ।

ਸੱਚ ਇਹ ਜਾਪਦਾ ਹੈ ਕਿ ਕੋਹੇਨੂਰ ਦਾ ਹੀਰਾ ਜਿਵੇਂ ਇਸ ਖ਼ਿੱਤੇ ਵਿੱਚ ਸੇਵਾ ਨਿਭਾਉਂਦੇ ਸ੍ਰ. ਪ੍ਰਿਤਪਾਲ ਸਿੰਘ ਸਿੱਧੂ ਸਪੁੱਤਰ ਮਰਹੂਮ ਸ੍ਰ. ਜਗਦੀਸ਼ ਸਿੰਘ ਸਿੱਧੂ ਪਿੰਡ ਦਿਆਲ ਪੁਰਾ ਮਿਰਜ਼ਾ, ਜ਼ਿਲ੍ਹਾ ਬਠਿੰਡਾ ਪੰਜਾਬ ਨੂੰ ਲੱਭਿਆ।

ਸਾਲ ਦੇ ਸਭ ਤੋਂ ਛੋਟੇ ਦਿਨਾਂ ਤੋਂ ਵੱਡੇ ਹੁੰਦੇ ਸਮੇਂ ਦੌਰਾਨ ਵੈਰਾਗ ਤੇ ਚੜ੍ਹਦੀ ਕਲਾ ਵਾਲੇ ਦਿਨਾਂ ਨੂੰ ਸਮਰਪਿਤ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਜੀ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਕਰਦਿਆਂ ਲਗਾਤਾਰ ਤਿੰਨ ਦਿਨ 26-27-28 ਦਸੰਬਰ 2023 ਨੂੰ ਚੌਵੀ ਘੰਟੇ ਅਤੁੱਟ ਲੰਗਰ ਵਰਤਾਇਆ। ਜਿਥੇ ਸੈਂਕੜੇ ਟਰੱਕ ਚਾਲਕਾਂ ਨੇ ਇਸ ਅਤੁੱਟ ਸੇਵਾ ਸਦਕਾ ਤਿੰਨ ਦਿਨ ਲਗਾਤਾਰ ਦਿਨ ਰਾਤ ਲੰਗਰ ਪ੍ਰਸ਼ਾਦਾ ਛਕਿਆ।

ਅਕਾਲ ਪੁਰਖ ਤੇ ਪਿਤਾ ਮਰਹੂਮ ਸ੍ਰ. ਜਗਦੀਸ਼ ਸਿੰਘ ਜੀ ਦੀਆਂ ਬਖਸ਼ਿਸ਼ਾਂ ਆਸਰੇ ਉਨ੍ਹਾਂ ਦੇ ਸਪੁੱਤਰ ਸ੍ਰ.ਪ੍ਰਿਤਪਾਲ ਸਿੰਘ ਸਿੱਧੂ ਨੇ ਇਸ ਖ਼ਿੱਤੇ ਵਿੱਚ ਗੁਰਬਾਣੀ ਦੇ ਮਹਾਂ ਵਾਕ 'ਕੋਈ ਹਰੀਓ ਬੂਟ ਰਹੀਓ ਰੀੜ੍ਹ ਅਨੁਸਾਰ ਸਾਬਤ ਕਰ ਦਿੱਤਾ ਕਿ ਬਾਬੇ ਨਾਨਕ ਦੀਆਂ ਰਹਿਮਤਾਂ ਹੋਣ ਤਾਂ ਸੱਭੇ ਕਾਰਜ ਸੰਪੂਰਨ ਹੁੰਦੇ ਹਨ।

ਇਸ ਕੋਹੇਨੂਰ ਢਾਬੇ ਲਈ ਢੇਰ ਸਾਰੀਆਂ ਸ਼ੁੱਭ ਕਾਮਨਾਂਵਾਂ ਦਿੰਦਿਆਂ ਹੋਇਆ ਪਰਮਾਤਮਾ ਅੱਗੇ ਅਰਦਾਸ ਹੈ ਕਿ ਏਥੋਂ ਦੇ ਸਾਰੇ ਸੇਵਾਦਾਰ ਮਾਈ-ਭਾਈ ( ਖ਼ਾਸ ਕਰ ਸੇਵਾਦਾਰ ਬੀਬੀਆਂ) ਨੂੰ ਅਕਾਲ ਪੁਰਖ ਚੜ੍ਹਦੀ ਕਲਾ ਵਿੱਚ ਰੱਖੇ ਅਤੇ ਇਸ ਖ਼ਿੱਤੇ ਮੁੱਖ ਤੌਰ ਉੱਤੇ ਉੱਗਦੀ ਕੰਡਿਆਲੀ ਥੋਹਰ ਨੂੰ ਸੁਹਣੇ ਗੁਲਾਬੀ ਰੰਗ ਵਿੱਚ ਰੰਗ ਕਰਕੇ ਇਸ ਮਾਰੂਥਲਾਂ ਵਿੱਚ ਹਰਿਆਵਲ ਚਾਰੇ ਪਾਸੇ ਪਸਰੇ ਤੇ ਕੋਹੇਨੂਰ ਹਮੇਸ਼ਾ ਚਮਕਦਾ ਰਹੇ।

# ਪਰਵਾਸੀ ਪੰਜਾਬੀਆਂ ਲਈ ਨਵੀਂ ਵੈੱਬਸਾਈਟ ਜਾਰੀ

## ਐਨ.ਆਰ.ਆਈਜ਼. ਦੀਆਂ ਸਮੱਸਿਆਵਾਂ ਦੇ ਹੱਲ ਲਈ ਚੁੱਕਿਆ ਕਦਮ: ਭਗਵੰਤ ਮਾਨ

ਲੁਧਿਆਣਾ/ਏ.ਟੀ.ਨਿਊਜ਼ :ਪਰਵਾਸੀ ਪੰਜਾਬੀਆਂ (ਐੱਨ.ਆਰ.ਆਈਜ਼.) ਦੀਆਂ ਮੁਸ਼ਕਿਲਾਂ ਦੇ ਹੱਲ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਐੱਨ.ਆਰ.ਆਈ. ਮਾਮਲਿਆਂ ਬਾਰੇ ਵਿਭਾਗ ਦੀ ਨਵੀਂ ਵੈੱਬਸਾਈਟ ਜਾਰੀ ਕੀਤੀ ਹੈ। ਵੈੱਬਸਾਈਟ ਸ਼ੁਰੂ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਰਵਾਸੀ ਪੰਜਾਬੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜੀ ਰੱਖਣ ਅਤੇ ਉਨ੍ਹਾਂ ਦੀ ਸਹਾਇਤਾ ਲਈ ਇਹ ਇਤਿਹਾਸਕ ਕਦਮ ਚੁੱਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਵਿਭਾਗ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰਸ਼ਾਸਕੀ ਸੁਧਾਰ ਵਿਭਾਗ ਵੱਲੋਂ ਐੱਨ.ਆਈ.ਸੀ. ਦੀ ਮਦਦ ਨਾਲ ਅਤਿ ਆਧੁਨਿਕ ਵੈੱਬਸਾਈਟ ਤਿਆਰ ਕੀਤੀ ਗਈ ਹੈ। ਉਨ੍ਹਾਂ ਦੱਸਿਆ



ਕਿ ਐੱਨ.ਆਰ.ਆਈਜ਼. ਦੇ ਬਕਾਇਆ ਮਸਲਿਆਂ ਦੇ ਹੱਲ ਲਈ 3 ਫਰਵਰੀ ਤੋਂ ਐੱਨ.ਆਰ.ਆਈ. ਮਿਲਣੀਆਂ ਕਰਵਾਈਆਂ ਜਾਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਵੈੱਬਸਾਈਟ 'ਚ ਐੱਨ.ਆਰ.ਆਈ. ਪੁਲਿਸ ਵਿੰਗ, ਕਮਿਸ਼ਨ ਅਤੇ ਐੱਨ.ਆਰ.ਆਈ. ਸਭਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਹੈ। ਇਸ ਦੇ ਨਾਲ ਪੰਜਾਬ ਸਰਕਾਰ ਵੱਲੋਂ ਪਰਵਾਸੀ ਪੰਜਾਬੀਆਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਦੀ ਜਾਣਕਾਰੀ ਵੀ ਇਕੋ ਕਲਿੱਕ 'ਤੇ ਹਾਸਲ ਹੋ ਜਾਵੇਗੀ। ਵੈੱਬਸਾਈਟ ਐੱਨ.ਆਰ.ਆਈਜ਼. ਨੂੰ ਆਪਣੇ ਦਸਤਾਵੇਜ਼ ਤਸਦੀਕ ਕਰਾਉਣ 'ਚ ਵੀ ਸਹਾਇਤਾ ਪ੍ਰਦਾਨ ਕਰੇਗੀ। ਭਗਵੰਤ ਮਾਨ ਨੇ ਕਿਹਾ ਕਿ ਵੈੱਬਸਾਈਟ 'ਤੇ ਹੈਲਪਲਾਈਨ ਨੰਬਰ, ਈਮੇਲ ਪਤਿਆਂ ਅਤੇ ਵਟਸਐਪ ਸ਼ਿਕਾਇਤ ਨੰਬਰ ਦੀ ਜਾਣਕਾਰੀ ਵੀ ਮਿਲੇਗੀ। ਮੁੱਖ ਮੰਤਰੀ ਨੇ ਕਿਹਾ ਕਿ ਵੈੱਬਸਾਈਟ 'ਤੇ ਸੂਬਾ ਸਰਕਾਰ ਅਤੇ ਵਿਦੇਸ਼ ਮੰਤਰਾਲੇ ਨਾਲ ਰਜਿਸਟਰਡ ਟਰੈਵਲ ਏਜੰਟਾਂ ਅਤੇ ਏਜੰਸੀਆਂ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਹੈ। ਸੂਬਾ ਸਰਕਾਰ ਅੰਤਰਰਾਸ਼ਟਰੀ ਟਰਮੀਨਲ ਦੇ ਪਹੁੰਚ ਹਾਲ ਵਿਖੇ 'ਪੰਜਾਬ ਸਹਾਇਤਾ ਕੇਂਦਰ' ਦੀ ਸਥਾਪਨਾ ਕਰੇਗੀ। ਇਹ ਕੇਂਦਰ 24 ਘੰਟੇ ਕੰਮ ਕਰੇਗਾ ਤੇ ਟਰਮੀਨਲ ਵਿਖੇ ਐੱਨ.ਆਰ.ਆਈਜ਼. ਤੇ ਹੋਰ ਮੁਸਾਫ਼ਰਾਂ ਨੂੰ ਢੁੱਕਵੀਂ ਸਹਾਇਤਾ ਪ੍ਰਦਾਨ ਕਰੇਗਾ। ਭਗਵੰਤ ਮਾਨ ਨੇ ਕਿਹਾ ਕਿ ਇਹ ਕੇਂਦਰ ਹਵਾਈ ਅੱਡੇ ਉੱਤੇ ਉਡਾਣਾਂ ਦੇ ਪਹੁੰਚਣ, ਹੋਰ ਉਡਾਣਾਂ, ਟੈਕਸੀ ਸੇਵਾਵਾਂ, ਸਾਮਾਨ ਗੁਆਚਣ ਬਾਰੇ ਸਹਾਇਤਾ ਮੁਹੱਈਆ ਕਰਵਾਉਣ ਦੇ ਨਾਲ-ਨਾਲ ਹੋਰ ਸਹੂਲਤਾਂ ਪ੍ਰਦਾਨ ਕਰੇਗਾ। ਉਨ੍ਹਾਂ ਕਿਹਾ ਕਿ 15 ਫਰਵਰੀ ਤੋਂ ਹਲਵਾਰਾ ਟਰਮੀਨਲ ਤੋਂ ਵੀ ਉਡਾਣਾਂ ਸ਼ੁਰੂ ਹੋ ਜਾਣਗੀਆਂ। ਏਅਰਪੋਰਟ ਦਾ 90 ਫੀਸਦੀ ਕੰਮ ਪੂਰਾ ਹੋ ਚੁੱਕਿਆ ਹੈ ਅਤੇ ਸੂਬਾ ਸਰਕਾਰ ਨੇ ਕੇਂਦਰ ਸਰਕਾਰ ਦੇ ਨਾਲ ਉਡਾਣਾਂ ਲਈ ਮੀਟਿੰਗਾਂ ਵੀ ਸ਼ੁਰੂ ਕਰ ਦਿੱਤੀਆਂ ਹਨ।

# ਅਕਾਲੀ ਦਲ ਦੇ ਅਕਸ ’ਤੇ ਡੂੰਘਾ ਅਸਰ ਪਾਵੇਗੀ ਜਥੇਦਾਰ ਭਾਈ ਕਾਉਂਕੇ ਸਬੰਧੀ ਰਿਪੋਰਟ



ਪਟਿਆਲਾ/ਏ.ਟੀ.ਨਿਊਜ਼ :- ਪਿਛਲੇ ਅੰਕ ਦੇ ਵਿੱਚ ਅਸੀਂ ਤੁਹਾਨੂੰ ਦੱਸਣ ਦੀ ਕੋਸ਼ਿਸ਼ ਕੀਤੀ ਸੀ ਕਿ ਭਾਈ ਗੁਰਦੇਵ ਸਿੰਘ ਕਾਉਂਕੇ ਕਿਵੇਂ ਪੁਲਿਸ ਹਿਰਾਸਤ ਦੇ ਵਿੱਚ ਤਸ਼ੱਸਦ ਸਹਿੰਦੇ ਹੋਏ ਇਸ ਦੁਨੀਆਂ ਤੋਂ ਰੁਖ਼ਸਤ ਹੋਏ, ਤੇ ਉਹਨਾਂ ਦੇ ਕੇਸ ਸਬੰਧੀ ਰਿਪੋਰਟ ਲੀਕ ਹੋਈ ਤੇ ਇਹ ਮੁੱਦਾ ਸਿਖ ਸਫ਼ਾਂ ਦੇ ਵਿੱਚ ਚਰਚਾ ਦਾ ਵਿਸ਼ਾ ਰਿਹਾ। ਲੰਘੇ ਦਿਨਾਂ ’ਚ ਅਕਾਲ ਤਖ਼ਤ ਸਾਹਿਬ ’ਤੇ ਉਹਨਾਂ ਦੀ ਸ਼ਹਾਦਤ ਨਾਲ ਸਬੰਧਿਤ ਭੋਗ ਪਾਏ ਗਏ, ਤੇ ਇਹ ਵੀ ਵੇਰਵਾ ਪਾਇਆ ਗਿਆ ਕਿ ਆਉਣ ਵਾਲੇ ਸਮੇਂ ਦੇ ਵਿੱਚ ਉਹਨਾਂ ਦੀ ਬਰਸੀ ਨੂੰ ਮਨਾਇਆ ਜਾਇਆ ਕਰੇਗਾ। ਇਸ ਸਮਾਗਮ ਦੀ ਖਾਸ ਗੱਲ ਇੱਕ ਤਾਂ ਇਹ ਰਹੀ ਕਿ ਅਕਾਲੀ ਦਲ ਦਾ ਕੋਈ ਵੀ ਲੀਡਰ ਇਸ ਸਮਾਗਮ ਦਾ ਹਿਸਾ ਨਹੀਂ ਸੀ ਭਾਵੇਂ ਕਿ ਬਿਕਰਮ ਸਿੰਘ ਮਜੀਠੀਆ ਤੇ ਸੁਖਬੀਰ ਬਾਦਲ ਦਰਬਾਰ ਸਾਹਿਬ ਉਸੇ ਦਿਨ ਨਤਮਸਤਕ ਹੋਣ ਲਈ ਗਏ ਸਨ। ਸ਼੍ਰੋਮਣੀ ਕਮੇਟੀ ਨੇ ਇਹ ਵੀ ਮੰਗ ਕੀਤੀ ਕਿ ਜਥੇਦਾਰ ਕਾਉਂਕੇ ਨੂੰ ਕੌਮੀ ਸ਼ਹੀਦ ਐਲਾਨਿਆ ਜਾਵੇ। ਇਹ ਹੋ ਸਕਦਾ ਹੈ ਕਿਉਂਕਿ ਤੁਹਾਨੂੰ ਯਾਦ ਹੋਣਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਜ਼ਿੰਦਾ ਸ਼ਹੀਦ ਦਾ ਖ਼ਿਤਾਬ ਮਿਲਿਆ ਹੋਇਆ ਹੈ। ਸਿੱਖ ਮਿਉਜ਼ੀਅਮ ਦੇ ਵਿੱਚ ਭਾਈ ਕਾਉਂਕੇ ਦੀ ਤਸਵੀਰ ਲਗਾਉਣ ਦੀ ਗੱਲ ਵੀ ਚੱਲੀ।

ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਦੀ ਅਗਵਾਈ ਦੇ ਵਿੱਚ ਇੱਕ ਚਿੱਠੀ ਅਕਾਲ ਤਖ਼ਤ ਸਾਹਿਬ ਨੂੰ ਦਿੱਤੀ ਗਈ, ਜਿਸਦੇ ਵਿੱਚ ਲਿਖੀਆਂ ਗੱਲਾਂ ਨੇ ਸਿਆਸਤ ਨੂੰ ਚਿੰਤਾ ਦੇ ਵਿੱਚ ਪਾ ਦਿੱਤਾ। ਪਹਿਲੀ ਗੱਲ ਇਹ ਸੀ ਕਿ ਜਿਹੜੇ ਸਿਆਸਤਦਾਨ ਉਸ ਸਮੇਂ ਦੇ ਵਿੱਚ ਸਰਗਰਮ ਸਨ। ਉਹਨਾਂ ਨੇ ਦੋਸ਼ੀਆਂ ਨੂੰ ਸਜ਼ਾ ਨਾ ਦੇਣ ਦੀ ਜ਼ਿੰਮੇਵਾਰੀ ਕਿਉਂ ਨਹੀਂ ਨਿਭਾਈ? ਸੋ ਉਹਨਾਂ ਨੂੰ ਤਲਬ ਕੀਤਾ ਜਾਵੇ। ਸੁਖਬੀਰ ਸਿੰਘ ਬਾਦਲ ਨੂੰ ਸੰਮਨ ਕੀਤਾ ਜਾਵੇ, ਤੇ ਸੁਖਬੀਰ ਬਾਦਲ ਜਦੋਂ ਪੇਸ਼ ਹੋਣ ਤਾਂ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਕੇ ਪੇਸ਼ ਹੋਣ। ਕੈਪਟਨ ਅਮਰਿੰਦਰ ਸਿੰਘ ਨੂੰ ਸੰਮਨ ਕਰਨ ਬਾਰੇ ਕਿਹਾ ਗਿਆ। ਤੁਹਾਨੂੰ ਯਾਦ ਹੋਣਾ ਕਿ ਅਕਾਲ ਤਖ਼ਤ ਸਾਹਿਬ ਤੋਂ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੂੰ ਫ਼ਖ਼ਰ- ਏ- ਕੌਮ ਪੰਥ ਰਤਨ ਖ਼ਿਤਾਬ ਮਿਲਿਆ ਸੀ। ਉਹ ਵਾਪਸ ਲੈਣ ਦੀ ਗੱਲ ਵੀ ਚਿੱਠੀ ਵਿੱਚ ਸੀ। ਦਿੱਤਾ ਵੀ ਅਕਾਲ ਤਖ਼ਤ ਸਾਹਿਬ ਨੇ ਤੇ ਵਾਪਸੀ ਦੀ ਮੰਗ ਵੀ ਅਕਾਲ ਤਖ਼ਤ ਸਾਹਿਬ ਤੋਂ ਹੀ ਕੀਤੀ ਗਈ। ਇਹ ਗੱਲਾਂ ਹੀ ਚਿੱਠੀ ਦੇ ਵਿੱਚ ਖਾਸ ਰਹੀਆਂ।

ਸਾਲ 2023 ਦੇ ਅਖ਼ੀਰ ਦੇ ਵਿੱਚ ਜਦੋਂ ਸੁਖਬੀਰ ਬਾਦਲ ਨੇ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ ਸਿੰਘ ਵਿੱਚ ਰੱਖੇ ਸਮਾਗਮ ਸਮੇਂ ਕੌਮ ਤੋਂ ਕੁਝ ਗੁਨਾਹਾਂ ਦੀ ਮੁਆਫ਼ੀ ਮੰਗੀ ਸੀ ਤਾਂ ਜਿੱਥੇ ਇਕ ਪਾਸੇ ਇਸ ਗੱਲ ਦਾ ਵਿਰੋਧ ਹੋਇਆ ਸੀ ਉੱਥੇ ਅੰਦਾਜੇ ਵੀ ਲਗਾਏ ਜਾ ਰਹੇ ਸੀ ਕਿ ਇਸ ਮੁਆਫ਼ੀ ਦੇ ਨਾਲ ਅਕਾਲੀ ਦਲ ਦਾ ਖੁੱਸਿਆ ਰੁਤਬਾ ਬਹਾਲ ਹੋ ਜਾਵੇਗਾ ਪਰ ਨਵੇਂ ਸਾਲ ਦੇ ਵਿੱਚ ਅਕਾਲੀ ਪਾਰਟੀ ਦੇ ਸਾਹਮਣੇ ਬਰਗਾੜੀ ਦੀ ਤਰ੍ਹਾਂ ਇੱਕ ਹੋਰ ਵੱਡਾ ਸਵਾਲ ਖੜਾ ਹੋ ਗਿਆ, ਜਿਸ ਨੂੰ ਕਿ ਲੇਟ ਤਾਂ ਕੀਤਾ ਜਾ ਸਕਦਾ ਹੈ, ਪਰ ਟਾਲਿਆ ਨਹੀਂ ਜਾ ਸਕਦਾ। 1996-97 ਵਿੱਚ ਪ੍ਰਕਾਸ਼ ਸਿੰਘ ਬਾਦਲ ਨੇ ਵਾਅਦਾ ਕੀਤਾ ਸੀ ਕਿ ਝੂਠੇ ਮੁਕਾਬਲਿਆਂ ਦੀ ਜਾਂਚ ਕੀਤੀ ਜਾਵੇਗੀ, ਇਸ ਵਿੱਚ ਕੋਈ ਗਲਤ ਨਹੀਂ ਹੈ। ਜਥੇਦਾਰ ਕਾਉਂਕੇ ਦੇ ਕੇਸ ਦੀ ਜਾਂਚ ਕਰਵਾਈ, ਰਿਪੋਰਟ ਵੀ ਆਈ ਪਰ ਸਵਾਲਾਂ ਦੇ ਘੇਰੇ ਵਿੱਚ ਇਹ ਰਿਹਾ ਕਿ ਇਹ ਰਿਪੋਰਟ ਦੱਬੀ ਕਿਓਂ? ਇਸ ਲਈ ਇੱਕਲਾ ਬਾਦਲ ਪਰਿਵਾਰ ਜ਼ਿੰਮੇਵਾਰ ਨਹੀਂ ਹੈ, ਬਲਕਿ ਕੈਪਟਨ ਅਮਰਿੰਦਰ ਸਿੰਘ ਵੀ ਬਰਾਬਰ ਦੇ ਭਾਈਵਾਲ ਨੇ। ਬਰਾਬਰ ਦੇ ਭਾਈਵਾਲ ਤਾਂ ਕੁਝ ਸਿੱਖ ਲੀਡਰ ਵੀ ਨੇ। ਜਿਵੇਂ ਕਿ ਜਸਬੀਰ ਸਿੰਘ ਰੋਡੇ ਸ਼੍ਰੋਮਣੀ ਕਮੇਟੀ ਦੇ ਨਾਲ ਕਦੀ ਜੁੜਦੇ ਰਹੇ ਤੇ ਕਦੀ ਟੁੱਟਦੇ ਰਹੇ। ਤੁਹਾਨੂੰ ਯਾਦ ਹੋਣਾ ਕਿ ਜਸਬੀਰ ਸਿੰਘ ਰੋਡੇ ਨੇ ਹੀ ਪ੍ਰਕਾਸ਼ ਸਿੰਘ ਬਾਦਲ ਤੋਂ ਨਿਆਂਇਕ ਜਾਂਚ ਦੀ ਮੰਗ ਕੀਤੀ ਸੀ ਪਰ ਬਾਦਲ ਨੇ ਕਿਹਾ ਸੀ ਕਿ ਪੁਲਿਸ ਅਫ਼ਸਰ ਜਿਹੜਾ ਕਹੋਗੇ ਉਹੀ ਇਸਦੀ ਜਾਂਚ ਕਰੇਗਾ। ਤੇ ਜਸਬੀਰ ਸਿੰਘ ਰੋਡੇ ਗਰੁੱਪ ਦੀ ਹੀ ਮੰਗ ਸੀ ਬੀ. ਪੀ. ਤਿਵਾੜੀ। ਸਵਾਲ ਤਾਂ ਹੁਣ ਇਹਨਾਂ ਸਿੱਖ ਧੜਿਆਂ ’ਤੇ ਵੀ ਹੈ ਕਿ ਇਨ੍ਹਾਂ ਨੇ ਤਨਦੇਹੀ ਦੇ ਨਾਲ ਇਹ ਮੁੱਦਾ ਕਿਉਂ ਨਹੀਂ ਚੁੱਕਿਆ। ਭਾਵੇਂ ਕਿ ਇਹ ਦੁਖਾਂਤ ਇੱਕ ਦੋ ਸਿੱਖ ਆਗੂਆਂ ਨੂੰ ਛੱਡ ਕੇ ਸਾਰੇ ਸਿੱਖ ਆਗੂਆਂ ਦਾ ਹੈ ਪਰ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ, ਇਹੀ ਸਿੱਖ ਆਗੂ ਕਈ ਵਾਰੀ ਸਿੱਖ ਸਿਆਸਤ ਦੇ ਵਿੱਚ ਅਜਿਹਾ ਮੋੜ ਦੇ ਦਿੰਦੇ ਨੇ, ਜਿਸ ਦਾ ਅਸਰ ਬਹੁਤ ਦੇਰ ਤੱਕ ਰਹਿੰਦਾ ਹੈ। ਇਹ ਚਿੱਠੀ ਵੀ ਕੁਝ ਇੰਝ ਦਾ ਹੀ ਰੋਲ ਨਿਭਾਏਗੀ। ਜਿਸਦੇ ਅਸਰ ਨੂੰ ਕਿਸੇ ਵੀ ਤਰੀਕੇ ਦੇ ਨਾਲ ਬੇਅਸਰ ਨਹੀਂ ਕੀਤਾ ਜਾ ਸਕਦਾ। ਇਹ ਘਟਨਾ ਕਿਉਂ ਵਾਪਰੀ? ਲੀਡਰਾਂ ਦਾ ਕਿਰਦਾਰ ਦੋਗਲਾ ਕਿਉਂ ਰਿਹਾ?, ਸਿੱਖ ਆਗੂ ਜ਼ਿੰਮੇਵਾਰੀ ਤੋਂ ਕਿਉਂ ਭੱਜੇ?, ਇਹ ਸਵਾਲਾਂ ਦੀ ਗੁੱਥੀ ਆਉਣ ਵਾਲੇ ਸਮੇਂ ਦੇ ਵਿੱਚ ਸੁਲਝਣ ਦੀ ਸੰਭਾਵਨਾ ਹੈ ਪਰ ਜਿਵੇਂ ਬਰਗਾੜੀ ਦਾ ਅਸਰ ਨਹੀਂ ਗਿਆ, ਇਸੇ ਤਰਾਂ ਅਕਾਲੀ ਦਲ ਦੇ ਅਕਸ ਨੂੰ ਇਸ ਚਿੱਠੀ ਦਾ ਅਸਰ ਹੋਰ ਵੀ ਧੁੰਦਲਾ ਕਰੇਗਾ।

## ਅਮਰੀਕਾ ਦੀ ਸਰਕਾਰ 34000 ਅਰਬ ਡਾਲਰ ਦੇ ਰਿਕਾਰਡ ਕਰਜ਼ੇ ਹੇਠ ਦਬੀ



ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਵਿੱਚ ਸੰਘੀ ਸਰਕਾਰ ਦਾ ਕੁੱਲ ਰਾਸ਼ਟਰੀ ਕਰਜ਼ਾ 34 ਹਜ਼ਾਰ ਅਰਬ ਡਾਲਰ ਦੇ ਰਿਕਾਰਡ ਉੱਚ ਪੱਧਰ ’ਤੇ ਪਹੁੰਚ ਗਿਆ ਹੈ। ਕਰਜ਼ੇ ਦਾ ਇਹ ਪੱਧਰ ਦਰਸਾਉਂਦਾਹੈ ਕਿ ਦੇਸ਼ ਦੇ ਵਹੀ-ਖਾਤੇ ਨੂੰ ਸੁਧਾਰਨ ਲਈ ਆਉਣ ਵਾਲੇ ਸਾਲਾਂ ਵਿੱਚ ਸਰਕਾਰ ਨੂੰ ਸਿਆਸੀ ਅਤੇ ਆਰਥਿਕ ਮੋਰਚੇ ’ਤੇ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਅਮਰੀਕੀ ਵਿੱਤ ਵਿਭਾਗ ਨੇ ਦੇਸ਼ ਦੀ ਵਿੱਤੀ ਸਥਿਤੀ ’ਤੇ ਰਿਪੋਰਟ ਜਾਰੀ ਕੀਤੀ ਹੈ। ਇਹ ਸਿਆਸੀ ਤੌਰ ’ਤੇ ਵੰਡੇ ਦੇਸ਼ ਲਈ ਤਣਾਅ ਪੈਦਾ ਕਰਨ ਵਾਲੀ ਹੈ। ਰਿਪੋਰਟ ਮੁਤਾਬਕ ਸਾਲਾਨਾ ਬਜਟ ਤੋਂ ਬਿਨਾਂ ਸਰਕਾਰ ਦੇ ਕੰਮ ਦਾ ਕੁਝ ਹਿੱਸਾ ਠੱਪ ਹੋ ਸਕਦਾ ਹੈ।

## ਸਿੱਖ ਨੌਜਵਾਨ ‘ਜਸ਼ਨਪ੍ਰੀਤ’ ਕੈਨੇਡਾ ’ਚ ਬਣਿਆ ਫ਼ੈਡਰਲ ਕਰੈਕਸ਼ਨਲ ਆਫ਼ੀਸਰ



ਮੁਕਤਸਰ ਸਾਹਿਬ/ ਏ.ਟੀ.ਨਿਊਜ਼ : ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਕੋਟਲੀ ਸੰਘਰ ਦੇ ਵਾਸੀ ਜਸ਼ਨਪ੍ਰੀਤ ਸਿੰਘ ਬਰਾੜ ਪੁੱਤਰ ਕੌਰ ਸਿੰਘ ਬਰਾੜ ਨੇ ਕੈਨੇਡਾ ’ਚ ਫ਼ੈਡਰਲ ਕਰੈਕਸ਼ਨਲ ਆਫ਼ੀਸਰ (ਪੀਸ ਅਫ਼ਸਰ) ਬਣ ਆਪਣੇ ਮਾਤਾ-ਪਿਤਾ ਦਾ ਹੀ ਨਹੀਂ ਬਲਕਿ ਆਪਣੇ ਜ਼ਿਲ੍ਹੇ ਦਾ ਨਾ ਰੌਸ਼ਨ ਕੀਤਾ ਹੈ। ਬਚਪਨ ਤੋਂ ਹੀ ਜਸ਼ਨਪ੍ਰੀਤ ਸਿੰਘ ਨੇ ਆਪਣੇ ਪਿਤਾ ਜੋਕਿ ਪੰਜਾਬ ਪੁਲਿਸ ’ਚ ਸਹਾਇਕ ਥਾਣੇਦਾਰ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ, ਵਾਂਗ ਸਰਕਾਰੀ ਨੌਕਰੀ ਕਰਨ ਦਾ ਸੁਪਨਾ ਲਿਆ ਸੀ। ਜਸ਼ਨਪ੍ਰੀਤ ਦੇ ਪਿਤਾ ਕੌਰ ਸਿੰਘ ਨੇ ਦੱਸਿਆ ਕਿ ਜਸ਼ਨਪ੍ਰੀਤ ਬਚਪਨ ਤੋਂ ਹੀ ਪੁਲਿਸ ਵਿਭਾਗ ’ਚ ਭਰਤੀ ਹੋ ਕੇ ਲੋਕ ਸੇਵਾ ਕਰਨਾ ਚਾਹੁੰਦਾ ਸੀ। ਆਪਣੇ ਪਿਤਾ ਦੇ ਨਕਸ਼ੇ ਕਦਮਾ ’ਤੇ ਚਲਦਿਆਂ ਲਗਨ ਨਾਲ ਪੜ੍ਹਾਈ ਤੇ ਸਖ਼ਤ ਮਿਹਨਤ ਕਰਦਿਆਂ ਜਸ਼ਨਪ੍ਰੀਤ ਨੇ ਕੈਨੇਡਾ ’ਚ ਪੁਲਿਸ ਵਿਭਾਗ ’ਚ ਨੌਕਰੀ ਕਰਨ ਦਾ ਆਪਣਾ ਸੁਪਨਾ ਪੂਰਾ ਕੀਤਾ ਹੈ।

ਸਾਲ 2017 ’ਚ ਡੇਰਾ ਭਾਈ ਮਸਤਾਨ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਮੁਕਤਸਰ ਸਾਹਿਬ ਤੋਂ ਬਾਰ੍ਹਵੀਂ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ‘ਜਸ਼ਨਪ੍ਰੀਤ ਸਿੰਘ’ ਉੱਚ ਸਿੱਖਿਆ ਲਈ ਕੈਨੇਡਾ ਚਲਾ ਗਿਆ ਸੀ ਜਿੱਥੇ ‘ਜਸ਼ਨਪ੍ਰੀਤ ਸਿੰਘ’ ਨੇ ਅਣਥੱਕ ਮਿਹਨਤ ਦੇ ਸਦਕਾ ਉੱਚ ਵਿੱਦਿਆ ਹਾਸਲ ਕੀਤੀ। ਜਸ਼ਨਪ੍ਰੀਤ ਨੇ ਪਾਰਟ ਟਾਈਮ ਕੰਮ ਕਰਦਿਆਂ 2021 ’ਚ ਕੈਨੇਡਾ ਦੀ ਪੀਆਰ (ਪਰਮਾਨੈਂਟ ਰੈਜ਼ੀਡੈਂਸੀ) ਪ੍ਰਾਪਤ ਕੀਤੀ, ਪਰ ਉਹ ਏਥੇ ਹੀ ਨਹੀਂ ਰੁਕਿਆ, ਉਸ ਨੇ ਲਗਨ ਨਾਲ ਪੜ੍ਹਾਈ ਕਰਦਿਆਂ ਆਨਲਾਈਨ ਪੇਪਰ ਦਿੱਤਾ ਜਿਸ ਵਿੱਚੋਂ ਉਹ ਸਫ਼ਲ ਹੋਇਆ ਅਤੇ ਆਪਣੇ ਪਿਤਾ ਦੇ ਨਕਸ਼ੇ ਕਦਮਾਂ ’ਤੇ ਚੱਲਦਿਆਂ ਕੈਨੇਡਾ ’ਚ ਬਤੌਰ ਪੀਸ ਅਫ਼ਸਰ ਭਰਤੀ ਹੋ ਕੇ ਆਪਣੇ ਪਰਿਵਾਰ ਦਾ ਹੀ ਨਹੀਂ ਬਲਕਿ ਪੂਰੇ ਜ਼ਿਲ੍ਹੇ ਦਾ ਨਾਂ ਰੌਸ਼ਨ ਕੀਤਾ ਹੈ।

## ਯੂ.ਕੇ.ਨੇ ਸਖ਼ਤ ਕੌਮਾਂਤਰੀ ਵਿਦਿਆਰਥੀ ਵੀਜ਼ਾ ਨਿਯਮ ਕੀਤੇ ਲਾਗੂ

### ਕੌਮਾਂਤਰੀ ਵਿਦਿਆਰਥੀ ਆਪਣੇ ਪਰਿਵਾਰਕ ਮੈਂਬਰਾਂ ਨੂੰ ਨਾਲ ਨਹੀਂ ਲਿਆ ਸਕਣਗੇ

ਲੰਡਨ/ਏ.ਟੀ.ਨਿਊਜ਼: ਯੂ.ਕੇ.ਨੇ ਸਾਲ 2024 ਤੋਂ ਸਖ਼ਤ ਕੌਮਾਂਤਰੀ ਵਿਦਿਆਰਥੀ ਵੀਜ਼ਾ ਨੇਮ ਲਾਗੂ ਕਰ ਦਿੱਤੇ ਹਨ। ਇਨ੍ਹਾਂ ਤਹਿਤ ਇਸ ਮਹੀਨੇ ਬਰਤਾਨਵੀ ਯੂਨੀਵਰਸਿਟੀਆਂ ਵਿੱਚ ਪੜ੍ਹਾਈ ਸ਼ੁਰੂ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਸਮੇਤ ਕੌਮਾਂਤਰੀ ਵਿਦਿਆਰਥੀ ਆਪਣੇ ਪਰਿਵਾਰਕ ਮੈਂਬਰਾਂ ਨੂੰ ਨਾਲ ਨਹੀਂ ਲਿਆ ਸਕਣਗੇ।

ਬਰਤਾਨੀਆ ਦੇ ਗ੍ਰਹਿ ਵਿਭਾਗ ਦੇ ਦਫ਼ਤਰ ਨੇ ਕਿਹਾ ਕਿ ਇਨ੍ਹਾਂ ਤਬਦੀਲੀਆਂ ਦਾ ਮਕਸਦ ਬਰਤਾਨੀਆ ’ਚ ਕੰਮ ਕਰਨ ਲਈ ਪਿਛਲੇ ਦਰਵਾਜ਼ੇ ਵਜੋਂ ਵਿਦਿਆਰਥੀ ਵੀਜ਼ੇ ਦੀ ਵਰਤੋਂ ਕਰਨ ਵਾਲੇ ਲੋਕਾਂ ’ਤੇ ਰੋਕ ਲਾਉਣੀ ਹੈ। ਅਨੁਮਾਨ ਹੈ ਕਿ 1,40,000 ਘੱਟ ਲੋਕ ਬਰਤਾਨੀਆ ਆਉਣਗੇ। ਇਨ੍ਹਾਂ ਨੇਮਾਂ ਦਾ ਐਲਾਨ ਸਾਬਕਾ ਗ੍ਰਹਿ ਸਕੱਤਰ ਸੁਏਲਾ ਬਰੇਵਰਮੈਨ ਨੇ ਪਿਛਲੇ ਸਾਲ ਮਈ ਵਿੱਚ ਕੀਤਾ ਸੀ। ਗ੍ਰਹਿ ਸਕੱਤਰ ਜੇਮਸ ਕਲੈਵਰਲੀ ਨੇ ਦੱਸਿਆ ਕਿ ਵਿਦਿਆਰਥੀ ਵੀਜ਼ਿਆਂ ਦੀ ਵਰਤੋਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਇੱਥੇ ਲਿਆਉਣ ਲਈ ਕੀਤੀ ਜਾ ਰਹੀ ਹੈ ਜਿਸ ਕਾਰਨ ਇੱਥੇ ਪਰਵਾਸੀਆਂ ਦੀ ਗਿਣਤੀ 2019 ਮਗਰੋਂ 930 ਫੀਸਦ ਤੱਕ ਵਧ ਗਈ ਹੈ। ਕਲੈਵਰਲੀ ਨੇ ਕਿਹਾ, ‘ਸਰਕਾਰ ਬਰਤਾਨੀਆ ’ਚ ਪਰਵਾਸੀਆਂ ਦੀ ਗਿਣਤੀ ਘਟਾਉਣ ਸਬੰਧੀ ਆਪਣੀ ਪ੍ਰਤੀਬੱਧਤਾ ਨਿਭਾਉਣ ਲਈ ਕੰਮ ਕਰ ਰਹੀ ਹੈ। ਪਰਵਾਸੀਆਂ ਦੀ ਗਿਣਤੀ ਘਟਾਉਣ, ਸਾਡੀਆਂ ਸਰਹੱਦਾਂ ਨੂੰ ਕੰਟਰੋਲ ਕਰਨ ਤੇ ਲੋਕਾਂ ਨੂੰ ਸਾਡੇ ਪਰਵਾਸ ਨਿਯਮਾਂ ਦੀ ਉਲੰਘਣਾ ਕਰਨ ਤੋਂ ਰੋਕਣ ਲਈ ਅਸੀਂ ਸਖਤ ਯੋਜਨਾ ਤਿਆਰ ਕੀਤੀ ਹੈ। ਇਹ ਯੋਜਨਾ ਇਸ ਸਾਲ ਦੌਰਾਨ ਅਮਲ ’ਚ ਆਵੇਗੀ। ਇਸ ਨਾਲ ਪਰਵਾਸੀਆਂ ਦੀ ਗਿਣਤੀ ਹਜ਼ਾਰਾਂ ਤੱਕ ਘਟੇਗੀ ਅਤੇ ਤਿੰਨ ਲੱਖ ਲੋਕਾਂ ਨੂੰ ਬਰਤਾਨੀਆ ਆਉਣ ਤੋਂ ਰੋਕਿਆ ਜਾ ਸਕੇਗਾ।’ ਬਰਤਾਨੀਆ ਦੇ ਕੌਮੀ ਅੰਕੜਾ ਦਫ਼ਤਰ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸਤੰਬਰ 2023 ਦੇ ਅਖੀਰ ਤੱਕ ਵਿਦਿਆਰਥੀਆਂ ਦੇ ਪਰਿਵਾਰਕ ਮੈਂਬਰਾਂ ਲਈ 1,52,980 ਵੀਜ਼ੇ ਜਾਰੀ ਕੀਤੇ ਗਏ ਹਨ ਜਦਕਿ ਸਤੰਬਰ 2019 ਦੇ ਅਖੀਰ ਤੱਕ ਇਨ੍ਹਾਂ ਵੀਜ਼ਿਆਂ ਦੀ ਗਿਣਤੀ ਸਿਰਫ਼ 14,839 ਸੀ। ਕਾਨੂੰਨੀ ਪਰਵਾਸ ਤੇ ਸਰਹੱਦ ਮਾਮਲਿਆਂ ਬਾਰੇ ਮੰਤਰੀ ਟੌਮ ਪੁਰਸਗਲੋਵ ਨੇ ਕਿਹਾ, ‘ਸਾਡੀਆਂ ਯੂਨੀਵਰਸਿਟੀਆਂ ਦੁਨੀਆ ਭਰ ਦੇ ਹੋਣਹਾਰ ਵਿਦਿਆਰਥੀਆਂ ਨੂੰ ਬਰਤਾਨੀਆ ਆਉਣ ਲਈ ਖਿੱਚਦੀਆਂ ਹਨ ਪਰ ਅਸੀਂ ਵਿਦਿਆਰਥੀਆਂ ਵੱਲੋਂ ਸੱਦੇ ਜਾ ਰਹੇ ਪਰਿਵਾਰਕ ਮੈਂਬਰਾਂ ਦੀ ਗਿਣਤੀ ’ਚ ਵੱਡਾ ਵਾਧਾ ਹੁੰਦਾ ਦੇਖਿਆ ਹੈ ਜਿਸ ਨਾਲ ਪਰਵਾਸੀਆਂ ਦੀ ਗਿਣਤੀ ਅਸਥਿਰ ਹੋ ਰਹੀ ਹੈ।’

# ਜੇਕਰ ਟਰੰਪ ਨੇ ਆਪਣੇ ਬੀਤੇ 'ਤੇ ਧਿਆਨ ਕੇਂਦਰਿਤ ਕੀਤਾ ਤਾਂ ਉਸ ਦੇ ਹਾਰ ਜਾਣ ਦਾ ਜ਼ੋਖ਼ਮ ਹੈ : ਸੈਨੇਟਰ ਗਰਾਹਮ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਰਿਪਬਲੀਕਨ ਸੈਨੇਟਰ ਲਿੰਡਸੇਅ ਗਰਾਹਮ ਨੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਮੇਰਾ ਵਿਚਾਰ ਹੈ ਕਿ ਜੇਕਰ ਉਹ 2024 ਦੀਆਂ ਚੋਣਾਂ ਵਿੱਚ ਰਿਪਬਲੀਕਨ ਉਮੀਦਵਾਰ ਵਜੋਂ ਨਾਮਜ਼ਦ ਹੁੰਦੇ ਹਨ ਤਾਂ ਉਨਾਂ ਨੂੰ ਆਪਣੇ ਬੀਤੇ ਉਪਰ ਧਿਆਨ ਕੇਂਦਰਿਤ ਨਹੀਂ ਕਰਨਾ ਚਾਹੀਦਾ ਕਿਉਂਕਿ ਅਜਿਹਾ ਕਰਨ ਨਾਲ ਉਹ ਚੋਣ ਹਾਰ ਸਕਦੇ ਹਨ। ਉਨਾਂ ਇੱਕ ਚੈਨਲ ਨਾਲ ਗੱਲ ਕਰਦਿਆਂ ਕਿਹਾ ਕਿ ਮੈਂ 2020 ਦੀਆਂ ਚੋਣਾਂ ਦੇ ਨਤੀਜੇ ਸਵੀਕਾਰ ਕਰਦਾ ਹਾਂ ਤੇ ਹੁਣ ਮੈਨੂੰ 2024 ਦੀ ਚਿੰਤਾ ਹੈ। ਜੇਕਰ ਟਰੰਪ ਸੁਰੱਖਿਆ



ਵਿੱਚ ਸੁਧਾਰ ਤੇ ਅਮਰੀਕੀਆਂ ਦੀ ਖੁਸ਼ਹਾਲੀ ਦੀ ਗੱਲ ਕਰਨਗੇ ਤਾਂ ਉਹ ਜਿੱਤ ਜਾਣਗੇ ਪਰੰਤੂ ਜੇਕਰ ਉਹ ਬੀਤੇ ਵਾਂਗ ਹੀ ਸੋਚਣਗੇ ਤਾਂ ਉਹ ਹਾਰ ਜਾਣਗੇ। ਉਨ੍ਹਾਂ ਕਿਹਾ ਕਿ ਮੇਰੇ ਲਈ 2020 ਦੀਆਂ ਚੋਣ ਦਾ ਜ਼ਿਕਰ ਕਰਨ ਦਾ ਕੋਈ ਮਤਲਬ ਨਹੀਂ ਹੈ ।ਸਾਨੂੰ ਹੁਣ 2024 ਦੀਆਂ ਚੋਣਾਂ ਲਈ ਵੋਟਾਂ ਸੁਰੱਖਿਅਤ ਕਰਨ ਦੀ ਲੋੜ ਹੈ।

ਹਾਲਾਂਕਿ ਗੱਲਬਾਤ ਦੌਰਾਨ ਗਰਾਹਮ ਨੇ ਦਲੀਲ ਦਿੱਤੀ ਕਿ ਟਰੰਪ ਪਹਿਲਾ ਉਮੀਦਵਾਰ ਨਹੀਂ ਹੈ ਜਿਸ ਨੇ 2020 ਵਿੱਚ ਚੋਣਾਂ ਵਿੱਚ ਹੇਰਾਫ਼ੇਰੀ ਦਾ ਦਾਅਵਾ ਕੀਤਾ ਸੀ। ਉਨਾਂ ਕਿਹਾ ਇਸ ਤੋਂ ਪਹਿਲਾਂ ਹਿਲੇਰੀ ਕਲਿੰਟਨ ਨੇ 2016 ਵਿੱਚ ਅਜਿਹਾ ਕੁਝ ਹੀ ਕਿਹਾ ਸੀ। ਉਸ ਸਮੇਂ ਹਲੇਰੀ ਨੇ ਟਰੰਪ ਨੂੰ ਗ਼ੈਰਕਾਨੂੰਨੀ ਰਾਸ਼ਟਰਪਤੀ ਕਿਹਾ ਸੀ।

# ਟਰੰਪ ਵਿਰੁੱਧ ਫ਼ੈਸਲੇ ਤੋਂ ਬਾਅਦ ਕੋਲੋਰਾਡੋ ਸੁਪਰੀਮ ਕੋਰਟ ਦੇ ਜੱਜਾਂ ਨੂੰ ਮਿਲੀਆਂ ਧਮਕੀਆਂ

## ਮਾਮਲਾ ਜਾਂਚ ਲਈ ਐਫ਼. ਬੀ. ਆਈ. ਦੇ ਹਵਾਲੇ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ : ਕੋਲੋਰਾਡੋ ਰਾਜ ਦੀ ਸੁਪਰੀਮ ਕੋਰਟ ਵੱਲੋਂ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਰਾਜ ਵਿੱਚ 2024 ਦੀਆਂ ਮੁੱਢਲੀਆਂ ਨਾਮਜ਼ਦਗੀ ਚੋਣਾਂ ਵਿੱਚ ਹਿੱਸਾ ਲੈਣ ਤੋਂ ਅਯੋਗ ਕਰਾਰ ਦੇਣ ਉਪਰੰਤ ਜੱਜਾਂ ਨੂੰ ਮਿਲ ਰਹੀਆਂ ਧਮਕੀਆਂ ਕਾਰਨ ਉਨ੍ਹਾਂ ਦੀ ਸੁਰੱਖਿਆ ਵਧਾ ਦੇਣ ਦੀਆਂ ਰਿਪੋਰਟਾਂ ਹਨ। ਜੱਜਾਂ ਦੇ ਘਰਾਂ ਤੇ ਅਦਾਲਤਾਂ ਵਿੱਚ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ। ਸਟੇਟ ਸੁਪਰੀਮ ਕੋਰਟ ਨੇ 19 ਦਸੰਬਰ ਨੂੰ ਦਿੱਤੇ ਆਪਣੇ ਫ਼ੈਸਲੇ ਵਿੱਚ ਕਿਹਾ ਹੈ ਕਿ ਜਨਵਰੀ 6,2021 ਨੂੰ ਰਾਜਧਾਨੀ ਵਿੱਚ ਟਰੰਪ ਨੇ ਹਿੰਸਾ ਨੂੰ ਉਤਸ਼ਾਹਿਤ ਕੀਤਾ ਜਿਸ ਦਾ ਅਰਥ ਹੈ ਕਿ ਉਹ ਬਗਾਵਤੀ ਗਤੀਵਿਧੀਆਂ ਵਿੱਚ ਸ਼ਾਮਿਲ ਹੋਇਆ। ਇਸ ਲਈ ਉਸ ਨੂੰ ਅਮਰੀਕੀ ਸੰਵਿਧਾਨ ਦੀ 14 ਵੀਂ ਸੋਧ ਤਹਿਤ ਅਹੁਦਾ ਸੰਭਾਲਣ ਦੇ ਅਯੋਗ ਕਰਾਰ ਦਿੱਤਾ ਜਾਂਦਾ ਹੈ। ਐਫ਼ .ਬੀ. ਆਈ. ਦੇ ਬੁਲਾਰੇ ਵਿਕੀ ਮਿਗੋਇਆ ਨੇ ਇੱਕ ਜਾਰੀ ਬਿਆਨ ਵਿੱਚ ਕਿਹਾ ਹੈ ਕਿ ਐਫ਼. ਬੀ. ਆਈ. ਹਾਲਾਤ ਤੋਂ ਜਾਣੂੰ ਹੈ ਤੇ ਉਹ ਹਾਲਾਤ ਨਾਲ ਨਜਿੱਠਣ ਲਈ ਸਥਾਨਕ ਲਾਅ ਇਨਫ਼ੋਰਸਮੈਂਟ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਹੇ ਹਨ।

(ਬਾਕੀ ਸਫ਼ਾ 31 'ਤੇ)

# ਫ਼ਲੋਰਿਡਾ ਰਾਜ ਦੇ ਇੱਕ ਮਾਲ ਵਿੱਚ ਹੋਈ ਗੋਲੀਬਾਰੀ 'ਚ 1 ਮੌਤ ਤੇ 1 ਜ਼ਖਮੀ

ਸੈਕਰਾਮੈਂਟੋ /ਹੁਸਨ ਲੜੋਆ ਬੰਗਾ : ਅਮਰੀਕਾ ਦੇ ਫ਼ਲੋਰਿਡਾ ਰਾਜ ਵਿੱਚ ਓਕਾਲਾ ਮਾਲ ਦੇ ਅੰਦਰ ਇੱਕ ਹਮਲਾਵਰ ਵੱਲੋਂ ਕੀਤੀ ਫ਼ਾਇਰਿੰਗ ਵਿੱਚ ਇੱਕ ਵਿਅਕਤੀ ਦੇ ਮਾਰੇ ਜਾਣ ਤੇ ਇਕ ਹੋਰ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ।



ਪੁਲਿਸ ਨੇ ਇਸ ਮਾਮਲੇ ਵਿੱਚ ਇੱਕ ਸ਼ੱਕੀ ਹਮਲਾਵਰ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ। ਓਕਾਲਾ ਪੁਲਿਸ ਵਿਭਾਗ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਸ਼ੱਕੀ 39 ਸਾਲਾ ਅਲਬਰਟ ਜੇ ਸ਼ੈਲ ਜੁਨੀਅਰ ਦੇ ਵਿਰੁੱਧ ਸੋਚੀ ਸਮਝੀ ਯੋਜਨਾ ਤਹਿਤ ਪਹਿਲਾ ਦਰਜਾ ਹੱਤਿਆ ਕਰਨ ਤੇ ਹੱਤਿਆ ਦੀ ਕੋਸ਼ਸ਼ ਕਰਨ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ।

ਪੁਲਿਸ ਨੇ ਸ਼ੱਕੀ ਦੀ ਸੂਹ ਦੇਣ ਵਾਲੇ ਨੂੰ 5000 ਡਾਲਰ ਇਨਾਮ ਦੇਣ ਦਾ ਐਲਾਨ ਵੀ ਕੀਤਾ ਹੈ। ਓਕਾਲਾ ਪੁਲਿਸ ਮੁਖੀ ਮਾਈਕ ਬਲਕੇਨ ਨੇ ਕਿਹਾ ਕਿ ਪੁਲਿਸ ਦਾ ਵਿਸ਼ਵਾਸ਼ ਹੈ ਕਿ ਗੋਲੀਬਾਰੀ ਯੋਜਨਾਬੱਧ ਹਿੰਸਾ ਦੀ ਕਾਰਵਾਈ ਦਾ ਸਿੱਟਾ ਹੈ। ਮ੍ਰਿਤਕ ਵਿਅਕਤੀ ਦੀ ਪਛਾਣ ਡੇਵਿਡ ਨਥੀਨੀਅਲ ਬਰੋਨ (40) ਵਜੋਂ ਹੋਈ ਹੈ ਜੋ ਗੋਲੀਆਂ ਦੇ ਜ਼ਖਮਾਂ ਕਾਰਨ ਮਾਲ ਅੰਦਰ ਮ੍ਰਿਤਕ ਹਾਲਤ ਵਿੱਚ ਮਿਲਿਆ। ਦੂਸਰਾ ਜ਼ਖਮੀ ਇਕ ਔਰਤ ਹੈ ਜਿਸ ਦੀ ਲੱਤ ਵਿੱਚ ਗੋਲੀ ਵੱਜੀ ਹੈ। ਉਸ ਦੇ ਬਚ ਜਾਣ ਦੀ ਆਸ ਹੈ। ਪੁਲਿਸ ਅਨੁਸਾਰ ਸ਼ੱਕੀ ਇੱਕ ਕਾਲਾ ਵਿਅਕਤੀ ਹੈ, ਜੋ ਗੋਲੀਬਾਰੀ ਉਪਰੰਤ ਮੌਕੇ ਤੋਂ ਫ਼ਰਾਰ ਹੋਣ ਵਿੱਚ ਸਫ਼ਲ ਹੋ ਗਿਆ।

# ਟੈਕਸਾਸ ਵਿੱਚ ਲਾਪਤਾ ਗਰਭਵਤੀ ਨਬਾਲਗ ਕੁੜੀ ਅਤੇ ਉਸ ਦੇ ਦੋਸਤ ਦੀਆਂ ਲਾਸ਼ਾਂ ਕਾਰ 'ਚੋਂ ਮਿਲੀਆਂ

ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਦੇ ਟੈਕਸਾਸ ਰਾਜ ਵਿੱਚ ਲਾਪਤਾ ਗਰਭਵਤੀ ਨਾਬਾਲਗ ਕੁੜੀ ਤੇ ਉਸ ਦੇ ਦੋਸਤ ਮੁੰਡੇ ਦੀਆਂ ਕਾਰ ਵਿਚੋਂ ਲਾਸ਼ਾਂ ਬਰਾਮਦ ਹੋਣ ਦੀ ਖ਼ਬਰ ਹੈ। ਪੁਲਿਸ ਨੇ ਕਿਹਾ ਹੈ ਕਿ ਦੋਨਾਂ ਦੇ ਹੀ ਗੋਲੀਆਂ ਵੱਜੀਆਂ ਹੋਈਆਂ ਹਨ ਹਾਲਾਂ ਕਿ ਅਜੇ ਇਹ ਸਪਸ਼ਟ ਨਹੀਂ ਹੈ ਕਿ ਇਹ ਖੁਦਕੁਸ਼ੀ ਜਾਂ ਕਤਲ ਦਾ ਮਾਮਲਾ ਹੈ। ਪੁਲਿਸ ਅਨੁਸਾਰ ਲਾਸ਼ਾਂ ਇੱਕ ਅਪਾਰਮੈਂਟ ਕੰਪਲੈਕਸ ਨੇੜੇ ਕਾਰ ਵਿਚੋਂ ਮਿਲੀਆਂ ਜੋ ਕਾਰ ਪਿਛਲੇ 3-4 ਦਿਨਾਂ ਤੋਂ ਇਥੇ ਖੜੀ ਸੀ। ਸੈਨ ਐਨਟੋਨੀਓ ਪੁਲਿਸ ਮੁਖੀ ਵਿਲੀਅਮ ਮੈਕਮੈਨਸ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਕਿ ਅਧਿਕਾਰੀਆਂ ਦਾ ਵਿਸ਼ਵਾਸ ਹੈ ਕਿ ਇਹ ਲਾਸ਼ਾਂ 18 ਸਾਲਾ ਸਵੰਨਾਹ ਸੋਟੋ ਤੇ ਉਸ ਦੇ ਦੋਸਤ ਮੁੰਡੇ ਦੀਆਂ ਹਨ ਪਰੰਤੂ ਅਜੇ ਇਸ ਸਬੰਧੀ ਪੁਸ਼ਟੀ ਨਹੀਂ ਹੋਈ। ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਜਾਰੀ ਹੈ ਤੇ ਡਾਕਟਰੀ ਜਾਂਚ ਉਪਰੰਤ ਹੀ ਮੌਤ ਦੇ ਅਸਲ ਕਾਰਨਾਂ ਬਾਰੇ ਪਤਾ ਲੱਗ




ਸਕੇਗਾ। ਮੈਕਮੈਨਸ ਅਨੁਸਾਰ ਮੌਕੇ ਦਾ ਦ੍ਰਿਸ਼ ਬਹੁਤ ਹੀ ਪੇਚੀਦਾ ਹੈ ਤੇ ਇਸ ਬਾਰੇ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ।

ਸੈਨ ਐਨਟੋਨੀਓ ਪੁਲਿਸ ਲੈਫਟੀਨੈਂਟ ਮਾਈਕਲ ਰਾਮੋਸ ਨੇ ਕਿਹਾ ਹੈ ਕਿ ਇਹ ਸੰਗੀਨ ਹੱਤਿਆਵਾਂ ਦਾ ਮਾਮਲਾ ਹੈ ਕਿਉਂਕਿ ਇੱਕ ਅਣਜੰਮੇ ਬੱਚੇ ਦੀ ਵੀ ਮੌਤ ਹੋਈ ਹੈ। ਲੀਓਨ ਵੈਲੀ ਪੁਲਿਸ ਵਿਭਾਗ ਅਨੁਸਾਰ ਸੋਟੋ ਪਿਛਲੇ 9 ਮਹੀਨੇ ਤੋਂ ਗਰਭਵਤੀ ਸੀ ਤੇ ਉਹ ਜ਼ਰੂਰੀ ਡਾਕਟਰੀ ਜਾਂਚ ਲਈ ਹਸਪਤਾਲ ਨਹੀਂ ਪੁੱਜੀ। ਇਸ ਉਪਰੰਤ ਪਰਿਵਾਰ ਨੇ ਉਸ ਦੇ ਲਾਪਤਾ ਹੋਣ ਦੀ ਸ਼ਿਕਾਇਤ ਦਰਜ ਕਰਵਾਈ ਸੀ। ਟੈਕਸਾਸ ਡਿਪਾਰਟਮੈਂਟ ਆਫ਼ ਪਬਲਿਕ ਸੇਫਟੀ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਸੋਟੋ ਨੂੰ ਆਖਰੀ ਵਾਰ 22 ਦਸੰਬਰ ਨੂੰ ਲਿਓਨ ਵੈਲੀ ਵਿੱਚ ਗਰੀਸੋਮ ਰੋਡ ਦੇ 6000 ਬਲਾਕ ਵਿੱਚ ਵੇਖਿਆ ਗਿਆ ਸੀ।

# ਦੁਨੀਆਂ ਦੀ ਆਬਾਦੀ 'ਚ ਪਿਛਲੇ ਸਾਲ 7 ਕਰੋੜ 50 ਲੱਖ ਦਾ ਹੋਇਆ ਵਾਧਾ

## ਅਮਰੀਕਾ ਦੀ ਆਬਾਦੀ ਇਸ ਸਾਲ 17 ਲੱਖ ਵਧੀ

ਵਾਸ਼ਿੰਗਟਨ/ਏ.ਟੀ.ਨਿਊਜ਼ : ਦੁਨੀਆਂ ਦੀ ਆਬਾਦੀ ਵਿੱਚ ਪਿਛਲੇ ਸਾਲ 7 ਕਰੋੜ 50 ਲੱਖ ਦਾ ਵਾਧਾ ਹੋਇਆ ਅਤੇ ਨਵੇਂ ਸਾਲ ਵਾਲੇ ਦਿਨ ਕੁੱਲ ਵਿਸ਼ਵ ਆਬਾਦੀ 8 ਅਰਬ ਤੋਂ ਵੱਧ ਹੋਣ ਦੀ ਸੰਭਾਵਨਾ ਹੈ। ਅਮਰੀਕੀ ਜਨਗਣਨਾ ਬਿਊਰੋ ਵੱਲੋਂ ਬੀਤੇ ਦਿਨੀਂ ਜਾਰੀ ਕੀਤੇ ਗਏ ਅੰਕੜਿਆਂ 'ਚ ਇਹ ਜਾਣਕਾਰੀ ਦਿੱਤੀ ਗਈ। ਜਨਗਣਨਾ ਬਿਊਰੋ ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ ਦੁਨੀਆ ਭਰ ਵਿੱਚ ਆਬਾਦੀ ਵਾਧੇ ਦੀ ਦਰ ਇੱਕ ਫੀਸਦੀ ਤੋਂ ਵੀ ਘੱਟ ਸੀ।

2024 ਦੀ ਸ਼ੁਰੂਆਤ ਵਿੱਚ ਦੁਨੀਆਂ ਭਰ ਵਿੱਚ ਹਰ ਸਕਿੰਟ ਵਿੱਚ 4.3 ਲੋਕ ਪੈਦਾ ਹੋਣ ਅਤੇ ਦੋ ਲੋਕਾਂ ਦੀ ਮੌਤ ਹੋ ਜਾਣ ਦਾ ਅਨੁਮਾਨ ਹੈ।

ਅਮਰੀਕਾ ਦੀ ਜਨਸੰਖਿਆ ਵਾਧਾ ਦਰ ਪਿਛਲੇ ਸਾਲ 0.53 ਫੀਸਦੀ ਸੀ, ਜੋ ਦੁਨੀਆਂ ਭਰ ਦੀ ਵਿਕਾਸ ਦਰ ਦਾ ਅੱਧਾ ਹੈ। ਅਮਰੀਕਾ ਦੀ ਆਬਾਦੀ ਇਸ ਸਾਲ 17 ਲੱਖ ਵਧੀ ਹੈ ਅਤੇ ਨਵੇਂ ਸਾਲ 'ਤੇ ਇਸ ਦੀ ਕੁੱਲ ਆਬਾਦੀ 33 ਕਰੋੜ 58 ਲੱਖ ਹੋ ਜਾਵੇਗੀ। ਬਰੁਕਿੰਗਜ਼ ਇੰਸਟੀਚਿਊਟ ਦੇ ਇੱਕ ਜਨਸੰਖਿਆ ਵਿਗਿਆਨੀ ਵਿਲੀਅਮ ਫਰੇ ਨੇ ਕਿਹਾ ਕਿ ਜੇਕਰ ਆਬਾਦੀ ਵਾਧੇ ਦੀ ਮੌਜੂਦਾ ਰਫ਼ਤਾਰ ਇਸ ਦਹਾਕੇ ਦੇ ਅੰਤ ਤੱਕ ਜਾਰੀ ਰਹਿੰਦੀ ਹੈ, ਤਾਂ 2020 ਦਾ ਦਹਾਕਾ ਆਬਾਦੀ ਵਾਧੇ ਦੇ ਮਾਮਲੇ ਵਿੱਚ ਅਮਰੀਕੀ ਇਤਿਹਾਸ ਦਾ ਸਭ ਤੋਂ ਹੌਲੀ ਦਹਾਕਾ ਹੋ ਸਕਦਾ ਹੈ। 2020 ਤੋਂ 2030 ਤੱਕ 10 ਸਾਲ ਦੀ ਮਿਆਦ ਵਿੱਚ ਵਿਕਾਸ ਦਰ ਚਾਰ ਫੀਸਦੀ ਤੋਂ ਘੱਟ ਰਹਿ ਸਕਦੀ ਹੈ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਪੰਜਾਬਣ ਨੇ ਅੰਟਾਰਕਟਿਕਾ ’ਤੇ ਬਣਾਇਆ ਸਕੀਇੰਗ ਰਿਕਾਰਡ

## 1130 ਕਿਲੋਮੀਟਰ ਸਫ਼ਰ ਕਰ ਕੇ ਬਣੀ ‘ਪੋਲਰ ਕੌਰ’

ਲੰਡਨ/ਏ.ਟੀ.ਨਿਊਜ਼ : ਇੰਗਲੈਂਡ ਦੀ ਫ਼ੌਜੀ ਫ਼ਿਜ਼ੀਓਥੈਰਾਪਿਸਟ ਕੈਪਟਨ ਹਰਪ੍ਰੀਤ ਕੌਰ ਚੰਦੀ ਨੇ ਧਰਤੀ ਦੇ ਦੱਖਣੀ ਧਰੁਵ ਭਾਵ ਅੰਟਾਰਕਟਿਕਾ ’ਤੇ ਆਪਣੀ ਸਕੀਇੰਗ ਨਾਲ ਨਵਾਂ ਰਿਕਾਰਡ ਕਾਇਮ ਕਰ ਦਿਖਾਇਆ ਹੈ। ਉਸ ਨੇ ਇਕੱਲਿਆਂ ਅੰਟਾਰਕਟਿਕਾ ਦੀ 1,130 ਕਿਲੋਮੀਟਰ ਲੰਮੀ ਬਰਫ਼ਾਨੀ ਚਾਦਰ ਦਾ ਸਫ਼ਰ ਸਕੀਇੰਗ ਕਰਦਿਆਂ 31 ਦਿਨਾਂ, 13 ਘੰਟਿਆਂ ਤੇ 19 ਮਿੰਟਾਂ ’ਚ ਮੁਕੰਮਲ ਕੀਤਾ ਹੈ। ਇਸ ਤੋਂ ਪਹਿਲਾਂ ਕੋਈ ਵੀ ਔਰਤ ਅਜਿਹਾ ਰਿਕਾਰਡ ਕਾਇਮ ਨਹੀਂ ਕਰ ਸਕੀ। ਇਹ ਹਰਪ੍ਰੀਤ ਕੌਰ ਦਾ ਦਾਅਵਾ ਹੈ; ਗਿੰਨੀਜ਼ ਬੁੱਕ ਆੱਫ਼ ਰਿਕਾਰਡ ਨੇ ਹਾਲੇ ਇਸ ਦਾਅਵੇ ਦੀ ਪੁਸ਼ਟੀ ਕਰਨੀ ਹੈ ਪਰ ਇਸ ਪੁਸ਼ਟੀ ਤੋਂ ਪਹਿਲਾਂ ਹੀ ਲੋਕ ਉਸ ਨੂੰ ‘ਪੋਲਰ ਕੌਰ’ ਆਖਣ ਲੱਗ ਪਏ ਹਨ। ਉਂਝ ਇਸ ਤੋਂ ਪਹਿਲਾਂ ਦੋ ਜਣੇ ਸਕੀਇੰਗ ਕਰਦਿਆਂ ਦੱਖਣੀ ਧਰੁਵ ਨੂੰ ਪਾਰ ਕਰ ਚੁੱਕੇ ਹਨ।

34 ਸਾਲਾ ਕੈਪਟਨ ਹਰਪ੍ਰੀਤ ਕੌਰ ਚੰਦੀ ਇਸ ਤੋਂ ਪਹਿਲਾਂ ਸਾਲ 2021 ’ਚ ਅੰਟਾਰਕਟਿਕਾ ਦੀ 700 ਮੀਲ ਲੰਮੀ ਯਾਤਰਾ ਇਕੱਲਿਆਂ ਮੁਕੰਮਲ ਕਰਨ ਵਾਲੀ ਪਹਿਲੀ ਗ਼ੈਰ-ਗੋਰੀ ਔਰਤ ਬਣ ਗਈ ਸੀ। ਹੁਣ ਨਵਾਂ ਮਾਅਰਕਾ ਮਾਰਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਦੌਰਾਨ ਉਸ ਨੇ ਕਿਹਾ ਕਿ ਇਸ ਮੁਹਿੰਮ ਨੇ ਭਾਵੇਂ ਉਸ ਨੂੰ ਥਕਾ ਦਿੱਤਾ ਹੈ ਪਰ ਇਸ ਨੂੰ ਮੁਕੰਮਲ ਕਰਨ ਦੀ ਉਸ ਨੂੰ ਡਾਹਢੀ ਖ਼ੁਸ਼ੀ ਹੈ। ਉਸ ਨੇ ਕਿਹਾ ਕਿ ਸਕੀਇੰਗ ਦਾ ਆਪਣਾ ਵੱਖਰਾ ਹੀ ਆਨੰਦ ਹੈ ਪਰ ਤੇਜ਼ ਰਫ਼ਤਾਰ ਨਾਲ ਇਕ ਰਿਕਾਰਡ ਕਾਇਮ ਕਰਨਾ ਬਿਲਕੁਲ ਵੱਖਰਾ ਵਿਸ਼ਾ ਹੈ।



**ਪਹਿਲਾ ਰਿਕਾਰਡ ਹੈ ਕੈਨੇਡਾ ਦੀ ਕੈਰੋਲੀਨ ਕੋਟ ਦੇ ਨਾਂ**

ਗਿੰਨੀਜ਼ ਬੁੱਕ ਆੱਫ਼ ਵਰਲਡ ਰਿਕਾਰਡਜ਼ ਨੂੰ ਹਰਪ੍ਰੀਤ ਕੌਰ ਚੰਦੀ ਦੇ ਦਾਅਵੇ ਦੀ ਪੁਸ਼ਟੀ ਕਰਨ ’ਚ ਕਈ ਮਹੀਨੇ ਲੱਗ ਸਕਦੇ ਹਨ। ਦਰਅਸਲ, ਪਹਿਲਾਂ ਸਕੀਇੰਗ ਕਰਦਿਆਂ ਤੇਜ਼ ਰਫ਼ਤਾਰ ਨਾਲ ਦੱਖਣੀ ਧਰੁਵ ਦਾ ਬਰਫ਼ਾਨੀ ਸਫ਼ਰ ਮੁਕੰਮਲ ਕਰਨ ਦਾ ਰਿਕਾਰਡ ਕੈਨੇਡਾ ਦੀ ਕੈਰੋਲੀਨ ਕੋਟ ਦੇ ਨਾਂਅ ਹੈ। ਉਂਝ ਹਰਪ੍ਰੀਤ ਕੌਰ ਨੇ ਕੈਰੋਲੀਨ ਦੇ ਮੁਕਾਬਲੇ ਇਹ 1,130 ਕਿਲੋਮੀਟਰ ਦੀ ਦੂਰੀ ਇੱਕ ਦਿਨ, 14 ਘੰਟੇ 34 ਮਿੰਟ ਪਹਿਲਾਂ ਤਹਿ ਕੀਤੀ ਹੈ। ਹਰਪ੍ਰੀਤ ਕੌਰ ਨੇ ਪਿਛਲੇ ਸਾਲ 26 ਨਵੰਬਰ ਨੂੰ ਰੌਨੀ ਆਈਸ ਸ਼ੈਲਫ਼ ਦੀ ਹਰਕੁਲੀਸ ਇਨਲੈੱਟ ਤੋਂ ਆਪਣੀ ਸਕੀਇੰਗ ਯਾਤਰਾ ਸ਼ੁਰੂ ਕੀਤੀ ਸੀ। ਉਹ ਬੀਤੀ 28 ਦਸੰਬਰ ਨੂੰ ਇੰਗਲੈਂਡ ਦੇ ਸਮੇਂ ਮੁਤਾਬਕ ਤੜਕੇ 2.24 ਵਜੇ ਦੱਖਣੀ ਧਰੁਵ ’ਤੇ ਪੁੱਜ ਗਈ ਸੀ। ਉਸ ਨੇ 75 ਕਿਲੋਗ੍ਰਾਮ ਦੀ ਸਲੇਜ ’ਤੇ ਇਕ ਦਿਨ ’ਚ ਔਸਤਨ 12 ਤੋਂ 13 ਘੰਟੇ ਸਕੀਇੰਗ ਕੀਤੀ। ਉਸ ਸਲੇਜ ਉੱਤੇ ਹਰਪ੍ਰੀਤ ਕੌਰ ਨੇ ਉਹ ਸਭ ਕੁਝ ਰੱਖਿਆ ਹੋਇਆ ਸੀ, ਜੋ ਕੁਝ ਉਸ ਮਨਫ਼ੀ 30 ਡਿਗਰੀ ਤਾਪਮਾਨ ਵਾਲੇ ਬਰਫ਼ਾਨੀ ਇਲਾਕੇ ’ਚ ਮਨੁੱਖ ਨੂੰ ਜਿਊਣ ਲਈ ਚਾਹੀਦਾ ਹੈ।

**ਡਰਬੀ ’ਚ ਰਹਿੰਦੇ ਪੰਜਾਬੀ ਪਰਿਵਾਰ ਦੀ ਧੀਅ ਹੈ ਚੰਦੀ**

ਇੰਗਲੈਂਡ ਦੇ ਸ਼ਹਿਰ ਡਰਬੀ ’ਚ ਰਹਿੰਦੇ ਇੱਕ ਪੰਜਾਬੀ ਪਰਿਵਾਰ ਦੀ ਧੀ ਹਰਪ੍ਰੀਤ ਕੌਰ ਚੰਦੀ ਨੇ ਅੰਟਾਰਕਟਿਕਾ ਨੂੰ ਧਰਤੀ ਦੀ ਅਦਭੁਤ ਜਗ੍ਹਾ ਦੱਸਿਆ। ਉਸ ਨੇ ਕਿਹਾ ਕਿ ਉਹ ਦੱਖਣੀ ਧਰੁਵ ਦੀ ਸ਼ੁਕਰਗੁਜ਼ਾਰ ਹੈ ਕਿ ਉਸ ਦੀ ਯਾਤਰਾ ਦੌਰਾਨ ਕੋਈ ਵੱਡਾ ਤੂਫ਼ਾਨੀ ਅੜਿੱਕਾ ਨਹੀਂ ਪਿਆ। ਉਂਝ ਵੀ ਉਸ ਨੂੰ ਬਿਖੜੇ ਪੈਂਡਿਆਂ ਨਾਲ ਜੂਝਣ ਦੀ ਫ਼ੌਜੀ ਸਿਖਲਾਈ ਮਿਲੀ ਹੋਈ ਹੈ। ਉਹ ਇੰਗਲੈਂਡ ਦੀ ਫ਼ੌਜ ਦੇ ਜ਼ਖ਼ਮੀ ਜਵਾਨਾਂ ਤੇ ਅਧਿਕਾਰੀਆਂ ਨੂੰ ਲੁੜੀਂਦੀਆਂ ਕਸਰਤਾਂ ਰਾਹੀਂ ਉਨ੍ਹਾਂ ਦੇ ਮੁੜ-ਵਸੇਬੇ ’ਚ ਵੱਡੀ ਮਦਦ ਕਰਦੀ ਰਹੀ ਹੈ। ਯੂ.ਕੇ. ਦੀ ਟੈਰੀਟੋਰੀਅਲ ਆਰਮੀ ’ਚ ਉਹ ਸਾਲ 2008 ’ਚ ਭਰਤੀ ਹੋਈ ਸੀ।

ਹਰਪ੍ਰੀਤ ਕੌਰ ਚੰਦੀ ਨੂੰ ਪਿੱਛੇ ਜਿਹੇ ‘ਮੈਂਬਰ ਆਫ ਦਿ ਬ੍ਰਿਟਿਸ਼ ਐਂਪਾਇਰ’ ਪੁਰਸਕਾਰ ਨਾਲ ਨਿਵਾਜ਼ਿਆ ਗਿਆ ਹੈ। ਇਸ ਤੋਂ ਇਲਾਵਾ ਉਸ ਨੂੰ ਇੰਗਲੈਂਡ ਦੇ ਰੱਖਿਆ ਖੇਤਰ ਦੀਆਂ ਔਰਤਾਂ ਦੇ ਵਰਗ ’ਚ ਸਾਲ 2022 ਦਾ ‘ਵੋਮੈਨ ਆਫ ਦਿ ਈਅਰ’ ਪੁਰਸਕਾਰ ਵੀ ਮਿਲ ਚੁੱਕਾ ਹੈ।

## ਮਸੂਦ ਅਜ਼ਹਰ ਦੀ ਬੰਬ ਧਮਾਕੇ ’ਚ ਮੌਤ !



ਨਵੀਂ ਦਿੱਲੀ/ਏ.ਟੀ ਨਿਊਜ਼: ਸੋਸ਼ਲ ਮੀਡੀਆ ’ਤੇ ਵੀਡੀਓ ਵਾਇਰਲ ਹੋ ਰਹੀ ਹੈ ਜਿਸ ਵਿੱਚ ਭਾਰਤ ਦੇ ਮੋਸਟ ਵਾਂਟੇਡ ਅੱਤਵਾਦੀ ਜੈਸ਼-ਏ-ਮੁਹੰਮਦ ਦੇ ਮੁਖੀ ਮੌਲਾਨਾ ਮਸੂਦ ਅਜ਼ਹਰ ਦੀ ਮੌਤ ਦਾ ਦਾਅਵਾ ਕੀਤਾ ਜਾ ਰਿਹਾ ਹੈ। ਸੋਸ਼ਲ ਮੀਡੀਆ ’ਤੇ ਇਹ ਮੁਹਿੰਮ ਚੱਲ ਰਹੀ ਹੈ ਕਿ ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ (55) ਨੂੰ ਅਣਪਛਾਤੇ ਲੋਕਾਂ ਦੇ ਬੰਬ ਹਮਲੇ ਵਿੱਚ ਮਾਰ ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਬੀਤੇ ਦਿਨੀਂ ਜਦੋਂ ਉਹ ਭਾਵਲਪੁਰ ਮਸਜਿਦ ਤੋਂ ਵਾਪਸ ਆ ਰਿਹਾ ਸੀ ਤਾਂ ਕੁਝ ਬਦਮਾਸ਼ਾਂ ਨੇ ਉਸ ’ਤੇ ਬੰਬ ਸੁੱਟ ਦਿੱਤਾ। ਹਾਲਾਂਕਿ, ਅਜੇ ਤੱਕ ਕੋਈ ਅਧਿਕਾਰਤ ਐਲਾਨ ਨਹੀਂ ਕੀਤਾ ਗਿਆ ਹੈ।

## ਕੈਨੇਡਾ ਵਿੱਚ ਇਸ ਸਾਲ ਦੌਰਾਨ 48,5000 ਨਵੇਂ ਪੱਕੇ ਵੀਜ਼ੇ ਜਾਰੀ ਕਰਨ ਦਾ ਟੀਚਾ

### ਕਲੋਜ਼ਡ ਵਰਕ ਪਰਮਿਟ ਦੀ ਸ਼ਰਤ ਹਟਾਈ ਜਾਵੇਗੀ




ਟੋਰਾਂਟੋ/ਏ.ਟੀ.ਨਿਊਜ਼ : ਕੈਨੇਡਾ ਵਿੱਚ ਪੱਕੇ ਹੋਣ ਦੀ ਆਸ ਵਿੱਚ ਰਹਿ ਰਹੇ ਵਿਦੇਸ਼ੀ ਲੋਕਾਂ ਨੂੰ ਇਸ ਨਵੇਂ ਵਰ੍ਹੇ ਵਿੱਚ ਆਪਣੀ ਪੱਕੀ ਇਮੀਗ੍ਰੇਸ਼ਨ ਦਾ ਰਾਹ ਖੁੱਲ੍ਹਣ ਦੀ ਆਸ ਹੈ । ਇਮੀਗ੍ਰੇਸ਼ਨ ਮੰਤਰਾਲੇ ਦੇ ਅਧਿਕਾਰੀਆਂ ਅਨੁਸਾਰ 2024 ਵਿੱਚ ਸਟੱਡੀ ਅਤੇ ਵਰਕ ਪਰਮਿਟਾਂ ਦੀ ਗਿਣਤੀ ਘੱਟ ਸਕਦੀ ਹੈ ਜਦ ਕਿ ਇਸ ਸਾਲ ਦੌਰਾਨ 485000 ਨਵੇਂ ਪੱਕੇ ਵੀਜ਼ੇ ਜਾਰੀ ਕਰਨ ਦਾ ਟੀਚਾ ਹੈ। ਵਰਕ ਪਰਮਿਟ ਧਾਰਕਾਂ ਵਾਸਤੇ ਇੱਕ ਖ਼ੁਸ਼ੀ ਦੀ ਖ਼ਬਰ ਇਹ ਵੀ ਆਉਣ ਦੀ ਸੰਭਾਵਨਾ ਹੈ ਕਿ ਇਮੀਗ੍ਰੇਸ਼ਨ ਮੰਤਰਾਲੇ ਵੱਲੋਂ ਵਿਦੇਸ਼ੀ ਕਾਮਿਆਂ ਦਾ ਸ਼ੋਸ਼ਣ ਰੋਕਣ ਲਈ ਕਲੋਜ਼ਡ ਵਰਕ ਪਰਮਿਟ ਦੀ ਸ਼ਰਤ ਹਟਾ ਦਿੱਤੀ ਜਾਵੇਗੀ ਅਤੇ ਵਿਦੇਸ਼ੀ ਵਰਕਰ ਇੱਕ ਕੰਪਨੀ ਵਿਚ ਕੰਮ ਕਰਨ ਲਈ ਪਾਬੰਦ ਨਹੀਂ ਹੋਣਗੇ । ਕੈਨੇਡਾ ਵਿੱਚ ਲੱਖਾਂ ਦੀ ਤਦਾਦ (ਸਰਕਾਰ ਦੇ ਅੰਦਾਜ਼ੇ ਅਨੁਸਾਰ 3 ਤੋਂ 6 ਲੱਖ ਦੇ ਕਰੀਬ) ਵਿੱਚ ਰਹਿ ਰਹੇ ਕੱਚੇ ਵਿਦੇਸ਼ੀ ਨਾਗਰਿਕਾਂ ਨੂੰ ਪੱਕੇ ਕਰਨ ਦਾ ਐਲਾਨ ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਵੱਲੋਂ 2024 ਵਿੱਚ ਕੀਤੇ ਜਾਣ ਦੀ ਸੰਭਾਵਨਾ ਹੈ। ਇਸੇ ਦੌਰਾਨ ਸਿਆਸੀ ਮਾਹਿਰ 2024 ਵਿੱਚ ਕੈਨੇਡਾ ਵਿੱਚ ਸੰਸਦੀ ਚੋਣਾਂ ਹੋਣ ਦੀ ਸੰਭਾਵਨਾ ਵੀ ਪ੍ਰਗਟਾ ਰਹੇ ਹਨ। ਹਾਲ ਦੀ ਘੜੀ ਟਰੂਡੋ ਦੀ ਘੱਟ-ਗਿਣਤੀ ਲਿਬਰਲ ਸਰਕਾਰ, ਨਿਊ ਡੈਮੋਕਰੇਟਿਕ ਪਾਰਟੀ (ਐਨ.ਡੀ.ਪੀ.) ਨਾਲ ਸਮਝੌਤੇ ਤਹਿਤ ਚੱਲ ਰਹੀ ਹੈ ਅਤੇ ਚੋਣਾਂ ਦਾ 2025 ਵਿੱਚ ਹੋਣਾ ਤੈਅ ਹੈ, ਪਰ ਮੰਨਿਆ ਜਾ ਰਿਹਾ ਹੈ ਕਿ ਦੋਵਾਂ ਪਾਰਟੀਆਂ ਦਾ ਸਮਝੌਤਾ ਸੰਸਦ ਦੀ ਮਿਆਦ ਪੂਰੀ ਹੋਣ ਤੱਕ ਨਹੀਂ ਨਿਭੇਗਾ ਅਤੇ ਚੋਣਾਂ ਦਾ ਐਲਾਨ ਸਮੇਂ ਤੋਂ ਪਹਿਲਾਂ ਇਸੇ ਸਾਲ 2024 ਵਿੱਚ ਹੋ ਜਾਵੇਗਾ।

## ਸ਼ਰਾਬ ਪੀਣ ਨਾਲ ਹੋ ਸਕਦੈ ਲਿਵਰ ਦੀ ਬਿਮਾਰੀ ਦਾ ਖ਼ਤਰਾ

### ਚਿੰਤਾ ਅਤੇ ਉਦਾਸੀ ਦੇ ਵੀ ਹੋ ਸਕਦੇ ਹੋ ਸ਼ਿਕਾਰ

ਲੰਡਨ/ਏ.ਟੀ.ਨਿਊਜ਼: ਹਾਲ ਹੀ ਵਿੱਚ ਅਲਕੋਹਲ ਪੀਣ ਦੇ ਸਬੰਧ ਵਿੱਚ ਇੱਕ ਅਧਿਐਨ ਸਾਹਮਣੇ ਆਇਆ ਹੈ, ਜਿਸ ਵਿੱਚ ਇਹ ਪਾਇਆ ਗਿਆ ਕਿ ਜੋ ਲੋਕ ਜ਼ਿਆਦਾ ਸ਼ਰਾਬ ਪੀਂਦੇ ਹਨ ਉਨ੍ਹਾਂ ਵਿੱਚ ਅਲਕੋਹਲ ਨਾਲ ਸਬੰਧਤ ਸਿਰੋਸਿਸ ਹੋਣ ਦੀ ਸੰਭਾਵਨਾ ਛੇ ਗੁਣਾ ਵੱਧ ਹੁੰਦੀ ਹੈ। ਅਜਿਹੀ ਸਥਿਤੀ ਵਿੱਚ, ਆਓ ਜਾਣਦੇ ਹਾਂ ਇਸ ਅਧਿਐਨ ਅਤੇ ਸ਼ਰਾਬ ਦੇ ਨੁਕਸਾਨ ਬਾਰੇ ਵਿਸਥਾਰ ਵਿੱਚ-

ਯੂ.ਸੀ.ਐਲ., ਰਾਇਲ ਫ੍ਰੀ ਹਸਪਤਾਲ, ਆਕਸਫ਼ੋਰਡ ਯੂਨੀਵਰਸਿਟੀ ਅਤੇ ਕੈਮਬ੍ਰਿਜ ਯੂਨੀਵਰਸਿਟੀ ਦੀ ਨਵੀਂ ਖੋਜ ਦੇ ਅਨੁਸਾਰ, ਜੋ ਲੋਕ ਬਹੁਤ ਜ਼ਿਆਦਾ ਪੀਂਦੇ ਹਨ, ਉਨ੍ਹਾਂ ਵਿੱਚ ਅਲਕੋਹਲ ਨਾਲ ਸਬੰਧਤ ਸਿਰੋਸਿਸ ਹੋਣ ਦੀ ਸੰਭਾਵਨਾ ਛੇ ਗੁਣਾ ਵੱਧ ਹੁੰਦੀ ਹੈ। ਸ਼ਰਾਬ ਕਾਰਨ ਹੋਣ ਵਾਲੇ ਨੁਕਸਾਨਾਂ ਦੀ ਗਿਣਤੀ ਇੱਥੇ ਖਤਮ ਨਹੀਂ ਹੁੰਦੀ। ਇਸ ਨੂੰ ਪੀਣ ਨਾਲ ਸਿਹਤ ਨੂੰ ਹੋਰ ਵੀ ਕਈ ਨੁਕਸਾਨ ਹੁੰਦੇ ਹਨ। ਭਾਰੀ ਮਾਤਰਾ ਵਿੱਚ ਅਲਕੋਹਲ ਪੀਣ ਨਾਲ ਤੁਹਾਡੇ ਸਰੀਰ ਦੀ ਕੁਦਰਤੀ ਇਮਿਊਨ ਸਿਸਟਮ ਘੱਟ ਜਾਂਦੀ ਹੈ। ਅਜਿਹੇ ਵਿੱਚ ਜੇਕਰ ਇਮਿਊਨਿਟੀ ਕਮਜ਼ੋਰ ਹੈ ਤਾਂ ਤੁਸੀਂ ਆਸਾਨੀ ਨਾਲ ਕੀਟਾਣੂਆਂ ਅਤੇ ਵਾਇਰਸਾਂ ਦਾ ਸ਼ਿਕਾਰ ਹੋ ਸਕਦੇ ਹੋ।



**ਹਾਈ ਬਲੱਡ ਪ੍ਰੈੱਸ਼ਰ**

ਜੇਕਰ ਸ਼ਰਾਬ ਦਾ ਸੇਵਨ ਕੀਤਾ ਜਾਂਦਾ ਹੈ, ਤਾਂ ਇਹ ਬਲੱਡ ਪ੍ਰੈੱਸ਼ਰ ਵਿੱਚ ਅਸਥਾਈ ਵਾਧਾ ਦਾ ਕਾਰਨ ਬਣ ਸਕਦਾ ਹੈ। ਹਾਲਾਂਕਿ, ਨਿਯਮਤ ਸ਼ਰਾਬ ਪੀਣ ਨਾਲ ਲਗਾਤਾਰ ਹਾਈ ਬਲੱਡ ਪ੍ਰੈੱਸ਼ਰ ਹੋ ਸਕਦਾ ਹੈ, ਜਿਸ ਨੂੰ ਗੰਭੀਰ ਹਾਈ ਬਲੱਡ ਪ੍ਰੈੱਸ਼ਰ ਕਿਹਾ ਜਾਂਦਾ ਹੈ। ਇਹ ਦਿਲ ਦੀ ਬਿਮਾਰੀ, ਸਟ੍ਰੋਕ ਅਤੇ ਹੋਰ ਸਿਹਤ ਸਮੱਸਿਆਵਾਂ ਦੇ ਜ਼ੋਖ਼ਮ ਨੂੰ ਕਾਫ਼ੀ ਵਧਾ ਸਕਦਾ ਹੈ।

**ਪਾਚਨ ਸਮੱਸਿਆਵਾਂ**

ਬਹੁਤ ਜ਼ਿਆਦਾ ਸ਼ਰਾਬ ਪੀਣਾ ਤੁਹਾਡੀ ਪਾਚਨ ਸਿਹਤ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਹ ਵਿਟਾਮਿਨਾਂ ਅਤੇ ਪੌਸ਼ਟਿਕ ਤੱਤਾਂ ਨੂੰ ਸਹੀ ਢੰਗ ਨਾਲ ਜਜ਼ਬ ਕਰਨ ਅਤੇ ਭੋਜਨ ਨੂੰ ਹਜ਼ਮ ਕਰਨ ਦੀ ਤੁਹਾਡੀ ਅੰਤੜੀ ਦੀ ਸਮਰੱਥਾ ਵਿੱਚ ਰੁਕਾਵਟ ਪਾ ਸਕਦਾ ਹੈ।

**ਮਾਨਸਿਕ ਸਿਹਤ ’ਤੇ ਪ੍ਰਭਾਵ**

ਨਿਯਮਿਤ ਤੌਰ ’ਤੇ ਸ਼ਰਾਬ ਪੀਣ ਨਾਲ ਤੁਹਾਡੀ ਸਮੁੱਚੀ ਮਾਨਸਿਕ ਸਿਹਤ ’ਤੇ ਮਾੜਾ ਅਸਰ ਪੈ ਸਕਦਾ ਹੈ। ਜੇਕਰ ਤੁਸੀਂ ਸ਼ਰਾਬ ਪੀਣ ਦੇ ਆਦੀ ਹੋ, ਤਾਂ ਇਹ ਕਈ ਮਾਨਸਿਕ ਸਿਹਤ ਸਮੱਸਿਆਵਾਂ ਦੇ ਲੱਛਣਾਂ ਨੂੰ ਵੀ ਵਧਾ ਸਕਦਾ ਹੈ, ਜਿਵੇਂ ਕਿ ਬਾਈਪੋਲਰ ਡਿਸਆਰਡਰ, ਚਿੰਤਾ ਅਤੇ ਉਦਾਸੀ।

## ਜਲਵਾਯੂ ਚੇਤਨਾ ਬਾਰੇ ਕੈਲੰਡਰ ਰਿਲੀਜ਼

ਸਰੀ/ਏ.ਟੀ.ਨਿਊਜ਼ : ਇੱਥੇ ਵਾਤਾਵਰਨ ਕਾਰਕੁਨਾਂ ਨੇ ਚੰਡੀਗੜ੍ਹ ਵਿੱਚ ਰੌਕ ਗਾਰਡਨ ਦੇ ਸਿਰਜਕ ਨੇਕ ਚੰਦ ਨੂੰ ਸਮਰਪਿਤ ਕੈਲੰਡਰ ਰਿਲੀਜ਼ ਕੀਤਾ। ਨੇਕ ਚੰਦ ਦਾ ਜਨਮ 15 ਦਸੰਬਰ 1924 ਨੂੰ ਹੋਇਆ ਸੀ ਅਤੇ ਉਨ੍ਹਾਂ ਰਹਿੰਦ-ਖੂੰਹਦ ਤੋਂ ਬੁੱਤ ਸਿਰਜ ਕੇ ਸੰਸਾਰ ਪ੍ਰਸਿੱਧ ਰੌਕ ਗਾਰਡਨ ਦੀ ਰਚਨਾ ਕੀਤੀ ਸੀ। ਇਹ ਕੈਲੰਡਰ ਬਦਲਵੀਂ ਸਿਆਸਤ ਬਾਰੇ ਲਗਾਤਾਰ ਟਿੱਪਣੀਆਂ ਕਰਨ ਵਾਲੇ ਆਨਲਾਈਨ ਮੈਗਜ਼ੀਨ ‘ਰੈਡੀਕਲ ਦੇਸੀ’ ਨੇ ਪੀਪਲ’ਜ਼ ਵੌਇਸ (ਅਖ਼ਬਾਰ), ਮਹਿਕ ਪੰਜਾਬ ਦੀ ਟੀ.ਵੀ. ਚੈਨਲ ਪੰਜਾਬੀ, ਸਪਾਈਸ ਰੇਡੀਓ ਅਤੇ ਇਨਡਿਜੀਨਸ ਵਿਜ਼ਨ ਦੇ ਸਹਿਯੋਗ ਨਾਲ ਪ੍ਰਕਾਸ਼ਿਤ ਕੀਤਾ ਗਿਆ ਹੈ। ਇਹ ਕੈਲੰਡਰ ਜਲਵਾਯੂ ਚੇਤਨਾ ਬਾਰੇ ਕਾਰਕੁਨ ਅੰਜਲੀ ਅੱਪਾਦੁਰਈ ਨੇ ਰਿਲੀਜ਼ ਕੀਤਾ। ਇਸ ਮੌਕੇ ਨਸਲਪ੍ਰਸਤੀ ਵਿਰੋਧੀ ਐਜੂਕੇਟਰ ਐਨੀ ਓਹਾਨਾ ਨੇ ਉਨ੍ਹਾਂ ਨੂੰ ‘ਰੈਡੀਕਲ ਦੇਸੀ’ ਵੱਲੋਂ ‘ਐਨਵਾਇਰਨਮੈਂਟਲ ਜਸਟਿਸ ਹੀਰੋ ਐਵਾਰਡ’ ਦਿੱਤਾ। ਇਸ ਦੌਰਾਨ ਅੰਜਲੀ ਅੱਪਾਦੁਰਈ ਨੇ ਆਪਣੇ ਸਿਆਸੀ ਸਫ਼ਰ ਬਾਰੇ ਗੱਲਾਂ ਸਾਂਝੀਆਂ ਕੀਤੀਆਂ। ਸਮਾਗਮ ਦੀ ਸ਼ੁਰੂਆਤ ਮੌਕੇ ਕੈਨੇਡਾ ਵਿੱਚ ਅੱਗ ਦੀਆਂ ਘਟਨਾਵਾਂ ਦੌਰਾਨ ਮਾਰੇ ਗਏ ਫ਼ਾਇਰਫ਼ਾਈਟਰਾਂ ਅਤੇ ਇਜ਼ਰਾਇਲੀ ਹਮਲਿਆਂ ਵਿੱਚ ਮਾਰੇ ਗਏ ਫ਼ਲਸਤੀਨੀਆਂ ਦੀ ਯਾਦ ਵਿੱਚ ਮੌਨ ਧਾਰਿਆ ਗਿਆ। ਸਮਾਗਮ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਵੇਸਟ ਮੈਨੇਜਮੈਂਟ ਨੂੰ ਸਮਰਪਿਤ ਗਰੁੱਪ ‘ਹਮਸੂ’ ਦੇ ਨੁਮਾਇੰਦੇ ਸ਼ਕੋਹ ਫ਼ਰਸ਼ੀਦਫ਼ਰ, ਵੈਸਟ ਕੋਸਟ ਕਲਾਈਮੇਟ ਐਕਸ਼ਨ ਨੈੱਟਵਰਕ ਦੀ ਤਾਰਾ ਸ਼ੁਸ਼ਤਾਰੀਆਂ, ਇਨਡਿਜੀਨਸ ਵਿਜ਼ਨ ਤੋਂ ਜੈਨੀਫ਼ਰ ਸ਼ੈਰਿਫ਼, ਈਕੋ ਸਿੱਖ ਤੋਂ ਰਵਨੀਤ ਸਿੰਘ, ਮਸ਼ਹੂਰ ਜੌਕੀ ਗੌਰਵ ਸ਼ਾਹ, ਪੱਤਰਕਾਰ ਡਾ. ਗੁਰਵਿੰਦਰ ਸਿੰਘ ਅਤੇ ‘ਰੈਡੀਕਲ ਦੇਸੀ’ ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਸ਼ਾਮਲ ਸਨ।





## ਲੋਕ ਸਭਾ ਚੋਣਾਂ 2024

# ਕਾਂਗਰਸ ਲਈ ਆਪਣੇ ਗੱਠਜੋੜ ਭਾਈਵਾਲਾਂ ਨਾਲ ਸੀਟਾਂ ਦੀ ਵੰਡ ਕਰਨੀ ਹੋ ਰਹੀ ਹੈ ਔਖੀ

## 290 ਸੀਟਾਂ 'ਤੇ ਇਕੱਲੇ ਅਤੇ 100 'ਤੇ ਭਾਈਵਾਲਾਂ ਨਾਲ ਮਿਲ ਕੇ ਚੋਣ ਲੜਨਾ ਚਾਹੁੰਦੀ ਹੈ ਕਾਂਗਰਸ

ਨਵੀਂ ਦਿੱਲੀ/ਏ.ਟੀ.ਨਿਊਜ਼ : ਲੋਕ ਸਭਾ ਚੋਣਾਂ ਵਿੱਚ ਕਾਂਗਰਸ ਹਾਈਕਮਾਨ ਵੱਲੋਂ ਪੰਜਾਬ ਸਮੇਤ ਕਈ ਸੂਬਿਆਂ ਦੀ ਲੀਡਰਸ਼ਿਪ ਨਾਲ ਮੀਟਿੰਗ ਕਰਨ ਤੋਂ ਬਾਅਦ ਪਾਰਟੀ 'ਇੰਡੀਆ' ਗੱਠਜੋੜ ਨਾਲ ਸੀਟਾਂ ਦੀ ਵੰਡ ਨੂੰ ਅੰਤਿਮ ਰੂਪ ਦੇਣ ਵਿੱਚ ਮਸ਼ਰੂਫ ਹੈ। ਹਲਕਿਆਂ ਮੁਤਾਬਿਕ ਸਟੇਟ ਲੀਡਰਸ਼ਿਪ ਵੱਲੋਂ ਤਿਆਰ ਰਿਪੋਰਟ, ਜੋ ਕਿ ਕਾਂਗਰਸ ਪ੍ਰਧਾਨ ਮਲਿਕਅਰਜੁਨ ਖੜਗੇ ਨੂੰ ਭੇਜ ਦਿੱਤੀ ਗਈ ਹੈ, ਮੁਤਾਬਿਕ ਕਾਂਗਰਸ 290 ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰਨਾ ਚਾਹੁੰਦੀ ਹੈ, ਜਦਕਿ 100 ਸੀਟਾਂ 'ਤੇ ਗੱਠਜੋੜ ਮੁਤਾਬਿਕ ਸੀਟਾਂ ਤੈਅ ਕਰਨਾ ਚਾਹੁੰਦੀ ਹੈ। ਕਾਂਗਰਸ ਦੀ ਰਣਨੀਤਕ ਬੈਠਕ ਤੋਂ ਬਾਅਦ ਲਏ ਫ਼ੈਸਲੇ ਮੁਤਾਬਿਕ 10 ਰਾਜਾਂ 'ਚ ਸਿੱਧੇ ਤੌਰ 'ਤੇ ਆਏ 9 ਰਾਜਾਂ ਵਿੱਚ ਗੱਠਜੋੜ ਦੇ ਨਾਲ ਚੋਣ ਲੜਨ ਦੀ ਯੋਜਨਾ ਬਣਾ ਰਹੀ ਹੈ। ਕਾਂਗਰਸ ਨੇ ਗੱਠਜੋੜ ਭਾਈਵਾਲਾਂ ਨਾਲ ਤਾਲਮੇਲ ਲਈ ਕੀਤੀ ਰਣਨੀਤੀ ਮੁਤਾਬਿਕ ਜਿਨ੍ਹਾਂ ਸੰਸਦੀ ਸੀਟਾਂ 'ਤੇ ਪਿਛਲੀਆਂ ਚੋਣਾਂ ਵਿੱਚ ਕਾਂਗਰਸੀ ਉਮੀਦਵਾਰ ਦੂਜੀ ਥਾਂ 'ਤੇ ਆਏ ਸੀ, ਪਾਰਟੀ ਉਨ੍ਹਾਂ ਨਾਲ ਸਮਝੌਤਾ ਨਹੀਂ ਕਰੇਗੀ। ਪਾਰਟੀ 2014 ਤੋਂ ਬਾਅਦ ਹੋਈਆਂ ਵਿਧਾਨ ਸਭਾ ਚੋਣਾਂ ਅਤੇ ਸੰਸਦੀ ਚੋਣਾਂ ਦੇ ਨਤੀਜਿਆਂ ਦੇ ਆਧਾਰ 'ਤੇ ਸੀਟਾਂ ਦੀ ਮੰਗ ਕਰੇਗੀ। 2014 ਵਿੱਚ ਜਿੱਥੇ ਕਾਂਗਰਸ ਨੇ 464 ਉਮੀਦਵਾਰ ਉਤਾਰੇ ਸਨ ਅਤੇ 224 ਸੀਟਾਂ 'ਤੇ ਦੂਜੇ ਨੰਬਰ 'ਤੇ ਰਹੀ, ਜਦਕਿ 2019 ਵਿੱਚ 421 ਉਮੀਦਵਾਰ ਉਤਾਰੇ ਸਨ, ਜਿਨ੍ਹਾਂ ਵਿਚੋਂ 52 ਜਿੱਤੀਆਂ ਸਨ ਅਤੇ 2019 'ਚ ਦੂਜੇ ਨੰਬਰ 'ਤੇ ਰਹੀ ਸੀ।

**ਪੰਜਾਬ ਵਿੱਚ 8 ਸੀਟਾਂ 'ਤੇ ਦਾਅਵਾ**

ਪੰਜਾਬ 'ਚ ਕਾਂਗਰਸ ਵੱਲੋਂ 13 ਲੋਕ ਸਭਾ ਸੀਟਾਂ ਵਿਚੋਂ 8 ਸੀਟਾਂ 'ਤੇ ਦਾਅਵਾ ਕੀਤਾ ਗਿਆ ਹੈ। ਇਹ ਦਾਅਵਾ 2019 ਵਿੱਚ ਪਾਰਟੀ ਦੀ ਕਾਰਗੁਜ਼ਾਰੀ ਦੇ ਆਧਾਰ 'ਤੇ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕਾਂਗਰਸ ਵੱਲੋਂ ਬਿਹਾਰ ਵਿੱਚ 9, ਦਿੱਲੀ ਵਿੱਚ 5, ਮਹਾਰਾਸ਼ਟਰ ਵਿੱਚ 26, ਜੰਮੂ-ਕਸ਼ਮੀਰ ਵਿੱਚ 3, ਪੱਛਮੀ ਬੰਗਾਲ ਵਿੱਚ 5, ਉੱਤਰ ਪ੍ਰਦੇਸ਼ ਵਿੱਚ 16 ਅਤੇ ਤਾਮਿਲਨਾਡੂ ਵਿੱਚ 10 ਸੀਟਾਂ 'ਤੇ ਉਮੀਦਵਾਰ ਉਤਾਰਨ ਦਾ ਫ਼ੈਸਲਾ ਕੀਤਾ ਹੈ। ਇਸ ਤੋਂ ਇਲਾਵਾ ਗੁਜਰਾਤ, ਹਰਿਆਣਾ, ਆਸਾਮ, ਆਂਧਰਾ ਪ੍ਰਦੇਸ਼, ਮੱਧ ਪ੍ਰਦੇਸ਼, ਤੇਲੰਗਾਨਾ, ਹਿਮਾਚਲ ਪ੍ਰਦੇਸ਼, ਕਰਨਾਟਕ, ਕੇਰਲ, ਰਾਜਸਥਾਨ, ਛੱਤੀਸਗੜ੍ਹ, ਉੱਤਰਾਖੰਡ ਅਤੇ ਓਡੀਸ਼ਾ 'ਚ ਇਕੱਲੇ ਚੋਣ ਲੜਨ ਦੀ ਰਣਨੀਤੀ ਬਣਾ ਰਹੀ ਹੈ। ਹਲਕਿਆਂ ਮੁਤਾਬਿਕ ਕਾਂਗਰਸ ਨੇ ਆਪਣੀਆਂ ਰਵਾਇਤੀ ਮਜ਼ਬੂਤ ਸੀਟਾਂ 'ਤੇ ਉਮੀਦਵਾਰਾਂ ਦੀ ਚੋਣ ਦਾ ਅਮਲ ਸ਼ੁਰੂ ਕਰ ਦਿੱਤਾ ਹੈ। ਕਿਆਸ ਲਾਏ ਜਾ ਰਹੇ ਹਨ ਕਿ 'ਇੰਡੀਆ' ਗੱਠਜੋੜ ਛੇਤੀ ਹੀ ਸੀਟਾਂ ਦੀ ਵੰਡ ਨੂੰ ਲੈ ਕੇ ਮੀਟਿੰਗ ਕਰੇਗੀ, ਤਾਂ ਜੋ ਸਮੇਂ ਸਿਰ ਪ੍ਰਚਾਰ ਮੁਹਿੰਮ ਸ਼ੁਰੂ ਕੀਤੀ ਜਾ ਸਕੇ ਪਰ ਹਾਈਕਮਾਂਡ ਲਈ ਵੱਡਾ ਧਰਮ ਸੰਕਟ ਇਹੀ ਹੈ ਕਿ ਉਹ ਆਪਣੇ ਗਠਜੋੜ ਭਾਈਵਾਲਾਂ ਨੂੰ ਇਸ ਸੀਟ ਵੰਡ ਆਧਾਰ ਉਪਰ ਕਿਵੇਂ ਮਨਾ ਸਕੇਗੀ?




**ਨਿਤਿਸ਼ ਕਾਂਗਰਸ ਲਈ ਚੈਲਿੰਜ ਬਣੇ**

ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਦੀ ਰਾਜਨੀਤਕ ਪੈਂਤੜੇਬਾਜ਼ੀ ਤੋਂ ਸਭ ਤੋਂ ਵੱਧ ਚਿੰਤਤ ਕਾਂਗਰਸ ਹੈ। ਇਹੀ ਕਾਰਨ ਹੈ ਕਿ ਰਾਹੁਲ ਗਾਂਧੀ ਨੇ ਨਿਤਿਸ਼ ਨੂੰ ਫ਼ੋਨ ਕਰਕੇ ਉਨ੍ਹਾਂ ਦੇ ਮਨ ਦੀ ਥਾਹ ਲੈਣ ਦੀ ਕੋਸ਼ਿਸ਼ ਕੀਤੀ ਸੀ। ਹਾਲਾਂਕਿ ਉਦੋਂ ਉਨ੍ਹਾਂ ਨੇ ਰਾਹੁਲ ਨੂੰ ਕਿਹਾ ਸੀ ਕਿ ਸਭ ਠੀਕ ਹੈ। ਪਰ ਦੱਸਿਆ ਜਾ ਰਿਹਾ ਹੈ ਕਿ ਨਿਤਿਸ਼ ਕੁਮਾਰ ਅਤੇ ਉਨ੍ਹਾਂ ਦੀ ਪਾਰਟੀ ਦੇ ਨੇਤਾ ਇਸ ਗੱਲ ਤੋਂ ਨਾਰਾਜ਼ ਹਨ ਕਿ ਜਦੋਂ ਨਿਤਿਸ਼ ਨੇ ਹੀ ਸਮੁੱਚੀ ਵਿਰੋਧੀ ਧਿਰ ਨੂੰ ਇਕਜੁੱਟ ਕੀਤਾ ਤਾਂ ਉਨ੍ਹਾਂ ਨੂੰ ਅਜੇ ਤੱਕ ਵਿਰੋਧੀ ਗੱਠਜੋੜ ਦਾ ਕਨਵੀਨਰ ਕਿਉਂ ਨਹੀਂ ਬਣਾਇਆ ਗਿਆ? ਨਿਤਿਸ਼ ਖ਼ੁਦ ਨੂੰ ਵਿਰੋਧੀ ਗੱਠਜੋੜ ਦਾ ਸੁਭਾਵਿਕ ਨੇਤਾ ਮੰਨ ਰਹੇ ਸਨ, ਪਰ ਗੱਠਜੋੜ ਦੀਆਂ ਚਾਰ ਬੈਠਕਾਂ ਤੋਂ ਬਾਅਦ ਵੀ ਉਨ੍ਹਾਂ ਨੂੰ ਕੋਈ ਜ਼ਿੰਮੇਵਾਰੀ ਨਹੀਂ ਮਿਲੀ। ਉਲਟਾ ਪਿਛਲੀ ਬੈਠਕ 'ਚ ਮਮਤਾ ਬੈਨਰਜੀ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਮਲਿਕਅਰਜੁਨ ਖੜਗੇ ਦੇ ਨਾਂਅ ਦਾ ਐਲਾਨ ਕਰ ਦਿੱਤਾ, ਜਿਸ ਦਾ ਅਰਵਿੰਦ ਕੇਜਰੀਵਾਲ ਨੇ ਸਮਰਥਨ ਕੀਤਾ। ਉਸ ਤੋਂ ਬਾਅਦ ਨਿਤਿਸ਼ ਭਾਜਪਾ ਦੇ ਪ੍ਰਤੀ ਖੁੱਲ੍ਹ ਕੇ ਪ੍ਰੇਮ ਦਿਖਾਉਣ ਲੱਗੇ। ਦੱਸਿਆ ਜਾ ਰਿਹਾ ਹੈ ਕਿ ਚੌਥੀ ਬੈਠਕ 'ਚ ਕਾਂਗਰਸ ਵੱਲੋਂ ਨਿਤਿਸ਼ ਨੂੰ ਕਨਵੀਨਰ ਬਣਾਉਣ ਦਾ ਮਤਾ ਪੇਸ਼ ਕੀਤਾ ਜਾਣਾ ਸੀ ਪਰ ਮਮਤਾ ਨੇ ਉਸ ਦਿਨ ਆਪਣਾ ਦਾਅ ਚੱਲ ਦਿੱਤਾ। ਹੁਣ ਕਾਂਗਰਸ ਨੂੰ ਚਿੰਤਾ ਹੈ ਕਿ ਜੇਕਰ ਨਿਤਿਸ਼ ਨੂੰ ਕਨਵੀਨਰ ਬਣਾਇਆ ਅਤੇ ਉਸ ਤੋਂ ਬਾਅਦ ਉਨ੍ਹਾਂ ਨੇ ਪਾਲਾ ਬਦਲ ਲਿਆ, ਫਿਰ ਤਾਂ ਵਿਰੋਧੀ ਗੱਠਜੋੜ ਪੂਰੀ ਤਰ੍ਹਾਂ ਫੇਲ੍ਹ ਹੋ ਜਾਵੇਗਾ। ਕਾਂਗਰਸ ਇਹ ਵੀ ਮੰਨਦੀ ਹੈ ਕਿ ਬਿਹਾਰ ਵਿੱਚ ਭਾਜਪਾ ਨੂੰ ਟੱਕਰ ਦੇਣ ਲਈ ਨਿਤਿਸ਼ ਦਾ ਨਾਲ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਤੋਂ ਬਗ਼ੈਰ ਬਿਹਾਰ 'ਚ ਭਾਜਪਾ ਨਾਲ ਨਹੀਂ ਲੜਿਆ ਜਾ ਸਕੇਗਾ। ਇਸ ਲਈ ਕਾਂਗਰਸ ਅਤੇ ਦੂਜੇ ਵਿਰੋਧੀ ਧਿਰ ਦੇ ਨੇਤਾ ਨਿਤਿਸ਼ ਨੂੰ ਲੈ ਕੇ ਦੁਬਿਧਾ ਵਿੱਚ ਹਨ।

# ਪੰਜਾਬ ਕਾਂਗਰਸ ਵਿੱਚ ਅੰਦਰੂਨੀ ਫ਼ੁੱਟ ਹਾਈਕਮਾਂਡ ਲਈ ਬਣੀ ਮੁਸੀਬਤ

## ਰਾਜਾ ਵੜਿੰਗ, ਬਾਜਵਾ ਤੇ ਜ਼ੀਰਾ ਨੇ ਸਿੱਧੂ ਵਿਰੁੱਧ ਖੋਲ੍ਹਿਆ ਮੋਰਚਾ

ਜਲੰਧਰ/ਏ.ਟੀ.ਨਿਊਜ਼ : ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ 'ਚ ਕਾਂਗਰਸ ਅਤੇ 'ਆਪ' ਵੱਲੋਂ ਮਿਲ ਕੇ ਚੋਣਾਂ ਲੜਨ ਨੂੰ ਲੈ ਕੇ ਜਿਥੇ ਸੂਬੇ ਦੇ ਕਾਂਗਰਸੀ ਆਗੂ ਇਕਮਤ ਦਿਖਾਈ ਨਹੀਂ ਦੇ ਰਹੇ, ਉੱਥੇ ਪੰਜਾਬ ਕਾਂਗਰਸ ਦਾ ਆਪਸੀ ਕਾਟੋ-ਕਲੇਸ਼ ਇਨ੍ਹੀਂ-ਦਿਨੀਂ ਪੂਰਨ ਤੌਰ 'ਤੇ ਉੱਭਰਿਆ ਹੋਇਆ ਹੈ। ਆਪਣੀ ਬੇਬਾਕੀ ਲਈ ਜਾਣੇ ਜਾਂਦੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਲੋਂ ਬੀਤੇ 17 ਦਸੰਬਰ ਨੂੰ ਜ਼ਿਲ੍ਹਾ ਬਠਿੰਡਾ ਅਧੀਨ ਪੈਂਦੇ ਵਿਧਾਨ ਸਭਾ ਹਲਕਾ ਰਾਮਪੁਰਾ ਫੂਲ ਦੇ ਪਿੰਡ ਮਹਿਰਾਜ ਵਿੱਚ ਕੀਤੀ ਗਈ 'ਜਿੱਤੇਗਾ ਪੰਜਾਬ' ਰੈਲੀ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਤੇ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਵੱਲੋਂ ਬਾਗ਼ੀ ਸੁਰਾਂ ਕਰਾਰ ਦਿੰਦੇ ਹੋਏ ਸਿੱਧੂ ਖ਼ਿਲਾਫ਼ ਮੋਰਚਾ ਖੋਲ੍ਹਿਆ ਹੋਇਆ ਹੈ ਪਰ ਇਸ ਦੇ ਬਾਵਜੂਦ ਸਿੱਧੂ ਨੇ ਪੰਜਾਬ ਦੇ ਸਾਰੇ ਵਿਧਾਨ ਸਭਾ ਹਲਕਿਆਂ ਵਿੱਚ ਆਪਣਾ ਸ਼ਕਤੀ ਪ੍ਰਦਰਸ਼ਨ ਕਰਨ ਦੀ ਤਿਆਰੀ ਖਿੱਚ ਲਈ ਹੈ, ਜਿਸ ਦੀ ਸ਼ੁਰੂਆਤ ਉਹ ਜਲਦੀ ਮੁੜ ਬਠਿੰਡਾ ਤੋਂ ਕਰਨ ਜਾ ਰਹੇ ਹਨ। ਉਹ 7 ਜਨਵਰੀ ਨੂੰ ਵਿਧਾਨ ਸਭਾ ਹਲਕਾ ਬਠਿੰਡਾ ਦਿਹਾਤੀ ਦੇ ਵੱਡੇ ਪਿੰਡ ਕੋਟਸ਼ਮੀਰ ਤੋਂ 'ਜਿੱਤੇਗਾ ਪੰਜਾਬ' ਰੈਲੀਆਂ ਦਾ ਆਗਾਜ਼ ਕਰਨਗੇ, ਜਿਸ ਦੀ ਸਿੱਧੂ ਦੇ ਨੇੜਲੇ ਸਾਥੀ ਤੇ ਬਠਿੰਡਾ ਦਿਹਾਤੀ ਦੇ ਹਲਕਾ ਇੰਚਾਰਜ ਹਰਵਿੰਦਰ ਸਿੰਘ ਲਾਡੀ ਦੀ ਅਗਵਾਈ 'ਚ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ। ਸਿੱਧੂ ਵੱਲੋਂ ਬਠਿੰਡਾ ਨੂੰ ਹੀ ਆਪਣੀ ਸਿਆਸਤ ਦਾ ਮੁੱਖ ਧੁਰਾ ਬਣਾਏ ਜਾਣ ਦੀ ਚਰਚਾ ਹੈ ਕਿ ਉਹ ਆਪਣੀ ਪਤਨੀ ਨਵਜੋਤ ਕੌਰ ਸਿੱਧੂ ਲਈ ਇੱਥੋਂ ਸਿਆਸੀ ਮੈਦਾਨ ਤਿਆਰ ਕਰ ਰਹੇ ਹਨ, ਜਿਸ ਦੇ ਲੁਕਵੇਂ ਸੰਕੇਤ ਉਨ੍ਹਾਂ ਆਪਣੀ 16 ਦਸੰਬਰ ਦੀ ਬਠਿੰਡਾ ਆਮਦ ਮੌਕੇ ਵੀ ਦਿੱਤੇ ਸਨ, ਜਦਕਿ ਉਹ ਖ਼ੁਦ ਲੋਕ ਸਭਾ ਚੋਣਾਂ ਨਾ ਲੜਨ ਸੰਬੰਧੀ ਉਸੇ ਦਿਨ ਆਪਣਾ ਦਾਅਵਾ ਕਰ ਚੁੱਕੇ ਹਨ।



ਉਨ੍ਹਾਂ ਵੱਲੋਂ ਤਿੰਨ ਹਫ਼ਤਿਆਂ ਦੇ ਵਕਫ਼ੇ ਦੌਰਾਨ ਬਠਿੰਡਾ ਜ਼ਿਲ੍ਹੇ ਵਿੱਚ ਕੀਤੀ ਜਾਣ ਵਾਲੀ ਆਪਣੀ ਇਸ ਦੂਜੀ ਰੈਲੀ ਤੋਂ ਮੰਨਿਆ ਜਾ ਰਿਹਾ ਹੈ ਕਿ ਉਹ ਲੋਕ ਸਭਾ ਚੋਣਾਂ ਦੌਰਾਨ ਆਪਣੀ ਪਤਨੀ ਅੰਮਿਜ਼ਾ ਵੜਿੰਗ ਨੂੰ ਮੈਦਾਨ 'ਚ ਉਤਾਰਨ ਦਾ ਸੁਪਨਾ ਸੰਜੋਈ ਬੈਠੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਸਿਆਸੀ ਗਣਿਤ ਵਿਗਾੜ ਸਕਦੇ ਹਨ। ਸਿੱਧੂ ਦੀ ਮਹਿਰਾਜ ਰੈਲੀ 'ਚ ਜਿੱਥੇ ਅੱਧੀ ਦਰਜਨ ਤੋਂ ਵੱਧ (ਬਾਕੀ ਸਫ਼ਾ 30 'ਤੇ)

## ਮਾਮਲਾ ਪਹਿਲਵਾਨਾਂ ਦੇ ਸ਼ੋਸ਼ਣ ਦਾ

# ਬ੍ਰਿਜਭੂਸ਼ਨ ਦੇ ਲੋਕ ਆਧਾਰ ਕਾਰਨ ਭਾਜਪਾ ਨੇ ਚੁੱਪੀ ਧਾਰੀ

## ਕੇਂਦਰੀ ਖੇਡ ਮੰਤਰਾਲੇ ਨੇ ਭਾਰਤੀ ਕੁਸ਼ਤੀ ਫ਼ੈਡਰੇਸ਼ਨ ਨੂੰ ਮੁਅੱਤਲ ਕੀਤਾ ਪਰ ਭੰਗ ਨਹੀਂ ਕੀਤਾ

ਨਵੀਂ ਦਿੱਲੀ/ਏ.ਟੀ.ਨਿਊਜ਼ :ਕੇਂਦਰੀ ਖੇਡ ਮੰਤਰਾਲੇ ਨੇ ਭਾਰਤੀ ਕੁਸ਼ਤੀ ਫ਼ੈਡਰੇਸ਼ਨ ਨੂੰ ਮੁਅੱਤਲ ਕਰ ਦਿੱਤਾ ਹੈ ਹਾਲਾਂਕਿ ਉਸ ਨੂੰ ਭੰਗ ਨਹੀਂ ਕੀਤਾ ਗਿਆ ਅਤੇ ਨਾ ਹੀ ਚੋਣਾਂ ਰੱਦ ਕੀਤੀਆਂ ਗਈਆਂ ਹਨ। ਫ਼ਿਰ ਵੀ ਇਹ ਵੱਡਾ ਫ਼ੈਸਲਾ ਹੈ। ਭਾਜਪਾ ਸੰਸਦ ਮੈਂਬਰ ਬ੍ਰਿਜਭੂਸ਼ਨ ਸ਼ਰਨ ਸਿੰਘ ਦੇ ਵੱਡੇ ਬੋਲ ਸਨ, ਜੋ ਉਨ੍ਹਾਂ ਨੇ ਆਪਣੇ ਕਰੀਬੀ ਸੰਜੇ ਸਿੰਘ ਦੇ ਚੋਣ ਜਿੱਤਣ 'ਤੇ ਬੋਲੇ ਸਨ। ਉਨ੍ਹਾਂ ਨੇ ਕਿਹਾ ਸੀ ਕਿ ਦਬਦਬਾ ਸੀ, ਦਬਦਬਾ ਰਹੇਗਾ ਪਰ ਜਾਟ ਭਾਈਚਾਰੇ ਦੀ ਨਾਰਾਜ਼ਗੀ ਤੋਂ ਬਚਣ ਲਈ ਭਾਜਪਾ ਨੇ ਦੋ ਦਿਨਾਂ 'ਚ ਦਬਦਬਾ ਖ਼ਤਮ ਕਰ ਦਿੱਤਾ।

ਪਰ ਹੁਣ ਸਵਾਲ ਹੈ ਕਿ ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਉਨ੍ਹਾਂ ਦਾ ਕੀ ਕਰੇਗੀ? ਕੀ ਭਾਜਪਾ ਫ਼ਿਰ ਤੋਂ ਕੈਸਰਗੰਜ ਲੋਕ ਸਭਾ ਸੀਟ 'ਤੋਂ ਬ੍ਰਿਜਭੂਸ਼ਨ ਨੂੰ ਟਿਕਟ ਦੇਵੇਗੀ? ਭਾਜਪਾ ਸੂਤਰਾਂ ਦਾ ਕਹਿਣਾ ਹੈ ਕਿ ਪਾਰਟੀ ਹੁਣ ਰਾਜਪੂਤ ਅਤੇ ਜਾਟ ਦੋਵਾਂ ਵਿਚੋਂ ਕਿਸੇ ਨੂੰ ਨਾਰਾਜ਼ ਨਹੀਂ ਕਰਨਾ ਚਹੁੰਦੀ। ਇਸੇ ਕਰਕੇ ਕੁਸ਼ਤੀ ਫ਼ੈਡਰੇਸ਼ਨ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਤਾਂ ਕਿ ਜਾਟ ਭਾਈਚਾਰਾ ਸੰਤੁਸ਼ਟ ਹੋ ਜਾਵੇ। ਇਸ ਤੋਂ ਇਲਾਵਾ ਬ੍ਰਿਜਭੂਸ਼ਨ ਦੀਆਂ ਸੀਟਾਂ ਅਜਿਹੀਆਂ ਹਨ, ਜਿਨ੍ਹਾਂ 'ਤੇ ਬ੍ਰਿਜਭੂਸ਼ਨ ਸ਼ਰਨ ਸਿੰਘ ਦਾ ਚੰਗਾ ਅਸਰ ਹੈ। ਉਂਝ ਉੱਤਰ ਪ੍ਰਦੇਸ਼ 'ਚ ਰਾਜਪੂਤ ਵੋਟਾਂ ਲਈ ਭਾਜਪਾ ਨੂੰ ਉਨ੍ਹਾਂ ਦੀ ਜ਼ਰੂਰਤ ਨਹੀਂ ਹੈ। ਰਾਜਨਾਥ ਸਿੰਘ ਅਤੇ ਯੋਗੀ ਅਦਿੱਤਿਆਨਾਥ ਦੀ ਵਜ੍ਹਾ ਨਾਲ ਰਾਜਪੂਤ ਵੋਟਾਂ ਭਾਜਪਾ ਦੇ ਨਾਲ ਹਨ ਪਰ ਬ੍ਰਿਜਭੂਸ਼ਨ ਦੀ ਜ਼ਮੀਨੀ ਪਕੜ ਇਲਾਕੇ 'ਚ ਬਹੁਤ ਜ਼ਿਆਦਾ ਹੈ ਅਤੇ ਰਾਜਪੂਤਾਂ ਤੋਂ ਇਲਾਵਾ ਦੂਜੀਆਂ ਜਾਤੀਆਂ ਦਾ ਵੀ ਸਮਰਥਨ ਬ੍ਰਿਜਭੂਸ਼ਨ ਦੇ ਨਾਲ ਹੈ। ਹਾਲਾਂਕਿ ਉਨ੍ਹਾਂ ਨੂੰ ਫ਼ਿਰ ਤੋਂ ਟਿਕਟ ਦੇਣ 'ਚ ਮੁਸ਼ਕਿਲ ਇਹ ਹੈ ਕਿ ਮਹਿਲਾ ਪਹਿਲਵਾਨ ਉਨ੍ਹਾਂ ਦੇ ਖ਼ਿਲਾਫ਼ ਪ੍ਰਚਾਰ 'ਚ ਪਹੁੰਚ ਸਕਦੀਆਂ ਹਨ। ਪਾਰਟੀ ਨੂੰ ਇਸ ਦਾ ਕੁਝ ਹੱਲ ਕੱਢਣਾ ਪਵੇਗਾ।



# ਪਾਕਿ 'ਚ ਸੈਲਾਨੀਆਂ ਦੀ ਸਹੂਲਤ ਲਈ ਕਰਤਾਰਪੁਰ 'ਚ ਬਣੇਗਾ 'ਸਿੱਖ ਰਿਜ਼ਾਰਟ'

ਕਰਤਾਰਪੁਰ ਸਾਹਿਬ/ਏ.ਟੀ.ਨਿਊਜ਼ :- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਸਥਾਨਾਂ ਸਮੇਤ ਹੋਰ ਸੈਰ-ਸਪਾਟਾ ਸਥਾਨਾਂ ਦੇ ਦਰਸ਼ਨਾਂ ਲਈ ਪਾਕਿਸਤਾਨ ਆਉਣ ਵਾਲੇ ਸਿੱਖ ਸੈਲਾਨੀਆਂ ਦੀ ਸਹੂਲਤ ਲਈ ਪਾਕਿਸਤਾਨ ਸਰਕਾਰ ਵੱਲੋਂ ਕਰਤਾਰਪੁਰ ਵਿਖੇ ਸਿੱਖ ਰਿਜ਼ਾਰਟ ਬਣਾਇਆ ਜਾਵੇਗਾ। ਇਸ ਦੇ ਨਾਲ ਹੀ ਹੋਰ ਦੇਸ਼ਾਂ ਤੋਂ ਆਉਣ ਵਾਲੇ ਸੈਲਾਨੀਆਂ ਲਈ ਇੱਕ ਆਨਲਾਈਨ ਬੁਕਿੰਗ ਪੋਰਟਲ ਵੀ ਸਥਾਪਿਤ ਕੀਤਾ ਗਿਆ ਹੈ।



ਸਰਹੱਦ ਪਾਰਲੇ ਸੂਤਰਾਂ ਅਨੁਸਾਰ ਵਿਸ਼ਵ ਬੈਂਕ ਦੁਆਰਾ ਫੰਡਿਡ ਪ੍ਰਾਜੈਕਟ 'ਪੰਜਾਬ ਟੂਰਿਜ਼ਮ ਫਾਰ ਇਕਨਾਮਿਕ ਗ੍ਰੋਥ' (ਪੀ. ਟੀ. ਈ. ਜੀ. ਪੀ.) ਦੇ ਤਹਿਤ ਵੱਖ-ਵੱਖ ਸਥਾਨਾਂ 'ਤੇ 10 ਗੋਲਫ ਗੱਡੀਆਂ ਚੱਲ ਰਹੀਆਂ ਹਨ, ਜਿਨ੍ਹਾਂ ਨਾਲ ਸੈਲਾਨੀਆਂ ਨੂੰ ਇਨ੍ਹਾਂ ਆਕਰਸ਼ਣਾਂ ਨੂੰ ਦੇਖਣ ਦੀ ਸਹੂਲਤ ਮਿਲ ਰਹੀ ਹੈ। ਇਸ ਤੋਂ ਇਲਾਵਾ ਪਾਕਿਸਤਾਨ ਦੇ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ (ਟੀ. ਡੀ. ਸੀ. ਪੀ.) ਨੇ 7 ਵੈਨਾਂ ਅਤੇ 5 ਕੋਸਟਰ ਮੁਹੱਈਆ ਕਰਵਾ ਕੇ ਸੈਲਾਨੀਆਂ ਦੀ ਸਹੂਲਤ ਲਈ ਖ਼ਾਸ ਪ੍ਰਬੰਧ ਕੀਤੇ ਹਨ। ਪਾਕਿਸਤਾਨ ਸਰਕਾਰ ਇਸ ਪਹਿਲਕਦਮੀ ਦੇ ਨਤੀਜੇ ਵਜੋਂ ਸੈਰ-ਸਪਾਟੇ 'ਚ ਵਾਧੇ ਦੀ ਉਮੀਦ ਕਰ ਰਹੀ ਹੈ। ਟੀ. ਡੀ. ਸੀ. ਪੀ. ਦੀਆਂ ਪੇਸ਼ਕਸ਼ਾਂ 'ਚ ਇੱਕ ਨਵਾਂ ਜੋੜ ਇਕ ਡਬਲ-ਡੈੱਕਰ ਬੱਸ ਰਾਹੀਂ ਗਵਰਨਰ ਹਾਊਸ ਲਈ ਇੱਕ ਨਵੇਂ ਰੂਟ ਦੀ ਸ਼ੁਰੂਆਤ ਹੈ, ਜੋ ਨਾਗਰਿਕਾਂ ਨੂੰ ਇਸਦੇ ਹਾਲਾਂ 'ਚ ਹਫ਼ਤਾਵਾਰੀ ਟੂਰ ਦੀ ਪੇਸ਼ਕਸ਼ ਕਰਦਾ ਹੈ ਅਤੇ ਇਤਿਹਾਸਕ ਤੌਰ 'ਤੇ ਮਹੱਤਵਪੂਰਨ ਸਥਾਨਾਂ ਤੱਕ ਪਹੁੰਚ ਨੂੰ ਵਧਾਏਗਾ। ਇਸ ਤੋਂ ਇਲਾਵਾ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਟੀ. ਡੀ. ਸੀ. ਪੀ. ਬੱਸਾਂ ਦੀ ਆਨਲਾਈਨ ਬੁਕਿੰਗ ਦੀ ਇਜਾਜ਼ਤ ਦਿੱਤੀ ਗਈ ਹੈ, ਜਦਕਿ ਪੈਟਰੀਓਟਾ ਚੇਅਰਲਿਫਟ ਲਈ ਈ-ਟਿਕਟਿੰਗ ਸਹੂਲਤਾਂ ਦੇ ਵਿਸਥਾਰ ਨਾਲ ਵਿਜ਼ਿਟਰਾਂ ਲਈ ਸਹੂਲਤ ਨੂੰ ਵਧਾਇਆ ਗਿਆ ਹੈ। (ਬਾਕੀ ਸਫ਼ਾ 30 'ਤੇ)

# ਵਿਆਹ ਬਨਾਮ ਠੱਗੀਆਂ

## ਠੱਗ ਲਾੜੇ-ਲਾੜੀਆਂ ਤੋਂ ਰਹੋ ਬਚ ਕੇ

## ਆਨਲਾਈਨ ਵਿਆਹਾਂ ਦੇ ਨਾਂਅ 'ਤੇ ਵੀ ਹੁੰਦੈ ਧੋਖਾ



ਆਧੁਨਿਕ ਕਹੇ ਜਾਂਦੇ ਇਸ ਯੁੱਗ ਵਿੱਚ ਸੰਚਾਰ ਸਾਧਨਾਂ ਨਾਲ ਦੁਨੀਆਂ ਇੱਕ ਗਲੋਬਲ ਪਿੰਡ ਬਣ ਗਈ ਹੈ। ਹੁਣ ਇਨਸਾਨ 24 ਘੰਟੇ ਇੱਕ ਦੂਜੇ ਦੇ ਸੰਪਰਕ ਵਿੱਚ ਰਹਿੰਦੇ ਹਨ ਭਾਵੇਂ ਕਿ ਉਹ ਕਿੰਨੀ ਵੀ ਦੂਰ ਕਿਓਂ ਨਾ ਰਹਿੰਦੇ ਹੋਣ। ਪੂਰੀ ਦੁਨੀਆਂ ਵਿੱਚ ਇਸ ਸਮੇਂ ਸ਼ੋਸ਼ਲ ਮੀਡੀਆ ਦਾ ਨੈੱਟਵਰਕ ਫੈਲਿਆ ਹੋਇਆ ਹੈ ਅਤੇ ਇਸ ਦੀ ਵਰਤੋ ਕਰਨ ਵਾਲੇ ਕਰੋੜਾਂ ਲੋਕ ਇਸ ਤੋਂ ਪ੍ਰਭਾਵਿਤ ਵੀ ਹੋ ਰਹੇ ਹਨ। ਇਸ ਆਧੁਨਿਕ ਤਕਨੀਕਾਂ ਦੇ ਜਿੱਥੇ ਵੱਡੇ ਫ਼ਾਇਦੇ ਹਨ, ਉਥੇ ਵੱਡੇ ਨੁਕਸਾਨ ਵੀ ਹੋ ਰਹੇ ਹਨ। ਨਵੀਂ ਪੀੜ੍ਹੀ ਸੰਚਾਰ ਸਾਧਨਾਂ ਜਾਂ ਸ਼ੋਸ਼ਲ ਮੀਡੀਆ ਦੀ ਏਨੀ ਆਦੀ ਹੋ ਗਈ ਹੈ ਕਿ ਉਸ ਵੱਲੋਂ ਵਿਆਹ ਦੇ ਪਵਿੱਤਰ ਰਿਸ਼ਤੇ ਵੀ ਸ਼ੋਸ਼ਲ ਮੀਡੀਆ 'ਤੇ ਲੱਭੇ ਜਾ ਰਹੇ ਹਨ। ਸ਼ੋਸ਼ਲ ਮੀਡੀਆ ਰਾਹੀਂ ਹੋਏ ਅਨੇਕਾਂ ਰਿਸ਼ਤੇ ਸਫ਼ਲ ਵੀ ਰਹੇ ਹਨ ਪਰ ਵੱਡੀ ਗਿਣਤੀ ਲੋਕਾਂ ਨਾਲ ਆਨਲਾਈਨ ਵਿਆਹ ਦੇ ਨਾਂਅ 'ਤੇ ਠੱਗੀਆਂ ਵੀ ਹੋਈਆਂ ਹਨ।

ਠੱਗ ਲਾੜੇ ਲਾੜੀਆਂ ਅਸਲ ਵਿੱਚ ਸ਼ੋਸ਼ਲ ਮੀਡੀਆ ਸਮੇਤ ਪੂਰੇ ਸਮਾਜ 'ਚ ਸਰਗਰਮ ਹਨ। ਜਿਸ ਤਰਾਂ ਹਰ ਸਿੱਕੇ ਦੇ ਦੋ ਪਾਸੇ ਹੁੰਦੇ ਹਨ, ਉਸੇ ਤਰਾਂ ਸ਼ੋਸਲ ਮੀਡੀਆ ਦੇ ਲਾਭ ਹੋਣ ਦੇ ਨਾਲ ਕਈ ਨੁਕਸਾਨ ਵੀ ਹਨ। ਸੋਸ਼ਲ ਮੀਡੀਆ ਦੀ ਦੁਰਵਰਤੋਂ ਕਰਕੇ ਕਈ ਲੋਕ ਠੱਗੇ ਗਏ ਹਨ ਅਤੇ ਉਹਨਾਂ ਨੂੰ ਆਰਥਿਕ ਅਤੇ ਮਾਨਸਿਕ ਤਸ਼ੱਦਦ ਦਾ ਵੀ ਸਾਹਮਣਾ ਕਰਨਾ ਪਿਆ ਹੈ। ਇਹ ਇੱਕ ਕੁਸੈਲੀ ਹਕੀਕਤ ਹੈ ਕਿ ਭਾਰਤ ਵਿੱਚ ਇੱਕ ਅਣਵਿਆਹੀ ਔਰਤ ਦਾ ਜੀਵਨ ਜਿਊਣਾ ਆਸਾਨ ਨਹੀਂ ਹੈ। ਸਮੇਂ ਸਿਰ ਵਿਆਹ ਕਰਵਾਉਣ ਲਈ ਸਮਾਜ ਅਤੇ ਪਰਿਵਾਰ ਦਾ ਉਸ 'ਤੇ ਬਹੁਤ ਦਬਾਅ ਰਹਿੰਦਾ ਹੈ ਕਿਉਂਕਿ



ਅੱਜ-ਕੱਲ੍ਹ ਸ਼ਹਿਰਾਂ ਵਿੱਚ ਕੁੜੀਆਂ ਪੜ੍ਹੀਆਂ-ਲਿਖੀਆਂ ਹਨ ਅਤੇ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਵੀ ਕਰ ਰਹੀਆਂ ਹਨ, ਇਸ ਲਈ ਅਜਿਹੀਆਂ ਔਰਤਾਂ ਆਪਣੇ ਮਾਪਿਆਂ ਦੀ ਸਲਾਹ ਮੰਨ ਕੇ ਪੁਰਾਣੀਆਂ ਲੀਹਾਂ 'ਤੇ ਵਿਆਹ ਨਹੀਂ ਕਰਵਾਉਣਾ ਚਾਹੁੰਦੀਆਂ। ਉਹ ਆਪਣੇ ਕੰਮ ਦੇ ਖੇਤਰ ਜਾਂ ਸੋਸ਼ਲ ਮੀਡੀਆ 'ਤੇ ਆਪਣੀ ਪਸੰਦ ਦੇ ਜੀਵਨ ਸਾਥੀ ਦੀ ਖੋਜ ਕਰਦੀਆਂ ਰਹਿੰਦੀਆਂ ਹਨ। ਇਸ ਦੇ ਨਾਲ ਹੀ ਛੋਟੀ ਉਮਰ ਵਿੱਚ ਤਲਾਕ ਲੈਣ ਜਾਂ ਵਿਧਵਾ ਹੋਣ ਵਾਲੀਆਂ ਔਰਤਾਂ ਦੀ ਗਿਣਤੀ ਵੀ ਘੱਟ ਨਹੀਂ ਹੈ। ਇਨ੍ਹਾਂ ਔਰਤਾਂ ਨੂੰ ਆਪਣੇ ਰਹਿਣ-ਸਹਿਣ ਲਈ ਵਿੱਤੀ ਸੁਰੱਖਿਆ ਵੀ ਯਕੀਨੀ ਤੌਰ 'ਤੇ ਹੁੰਦੀ ਹੈ ਪਰ ਭਾਵਨਾਤਮਕ ਅਸੁਰੱਖਿਆ ਕਾਰਨ ਉਨ੍ਹਾਂ ਨੂੰ ਫਿਰ ਤੋਂ ਜੀਵਨ ਸਾਥੀ ਦੀ ਭਾਲ ਵੀ ਕਰਨੀ ਪੈਂਦੀ ਹੈ। ਇਨ੍ਹਾਂ ਦੋਵਾਂ ਕਿਸਮਾਂ ਦੀਆਂ ਔਰਤਾਂ ਨੂੰ ਅਕਸਰ ਦੁਨੀਆਂ ਭਰ ਦੇ ਠੱਗ ਲੋਕਾਂ ਦੁਆਰਾ ਮੂਰਖ ਬਣਾਇਆ ਜਾਂਦਾ ਹੈ ਅਤੇ ਮੋਟੀਆਂ ਰਕਮਾਂ ਵਸੂਲੀਆਂ ਜਾਂਦੀਆਂ ਹਨ। ਇਸ ਤਰਾਂ ਅਨੇਕਾਂ ਮਹਿਲਾਵਾਂ ਬਿਨਾਂ ਵਿਆਹ ਕੀਤੇ ਆਪਣੀ ਜ਼ਿੰਦਗੀ ਬਰਬਾਦ ਕਰ ਲੈਂਦੀਆਂ ਹਨ। ਅਜਿਹੀਆਂ ਔਰਤਾਂ ਨਾਲ ਅਕਸਰ ਠੱਗ ਕਿਸਮ ਦੇ ਲੋਕ ਮਿੱਠੀਆਂ ਮਿੱਠੀਆਂ ਗੱਲਾਂ ਕਰਕੇ ਠੱਗੀ ਮਾਰ ਜਾਂਦੇ ਹਨ। ਤਲਾਕ ਸ਼ੁਦਾ ਅਤੇ ਵਿਧਵਾ ਔਰਤਾਂ ਨੂੰ ਅਕਸਰ ਅਨੇਕਾਂ ਮਰਦ ਆਪਣੇ ਜਾਲ ਵਿੱਚ ਫ਼ਸਾਉਣ ਲਈ ਬਹੁਤ ਯਤਨ ਕਰਦੇ ਹਨ ਅਤੇ ਇਹਨਾਂ ਭੋਲੀਆਂ ਭਾਲੀਆਂ ਮਹਿਲਾਵਾਂ ਨੂੰ ਬਹਿਲਾ ਫ਼ੁਸਲਾ ਕੇ ਉਹਨਾਂ ਦੀ ਸਾਰੀ ਜਮਾਂ ਪੂੰਜੀ ਆਪਣੇ ਨਾਮ ਟਰਾਂਸਫ਼ਰ ਕਰਵਾ ਲੈਂਦੇ ਹਨ ਅਤੇ ਪੈਸੇ ਮਿਲਣ ਤੋਂ ਬਾਅਦ ਵਿਆਹ ਕਰਵਾਉਣ ਦੀ ਥਾਂ ਗਾਇਬ ਹੋ ਜਾਂਦੇ ਹਨ ਜਾਂ ਵਿਆਹ ਤੋਂ ਇਨਕਾਰ ਕਰ ਦਿੰਦੇ ਹਨ।

ਪੰਜਾਬ ਵਿੱਚ ਕੁਝ ਸਾਲ ਪਹਿਲਾਂ ਸਿਰਫ਼ ਠੱਗ ਲਾੜਿਆਂ ਬਾਰੇ ਹੀ ਖ਼ਬਰਾਂ ਆਉਂਦੀਆਂ ਸਨ ਅਤੇ ਕਿਹਾ ਜਾਂਦਾ ਸੀ ਕਿ ਕੁਝ ਐਨ.ਆਰ.ਆਈ ਲਾੜੇ ਪੰਜਾਬ ਦੀਆਂ ਕੁੜੀਆਂ ਨਾਲ ਵਿਆਹ ਕਰਵਾ ਕੇ ਇੱਕ ਦੋ ਮਹੀਨੇ ਉਹਨਾਂ ਨਾਲ ਰਹਿ ਕੇ ਵਿਦੇਸ਼ ਉਡਾਰੀ ਮਾਰ ਜਾਂਦੇ ਹਨ ਅਤੇ ਫਿਰ ਮੁੜਕੇ ਉਹਨਾਂ ਦਾ ਕੁਝ ਪਤਾ ਨਹੀਂ ਚੱਲਦਾ ਜਾਂ ਲਾੜੀ ਨੂੰ ਵਿਦੇਸ਼ ਜਾ ਕੇ ਪਤਾ ਚੱਲਦਾ ਹੈ ਕਿ ਉਸ ਦਾ ਵਿਦੇਸ਼ੀ ਲਾੜਾ ਵਿਦੇਸ਼ ਵਿੱਚ ਪਹਿਲਾਂ ਹੀ ਵਿਆਹਿਆ ਹੋਇਆ ਹੈ ਅਤੇ ਵਿਆਹ ਦੇ ਨਾਂਅ ਤੇ ਉਸ ਨਾਲ ਧੋਖਾ ਹੋ ਗਿਆ ਹੈ। ਇਸ ਤਰਾਂ ਇਸ ਨਕਲੀ ਵਿਆਹ ਦੌਰਾਨ ਬਾਰਾਤ ਵਿੱਚ ਆਏ ਮਾਮੇ, ਚਾਚੇ, ਤਾਏ ਤੇ ਫ਼ੁੱਫੜ ਵੀ ਨਕਲੀ ਨਿਕਲਦੇ ਹਨ।

ਹੁਣ ਯੁੱਗ ਬਦਲ ਗਿਆ ਹੈ ਹੁਣ ਵਿਆਹ ਦੇ ਨਾਂਅ 'ਤੇ ਠੱਗੀਆਂ ਲਾੜਿਆਂ ਦੀ ਥਾਂ ਲਾੜੀਆਂ ਵੱਲੋਂ ਵੀ ਮਾਰੀਆਂ ਜਾਂਦੀਆਂ ਹਨ। ਜਦੋਂ ਤੋਂ ਆਈਲੈਟਸ ਸਿਸਟਮ ਸ਼ੁਰੂ ਹੋਇਆ ਹੈ, ਉਦੋਂ ਤੋਂ ਆਈਲੈਟਸ ਪਾਸ ਕੁੜੀ ਨਾਲ ਮੁੰਡੇ ਦਾ ਵਿਆਹ ਕਰਵਾ ਕੇ ਲੜਕੀ ਨੂੰ ਵਿਦੇਸ਼ ਭੇਜਣ ਦਾ ਸਾਰਾ ਖ਼ਰਚਾ ਮੁੰਡੇ ਵਾਲਿਆਂ ਵੱਲੋਂ ਕੀਤੀ ਜਾਂਦਾ ਹੈ। ਅਕਸਰ ਖ਼ਬਰਾਂ ਆਉਂਦੀਆਂ ਹਨ ਕਿ ਸਹੁਰੇ ਪਰਿਵਾਰ ਦਾ ਲੱਖਾਂ ਰੁਪਇਆ ਲਗਵਾ ਕੇ ਆਈਲੈਟਸ ਪਾਸ ਅਨੇਕਾਂ ਕੁੜੀਆਂ ਵਿਦੇਸ਼ ਵਿੱਚ ਜਾ ਕੇ ਬਦਲ ਗਈਆਂ ਅਤੇ ਉਹਨਾਂ ਵੱਲੋਂ ਆਪਣੇ ਲਾੜੇ ਨੂੰ ਵਿਦੇਸ਼ ਵਿੱਚ ਬੁਲਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ ਗਿਆ। ਅਜਿਹੀ ਤਰ੍ਹਾਂ ਠੱਗੇ ਗਏ ਲਾੜੇ ਫਿਰ ਰੋਣ ਜੋਗੇ ਹੀ ਰਹਿ ਜਾਂਦੇ ਹਨ, ਕਿਉਂਕਿ ਠੱਗ ਲਾੜੀਆਂ ਵੱਲੋਂ ਉਹਨਾਂ ਨਾਲ ਵਿਆਹਾਂ ਦੇ ਨਾਂਅ 'ਤੇ ਠੱਗੀ ਕਰ ਦਿੱਤੀ ਜਾਂਦੀ ਹੈ। ਠੱਗੀ ਦਾ ਸ਼ਿਕਾਰ ਹੋਏ ਇਹ ਨੌਜਵਾਨ ਅਕਸਰ ਲੋਕਾਂ ਦੇ ਤਾਨੇ ਸੁਣਨ ਤੋਂ ਬਾਅਦ ਆਤਮ ਹੱਤਿਆ ਵਰਗਾ ਕਦਮ ਚੁੱਕਣ ਬਾਰੇ ਵੀ ਸੋਚਦੇ ਹਨ। ਕਈ ਮਾਮਲੇ ਅਜਿਹੇ ਵੀ ਸਾਹਮਣੇ ਆਏ ਹਨ ਕਿ ਠੱਗ ਲਾੜੀਆਂ ਵਿਦੇਸ਼ ਜਾ ਕੇ ਏਅਰਪੋਰਟ ਤੋਂ ਹੀ ਗਾਇਬ ਹੋ ਗਈਆਂ ਜਾਂ ਆਪਣੇ ਪ੍ਰੇਮੀ ਨਾਲ ਚਲੀਆਂ ਗਈਆਂ।

ਮੀਡੀਆ ਰਿਪੋਰਟਾਂ ਦਸਦੀਆਂ ਹਨ ਕਿ ਪੰਜਾਬ ਵਿੱਚ ਬਹੁਤ ਮਾਮਲੇ ਅਜਿਹੇ ਸਾਹਮਣੇ ਆਏ ਹਨ ਜਿਥੇ ਕਿ ਆਈਲੈਟਸ ਪਾਸ ਕੁੜੀ ਨਾਲ ਲੱਖਾਂ ਰੁਪਏ ਖ਼ਰਚ ਕੇ ਅਨੇਕਾਂ ਲੋਕਾਂ ਨੇ ਆਪਣੇ ਮੁੰਡੇ ਵਿਆਹੇ ਅਤੇ ਆਪਣੀ ਨੂੰਹ ਨੂੰ ਵਿਦੇਸ਼ ਭੇਜਣ ਲਈ ਲੱਖਾਂ ਰੁਪਏ ਖ਼ਰਚਾ ਕੀਤਾ ਪਰ ਇਹ ਲਾੜੀ ਠੱਗ ਨਿਕਲੀ ਅਤੇ ਵਿਦੇਸ਼ ਜਾ ਕੇ ਉਸ ਵੱਲੋਂ ਆਪਣੇ ਪਤੀ ਨੂੰ ਵਿਦੇਸ਼ ਬੁਲਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ ਗਿਆ। ਫ਼ਿਰ ਠੱਗੀ ਦਾ ਸ਼ਿਕਾਰ ਹੋਏ ਅਜਿਹੇ ਨੌਜਵਾਨ ਨਾ ਘਰ ਦੇ ਰਹਿੰਦੇ ਹਨ ਤੇ ਨਾ ਹੀ ਘਾਟ ਦੇ। ਕਈ ਕੁੜੀਆਂ ਦਾ ਵਿਦੇਸ਼ ਵਿੱਚ ਜਾ ਕੇ ਨਾ ਤਾਂ ਆਪਣੇ ਪਤੀ ਨੂੰ ਵਿਦੇਸ਼ ਬੁਲਾਉਂਦੀਆਂ ਹਨ ਤੇ ਨਾ ਹੀ ਤਲਾਕ ਦਿੰਦੀਆਂ ਹਨ ਸਗੋਂ ਆਪਣੇ ਪਤੀ ਅਤੇ ਸਹੁਰਿਆਂ ਵਿਰੁੱਧ ਅਦਾਲਤ ਜਾਂ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਦਿੰਦੀਆਂ ਹਨ ਅਤੇ ਆਪਣੇ ਪਤੀ ਅਤੇ ਸਹੁਰਾ ਪਰਿਵਾਰ ਨੂੰ ਤੰਗ ਪ੍ਰੇਸ਼ਾਨ ਕਰਦੀਆਂ ਹਨ।

(ਬਾਕੀ ਸਫ਼ਾ 30 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ

ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# 2024 ਦੌਰਾਨ ਵਿਸ਼ਵ ਉੱਪਰ ਜੰਗਾਂ ਦਾ ਖ਼ਤਰਾ ਮੰਡਰਾਇਆ

## ਇਜ਼ਰਾਈਲ-ਹਮਾਸ ਅਤੇ ਯੂਕਰੇਨ-ਰੂਸ ਯੁੱਧ ਕਾਰਨ ਵਿਸ਼ਵ ਅਸ਼ਾਂਤੀ ਫ਼ੈਲਣ ਦਾ ਖ਼ਤਰਾ

## ਵਿਸ਼ਵ 'ਚ ਵੱਡੇ ਦੇਸ਼ਾਂ ਦੇ ਟਕਰਾਅ ਹੋਣ ਦੀ ਸੰਭਾਵਨਾ

## ਅਮਰੀਕਾ ਦੀ ਰੂਸ ਨਾਲ ਹੋ ਸਕਦੀ ਹੈ ਸਿੱਧੀ ਜੰਗ

### ਬਿਡੇਨ ਨੇ ਪੁਤਿਨ ਨੂੰ ਜੰਗ ਦੀ ਦਿੱਤੀ ਧਮਕੀ

ਪ੍ਰੋ. ਬਲਵਿੰਦਰ ਪਾਲ ਸਿੰਘ

24 ਫ਼ਰਵਰੀ 2022 ਨੂੰ ਰੂਸ ਨੇ ਯੂਕਰੇਨ ਦੇ ਖ਼ਿਲਾਫ਼ 'ਫ਼ੌਜੀ ਮੁਹਿੰਮ' ਸ਼ੁਰੂ ਕੀਤੀ ਸੀ ਅਤੇ ਦੁਨੀਆਂ ਨੂੰ ਜੰਗ ਦੀ ਅੱਗ ਵਿੱਚ ਸੜਨ ਲਈ ਛੱਡ ਦਿੱਤਾ ਅਤੇ ਉਦੋਂ ਤੋਂ ਦੁਨੀਆਂ ਲਗਾਤਾਰ ਜੰਗ ਦੇਖ ਰਹੀ ਹੈ। ਸਾਲ 2023 ਵਿੱਚ, ਇੱਕ ਪਾਸੇ ਯੂਕਰੇਨ ਯੁੱਧ ਜਾਰੀ ਰਿਹਾ, ਪਰ 7 ਅਕਤੂਬਰ ਨੂੰ, ਹਮਾਸ ਨੇ ਦੱਖਣੀ ਇਜ਼ਰਾਈਲ 'ਤੇ ਹਮਲਾ ਕਰ ਦਿੱਤਾ ਅਤੇ ਦੁਨੀਆਂ ਨੂੰ ਇੱਕ ਹੋਰ ਯੁੱਧ ਵਿੱਚ ਸੁੱਟ ਦਿੱਤਾ। 7 ਅਕਤੂਬਰ ਤੋਂ ਬਾਅਦ ਦੁਨੀਆ ਬਦਲ ਗਈ ਹੈ ਅਤੇ ਇਜ਼ਰਾਈਲ ਗ਼ਾਜ਼ਾ ਪੱਟੀ 'ਤੇ ਲਗਾਤਾਰ ਬੰਬਾਰੀ ਕਰ ਰਿਹਾ ਹੈ। ਉਦੇਸ਼ ਸਪਸ਼ਟ ਹੈ, ਹਮਾਸ ਨੂੰ ਖ਼ਤਮ ਕਰਨਾ।

ਇਜ਼ਰਾਈਲ ਅਤੇ ਹਮਾਸ ਵਿਚਾਲੇ ਚੱਲ ਰਹੀ ਜੰਗ ਦੌਰਾਨ 22 ਹਜ਼ਾਰ ਤੋਂ ਵੱਧ ਲੋਕਾਂ ਦੇ ਮਾਰੇ ਜਾਣ ਦਾ ਦਾਅਵਾ ਕੀਤਾ ਗਿਆ ਹੈ। ਇਸ ਦੌਰਾਨ ਇਜ਼ਰਾਈਲ ਵਿੱਚ ਨੇਤਨਯਾਹੂ 'ਤੇ ਅਹੁਦਾ ਛੱਡਣ ਲਈ ਜਨਤਾ ਵੱਲੋਂ ਲਗਾਤਾਰ ਦਬਾਅ ਪਾਇਆ ਜਾ ਰਿਹਾ ਹੈ ਪਰ ਉਸ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਅਸਤੀਫ਼ਾ ਨਹੀਂ ਦੇਵੇਗਾ। ਬੰਧਕਾਂ ਨੂੰ ਆਜ਼ਾਦ ਨਾ ਕਰਵਾਉਣ ਅਤੇ ਲੰਬੇ ਸਮੇਂ ਤੋਂ ਚੱਲੀ ਜੰਗ ਦੇ ਮੁੱਦੇ 'ਤੇ ਨੇਤਨਯਾਹੂ ਨੇ ਕਿਹਾ ਹੈ ਕਿ ਉਹ ਆਪਣੀ ਪੂਰੀ ਕੋਸ਼ਿਸ਼ ਕਰ ਰਹੇ ਹਨ ਅਤੇ ਜਲਦੀ ਹੀ ਆਪਣੇ ਉਦੇਸ਼ ਨੂੰ ਹਾਸਲ ਕਰ ਲੈਣਗੇ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇ ਸੰਕੇਤ ਦਿੱਤਾ ਕਿ ਉਹ ਯੁੱਧ ਖਤਮ ਹੋਣ ਤੋਂ ਬਾਅਦ ਸੱਤਾ ਵਿੱਚ ਬਣੇ ਰਹਿਣਾ ਚਾਹੁੰਦਾ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਗ਼ਾਜ਼ਾ ਨੂੰ ਗੈਰ-ਮਿਲਟਰੀ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਇਜ਼ਰਾਈਲ ਨੂੰ ਕੋਈ ਖ਼ਤਰਾ ਨਾ ਹੋਵੇ।

ਇਜਰਾਈਲ ਦੇ ਗਾਜਾ ਉੱਪਰ ਹਮਲਿਆਂ ਕਾਰਨ ਯਮਨ ਦੇ ਹੂਤੀ ਖਾੜਕੂਆਂ ਨੇ ਕਿਹਾ ਹੈ ਕਿ ਉਹ ਲਾਲ ਸਾਗਰ ਵਿੱਚ ਅਮਰੀਕਾ ਦਾ ਸਾਹਮਣਾ ਕਰਨ ਲਈ ਤਿਆਰ ਹਨ। ਹੂਤੀ ਸੰਗਠਨ ਅੰਸਾਰੁੱਲਾ ਦੇ ਮੁਹੰਮਦ ਅਲ-ਬਖਤੀ ਨੇ ਲਾਲ ਸਾਗਰ ਵਿੱਚ ਅਮਰੀਕਾ ਦੀ ਮੌਜੂਦਗੀ ਵਧਾਉਣ ਦੇ ਸਵਾਲ 'ਤੇ ਕਿਹਾ ਕਿ ਉਨ੍ਹਾਂ ਨੂੰ ਸਾਡਾ ਸੰਦੇਸ਼ ਹੈ ਕਿ ਯਮਨ ਦੀਆਂ ਹਥਿਆਰਬੰਦ ਫ਼ੌਜਾਂ ਅਮਰੀਕਾ ਦਾ ਸਾਹਮਣਾ ਕਰਨ ਲਈ ਬੇਤਾਬ ਹਨ। ਅੰਸਾਰੁੱਲਾ ਦਾ ਇਹ ਸੰਦੇਸ਼ ਅਜਿਹੇ ਸਮੇਂ ਵਿੱਚ ਆਇਆ ਹੈ ਜਦੋਂ ਅਮਰੀਕਾ ਲਾਲ ਸਾਗਰ ਵਿੱਚ ਹਾਊਥੀਆਂ ਨਾਲ ਲੜਨ ਲਈ ਬਹੁ-ਰਾਸ਼ਟਰੀ ਫ਼ੋਰਸ ਬਣਾਉਣ 'ਤੇ ਕੰਮ ਕਰ ਰਿਹਾ ਹੈ। ਹਾਲ ਹੀ ਦੇ ਦਿਨਾਂ ਵਿੱਚ ਹਾਊਥੀ ਨੇ ਲਾਲ ਸਾਗਰ ਵਿੱਚ ਅਮਰੀਕਾ ਅਤੇ ਇਜ਼ਰਾਈਲ ਨੂੰ ਨਿਸ਼ਾਨਾ ਬਣਾਇਆ ਹੈ, ਜਿਸ ਤੋਂ ਬਾਅਦ ਇਹ ਤਣਾਅ ਵਧ ਗਿਆ ਹੈ।

ਅਲ ਬਖਤੀ ਨੇ ਕਿਹਾ ਕਿ ਜੇਕਰ ਅਮਰੀਕੀ ਜੰਗੀ ਬੇੜੇ ਯਮਨ 'ਤੇ ਹਮਲਾ ਕਰਦੇ ਹਨ ਤਾਂ ਉਨ੍ਹਾਂ ਨੂੰ ਸਿੱਧੇ ਤੌਰ 'ਤੇ ਨਿਸ਼ਾਨਾ ਬਣਾਇਆ ਜਾਵੇਗਾ ਅਤੇ ਅਮਰੀਕੀ ਇਸ ਫ਼ੈਸਲੇ ਦੀ ਗੰਭੀਰਤਾ ਨੂੰ ਸਮਝਣਗੇ। ਲਾਲ ਸਾਗਰ ਵਿੱਚ ਅਮਰੀਕਾ ਦੀ ਅਗਵਾਈ ਵਾਲੀ ਟਾਸਕ ਫ਼ੋਰਸ ਵਿੱਚ ਸ਼ਾਮਲ ਹੋਣ ਲਈ ਅਰਬ ਅਤੇ ਮੁਸਲਿਮ ਦੇਸ਼ਾਂ ਦੇ ਇਨਕਾਰ ਦੀ ਤਾਰੀਫ਼ ਕਰਦੇ ਹੋਏ ਬਖਤੀ ਨੇ ਕਿਹਾ ਕਿ ਸਾਊਦੀ ਅਰਬ ਅਤੇ ਯੂ.ਏ.ਈ. ਨੇ ਇਜ਼ਰਾਈਲੀ ਜਹਾਜ਼ਾਂ ਦੀ ਸੁਰੱਖਿਆ ਲਈ ਅੰਤਰਰਾਸ਼ਟਰੀ ਗਠਜੋੜ ਵਿੱਚ ਹਿੱਸਾ ਨਹੀਂ ਲਿਆ ਅਤੇ ਇਹ ਇੱਕ ਸਵਾਗਤਯੋਗ ਕਦਮ ਹੈ।



ਹੂਤੀ ਬਾਗੀਆਂ ਨੇ ਪਿਛਲੇ ਸਾਲ ਦਸੰਬਰ 2023 ਦੌਰਾਨ ਲਾਲ ਸਾਗਰ ਵਿੱਚ ਇਜ਼ਰਾਈਲੀ ਬੰਦਰਗਾਹਾਂ ਵੱਲ ਜਾਣ ਵਾਲੇ ਜਹਾਜ਼ਾਂ 'ਤੇ ਮਿਜ਼ਾਈਲ ਅਤੇ ਡਰੋਨ ਹਮਲੇ ਕੀਤੇ ਹਨ। ਹਾਉਥੀਆਂ ਨੇ ਗ਼ਾਜ਼ਾ ਪੱਟੀ ਵਿੱਚ ਫ਼ਲਸਤੀਨੀਆਂ ਦੇ ਸਮਰਥਨ ਵਿੱਚ ਇਜ਼ਰਾਈਲੀ ਜਹਾਜ਼ਾਂ ਨੂੰ ਨਿਸ਼ਾਨਾ ਬਣਾਇਆ ਹੈ। ਇਸ ਕਾਰਨ ਇਜ਼ਰਾਈਲ ਅਤੇ ਅਮਰੀਕਾ ਲਾਲ ਸਾਗਰ ਵਿੱਚ ਸੁਰੱਖਿਆ ਨੂੰ ਲੈ ਕੇ ਚਿੰਤਾ ਪ੍ਰਗਟ ਕਰ ਰਹੇ ਹਨ।

ਦੂਸਰੇ ਪਾਸੇ ਅਮਰੀਕੀ ਰਾਸ਼ਟਰਪਤੀ ਜੋਅ ਬਿਡੇਨ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਰੂਸ ਯੂਕਰੇਨ ਖ਼ਿਲਾਫ਼ ਆਪਣੀ ਜੰਗ ਵਿੱਚ ਸਫ਼ਲ ਹੁੰਦਾ ਹੈ ਤਾਂ ਅਮਰੀਕਾ ਨੂੰ ਸਿੱਧੇ ਤੌਰ 'ਤੇ ਸੰਘਰਸ਼ ਵਿੱਚ ਸ਼ਾਮਲ ਹੋ ਸਕਦਾ ਹੈ। ਬਿਡੇਨ ਦਾ ਇਹ ਬਿਆਨ ਯੂਕਰੇਨ ਵਿੱਚ ਰੂਸ ਦੇ ਵੱਡੇ ਹਵਾਈ ਹਮਲੇ ਤੋਂ ਬਾਅਦ ਆਇਆ ਸੀ। ਯੂਕਰੇਨੀ ਹਵਾਈ ਸੈਨਾ ਦੇ ਅਧਿਕਾਰੀਆਂ ਨੇ ਦੱਸਿਆ ਕਿ ਰੂਸ ਨੇ ਉਨ੍ਹਾਂ ਦੇ ਦੇਸ਼ 'ਤੇ ਕਰੀਬ 110 ਮਿਜ਼ਾਈਲਾਂ ਨਾਲ ਹਮਲਾ ਕੀਤਾ ਸੀ। ਇਸ ਵਿੱਚ ਹਸਪਤਾਲ, ਰਿਹਾਇਸ਼ੀ ਇਮਾਰਤਾਂ ਅਤੇ ਇੱਕ ਸ਼ਾਪਿੰਗ ਸੈਂਟਰ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਰੂਸ ਦੇ ਇਸ ਤਾਜ਼ਾ ਹਮਲੇ 'ਚ ਘੱਟੋ-ਘੱਟ 31 ਯੂਕਰੇਨੀ ਨਾਗਰਿਕ ਮਾਰੇ ਗਏ, ਜਦਕਿ 120 ਤੋਂ ਵੱਧ ਜ਼ਖਮੀ ਹੋ ਗਏ ਸਨ।

ਬਿਡੇਨ ਨੇ ਰੂਸ ਦੇ ਹਮਲੇ ਬਾਰੇ ਕਿਹਾ ਕਿ ਇਹ ਦੁਨੀਆ ਲਈ ਇੱਕ ਸਪੱਸ਼ਟ ਚੇਤਾਵਨੀ ਹੈ ਕਿ ਇਸ ਵਿਨਾਸ਼ਕਾਰੀ ਯੁੱਧ ਦੇ ਲਗਭਗ ਦੋ ਸਾਲਾਂ ਬਾਅਦ ਪੁਤਿਨ ਦਾ ਉਦੇਸ਼ ਜੋ ਬਦਲਿਆ ਨਹੀਂ ਹੈ। ਉਹ ਯੂਕਰੇਨ ਨੂੰ ਤਬਾਹ ਕਰਨਾ ਅਤੇ ਇਸ ਦੇ ਲੋਕਾਂ ਨੂੰ ਆਪਣੇ ਅਧੀਨ ਕਰਨਾ ਚਾਹੁੰਦਾ ਹੈ। ਉਸ ਨੂੰ ਰੋਕਿਆ ਜਾਣਾ ਚਾਹੀਦਾ ਹੈ। ਬਿਡੇਨ ਨੇ ਕਿਹਾ,ਜਦੋਂ ਤਾਨਾਸ਼ਾਹਾਂ ਨੂੰ ਯੂਰਪ ਵਿੱਚ ਫ਼ੈਲਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਤਾਂ ਇਹ ਖਤਰਾ ਸੰਸਾਰ ਵਿਚ ਵੱਧ ਜਾਂਦਾ ਹੈ । ਇਸ ਕਾਰਨ ਸੰਯੁਕਤ ਰਾਜ ਅਮਰੀਕਾ ਸਿੱਧੇ ਤੌਰ 'ਤੇ ਇਸ ਯੁੱਧ ਵਿੱਚ ਸ਼ਾਮਲ ਹੋਣਾ ਪਵੇਗਾ। ਅਸੀਂ ਆਪਣੇ ਭਾਈਵਾਲਾਂ ਨੂੰ ਨਿਰਾਸ਼ ਨਹੀਂ ਕਰ ਸਕਦੇ। ਅਸੀਂ ਯੂਕਰੇਨ ਨੂੰ ਨਿਰਾਸ਼ ਨਹੀਂ ਕਰ ਸਕਦੇ।

ਯੂਕਰੇਨ ਤੇ ਰੂਸ, ਇਜ਼ਰਾਈਲ ਤੇ ਹਮਾਸ ਜੰਗ ਤੋਂ ਇਲਾਵਾ ਖ਼ਤਰੇ ਵਾਲੀ ਗੱਲ ਇਹ ਹੈ ਕਿ ਇਸ ਸਾਲ ਨਾ ਸਿਰਫ਼ ਇਹ ਦੋਵੇਂ ਜੰਗਾਂ ਜਾਰੀ ਰਹਿਣ ਦੀ ਸੰਭਾਵਨਾ ਹੈ, ਸਗੋਂ ਕਈ ਹੋਰ ਨਵੀਆਂ ਜੰਗਾਂ ਵੀ ਸ਼ੁਰੂ ਹੋ ਸਕਦੀਆਂ ਹਨ ਅਤੇ ਭਾਰਤ ਦੇ ਗੁਆਂਢ ਵਿੱਚ ਘੱਟੋ-ਘੱਟ ਦੋ ਜੰਗਾਂ ਛਿੜ ਸਕਦੀਆਂ ਹਨ।

ਮਿਆਂਮਾਰ ਵਿੱਚ ਭਿਆਨਕ ਘਰੇਲੂ ਯੁੱਧ

1 ਫ਼ਰਵਰੀ 2021 ਨੂੰ ਮਿਆਂਮਾਰ ਦੀ ਫ਼ੌਜ ਨੇ ਦੇਸ਼ ਦੀ ਚੁਣੀ ਹੋਈ ਸਰਕਾਰ ਦਾ ਤਖਤਾ ਪਲਟ ਦਿੱਤਾ ਸੀ ਅਤੇ ਉਦੋਂ ਤੋਂ ਭਾਰਤ ਦਾ ਗੁਆਂਢੀ ਦੇਸ਼ ਲਗਾਤਾਰ ਘਰੇਲੂ ਯੁੱਧ ਦੀ ਅੱਗ ਵਿੱਚ ਸੜ ਰਿਹਾ ਹੈ। ਮਿਆਂਮਾਰ ਵਿੱਚ 2021 ਵਿੱਚ ਅਰਾਜਕਤਾ ਦੀ ਸਥਿਤੀ ਵਿੱਚ ਉਹ ਵਕਤ ਆ ਗਿਆ ਜਦੋਂ ਫ਼ੌਜ ਨੇ ਆਂਗ ਸਾਨ ਸੂ ਕੀ ਦੀ ਅਗਵਾਈ ਵਾਲੀ ਲੋਕਤੰਤਰੀ ਤੌਰ 'ਤੇ ਚੁਣੀ ਗਈ ਸਰਕਾਰ ਦਾ ਤਖਤਾ ਪਲਟ ਦਿੱਤਾ। ਮਿਆਂਮਾਰ ਵਿੱਚ ਫ਼ੌਜੀ



ਤਖਤਾਪਲਟ ਤੋਂ ਬਾਅਦ ਘੱਟੋ-ਘੱਟ 135 ਨਸਲੀ ਸਮੂਹ ਸਰਗਰਮ ਹੋ ਗਏ ਹਨ, ਇਸ ਲਈ ਦੇਸ਼ ਦੇ ਕਈ ਹਿੱਸਿਆਂ ਵਿੱਚ ਫ਼ੌਜ ਨਾਲ ਲੜਾਈ ਚੱਲ ਰਹੀ ਹੈ। ਤਖਤਾ ਪਲਟਣ ਤੋਂ ਪਹਿਲਾਂ ਕਈ ਸਾਲਾਂ ਤੱਕ, ਫ਼ੌਜ ਅਤੇ ਕਈ ਘੱਟ ਗਿਣਤੀ ਨਸਲੀ ਸਮੂਹਾਂ ਵਿਚਕਾਰ ਸਿਵਲ ਸੰਘਰਸ਼ ਚੱਲ ਰਿਹਾ ਸੀ ਜੋ ਲੰਬੇ ਸਮੇਂ ਤੋਂ ਰਾਜ ਤੋਂ ਆਜ਼ਾਦੀ ਅਤੇ ਆਪਣੇ ਖੇਤਰਾਂ ਵਿੱਚ ਕੁਦਰਤੀ ਸਰੋਤਾਂ ਦੇ ਨਿਯੰਤਰਣ ਦੀ ਮੰਗ ਕਰ ਰਹੇ ਸਨ। ਇਹ ਨਸਲੀ ਸਮੂਹ ਮਿਆਂਮਾਰ ਵਿੱਚ ਲੋਕਤੰਤਰ ਦੀ ਬਹਾਲੀ ਚਾਹੁੰਦੇ ਹਨ ਪਰ ਹੁਣ ਵੱਖਰੇ ਦੇਸ਼ ਦੀ ਮੰਗ ਵੀ ਉੱਠਣ ਲੱਗੀ ਹੈ। ਮਿਆਂਮਾਰ ਦੀ ਫ਼ੌਜ ਨੇ ਮੰਨਿਆ ਹੈ ਕਿ ਦੇਸ਼ ਦੋ ਹਿੱਸਿਆਂ ਵਿੱਚ ਟੁੱਟ ਸਕਦਾ ਹੈ। ਚੀਨ ਲਗਾਤਾਰ ਮਿਆਂਮਾਰ ਵਿੱਚ ਬਗਾਵਤ ਭੜਕਾ ਰਿਹਾ ਹੈ। ਚੀਨ ਦੇ ਇਸ਼ਾਰੇ 'ਤੇ ਮਿਆਂਮਾਰ 'ਚ ਫ਼ੌਜੀ ਤਖਤਾਪਲਟ ਹੋਇਆ ਸੀ ਅਤੇ ਹੁਣ ਚੀਨ ਉਨ੍ਹਾਂ ਨਸਲੀ ਸਮੂਹਾਂ ਨੂੰ ਹਥਿਆਰ ਵੀ ਮੁਹੱਈਆ ਕਰਵਾ ਰਿਹਾ ਹੈ, ਜਿਸ ਕਾਰਨ ਇਹ ਸੰਘਰਸ਼ ਬੇਹੱਦ ਖ਼ੂਨੀ ਹੋ ਗਿਆ ਹੈ।ਬਾਗੀਆਂ ਨੇ ਚੀਨ ਨਾਲ ਲੱਗਦੀ ਉੱਤਰ-ਪੂਰਬੀ ਸਰਹੱਦ ਦੇ ਨਾਲ ਲੱਗਦੇ ਕਸਬਿਆਂ ਅਤੇ ਪਿੰਡਾਂ 'ਤੇ ਕਬਜ਼ਾ ਕਰ ਲਿਆ ਹੈ, ਜਿਸ ਵਿੱਚ ਪ੍ਰਮੁੱਖ ਵਪਾਰਕ ਮਾਰਗਾਂ ਦਾ ਕੰਟਰੋਲ ਵੀ ਸ਼ਾਮਲ ਹੈ। ਇਸ ਨਾਲ ਪੱਛਮੀ ਰਾਖੀਨ ਰਾਜ ਦੇ ਨਾਲ-ਨਾਲ ਹੋਰ ਖੇਤਰਾਂ ਵਿੱਚ ਵੀ ਲੜਾਈ ਮੁੜ ਸ਼ੁਰੂ ਹੋ ਗਈ। ਇਹ ਬਾਗੀ ਹੁਣ ਇੰਨੇ ਮਜ਼ਬੂਤ ਹੋ ਗਏ ਹਨ ਕਿ ਉਨ੍ਹਾਂ ਨੇ ਫ਼ੌਜ ਨਾਲ ਸਮਝੌਤਾ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਇਸ ਲਈ ਇਸ ਸਾਲ ਦੌਰਾਨ ਦੇਸ਼ ਦੀ ਘਰੇਲੂ ਜੰਗ ਹੋਰ ਵੀ ਵਿਗੜ ਸਕਦੀ ਹੈ ਅਤੇ ਅੰਤਰਰਾਸ਼ਟਰੀ ਧਿਆਨ ਖਿੱਚ ਸਕਦੀ ਹੈ।

1947 ਵਿੱਚ ਆਜ਼ਾਦੀ ਤੋਂ ਬਾਅਦ ਪਾਕਿਸਤਾਨ ਦੀ ਰਾਜਨੀਤੀ 'ਚ ਫ਼ੌਜ ਨੇ ਹਮੇਸ਼ਾ ਦਖ਼ਲ-ਅੰਦਾਜ਼ੀ ਕੀਤੀ ਹੈ ਅਤੇ 2023 'ਚ ਵੀ ਫ਼ੌਜ ਦਾ ਦਖਲ ਜਾਰੀ ਹੈ। ਪਾਕਿਸਤਾਨੀ ਫ਼ੌਜ ਨੇ ਕਦੇ ਵੀ ਚੁਣੀ ਹੋਈ ਸਰਕਾਰ ਨੂੰ ਪੰਜ ਸਾਲ ਨਹੀਂ ਚੱਲਣ ਦਿੱਤਾ।ਪਿਛਲੇ ਸਾਲ ਇਮਰਾਨ ਖਾਨ ਨੂੰ ਸੱਤਾ ਤੋਂ ਲਾਂਭੇ ਕਰਨ ਤੋਂ ਬਾਅਦ, ਪਾਕਿਸਤਾਨ ਸਿਆਸੀ ਅਰਾਜਕਤਾ ਨਾਲ ਜੂਝ ਰਿਹਾ। ਇਸ ਸਾਲ 9 ਮਈ ਨੂੰ ਇਮਰਾਨ ਖਾਨ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੂਰੇ ਪਾਕਿਸਤਾਨ ਵਿੱਚ ਪ੍ਰਦਰਸ਼ਨ ਸ਼ੁਰੂ ਹੋ ਗਏ ਸਨ ਅਤੇ ਪਾਕਿਸਤਾਨੀ ਫ਼ੌਜ ਦੇ ਹੈੱਡਕੁਆਟਰ 'ਤੇ ਇਮਰਾਨ ਖਾਨ ਦੇ ਸਮਰਥਕਾਂ ਵੱਲੋਂ ਹਮਲਾ ਕੀਤਾ ਗਿਆ ਸੀ, ਜੋ ਪਾਕਿਸਤਾਨ ਦੀ ਤਾਕਤਵਰ ਫ਼ੌਜ ਲਈ ਬਿਲਕੁਲ ਨਵਾਂ ਸੀ।

ਪਾਕਿਸਤਾਨ ਨੂੰ ਵੀ ਗੁਆਂਢੀ ਦੇਸ਼ ਅਫ਼ਗਾਨਿਸਤਾਨ ਵਿੱਚ ਅਸਥਿਰਤਾ ਅਤੇ ਵਧਦੇ ਅੱਤਵਾਦੀ ਹਮਲਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਸੁਰੱਖਿਆ ਚੁਣੌਤੀਆਂ ਖੁਰ ਰਹੀ ਆਰਥਿਕਤਾ ਅਤੇ 2022 ਵਿੱਚ ਵਿਨਾਸ਼ਕਾਰੀ ਹੜ੍ਹਾਂ ਦੇ ਚੱਲ ਰਹੇ ਖ਼ਰਚਿਆਂ ਕਾਰਨ ਹੋਰ ਵੀ ਖ਼ਤਰਨਾਕ ਬਣ ਗਈਆਂ ਹਨ।

ਪਾਕਿਸਤਾਨ ਵਿੱਚ 8 ਫ਼ਰਵਰੀ 2024 ਨੂੰ ਸੰਸਦੀ ਚੋਣਾਂ ਹੋਣ ਦੀ ਉਮੀਦ ਹੈ, ਜਿਸ ਤੋਂ ਬਾਅਦ ਮੌਜੂਦਾ ਫ਼ੌਜੀ ਦੇਖ ਭਾਲ ਕਰਨ ਵਾਲੀ ਸਰਕਾਰ ਨੂੰ ਨਾਗਰਿਕ ਸ਼ਾਸਨ ਨੂੰ ਸੱਤਾ ਸੌਂਪਣ ਦੀ ਉਮੀਦ ਹੈ। ਕਈ ਲੋਕ ਫ਼ੌਜ 'ਤੇ ਤਿੱਖੀ ਨਜ਼ਰ ਰੱਖ ਰਹੇ ਹਨ। ਜੇ ਸੱਤਾ ਦਾ ਇਹ ਤਬਾਦਲਾ ਨਹੀਂ ਹੁੰਦਾ, ਜਾਂ ਦੇਰੀ ਹੁੰਦੀ ਹੈ, ਤਾਂ ਸਿਵਲ ਵਾਰ ਛਿੜ ਸਕਦੀ ਹੈ।

ਸ੍ਰੀਲੰਕਾ ਨੂੰ 2022 ਵਿੱਚ ਇੱਕ ਗੰਭੀਰ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪਿਆ, ਜਿਸ ਨਾਲ ਬਾਲਣ, ਭੋਜਨ ਅਤੇ ਦਵਾਈਆਂ ਦੀ ਗੰਭੀਰ ਕਮੀ ਹੋ ਗਈ। ਨਾਗਰਿਕ ਪ੍ਰਦਰਸ਼ਨਾਂ ਕਾਰਨ ਉਸ ਸਮੇਂ ਦੇ ਰਾਸ਼ਟਰਪਤੀ ਗੋਟਾਬਾਯਾ ਰਾਜਪਕਸ਼ੇ ਨੂੰ ਦੇਸ਼ ਛੱਡ ਕੇ ਭੱਜਣਾ ਪਿਆ ਸੀ। ਉਨ੍ਹਾਂ ਦੀ ਥਾਂ ਮੌਜੂਦਾ ਪ੍ਰਧਾਨ ਰਾਨਿਲ ਵਿਕਰਮ ਸਿੰਘ ਨੇ ਲੈ ਲਈ ਸੀ।

ਹਾਲਾਂ ਕਿ, 2023 ਵਿੱਚ ਹਾਲਾਤ ਸਥਿਰ ਹੋ ਗਏ ਸਨ ਅਤੇ ਸ੍ਰੀਲੰਕਾ ਨੇ ਅੰਤਰਰਾਸ਼ਟਰੀ ਮੁਦਰਾ ਫ਼ੰਡ ਦੇ ਨਾਲ ਇੱਕ ਬੇਲਆਊਟ ਸਮਝੌਤੇ ਦੇ ਹਿੱਸੇ ਵਜੋਂ ਆਰਥਿਕ ਸੁਧਾਰਾਂ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਪਰ, ਸਿਆਸੀ ਕੁਲੀਨ ਵਰਗ ਦੇ ਭ੍ਰਿਸ਼ਟਾਚਾਰ ਅਤੇ ਦੇਸ਼ ਦੀਆਂ ਆਰਥਿਕ ਮੁਸ਼ਕਿਲਾਂ ਦੇ ਕਾਰਨਾਂ ਨੂੰ ਅਜੇ ਤੱਕ ਹੱਲ ਨਹੀਂ ਕੀਤਾ ਗਿਆ ਹੈ। ਸ੍ਰੀਲੰਕਾ ਵਿੱਚ ਵੀ 2024 ਦੇ ਅੰਤ ਤੱਕ ਚੋਣਾਂ ਹੋਣੀਆਂ ਹਨ। ਹਾਲਾਂ ਕਿ ਮੌਜੂਦਾ ਰਾਸ਼ਟਰਪਤੀ ਵਿਕਰਮਾਸਿੰਘੇ ਦੇ ਦੂਜੇ ਕਾਰਜਕਾਲ ਲਈ ਚੋਣ ਲੜਨ ਦੀ ਸੰਭਾਵਨਾ ਹੈ, ਪਰ ਉਨ੍ਹਾਂ ਉੱਪਰ ਜਨਤਾ ਦਾ ਵਿਸ਼ਵਾਸ ਘੱਟ ਹੈ। ਉਸ ਨੂੰ ਭ੍ਰਿਸ਼ਟ ਸਿਆਸੀ ਕੁਲੀਨ ਵਰਗ ਦੇ ਬਹੁਤ ਨੇੜੇ ਦੇਖਿਆ ਜਾਂਦਾ ਹੈ।

ਇਸ ਲਈ ਇਹ ਅਸੰਤੁਸ਼ਟਤਾ ਨਵੇਂ ਵਿਰੋਧ ਨੂੰ ਜਨਮ ਦੇ ਸਕਦੀ ਹੈ। ਖਾਸ ਤੌਰ 'ਤੇ ਜੇ ਆਰਥਿਕਤਾ ਦੁਬਾਰਾ ਡਿੱਗ ਜਾਂਦੀ ਹੈ, ਜਾਂ ਜੇ 2022 ਵਾਲੇ ਹਾਲਾਤ ਦੁਬਾਰਾ ਬਣਦੇ ਹਨ, ਤਾਂ ਦੇਸ਼ ਆਰਥਿਕ ਸੰਕਟ ਤੋਂ ਬਾਅਦ ਅਰਾਜਕਤਾ ਦੀ ਸਥਿਤੀ ਵਿੱਚ ਪੈ ਸਕਦਾ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਜੇ ਸੰਸਾਰ ਦੇ ਵੱਡੇ ਦੇਸ਼ਾਂ ਨੇ ਦੋ ਸੰਸਾਰ ਜੰਗਾਂ ਦੀ ਤਬਾਹਕੁੰਨ ਤੋਂ ਸਬਕ ਸਿੱਖਿਆ ਹੁੰਦਾ ਤਾਂ ਅੱਜ-ਕੱਲ੍ਹ ਦੇ ਜੰਗੀ ਪਰਮਾਣੂ ਬੱਦਲ ਨਾ ਗਰਜਦੇ। ਵਿਸ਼ਵ ਜੰਗਾਂ ਤੋਂ ਬਾਅਦ ਮੁਲਕਾਂ ਦੀਆਂ ਲੜਾਈਆਂ ਦਾ ਹੱਲ ਲੱਭਣ ਖ਼ਾਤਰ ਪਹਿਲਾਂ ਲੀਗ ਆਫ਼ ਨੇਸ਼ਨਜ਼ ਹੋਂਦ ਵਿੱਚ ਆਈ ਤੇ ਮਗਰੋਂ ਉਹ ਸੰਯੁਕਤ ਰਾਸ਼ਟਰ ਦੇ ਰੂਪ ਵਿੱਚ ਹੋਂਦ ਵਿੱਚ ਆਈ ਸੀ। ਇਹ ਸੰਗਠਨ ਆਪਣਾ ਫ਼ਰਜ਼ ਨਿਭਾਉਣ ਦੀ ਕੋਸ਼ਿਸ਼ ਤਾਂ ਕਰ ਰਿਹਾ ਹੈ ਪਰ ਤ੍ਰਾਸਦੀ ਇਹ ਹੈ ਕਿ ਮਹਾ-ਸ਼ਕਤੀਆਂ ਮਸਲਨ ਅਮਰੀਕਾ, ਰੂਸ, ਚੀਨ ਤੇ ਹੋਰ ਵਿਕਸਤ ਦੇਸ਼ਾਂ ਵੱਲੋਂ ਇਸ ਦੀ ਅਕਸਰ ਹੁਕਮ-ਅਦੂਲੀ ਕੀਤੀ ਜਾ ਰਹੀ ਹੈ। ਯੂਕਰੇਨ ਤੇ ਇਜ਼ਰਾਈਲ-ਹਮਾਸ ਜੰਗ ਇਸ ਦੀ ਵੱਡੀ ਮਿਸਾਲ ਹਨ ਜਿੱਥੇ ਸੰਯੁਕਤ ਰਾਸ਼ਟਰ ਦੀ ਗੱਲ ਨਹੀਂ ਮੰਨੀ ਗਈ। ਚਾਹੀਦਾ ਤਾਂ ਇਹ ਹੈ ਕਿ ਸਾਰੇ ਮੁਲਕ ਸੰਯੁਕਤ ਰਾਸ਼ਟਰ ਨੂੰ ਸਹਿਯੋਗ ਦੇਣ। ਜੇ ਇਸ ਧਰਤੀ ਨੂੰ ਤਬਾਹੀ ਤੋਂ ਬਚਾਉਣਾ ਹੈ ਤਾਂ ਸਾਨੂੰ ਵਿਸ਼ਵ ਸ਼ਾਂਤੀ ਲਈ ਪ੍ਰਤੀਬੱਧਤਾ ਨੂੰ ਦੁਹਰਾਉਂਦਿਆਂ ਜੰਗਾਂ ਤੋਂ ਤੌਬਾ ਕਰਨੀ ਪਵੇਗੀ।

### ਕਿਮ ਜੋਂਗ ਵੱਲੋਂ ਪ੍ਰਮਾਣੂ ਹਥਿਆਰਾਂ ਦਾ ਭੰਡਾਰ ਵਧਾਉਣ ਦਾ ਐਲਾਨ



ਉੱਤਰੀ ਕੋਰੀਆ ਦੇ ਤਾਨਾਸ਼ਾਹ ਕਿਮ ਜੋਂਗ ਉਨ ਇਸ ਸਾਲ ਵਿੱਚ 3 ਹੋਰ ਜਾਸੂਸੀ ਉਪਗ੍ਰਹਿ ਲਾਂਚ ਕਰਨ ਦੀ ਯੋਜਨਾ ਬਣਾ ਰਹੇ ਹਨ। ਇਸ ਦੇ ਨਾਲ ਹੀ ਕਿਮ ਦਾ ਉਦੇਸ਼ ਸੈਨਾ ਨੂੰ ਮਜ਼ਬੂਤ ਕਰਨ ਲਈ ਵੱਧ ਤੋਂ ਵੱਧ ਮਾਨਵ ਰਹਿਤ ਡਰੋਨ ਬਣਾਉਣਾ ਹੈ। ਸਰਕਾਰੀ ਮੀਡੀਆ ਕੇ.ਸੀ.ਐਨ.ਏ. ਨੇ ਨਵੇਂ ਸਾਲ ਦੌਰਾਨ ਇਹ ਜਾਣਕਾਰੀ ਦਿੱਤੀ। ਕਿਮ ਨੇ ਕਿਹਾ ਕਿ ਦੇਸ਼ ਕੋਲ ਆਪਣੀਆਂ ਪ੍ਰਮਾਣੂ ਇੱਛਾਵਾਂ ਨੂੰ ਅੱਗੇ ਵਧਾਉਣ ਅਤੇ ਅਮਰੀਕਾ ਦੇ ਵਿਰੋਧੀਆਂ ਨਾਲ ਡੂੰਘੇ ਸਬੰਧ ਬਣਾਉਣ ਤੋਂ ਇਲਾਵਾ ਕੋਈ ਬਦਲ ਨਹੀਂ ਹੈ। ਕਿਮ ਨੇ ਕਿਹਾ ਕਿ ਨਾਜ਼ਕ ਸਥਿਤੀਆਂ 'ਚ ਸਾਨੂੰ ਯੁੱਧ ਪ੍ਰਤੀਕ੍ਰਿਆ ਸਮਰੱਥਾ ਵਧਾਉਣ ਲਈ ਤੇਜ਼ੀ ਨਾਲ ਕੰਮ ਕਰਨ ਦੀ ਲੋੜ ਹੈ। ਕਿਮ ਦੇ ਇਨ੍ਹਾਂ ਬਿਆਨਾਂ ਤੋਂ ਇੱਕ ਗੱਲ ਤਾਂ ਸਪੱਸ਼ਟ ਹੋ ਜਾਂਦੀ ਹੈ ਕਿ ਉਹ ਦੇਸ਼ ਵਿੱਚ ਹਥਿਆਰਾਂ ਦੇ ਭੰਡਾਰ ਨੂੰ ਵਧਾਉਣ ਲਈ ਪ੍ਰੀਖਣ ਕਰਦੇ ਰਹਿਣਗੇ। ਉੱਤਰੀ ਕੋਰੀਆ ਦੇ ਇਸ ਕਦਮ ਤੋਂ ਬਾਅਦ ਅਮਰੀਕਾ, ਆਸਟ੍ਰੇਲੀਆ, ਜਾਪਾਨ ਅਤੇ ਦੱਖਣੀ ਕੋਰੀਆ ਨੇ ਚਿੰਤਾ ਜਤਾਈ ਹੈ।

**ਦਰਪਣ ਝੂਠ ਨਹੀਂ ਬੋਲਦਾ**

# ਪੰਜਾਬ ਸਰਕਾਰ ਸਾਰੇ ਪੁਲਿਸ ਮੁਕਾਬਲਿਆਂ ਦੀ ਨਿਰਪੱਖ ਜਾਂਚ ਕਰਵਾਏ

## ਅਕਾਲੀ-ਭਾਜਪਾ ਤੇ ਕਾਂਗਰਸ ਸਰਕਾਰਾਂ ਨੇ ਜਥੇਦਾਰ ਕਾਉਂਕੇ ਦੀ ਸ਼ਹਾਦਤ ਦੀ ਰਿਪੋਰਟ ਨੂੰ ਦਬਾਈ ਰਖਿਆ

### ਬਾਬਾ ਬੇਦੀ, ਵਕੀਲ ਬੈਂਸ, ਬੀਬੀ ਖਾਲੜਾ ਨੇ ਖੋਲੇ ਭੇਦ

ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮਰਹੂਮ ਕਾਰਜਕਾਰੀ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੀ ਸ਼ਹਾਦਤ ਦੀ ਦਾਸਤਾਨ ਫਿਰ ਤੋਂ ਚਰਚਾ ਵਿੱਚ ਹੈ ਤੇ ਸਿੱਖ ਪੰਥ ਦੀਆਂ ਵੱਖ-ਵੱਖ ਸੰਸਥਾਵਾਂ, ਜਿਨ੍ਹਾਂ ਵਿੱਚ ਕੇਂਦਰੀ ਸਿੰਘ ਸਭਾ ਵੀ ਸ਼ਾਮਿਲ ਹੈ ਅਤੇ ਹੋਰ ਕਈ ਮਨੁੱਖੀ ਅਧਿਕਾਰ ਸੰਸਥਾਵਾਂ ਤੇ ਕਾਰਕੁੰਨ ਵੀ ਸ਼ਾਮਿਲ ਹਨ, ਇਸ ਅਣਮਨੁੱਖੀ ਕਤਲ ਦੀ ਜਾਂਚ ਦੀ ਮੰਗ ਕਰ ਰਹੀਆਂ ਹਨ। ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਪੰਜਾਬ ਸੰਤਾਪ ਦੇ ਦੌਰ ਵਿੱਚ ਹੋਏ ਸਾਰੇ ਰਿਕਾਰਡ ਪੁਲਿਸ ਮੁਕਾਬਲਿਆਂ ਅਤੇ ਅਣਪਛਾਤੀਆਂ ਲਾਸ਼ਾਂ ਤੇ ਝੂਠੇ ਪੁਲਿਸ ਮੁਕਾਬਲਿਆਂ ਦੀ ਜਾਂਚ ਲਈ ਇੱਕ ਵਿਆਪਕ ਅਧਿਕਾਰਾਂ ਵਾਲਾ ਉੱਚ ਪੱਧਰੀ ਜੁਡੀਸ਼ੀਅਲ ਕਮਿਸ਼ਨ ਬਣਾਉਣਾ ਚਾਹੀਦਾ ਹੈ। ਇਹ ਮੰਗ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਵੱਲੋਂ ਪ੍ਰਕਾਸ਼ ਸਿੰਘ ਬਾਦਲ ਅੱਗੇ ਰੱਖੀ ਗਈ ਸੀ। ਇਸ ਬਾਰੇ ਬਾਦਲ ਨੂੰ ਅਸੀਂ ਮਿਲੇ ਵੀ ਸੀ। ਬਾਦਲ ਸਾਹਿਬ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਯਕੀਨ ਦਿਵਾਇਆ ਸੀ ਕਿ ਇਨਸਾਫ ਹੋਵੇਗਾ। ਇਸ ਬਾਰੇ ਕਮਿਸ਼ਨ ਬਣੇਗਾ। ਸੱਤਾ ਮਿਲਣ ਉਪਰੰਤ ਬਾਦਲ ਸਾਹਿਬ ਇਨਕਾਰੀ ਹੋ ਗਏ।



ਹਾਈਕੋਰਟ ਦੇ ਸੀਨੀਅਰ ਵਕੀਲ ਰਾਜਵਿੰਦਰ ਸਿੰਘ ਬੈਂਸ ਦਾ ਕਹਿਣਾ ਹੈ ਕਿ ਜਿਥੋਂ ਤੱਕ ਭਾਈ ਕਾਉਂਕੇ ਨੂੰ ਪੁਲਿਸ ਹਿਰਾਸਤ ਵਿਚੋਂ ਗ਼ਾਇਬ ਕਰ ਦਿੱਤੇ ਜਾਣ ਦਾ ਮਾਮਲਾ ਹੈ, ਇਸ ਬਾਰੇ 1997 ਵਿੱਚ ਹਾਈ ਕੋਰਟ ਦੇ ਸਾਬਕਾ ਜੱਜ ਤੇ ਮਨੁੱਖੀ ਅਧਿਕਾਰ ਕਾਰਕੁੰਨ ਜਸਟਿਸ ਅਜੀਤ ਸਿੰਘ ਬੈਂਸ ਦੀ ਅਗਵਾਈ ਵਿੱਚ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਜਾਤੀ ਤੌਰ 'ਤੇ ਮਿਲ ਕੇ ਇਸ ਮਾਮਲੇ ਦੀ ਜਾਂਚ ਕਰਵਾਉਣ ਲਈ ਮੰਗ ਪੱਤਰ ਦਿੱਤਾ ਗਿਆ ਸੀ, ਪਰ ਬਾਦਲ ਸਰਕਾਰ ਨੇ ਬਾਅਦ ਵਿੱਚ ਉਸ ਵੇਲੇ ਦੇ ਐਡੀਸ਼ਨਲ ਡੀ.ਜੀ.ਪੀ. ਬੀ.ਪੀ. ਤਿਵਾੜੀ ਦੀ ਜਾਂਚ ਰਿਪੋਰਟ ਨੂੰ ਦਬਾਅ ਲਿਆ ਸੀ। ਉਸ ਤੋਂ ਬਾਅਦ ਦੀਆਂ ਅਕਾਲੀ-ਭਾਜਪਾ ਤੇ ਕਾਂਗਰਸ ਸਰਕਾਰਾਂ ਨੇ ਵੀ ਇਸ ਨੂੰ ਦਬਾਈ ਹੀ ਰੱਖਿਆ। ਮਨੁੱਖੀ ਅਧਿਕਾਰ ਕਾਰਕੁੰਨਾਂ ਵੱਲੋਂ ਲਗਾਤਾਰ ਰਿਪੋਰਟ ਦੀ ਕਾਪੀ ਦੀ ਆਰ.ਟੀ.ਆਈ. ਰਾਹੀਂ ਮੰਗ ਨੂੰ ਵੀ ਠੁਕਰਾਇਆ ਜਾਂਦਾ ਰਿਹਾ ਪਰ ਅਖੀਰ ਮਨੁੱਖੀ ਅਧਿਕਾਰ ਕਾਰਕੁਨਾਂ ਨੇ ਆਪਣੇ ਹੀ ਵਸੀਲਿਆਂ ਰਾਹੀਂ 11 ਸਫ਼ਿਆਂ ਦੀ ਇਹ ਰਿਪੋਰਟ ਹਾਸਿਲ ਕਰਕੇ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਇਸ 'ਤੇ ਕਾਰਵਾਈ ਕਰਵਾਉਣ ਲਈ ਸੌਂਪ ਦਿੱਤੀ ਹੈ। ਪਰ ਜਥੇਦਾਰ ਸਾਹਿਬ ਨੇ ਇਸ 'ਤੇ ਕਾਰਵਾਈ ਨਾ ਕਰਵਾਈ। ਵੈਸੇ ਇਸ ਬਾਰੇ ਪ੍ਰਮੁੱਖ ਲੇਖਕ ਤੇ ਮਨੁੱਖੀ ਅਧਿਕਾਰ ਕਾਰਕੁੰਨ ਰਾਮ ਨਾਰਾਇਣ ਕੁਮਾਰ ਦੀ ਅਗਵਾਈ ਵਾਲੀ ਕਮੇਟੀ ਫ਼ਾਰ ਕੋ-ਆਰਡੀਨੇਸ਼ਨ ਆਫ਼ ਡਿਸਅਪੀਅਰੈਂਸ ਇਨ ਪੰਜਾਬ ਨੇ ਇਸ ਰਹੱਸਮਈ ਗੁੰਮਸ਼ੁਦਗੀ ਦਾ ਪਰਦਾਫਾਸ਼ ਕੀਤਾ ਸੀ ਤੇ ਇਸ ਬਾਰੇ ਦੋ ਪ੍ਰਤੱਖਦਰਸ਼ੀ ਪੁਲਿਸ ਅਧਿਕਾਰੀਆਂ ਜਿਨ੍ਹਾਂ ਵਿੱਚ ਇੱਕ ਦਰਸ਼ਨ ਸਿੰਘ ਸੀ, ਨੇ ਆਪਣਾ ਬਿਆਨ ਵੀ ਦਿੱਤਾ ਸੀ ਕਿ ਇਹ ਸਭ ਕੁਝ ਕਿਵੇਂ ਹੋਇਆ ਸੀ ?

ਇਸ 'ਤੇ ਕਾਰਵਾਈ ਜ਼ਰੂਰ ਹੋਣੀ ਚਾਹੀਦੀ ਹੈ। ਇਸ ਦੇ ਨਾਲ ਅਸਲ ਲੋੜ ਤਾਂ ਪੰਜਾਬ ਸੰਤਾਪ ਦੌਰ ਦੌਰਾਨ ਹੋਏ ਸਾਰੇ ਪੁਲਿਸ ਮੁਕਾਬਲਿਆਂ ਦੀ ਜਾਂਚ ਲਈ ਇਕ ਕਮਿਸ਼ਨ ਬਣਾਉਣ ਦੀ ਹੈ। ਮਨੁੱਖੀ ਅਧਿਕਾਰ ਕਾਰਕੁਨ ਸ਼ਹੀਦ ਜਸਵੰਤ ਸਿੰਘ ਖ਼ਾਲੜਾ ਦਾ ਅਨੁਮਾਨ ਸੀ ਕਿ ਕਰੀਬ 25000 ਨੌਜਵਾਨਾਂ ਦੀਆਂ ਅਣਪਛਾਤੀਆਂ ਲਾਸ਼ਾਂ ਦਾ ਅੰਤਿਮ ਸਸਕਾਰ ਕੀਤਾ ਗਿਆ ਸੀ। ਉਨ੍ਹਾਂ ਨੇ ਸਿਰਫ਼ 3 ਸ਼ਮਸ਼ਾਨਘਾਟਾਂ ਦੇ ਵੇਰਵੇ ਇਕੱਤਰ ਕਰ ਕੇ ਕਰੀਬ 2100 ਅਜਿਹੀਆਂ ਲਾਸ਼ਾਂ ਦੀ ਸ਼ਨਾਖਤ ਕਰ ਲਈ ਸੀ, ਪਰ ਉਨ੍ਹਾਂ ਨੂੰ ਖ਼ੁਦ ਨੂੰ ਵੀ ਇਸ ਦੇ ਬਦਲੇ ਗ਼ਾਇਬ ਕਰਕੇ ਸ਼ਹੀਦ ਕਰ ਦਿੱਤਾ ਗਿਆ। ਕਈ ਕਿਤਾਬਾਂ ਦੇ ਲੇਖਕ ਰਾਮ ਨਾਰਾਇਣ ਕੁਮਾਰ ਨੇ ਵੀ ਹਜ਼ਾਰਾਂ ਅਜਿਹੀਆਂ ਲਾਸ਼ਾਂ ਦੀ ਸ਼ਨਾਖਤ ਕੀਤੀ। ਇਨਸਾਫ਼ ਨਾਂਅ ਦੀ ਸੰਸਥਾ ਦੀ ਰਿਪੋਰਟ ਵੀ ਜਾਂਚ ਦੀ ਮੰਗ ਕਰਦੀ ਹੈ। 11 ਦਸੰਬਰ, 2017 ਨੂੰ ਅਧਿਕਾਰ ਐਡਵੋਕੇਸੀ ਗਰੁੱਪ ਨੇ ਪੰਜਾਬ ਵਿੱਚ ਜ਼ਬਰਦਸਤੀ ਲਾਪਤਾ, ਸਮੂਹਿਕ ਹਤਿਆਵਾਂ ਤੇ ਝੂਠੇ ਪੁਲਿਸ ਮੁਕਾਬਲਿਆਂ ਦੇ 8257 ਮਾਮਲਿਆਂ ਵਿੱਚ ਸਬੂਤ ਹੋਣ ਦਾ ਦਾਅਵਾ ਕੀਤਾ ਸੀ, ਜਿਨ੍ਹਾਂ ਦੇ ਸਬੂਤ ਗ਼ਾਇਬ ਕਰ ਦਿੱਤੇ ਗਏ, ਹੋਰ ਹਜ਼ਾਰਾਂ ਵੱਖਰੇ ਹਨ। ਇਸ ਗਰੁੱਪ ਦੀ ਰਿਪੋਰਟ ਵਿੱਚ ਕਿਹਾ ਗਿਆ, ਸਾਡੀਆਂ ਮੁਢਲੀਆਂ ਖੋਜਾਂ ਨੇ ਦਿਖਾਇਆ ਹੈ ਕਿ ਇਨ੍ਹਾਂ ਰਿਪੋਰਟ ਕੀਤੇ ਗਏ ਪੁਲਿਸ ਮੁਕਾਬਲਿਆਂ ਵਿਚੋਂ 95 ਫ਼ੀਸਦੀ ਤੋਂ ਵਧੇਰੇ ਫ਼ਰਜ਼ੀ ਸਨ। ਬੀਬੀ ਪਰਮਜੀਤ ਕੌਰ ਖਾਲੜਾ ਦਾ ਕਹਿਣਾ ਹੈ ਕਿ ਪਿਛਲੇ ਸਮੇਂ ਵਿੱਚ ਕੁਝ ਝੂਠੇ ਮੁਕਾਬਲੇ ਬਣਾਉਣ ਵਾਲੇ ਅਫ਼ਸਰਾਂ ਨੂੰ ਸਜ਼ਾ ਜ਼ਰੂਰ ਹੋਈ, ਜੋ ਸਾਬਤ ਕਰਦੀ ਹੈ ਕਿ ਬਹੁਤੇ ਮੁਕਾਬਲੇ ਝੂਠੇ ਸਨ ਤੇ ਇਨ੍ਹਾਂ ਸਾਰਿਆਂ ਦੀ ਜਾਂਚ ਲਈ ਕਮਿਸ਼ਨ ਬਣਾਉਣਾ ਬਹੁਤ ਜ਼ਰੂਰੀ ਹੈ। ਇਸ ਦਰਮਿਆਨ 6 ਜੁਲਾਈ, 2013 ਦੀ ਰਿਪੋਰਟ ਹੈ ਕਿ ਜਿਸ ਵਿੱਚ ਇੱਕ ਪੁਲਿਸ ਸਬ ਇੰਸਪੈਕਟਰ ਸੁਰਜੀਤ ਸਿੰਘ, ਪਛਤਾਵਾ ਕਰਦਿਆਂ ਇਕਬਾਲੀਆ ਬਿਆਨ ਰਾਹੀਂ ਕਹਿੰਦਾ ਹੈ ਕਿ ਉਸ ਨੇ ਘੱਟੋ-ਘੱਟ 80 ਲੋਕਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਿਆ। ਉਸ ਨੇ ਕਿਹਾ ਕਿ ਇਨ੍ਹਾਂ ਝੂਠੇ ਤੇ ਸੱਚੇ ਪੁਲਿਸ ਮੁਕਾਬਲਿਆਂ ਵਿੱਚ ਲੋਕਾਂ ਨੂੰ ਮਾਰਨ ਵਾਲਿਆਂ ਨੂੰ ਤੇਜ਼ ਤਰੱਕੀਆਂ ਮਿਲੀਆਂ। ਉਸ ਨੇ ਘੱਟੋ-ਘੱਟ 16 ਫ਼ਰਜ਼ੀ ਪੁਲਿਸ ਮੁਕਾਬਲਿਆਂ ਦੀ ਸੂਚੀ ਵੀ ਦਿੱਤੀ, ਜਿਨ੍ਹਾਂ ਵਿੱਚ ਕਰੀਬ 3 ਦਰਜਨ ਵਿਅਕਤੀ (ਬਾਕੀ ਸਫ਼ਾ 31 'ਤੇ)

# ਭਾਰਤ 'ਚ ਹਾਈ-ਪ੍ਰੋਫ਼ਾਈਲ ਪੱਤਰਕਾਰਾਂ ਦੀ ਜਾਸੂਸੀ ਕਰਨ ਲਈ ਪੈਗਾਸਸ ਸਪਾਈਵੇਅਰ ਦੀ ਵਰਤੋਂ ਜਾਰੀ

### ਐਮਨੈਸਟੀ ਇੰਟਰਨੈਸ਼ਨਲ ਤੇ ਅਮਰੀਕੀ ਅਖ਼ਬਾਰ ਵਾਸ਼ਿੰਗਟਨ ਪੋਸਟ ਨੇ ਰਿਪੋਰਟ ਜਾਰੀ ਕਰਕੇ ਕੀਤਾ ਦਾਅਵਾ

28 ਦਸੰਬਰ ਨੂੰ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨ, ਐਮਨੈਸਟੀ ਇੰਟਰਨੈਸ਼ਨਲ ਅਤੇ ਅਮਰੀਕੀ ਅਖ਼ਬਾਰ ਵਾਸ਼ਿੰਗਟਨ ਪੋਸਟ ਦੀ ਸਾਂਝੇ ਤੌਰ ਉੱਪਰ ਜਾਂਚ ਦੀ ਰਿਪੋਰਟ ਜਾਰੀ ਕਰਦੇ ਹੋਏ, ਐਮਨੈਸਟੀ ਇੰਟਰਨੈਸ਼ਨਲ ਨੇ ਦਾਅਵਾ ਕੀਤਾ ਹੈ ਕਿ ਭਾਰਤ ਦੇ ਕੁਝ ਪ੍ਰਮੁੱਖ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਲਈ ਐਨ.ਐਸ.ਓ. ਸਮੂਹ ਦੇ ਬੇਹੱਦ ਘਾਤਕ ਸਪਾਈਵੇਅਰ ਪੈਗਾਸਸ ਦੀ ਲਗਾਤਾਰ ਵਰਤੋਂ ਵੇਰਵੇ ਹੱਥ ਆਏ ਹਨ। ਇਸ ਹਮਲੇ ਦਾ ਸ਼ਿਕਾਰ ਇੱਕ ਅਜਿਹੇ ਪੱਤਰਕਾਰ ਨੂੰ ਬਣਾਇਆ ਗਿਆ ਹੈ, ਜਿਸ ਨੂੰ ਪਹਿਲਾਂ ਵੀ ਇਸੇ ਸਪਾਈਵੇਅਰ ਦੀ ਵਰਤੋਂ ਕਰਕੇ ਸ਼ਿਕਾਰ ਬਣਾਇਆ ਗਿਆ ਸੀ।

ਤੁਹਾਨੂੰ ਦੱਸ ਦੇਈਏ ਕਿ 27 ਦਸੰਬਰ 2022 ਨੂੰ ਵਾਸ਼ਿੰਗਟਨ ਪੋਸਟ ਨੇ ਇੱਕ ਲੰਬੇ ਲੇਖ ਵਿੱਚ ਦਾਅਵਾ ਕੀਤਾ ਸੀ ਕਿ ਅਕਤੂਬਰ ਦੇ ਮਹੀਨੇ ਵਿੱਚ ਜਦੋਂ ਆਈਫੋਨ ਨੇ ਆਪਣੇ ਭਾਰਤੀ ਖਪਤਕਾਰਾਂ ਨੂੰ ਸੰਦੇਸ਼ ਜਾਰੀ ਕਰਕੇ ਚਿਤਾਵਨੀ ਦਿੱਤੀ ਸੀ ਕਿ ਉਨ੍ਹਾਂ ਦੇ ਆਈਫੋਨ ਨੂੰ ਸਰਕਾਰੀ ਸਪਾਂਸਰਡ ਹੈਕਰਾਂ ਦੁਆਰਾ ਹੈਕ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਤਦ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਕੰਮ ਕਰ ਰਹੇ ਅਧਿਕਾਰੀਆਂ ਵੱਲੋਂ ਐਪਲ ਕੰਪਨੀ ਖ਼ਿਲਾਫ਼ ਤੁਰੰਤ ਨੋਟਿਸ ਲਿਆ ਗਿਆ।ਵਾਸ਼ਿੰਗਟਨ ਪੋਸਟ ਦੇ ਇਸ ਲਗਭਗ 4,500 ਸ਼ਬਦਾਂ ਦੇ ਲੇਖ ਦੇ ਨਿਚੋੜ ਵਿੱਚ ਕਿਹਾ ਗਿਆ ਹੈ ਕਿ ਐਪਲ ਕੰਪਨੀ ਦੇ ਭਾਰਤੀ ਸ਼ਾਖਾ ਦੇ ਅਧਿਕਾਰੀਆਂ ਉੱਪਰ ਅਚਾਨਕ ਇੰਨਾ ਦਬਾਅ ਪਾਇਆ ਗਿਆ ਸੀ ਕਿ ਉਹ ਅਸਹਿਜ ਮਹਿਸੂਸ ਕਰ ਰਹੇ ਸਨ। ਸੱਤਾਧਾਰੀ ਭਾਜਪਾ ਦੇ ਅਧਿਕਾਰੀਆਂ ਨੇ ਜਨਤਕ ਤੌਰ 'ਤੇ ਸਵਾਲ ਕੀਤਾ ਗਿਆ ਕਿ ਕੀ ਸਿਲੀਕਾਨ ਵੈਲੀ ਕੰਪਨੀ ਦੇ ਅੰਦਰੂਨੀ ਖਤਰੇ ਦੇ ਐਲਗੋਰਿਦਮ ਵਿੱਚ ਕੋਈ ਨੁਕਸ ਪੈਦਾ ਹੋ ਗਿਆ ਸੀ।

ੈਲਾਨ ਕਰ ਦਿਤਾ ਗਿਆ ਅਖ਼ਬਾਰ ਦੇ ਅਨੁਸਾਰ, ਇਸ ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਤਿੰਨ ਲੋਕਾਂ ਦਾ ਕਹਿਣਾ ਹੈ ਕਿ ਮੋਦੀ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਦੁਆਰਾ ਐਪਲ ਦੇ ਭਾਰਤੀ ਪ੍ਰਤੀਨਿਧੀਆਂ ਨੂੰ ਬੁਲਾਕੇ ਮੰਗ ਕੀਤੀ ਗਈ ਸੀ ਕਿ ਕੰਪਨੀ ਇਨ੍ਹਾਂ ਚਿਤਾਵਨੀਆਂ ਦੇ ਸਿਆਸੀ ਪ੍ਰਭਾਵ ਨੂੰ ਘੱਟ ਕਰਨ ਵਿੱਚ ਮਦਦ ਕਰੇ। (ਬਾਕੀ ਸਫ਼ਾ 31 'ਤੇ)

# ਜਾਤੀ ਜਨਗਣਨਾ ਦੀ ਮੁਹਿੰਮ ਤੋਂ ਸੰਘ ਤੇ ਭਾਜਪਾ ਡਰੇ

### 'ਇੰਡੀਆ' ਗੱਠਜੋੜ ਨੇ ਜਾਤੀ ਜਨਗਣਨਾ ਦੇ ਸੁਆਲ ਨੂੰ ਆਪਣੀ ਚੋਣ ਮੁਹਿੰਮ ਦਾ ਮੁੱਖ ਮੁੱਦਾ ਬਣਾਇਆ

ਜਾਤੀ ਜਨਗਣਨਾ ਦਾ ਸਵਾਲ ਇਸ ਵੇਲੇ ਰਾਸ਼ਟਰੀ ਸੋਇਮਸੇਵਕ ਸੰਘ ਤੇ ਭਾਜਪਾ ਲਈ 'ਸੱਪ ਦੇ ਮੂੰਹ ਕੋਹੜ ਕਿਰਲੀ' ਵਾਲਾ ਬਣਿਆ ਹੋਇਆ ਹੈ। ਹੁਣ ਤੱਕ ਸੰਘ ਲਈ ਸਿਆਸਤ ਦਾ ਮੁੱਖ ਬਿੰਦੂ ਮੁਸਲਮਾਨ ਵਿਰੋਧੀ ਧਾਰਮਿਕ ਨਫ਼ਰਤ ਫੈਲਾ ਕੇ 80 ਫ਼ੀਸਦੀ ਹਿੰਦੂ ਅਬਾਦੀ ਦੀਆਂ ਵੋਟਾਂ ਬਟੋਰਨਾ ਰਿਹਾ ਹੈ। ਹੁਣ ਜਦੋਂ ਬਿਹਾਰ ਵਿੱਚ ਹੋਈ ਜਾਤੀ ਜਨਗਣਨਾ ਨੇ ਹਿੰਦੂਆਂ ਵਿਚਲੀ ਜਾਤੀ ਵਿਵਸਥਾ ਦੀਆਂ ਵੱਖ-ਵੱਖ ਤਹਿਆਂ ਵਿੱਚ ਜਾਤੀ ਦੇ ਸੁਆਲ ਨੂੰ ਪ੍ਰਮੁੱਖਤਾ ਨਾਲ ਸਾਹਮਣੇ ਲੈ ਆਂਦਾ ਹੈ ਤਾਂ ਸੰਘ ਲਈ ਇਹ ਫੈਸਲਾ ਕਰਨਾ ਮੁਸ਼ਕਲ ਹੋ ਰਿਹਾ ਹੈ ਕਿ ਉਹ ਇਸ ਦਾ ਵਿਰੋਧ ਕਰੇ ਜਾਂ ਹਮਾਇਤ ਕਰੇ।

ਕੁਝ ਦਿਨ ਪਹਿਲਾਂ ਸੰਘ ਦੇ ਆਗੂ ਨੇ ਸ਼ਿਵ ਸੈਨਾ (ਸ਼ਿੰਦੇ) ਤੇ ਭਾਜਪਾ ਦੇ ਮਹਾਰਾਸ਼ਟਰ ਵਿਚਲੇ ਵਿਧਾਇਕਾਂ ਨੂੰ ਸੰਬੋਧਨ ਕਰਦਿਆਂ ਜਾਤੀ ਜਨਗਣਨਾ ਦਾ ਵਿਰੋਧ ਕੀਤਾ ਸੀ। ਹੁਣ ਸੰਘ ਦੇ ਪ੍ਰਚਾਰ ਪ੍ਰਮੁੱਖ ਸੁਨੀਲ ਅੰਬੇਕਰ ਨੇ ਇਸ ਦੇ ਉਲਟ ਬਿਆਨ ਦੇ ਦਿੱਤਾ ਹੈ। ਅੰਬੇਕਰ ਨੇ ਕਿਹਾ ਹੈ, 'ਇਹ ਸੱਚਾਈ ਹੈ ਕਿ ਵੱਖ-ਵੱਖ ਇਤਿਹਾਸਕ ਕਾਰਨਾਂ ਕਰਕੇ ਸਮਾਜ ਦੇ ਕਈ ਹਿੱਸੇ ਆਰਥਿਕ, ਸਮਾਜਿਕ ਤੇ ਸਿੱਖਿਆ ਦੀ ਨਜ਼ਰ ਤੋਂ ਪਛੜ ਗਏ ਹਨ। ਇਸ ਲਈ ਉਨ੍ਹਾਂ ਦੇ ਵਿਕਾਸ, ਉਠਾਣ ਤੇ ਸਸ਼ਕਤੀਕਰਨ ਲਈ ਵੱਖ-ਵੱਖ ਸਰਕਾਰਾਂ ਸਮੇਂ-ਸਮੇਂ ਉਤੇ ਅਨੇਕ ਯੋਜਨਾਵਾਂ ਤੇ ਢੰਗ-ਤਰੀਕੇ ਅਪਣਾਉਂਦੀਆਂ ਰਹੀਆਂ ਹਨ, ਜਿਨ੍ਹਾਂ ਦਾ ਸੰਘ ਸਮਰਥਨ ਕਰਦਾ ਹੈ।' ਉਨ੍ਹਾਂ ਅੱਗੇ ਕਿਹਾ, 'ਪਿਛਲੇ ਕੁਝ ਸਮੇਂ ਤੋਂ ਜਾਤੀ ਆਧਾਰਿਤ ਜਨਗਣਨਾ ਦੀ ਚਰਚਾ ਸ਼ੁਰੂ ਹੋਈ ਹੈ। (ਬਾਕੀ ਸਫ਼ਾ 31 'ਤੇ)

# ਮੱਧ ਪ੍ਰਦੇਸ਼, ਰਾਜਸਥਾਨ ਤੇ ਛੱਤੀਸਗੜ੍ਹ ਦੇ ਚੋਣ ਨਤੀਜਿਆਂ ਦੇ ਬਾਅਦ ਵੋਟਿੰਗ ਮਸ਼ੀਨਾਂ 'ਤੇ ਸਵਾਲ ਉੱਠੇ

ਸਿਰ 'ਤੇ ਆ ਚੁੱਕੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਵੋਟਿੰਗ ਮਸ਼ੀਨਾਂ ਵਿੱਚ ਹੇਰਾਫੇਰੀ ਦਾ ਮਸਲਾ ਇੱਕ ਵਾਰ ਫਿਰ ਮੁੱਦਾ ਬਣਦਾ ਨਜ਼ਰ ਆ ਰਿਹਾ ਹੈ। ਇਸ ਸਮੇਂ ਇੱਕ ਵੀਡੀਓ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਈ. ਵੀ. ਐਮ. ਵਿੱਚ ਮਨਮਰਜ਼ੀ ਦੀ ਵੋਟ ਪਾਈ ਜਾ ਸਕਦੀ ਹੈ। ਇਸ ਵੀਡੀਓ ਨੂੰ ਵੱਖ-ਵੱਖ ਸਿਆਸੀ ਆਗੂ ਸਾਂਝਾ ਕਰ ਰਹੇ ਹਨ। ਸ਼ਿਵ ਸੈਨਾ (ਠਾਕਰੇ) ਦੇ ਆਗੂ ਸੰਜੇ ਰਾਊਤ ਨੇ ਇਸ ਵੀਡੀਓ ਨੂੰ ਸਾਂਝਾ ਕਰਦਿਆਂ ਲਿਖਿਆ ਹੈ, ਈ. ਵੀ. ਐਮ. ਹੈ ਤਾਂ ਮੋਦੀ ਹੈ । ਸੰਜੇ ਰਾਊਤ ਨੇ ਨਾਮੀ ਵਕੀਲ ਪ੍ਰਸ਼ਾਂਤ ਭੂਸ਼ਣ ਦੀ ਪੋਸਟ ਨੂੰ ਮੁੜ ਪੋਸਟ ਕੀਤਾ ਹੈ, ਜਿਸ ਵਿੱਚ ਉਨ੍ਹਾਂ ਕਿਹਾ ਹੈ, ਖੁਦ ਦੇਖ ਲਓ, ਕਿਸ ਤਰ੍ਹਾਂ ਈ. ਵੀ. ਐਮ. ਤੇ ਵੀ. ਵੀ. ਪੈਟ ਵਿੱਚ ਛੇੜਛਾੜ ਹੋ ਸਕਦੀ ਹੈ । ਚੋਣ ਨਿਸ਼ਾਨਾਂ ਦੀ ਲੋਡਿੰਗ ਸਮੇਂ ਜੋ ਪ੍ਰੋਗਰਾਮ ਪਾਇਆ ਜਾਂਦਾ ਹੈ, ਮਸ਼ੀਨ ਉਸ ਅਨੁਸਾਰ ਕੰਮ ਕਰਦੀ ਹੈ। ਇਸ ਕਾਰਨ ਬਹੁਤੇ ਦੇਸ਼ ਤੇ ਸਾਡਾ ਗੁਆਂਢੀ ਬੰਗਲਾਦੇਸ਼ ਮਸ਼ੀਨਾਂ ਬੰਦ ਕਰਕੇ ਮੁੜ ਬੈਲਟ ਪੇਪਰ ਰਾਹੀਂ ਚੋਣਾਂ ਕਰਾਉਣ ਲੱਗ ਪਏ ਹਨ। ਪਹਿਲਾਂ ਭਾਜਪਾ ਵਾਲੇ ਵੀ ਬੈਲਟ ਪੇਪਰ ਰਾਹੀਂ ਚੋਣਾਂ ਦੀ ਮੰਗ ਕਰਦੇ ਸਨ। ਹੁਣ ਸੱਤਾ ਵਿੱਚ ਆਉਣ ਤੋਂ ਬਾਅਦ ਉਹ ਬਦਲ ਗਏ ਹਨ । ਵੀ. ਵੀ. ਪੈਟ ਮਸ਼ੀਨ ਦਾ ਸ਼ੀਸ਼ਾ ਕਿਉਂ ਕਾਲਾ ਕੀਤਾ ਗਿਆ ਹੈ ?

ਆਮ ਆਦਮੀ ਪਾਰਟੀ ਗੁਜਰਾਤ ਦੇ ਪ੍ਰਧਾਨ ਇਸੁਦੀਨ ਗੜਵੀ ਨੇ ਵੀਡੀਓ ਵਿੱਚ ਈ. ਵੀ. ਐਮ. ਹੈਕ ਕਰਨ ਵਾਲੇ ਵਿਅਕਤੀ ਬਾਰੇ ਕਿਹਾ ਹੈ, ਰਾਹੁਲ ਮਹਿਤਾ ਆਈ. ਆਈ. ਟੀ. ਵਿੱਚ ਪੜ੍ਹਿਆ ਹੋਇਆ ਹੈ । ਉਹ



ਚੋਣ ਕਮਿਸ਼ਨ ਨੂੰ ਕਈ ਵਾਰ ਕਹਿ ਚੁਕਾ ਹੈ ਕਿ ਈ. ਵੀ. ਐਮ. ਵਿੱਚ ਮੇਰਾ ਪ੍ਰੋਗਰਾਮ ਪਾ ਦਿਓ, ਮੈਂ 10 ਲੋਕਾਂ ਦੀ ਟੀਮ ਲੈ ਕੇ 11 ਲੱਖ ਮਸ਼ੀਨਾਂ ਵਿੱਚ ਜਿਸ ਉਮੀਦਵਾਰ ਨੂੰ ਜਿੰਨੇ ਫ਼ੀਸਦੀ ਵੋਟ ਚਾਹੀਦੇ ਹਨ, ਪਵਾ ਦੇਵਾਂਗਾ । ਉਨ੍ਹਾਂ ਆਪਣੇ ਟਵੀਟ ਵਿੱਚ ਕਿਹਾ ਹੈ, ਸਾਰੇ ਵਕੀਲ ਨੂੰ ਬੇਨਤੀ ਹੈ ਕਿ ਉਹ ਚੋਣ ਕਮਿਸ਼ਨ ਤੇ ਸੁਪਰੀਮ ਕੋਰਟ ਨੂੰ ਕਹਿਣ ਕਿ ਇਸ ਸਮੱਸਿਆ ਦਾ ਹੱਲ ਕੱਢਿਆ ਜਾਵੇ ਤਾਂ ਜੋ ਜਨਤਾ ਦਾ ਚੋਣ ਪ੍ਰਕਿਰਿਆ ਉੱਤੇ ਭਰੋਸਾ ਬਣਿਆ ਰਹੇ ।

ਕਾਂਗਰਸ ਨੇਤਾ ਅਲਕਾ ਲਾਂਬਾ ਨੇ ਇਸ ਟਵੀਟ ਨੂੰ ਰੀਟਵੀਟ ਕਰਦਿਆਂ ਲਿਖਿਆ ਹੈ, ਚੋਣ ਕਮਿਸ਼ਨ ਨੂੰ ਪ੍ਰਧਾਨ ਮੰਤਰੀ ਦੀ ਇਜਾਜ਼ਤ ਦਾ ਇੰਤਜ਼ਾਰ ਹੈ, ਜੋ ਕਦੇ ਨਾ ਖ਼ਤਮ ਹੋਣ ਵਾਲਾ ਹੈ । ਉਨ੍ਹਾਂ ਚੋਣ ਕਮਿਸ਼ਨ ਤੇ ਪ੍ਰਧਾਨ ਮੰਤਰੀ ਨੂੰ ਵੀ ਟੈਗ ਕੀਤਾ ਹੈ । ਚੋਣ ਕਮਿਸ਼ਨ ਨੇ ਇਸ ਉੱਤੇ ਹਾਲੇ ਤੱਕ ਕੋਈ ਟਿੱਪਣੀ ਨਹੀਂ ਕੀਤੀ । ਮੱਧ ਪ੍ਰਦੇਸ਼, ਰਾਜਸਥਾਨ ਤੇ ਛੱਤੀਸਗੜ੍ਹ ਦੇ ਚੋਣ ਨਤੀਜਿਆਂ ਦੇ ਬਾਅਦ ਤੋਂ ਹੀ ਵੋਟਿੰਗ ਮਸ਼ੀਨਾਂ ਉੱਤੇ ਸਵਾਲ ਉਠ ਰਹੇ ਹਨ । ਤਕਨੀਕੀ ਮਾਹਰ ਤੇ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਸੈਮ ਪਿਤਰੋਦਾ ਨੇ ਵੀ ਈ ਵੀ ਐਮ ਉੱਤੇ ਸੁਆਲ ਉਠਾਏ ਹਨ । ਉਨ੍ਹਾਂ ਕਿਹਾ ਹੈ ਕਿ ਉਹ ਕੌਮਾਂਤਰੀ ਮਾਹਰਾਂ ਨਾਲ ਮਿਲ ਕੇ ਇਹ ਸਾਬਤ ਕਰਨਗੇ ਕਿ ਵੋਟਿੰਗ ਮਸ਼ੀਨਾਂ ਨੂੰ ਆਪਣੀ ਸੁਵਿਧਾ ਅਨੁਸਾਰ ਕਿਸ ਤਰ੍ਹਾਂ ਕੰਟਰੋਲ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਈ. ਵੀ. ਐਮ. ਨੂੰ ਵੀ. ਵੀ. ਪੈਟ ਨਾਲ ਜੋੜਨ ਲਈ ਇੱਕ ਵਿਸ਼ੇਸ਼ ਕੁਨੈਕਟਰ ਦੀ ਵਰਤੋਂ ਹੁੰਦੀ ਹੈ, ਜਿਸ ਨੂੰ ਐਸ. ਐਲ. ਯੂ. ਕਿਹਾ ਜਾਂਦਾ ਹੈ। ਇਹ ਕੁਨੈਕਟਰ ਹੀ ਵੀ. ਵੀ. ਪੈਟ ਵਿੱਚ (ਬਾਕੀ ਸਫ਼ਾ 31 'ਤੇ)

# ਸਿੱਖ ਕੈਦੀਆਂ ਬਾਰੇ ਹਮਦਰਦੀ ਨਾਲ ਵਿਚਾਰ ਕਰੇ ਕੇਂਦਰ ਸਰਕਾਰ : ਗੁਰਚਰਨ ਸਿੰਘ



ਅੰਮ੍ਰਿਤਸਰ/ਏ.ਟੀ.ਨਿਊਜ਼ : ਐਸ. ਜੀ. ਪੀ. ਸੀ. ਦੇ ਸਾਬਕਾ ਜਨਰਲ ਸਕੱਤਰ ਗੁਰਚਰਨ ਸਿੰਘ ਨੇ ਲੰਘੇ ਦਿਨੀਂ ਕੇਂਦਰ ਸਰਕਾਰ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਤਰ ਵਿੱਚ ਭਾਰਤੀ ਜਲ ਸੈਨਾ ਦੇ ਅਧਿਕਾਰੀਆਂ ਦੀ ਮੌਤ ਦੀ ਸਜ਼ਾ ਨੂੰ ਘਟਾਉਣ ਦੇ ਯਤਨਾਂ ਦੀ ਸ਼ਲਾਘਾ ਕੀਤੀ ਹੈ। ਭਾਰਤ ਸਰਕਾਰ ਨੇ 26 ਅਕਤੂਬਰ ਨੂੰ ਜਾਸੂਸੀ ਦੇ ਕਥਿਤ ਦੋਸ਼ ਹੇਠ ਅੱਠ ਵਿਅਕਤੀਆਂ ਨੂੰ ਕਤਰ ਦੀ ਅਦਾਲਤ ਦੁਆਰਾ ਸੁਣਾਈ ਗਈ ਮੌਤ ਦੀ ਸਜ਼ਾ ਵਿਰੁੱਧ ਅਪੀਲ ਕੀਤੀ ਸੀ ਤੇ ਅਦਾਲਤ ਨੇ ਉਹ ਸਜ਼ਾ ਘਟਾ ਕੇ ਉਮਰ ਕੈਦ ਕਰ ਦਿੱਤੀ ਹੈ।

ਇਸਦੇ ਨਾਲ ਹੀ ਜਨਰਲ ਸਕੱਤਰ ਗੁਰਚਰਨ ਸਿੰਘ ਨੇ ਇਹ ਵੀ ਕਿਹਾ ਕਿ ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਉਹ ਸਿੱਖ ਕੈਦੀਆਂ ਬਾਰੇ ਹਮਦਰਦੀ ਦੇ ਨਾਲ ਵਿਚਾਰ ਕਰੇ। ਜੇਕਰ ਕਤਰ ਵਰਗਾ ਇਸਲਾਮਿਕ ਦੇਸ਼ ਮੌਤ ਦੀ ਸਜ਼ਾ ਘੱਟ ਕਰਨ ਦੇ ਲਈ ਰਾਜ਼ੀ ਹੋ ਸਕਦਾ ਤਾਂ ਭਾਰਤ ਸਰਕਾਰ ਸਿੱਖ ਕੈਦੀਆਂ ਲਈ ਹਮਦਰਦੀ ਭਰਿਆ ਨਜ਼ਰੀਆ ਕਿਉਂ ਨਹੀਂ ਰੱਖ ਸਕਦੀ। ਉਹਨਾਂ ਕਿਹਾ ਕਿ ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਤੇ ਜਾਰੀ ਨੋਟੀਫ਼ਿਕੇਸ਼ਨ ਵਿੱਚ ਇਸ ਗੱਲ ਦਾ ਜ਼ਿਕਰ ਕਰੇ ਜਾਣ ਦੇ ਬਾਵਜੂਦ ਅਜੇ ਤੱਕ ਪਾਲਣਾ ਨਹੀਂ ਕੀਤੀ ਗਈ। ਅਸੀਂ ਉਮੀਦ ਕਰਦੇ ਹਾਂ ਕਿ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਬਾਰੇ ਭਾਰਤ ਸਰਕਾਰ ਹਮਦਰਦੀ ਭਰਿਆ ਨਜ਼ਰੀਆ ਜ਼ਰੂਰ ਅਪਨਾਏਗੀ।

# ਕੇਂਦਰ ਸਰਕਾਰ ਨੇ ਗੈਂਗਸਟਰ ਗੋਲਡੀ ਬਰਾੜ ਤੇ ਲਖਬੀਰ ਲੰਡਾ ਨੂੰ ਅਤਿਵਾਦੀ ਐਲਾਨਿਆ

## ਸਿੱਧੂ ਮੂਸੇਵਾਲਾ ਕਤਲਕਾਂਡ ਦਾ ਮਾਸਟਰਮਾਈਂਡ ਸੀ ਗੋਲਡੀ

ਨਵੀਂ ਦਿੱਲੀ/ਏ.ਟੀ.ਨਿਊਜ਼: ਕੈਨੇਡਾ ਸਥਿਤ ਗੈਂਗਸਟਰ ਗੋਲਡੀ ਬਰਾੜ ਗੈਂਗਸਟਰ ਲਖਬੀਰ ਸਿੰਘ ਲੰਡਾ ਨੂੰ ਬੀਤੇ ਦਿਨੀਂ ਕੇਂਦਰ ਸਰਕਾਰ ਨੇ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਤਹਿਤ ਅਤਿਵਾਦੀ ਐਲਾਨ ਦਿੱਤਾ ਹੈ।

ਗੋਲਡੀ ਬਰਾੜ ਸਿੱਧੂ ਮੂਸੇਵਾਲਾ ਹੱਤਿਆਕਾਂਡ ਦਾ ਮਾਸਟਰਮਾਈਂਡ ਹੈ। ਇਸ ਤੋਂ ਪਹਿਲਾਂ ਕੈਨੇਡਾ ਸਰਕਾਰ ਨੇ ਬਰਾੜ ਦਾ ਨਾਂ ਦੇਸ਼ ਦੇ ਚੋਟੀ ਦੇ 25 ਲੋੜੀਂਦੇ ਅਪਰਾਧੀਆਂ ਵਿੱਚ ਸ਼ਾਮਲ ਕੀਤਾ ਸੀ। 2017 ਵਿੱਚ ਸਟੂਡੈਂਟ ਵੀਜ਼ੇ ’ਤੇ ਕੈਨੇਡਾ ਪਹੁੰਚੇ 29 ਸਾਲਾ ਨੌਜਵਾਨ ਨੇ ਪੰਜਾਬੀ ਗਾਇਕ ਸ਼ੁੱਭਦੀਪ ਸਿੰਘ ਸਿੱਧੂ ਮੂਸੇਵਾਲਾ ਨੂੰ 29 ਮਈ 2022 ਨੂੰ ਪੰਜਾਬ ਦੇ ਮਾਨਸਾ ਜ਼ਿਲ੍ਹੇ ’ਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ ਅਤੇ ਸੋਸ਼ਲ ਮੀਡੀਆ ’ਤੇ ਇਸ ਕਤਲਕਾਂਡ ਦੀ ਜ਼ਿੰਮੇਵਾਰ ਲਈ ਸੀ। ਗੋਲਡੀ ਉਦੋਂ ਤੋਂ ਭਗੌੜਾ ਹੈ।

ਲੰਡਾ ਸਬੰਧੀ ਗ੍ਰਹਿ ਮੰਤਰਾਲੇ ਨੇ ਕਿਹਾ ਹੈ ਕਿ ਉਹ ਖਾਲਿਸਤਾਨੀ ਸਮੂਹ



ਬੱਬਰ ਖ਼ਾਲਸਾ ਨਾਲ ਸਬੰਧਿਤ ਹੈ ਤੇ



ਉਸ ਨੇ 2021 ਦੌਰਾਨ ਮੁਹਾਲੀ ਵਿੱਚ ਪੰਜਾਬ ਪੁਲਿਸ ਇੰਟੈਲੀਜੈਂਸ ਹੈੱਡਕੁਆਰਟਰ ’ਤੇ ਰਾਕੇਟ ਹਮਲੇ ਦੀ ਯੋਜਨਾ ਬਣਾਈ ਸੀ । ਤਰਨਤਾਰਨ ਜ਼ਿਲ੍ਹੇ ਦਾ ਰਹਿਣ ਵਾਲਾ ਲੰਡਾ 2017 ਵਿੱਚ ਕੈਨੇਡਾ ਭੱਜ ਗਿਆ ਸੀ । ਉਹ ਪਾਕਿਸਤਾਨ ਸਥਿਤ ਗੈਂਗਸਟਰ ਹਰਵਿੰਦਰ ਸਿੰਘ ਰਿੰਦਾ ਦਾ ਕਰੀਬੀ ਮੰਨਿਆ ਜਾਂਦਾ ਹੈ, ਜਿਸ ਨੇ ਬੱਬਰ ਖ਼ਾਲਸਾ ਨਾਲ ਹੱਥ ਮਿਲਾਇਆ ਸੀ।

# ਪੰਜਾਬ ਵਿੱਚ ਨਸ਼ਾ ਪੀੜ੍ਹਤਾਂ ਦੀ ਗਿਣਤੀ 7 ਲੱਖ ਤੋਂ ਵੱਧ ਕੇ 9.50 ਲੱਖ ’ਤੇ ਪੁੱਜੀ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਜ਼ਮੀਨੀ ਪੱਧਰ ’ਤੇ ਕੰਮ ਕਰਨ ਦੀ ਸਿਹਤ ਅਤੇ ਪੁਲਿਸ ਵਿਭਾਗ ਦੇ ਦਾਅਵਿਆਂ ਦੀ ਫੂਕ ਨਿਕਲ ਗਈ ਹੈ । ਸਰਕਾਰੀ ਤੇ ਗੈਰ-ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ’ਚ ਇਲਾਜ਼ ਲਈ ਨਸ਼ਾ ਪੀੜ੍ਹਤਾਂ ਦੀ ਗਿਣਤੀ 7 ਲੱਖ ਤੋਂ ਵੱਧ ਕੇ 9.50 ਲੱਖ ’ਤੇ ਪੁੱਜ ਗਈ ਹੈ। ਇਹ ਦਾਅਵਾ ਸਿਹਤ ਵਿਭਾਗ ਦੀ ਇੱਕ ਰਿਪੋਰਟ ਵਿੱਚ ਹੀ ਕੀਤਾ ਗਿਆ ਹੈ। ਹਾਲਾਂਕਿ ਸੂਬੇ ਅੰਦਰ 528 ਓ.ਓ.ਏ.ਟੀ, 36 ਸਰਕਾਰੀ, 185 ਨਿੱਜੀ ਨਸ਼ਾ ਛੁਡਾਊ ਅਤੇ ਸੈਂਕੜੇ ਮੁੜ ਵਸੇਬਾ ਕੇਂਦਰਾਂ ਵੱਲੋਂ ਨਸ਼ਾ ਪੀੜ੍ਹਤਾਂ ਦੇ ਇਲਾਜ਼ ਲਈ ਸੇਵਾਵਾਂ ਦੇਣ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਇਸ ਦੇ ਬਾਵਜੂਦ ਆਏ ਦਿਨ ਨਸ਼ੇ ਨਾਲ ਨੌਜਵਾਨ ਮੌਤ ਦੇ ਮੂੰਹ ਜਾ ਰਹੇ ਹਨ। ਇਹ ਵੀ ਕਿ ਪੰਜਾਬੀਆਂ ਨੂੰ ਚਿੱਟੇ ਦੇ ਨਸ਼ੇ ਨੇ ਮਧੋਲ ਕੇ ਰੱਖ ਦਿੱਤਾ ਹੈ। ਪੰਜਾਬ ਅੰਦਰ ਛੋਟੀ ਉਮਰ ਦੇ ਸਕੂਲੀ ਬੱਚੇ ਚਿੱਟੇ ਦੀ ਗ੍ਰਿਫ਼ਤ ’ਚ ਆ ਰਹੇ ਹਨ। ਭਾਵੇਂ ਕਿ ਸੂਬੇ ਦੀ (**ਬਾਕੀ ਸਫ਼ਾ 30 ’ਤੇ**)

# ਚਿੱਟੇ ਕਾਰਨ ਫ਼ੈਲੀ ਏਡਜ਼, ਇੱਕੋ ਸਰਿੰਜ ਦੀ ਵਰਤੋਂ ਕਾਰਨ ਨਸ਼ੇੜੀ ਹੋ ਰਹੇ ਨੇ ਸ਼ਿਕਾਰ

## ਪਠਾਨਕੋਟ ਵਿੱਚ ਇੱਕ ਸਾਲ ਦੌਰਾਨ 150 ਲੋਕ ਏਡਜ਼ ਤੋਂ ਪੀੜ੍ਹਤ

ਚੰਡੀਗੜ੍ਹ/ ਏ.ਟੀ.ਨਿਊਜ਼: ਪੰਜਾਬ ਵਿੱਚ ਚਿੱਟੇ (ਸਿੰਥੈਟਿਕ ਨਸ਼ੇ) ਦਾ ਨਸ਼ਾ ਏਡਜ਼ ਦੇ ਫ਼ੈਲਾਅ ਨੂੰ ਜਨਮ ਦੇ ਰਿਹਾ ਹੈ। ਹੁਣ ਨਾਬਾਲਗ ਵੀ ਇਸ ਬਿਮਾਰੀ ਦਾ ਸ਼ਿਕਾਰ ਹੋਣ ਲੱਗੇ ਹਨ। ਸਿਹਤ ਵਿਭਾਗ ਦੀ ਇੱਕ ਰਿਪੋਰਟ ਵਿੱਚ ਹੈਰਾਨ ਕਰਨ ਵਾਲੇ ਅੰਕੜੇ ਸਾਹਮਣੇ ਆਏ ਹਨ। ਰਿਪੋਰਟ ਮੁਤਾਬਕ ਨਸ਼ੇ ਲਈ ਇੱਕੋ ਸਰਿੰਜ ਦੀ ਵਰਤੋਂ ਕਰਨ ਕਾਰਨ ਏਡਜ਼ ਦੇ ਮਾਮਲੇ ਵੱਧ ਰਹੇ ਹਨ। ਜੇ ਗੱਲ ਪਠਾਨਕੋਟ ਜ਼ਿਲ੍ਹੇ ਦੀ ਕੀਤੀ ਜਾਵੇ ਤਾਂ ਇੱਕ ਸਾਲ ਵਿੱਚ 150 ਲੋਕ ਏਡਜ਼ ਤੋਂ ਪੀੜਤ ਪਾਏ ਗਏ ਹਨ ਹਰ ਮਹੀਨੇ ਲਗਭਗ 12 ਮਰੀਜ਼ ਸੰਕਰਮਿਤ ਹੋ ਰਹੇ ਹਨ। ਇਨ੍ਹਾਂ ਵਿੱਚੋਂ 18 ਤੋਂ 20 ਸਾਲ ਦੇ ਨੌਜਵਾਨਾਂ ਦੀ ਗਿਣਤੀ 50 ਹੈ।

ਸਿਵਲ ਹਸਪਤਾਲ ਦੇ ਡਾਕਟਰਾਂ




ਦਾ ਕਹਿਣਾ ਹੈ ਕਿ ਚਿੰਤਾ ਦੀ ਗੱਲ ਹੈ ਕਿ ਮਰੀਜ਼ਾਂ ਵਿੱਚ 18 ਤੋਂ 20 ਸਾਲ ਦੀ ਉਮਰ ਦੇ ਨੌਜਵਾਨਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਇਸ ਦਾ ਮੁੱਖ ਕਾਰਨ ਨਸ਼ੇ ਲਈ ਇੱਕੋ ਸਰਿੰਜ ਦੀ ਵਰਤੋਂ ਹੈ। ਨਸ਼ੇੜੀਆਂ ਦੀ ਸਕਰੀਨਿੰਗ ਵੀ ਕੀਤੀ ਜਾ ਰਹੀ ਹੈ,



ਜਿਸ ਵਿੱਚ ਪਾਜ਼ੇਟਿਵ ਮਰੀਜ਼ਾਂ ਦਾ ਬਹੁਤ ਤੇਜ਼ੀ ਨਾਲ ਪਤਾ ਲਗਾਇਆ ਜਾ ਰਿਹਾ ਹੈ। ਪੀੜਤਾਂ ਵਿੱਚ ਬੱਚੇ ਵੀ ਸ਼ਾਮਲ ਹਨ, ਜਿਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਐੱਚ.ਆਈ.ਵੀ. ਪੀੜਤ ਮਰੀਜ਼ਾਂ ਨੂੰ ਸਾਰੀ ਉਮਰ ਦਵਾਈ ਲੈਣੀ ਪੈਂਦੀ ਹੈ।

**ਪਹਿਲਾਂ ਟਰੱਕ ਡਰਾਈਵਰ ਹੁੰਦੇ ਸੀ**

**ਸਭ ਤੋਂ ਵੱਧ ਪੀੜਤ**

ਡਾਕਟਰਾਂ ਮੁਤਾਬਕ, ਪੰਜ ਸਾਲ ਪਹਿਲਾਂ ਸਿਰਫ਼ ਟਰੱਕ ਡਰਾਈਵਰ ਤੇ ਜੋੜੇ ਹੀ ਏਡਜ਼ ਤੋਂ ਪ੍ਰਭਾਵਿਤ ਹੁੰਦੇ ਸਨ, ਪਰ ਹੁਣ ਨੌਜਵਾਨ ਵੀ ਇਸ ਦਾ ਸ਼ਿਕਾਰ ਹੋ ਰਹੇ ਹਨ । ਸੰਕਰਮਿਤ ਮਰੀਜ਼ਾਂ ਵਿੱਚ 7 ਪ੍ਰਤੀਸ਼ਤ ਨਸ਼ੇੜੀ, 6.9 ਪ੍ਰਤੀਸ਼ਤ ਟਰੱਕ ਡਰਾਈਵਰ ਅਤੇ 80 ਪ੍ਰਤੀਸ਼ਤ ਜੋੜੇ ਸ਼ਾਮਲ ਹਨ। ਮਾਤਾ-ਪਿਤਾ ਦੀ ਅਣਗਹਿਲੀ ਕਾਰਨ ਬੱਚੇ ਇਨਫ਼ੈਕਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ। ਕਈ ਬੱਚਿਆਂ ਨੂੰ ਇਹ ਬਿਮਾਰੀ ਗਰਭ ਅਵਸਥਾ ਦੌਰਾਨ ਹੀ ਹੋ ਜਾਂਦੀ ਹੈ।

**ਨਸ਼ਾ ਛੁਡਾਊ ਸੈਂਟਰਾਂ ਦੀ ਕੀ ਹੈ ਸਥਿਤੀ**

ਇਸ ਸਮੇਂ ਪੰਜਾਬ ਦੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਨੌਂ ਲੱਖ ਤੋਂ ਵੱਧ ਮਰੀਜ਼ ਦਾਖ਼ਲ ਹਨ। ਇਨ੍ਹਾਂ ਵਿੱਚੋਂ 6.75 ਲੱਖ ਮਰੀਜ਼ ਨਿੱਜੀ ਕੇਂਦਰਾਂ ਵਿੱਚ ਦਾਖ਼ਲ ਹਨ ਜਦਕਿ 2.77 ਲੱਖ ਮਰੀਜ਼ ਸਰਕਾਰੀ ਕੇਂਦਰਾਂ ਵਿੱਚ ਦਾਖ਼ਲ ਹਨ। ਹਾਲਾਂਕਿ, ਕੁਝ ਗੈਰ ਸਰਕਾਰੀ ਸੰਗਠਨਾਂ ਦਾ ਦਾਅਵਾ ਹੈ ਕਿ ਨਸ਼ੇੜੀਆਂ ਦੀ ਕੁੱਲ ਗਿਣਤੀ 12 ਲੱਖ ਤੋਂ ਵੱਧ ਹੈ। ਸਰਕਾਰ ਵੱਲੋਂ ਇਨ੍ਹਾਂ ਕੇਂਦਰਾਂ ਵਿੱਚ ਮਰੀਜ਼ਾਂ ਦੀ ਸਿਹਤ ਦੀ ਵੀ ਲਗਾਤਾਰ ਜਾਂਚ ਕੀਤੀ ਜਾਂਦੀ ਹੈ। ਹਾਲ ਹੀ ਵਿੱਚ, ਸਰਕਾਰ ਨੇ ਨਿੱਜੀ ਨਸ਼ਾ ਛੁਡਾਊ ਕੇਂਦਰਾਂ ਦੀ ਜਾਂਚ ਦੇ ਹੁਕਮ ਦਿੱਤੇ ਹਨ।

# ਚੰਡੀਗੜ੍ਹ ਵਿੱਚ ਪੰਜਾਬੀ ਨੂੰ ਪਹਿਲੀ ਭਾਸ਼ਾ ਬਣਾਇਆ ਜਾਵੇ

## ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਨੇ ਚੰਡੀਗੜ੍ਹ ਦੇ ਪ੍ਰਸ਼ਾਸਕ ਨੂੰ ਚਿੱਠੀ ਲਿੱਖ ਕੇ ਕੀਤੀ ਮੰਗ



ਨਵੀਂ ਦਿੱਲੀ/ਏ.ਟੀ.ਨਿਊਜ਼ : ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਚੰਡੀਗੜ੍ਹ ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨੂੰ ਚਿੱਠੀ ਲਿੱਖ ਕੇ ਵੱਡੀ ਮੰਗ ਕੀਤੀ ਹੈ। ਉਨ੍ਹਾਂ ਨੇ ਚੰਡੀਗੜ੍ਹ ਵਿੱਚ ਪੰਜਾਬੀ ਨੂੰ ਪਹਿਲੀ ਭਾਸ਼ਾ ਬਣਾਉਣ ਨੂੰ ਕਿਹਾ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਵਿੱਚ ਪੰਜਾਬ ਦੇ ਕਈ ਪਿੰਡ ਸ਼ਾਮਲ ਹਨ। ਸਿਟੀ ਬਿਊਟੀਫੁੱਲ ਦੀ ਇਸ ਵੇਲੇ ਸਰਕਾਰੀ ਭਾਸ਼ਾ ਅੰਗਰੇਜ਼ੀ ਹੈ, ਦੂਜੀ ਭਾਸ਼ਾ ਦਾ ਕੋਈ ਜ਼ਿਕਰ ਨਹੀਂ ਹੈ। ਲੰਮੇ ਵਕਤ ਤੋਂ ਚੰਡੀਗੜ੍ਹ ਵਿੱਚ ਪੰਜਾਬੀ ਨੂੰ ਪਹਿਲੀ ਭਾਸ਼ਾ ਬਣਾਉਣ ਦੀ ਮੰਗ ਉੱਠ ਰਹੀ ਹੈ, ਪਰ ਹੁਣ ਤੱਕ ਪ੍ਰਸ਼ਾਸਨ ਦੇ ਵੱਲੋਂ ਕੋਈ ਫੈਸਲਾ ਨਹੀਂ ਕੀਤਾ ਗਿਆ ਹੈ।

# ਹਜ਼ਾਰਾਂ ਕਿਲੋਮੀਟਰ ਦਾ ਸਫ਼ਰ ਸਾਈਕਲ ’ਤੇ ਤੈਅ ਕਰਕੇ ਸ੍ਰੀ ਹਰਿਮੰਦਰ ਸਾਹਿਬ ਪੁੱਜਾ ਜਰਮਨ ਦਾ ਵਿਅਕਤੀ

ਅੰਮ੍ਰਿਤਸਰ/ਏ.ਟੀ. ਨਿਊਜ਼ : ਪੰਜਾਬ ’ਚ ਸ੍ਰੀ ਹਰਿਮੰਦਰ ਸਾਹਿਬ ਇੱਕ ਅਜਿਹੀ ਧਰਤੀ ਹੈ ਜਿਥੇ ਦੂਰ-ਦੁਰਾਡੇ ਤੋਂ ਲੋਕ ਦਰਸ਼ਨ ਕਰਨ ਲਈ ਪਹੁੰਚਦੇ ਹਨ। ਦੇਸ਼ ’ਚ ਹੀ ਨਹੀਂ ਸਗੋਂ ਵਿਦੇਸ਼ਾਂ ਤੋਂ ਵੀ ਲੋਕ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੁੰਦੇ ਰਹਿੰਦੇ ਹਨ।

ਅਜਿਹੇ ’ਚ ਹੁਣ ਜਰਮਨ ਦਾ ਇੱਕ ਵਿਅਕਤੀ ਸਾਈਕਲ ਰਾਹੀਂ ਹਜ਼ਾਰਾਂ ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ ਪਹੁੰਚਿਆ। ਉਸ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕੀਤੇ ਅਤੇ ਗੁਰੂ ਦਾ ਲੰਗਰ ਛੱਕ ਕੇ ਬਹੁਤ ਖੁਸ਼ ਹੋਇਆ। ਇਸ ਦੌਰਾਨ ਉਸ ਨੇ ਪੂਰੀ ਦੁਨੀਆ ਦੇ ਲੋਕਾਂ ਨੂੰ ਮਿੱਟੀ ਨੂੰ ਪ੍ਰਦੂਸ਼ਣ ਤੋਂ ਬਚਾਉਣ ਦੀ ਅਪੀਲ





ਵੀ ਕੀਤੀ ।

ਜਰਮਨੀ ਦੇ ਵਿਅਕਤੀ ਨੇ ਦੱਸਿਆ ਕਿ ਉਹ 205 ਦਿਨਾਂ ’ਚ 10.500 ਹਜ਼ਾਰਾਂ ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਭਾਰਤ ਪਹੁੰਚਿਆ ਹੈ। ਇਸ ਦੌਰਾਨ ਵਿਅਕਤੀ ਦੇ ਮੂੰਹ ’ਤੇ ਬੇਹੱਦ ਖੁਸ਼ੀ ਨਜ਼ਰ ਆਈ। ਸ੍ਰੀ ਹਰਿਮੰਦਰ ਸਾਹਿਬ ਦੀ ਤਾਰੀਫ਼ ਕਰਦਿਆਂ ਵਿਅਕਤੀ ਨੇ ਕਿਹਾ ਕਿ ਉਸ ਨੇ ਆਪਣੀ ਜ਼ਿੰਦਗੀ ’ਚ ਕਦੇ ਇੰਨਾ ਵੱਡਾ ਧਾਰਮਿਕ ਸਥਾਨ ਨਹੀਂ ਦੇਖਿਆ, ਜੋ ਕਿ ਬੇਹੱਦ ਹੈਰਨੀਜਨਕ ਅਤੇ ਸੁੰਦਰ ਹੈ। ਇਸ ਤੋਂ ਇਲਾਵਾ ਉਸ ਨੇ ਹੋਰ ਵੀ ਕਈ ਜਗ੍ਹਾ ਦੀ ਯਾਤਰਾ ਵੀ ਕੀਤੀ ਹੈ।

# ਪੰਜਾਬ ਨੇ ਥਰਮਲ ਪਲਾਂਟ ਖ਼ਰੀਦ ਕੇ ਸਿਰਜਿਆ ਇਤਿਹਾਸ : ਮਾਨ

## ਬਿਜਲੀ ਖ਼ਰੀਦ ਉੱਤੇ 300 ਤੋਂ 350 ਕਰੋੜ ਰੁਪਏ ਦੀ ਹੋਵੇਗੀ ਬੱਚਤ





ਚੰਡੀਗੜ੍ਹ/ਏ.ਟੀ.ਨਿਊਜ਼ : ਮੁੱਖ ਮੰਤਰੀ ਭਗਵੰਤ ਮਾਨ ਨੇ ਨਵੇਂ ਸਾਲ ਮੌਕੇ ਗੋਇੰਦਵਾਲ ਥਰਮਲ ਪਾਵਰ ਪਲਾਂਟ 1080 ਕਰੋੜ 'ਚ ਖ਼ਰੀਦੇ ਜਾਣ ਦਾ ਰਸਮੀ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਇਹ ਥਰਮਲ ਪਲਾਂਟ ਖਰੀਦ ਕੇ ਇਤਿਹਾਸ ਸਿਰਜ ਦਿੱਤਾ ਹੈ ਤੇ ਇਹ ਥਰਮਲ ਪਲਾਂਟਾਂ ਦੀ ਖ਼ਰੀਦ ਦੇ ਮਾਮਲੇ ਵਿੱਚ ਹੁਣ ਤੱਕ ਦਾ ਸਭ ਤੋਂ ਸਸਤਾ ਸੌਦਾ ਹੈ। ਮੁੱਖ ਮੰਤਰੀ ਅਗਲੇ ਦਿਨਾਂ 'ਚ ਗੋਇੰਦਵਾਲ ਥਰਮਲ ਸਾਈਟ ਦਾ ਦੌਰਾ ਕਰਨਗੇ ਅਤੇ ਪੰਜਾਬ ਸਰਕਾਰ ਵੱਲੋਂ ਖ਼ਰੀਦ ਰਾਸ਼ੀ ਦੀ ਕਿਸ਼ਤ ਜਲਦੀ ਜਮ੍ਹਾਂ ਕਰਾਈ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਜੀਵੀਕੇ ਥਰਮਲ ਪਲਾਂਟ ਦੇਸ਼ ਭਰ 'ਚੋਂ ਸਭ ਤੋਂ ਸਸਤੇ ਭਾਅ 'ਤੇ ਖ਼ਰੀਦਿਆ ਗਿਆ ਹੈ ਜਦੋਂ ਕਿ ਬਾਕੀ ਸੂਬਿਆਂ 'ਚ ਪਾਵਰ ਪਲਾਂਟ ਇਸ ਤੋਂ ਕਿਤੇ ਮਹਿੰਗੇ ਵਿਕੇ ਹਨ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਪਛਵਾੜਾ ਕੋਲਾ ਖਾਣ ਦਾ ਕੋਲਾ ਵਰਤਣ ਨਾਲ ਇਸ ਪਲਾਂਟ ਤੋਂ ਬਿਜਲੀ ਸਸਤੀ ਪਵੇਗੀ। ਖ਼ਰੀਦ ਸਮਝੌਤੇ ਨਾਲ ਬਿਜਲੀ ਦੀ ਦਰ ਵਿੱਚ ਪ੍ਰਤੀ ਯੂਨਿਟ ਇਕ ਰੁਪਏ ਦੀ ਕਟੌਤੀ ਕਰਨ ਵਿੱਚ ਮਦਦ ਮਿਲੇਗੀ, ਜਿਸ ਨਾਲ ਬਿਜਲੀ ਖ਼ਰੀਦ ਉੱਤੇ 300 ਤੋਂ 350 ਕਰੋੜ ਰੁਪਏ ਦੀ ਬੱਚਤ ਹੋਵੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਗੋਇੰਦਵਾਲ ਥਰਮਲ ਪਲਾਂਟ ਦੋ ਕਰੋੜ ਰੁਪਏ ਪ੍ਰਤੀ ਮੈਗਾਵਾਟ ਦੇ ਲਿਹਾਜ਼ ਨਾਲ ਖ਼ਰੀਦਿਆ ਹੈ ਮੁੱਖ ਮੰਤਰੀ ਨੇ ਦੱਸਿਆ ਕਿ ਦੇਸ਼ ਵਿਚ 600 ਮੈਗਾਵਾਟ ਦੀ ਸਮਰੱਥਾ ਵਾਲਾ ਕੋਰਬਾ ਵੈਸਟ 1804 ਕਰੋੜ 'ਚ, ਝਾਬੂਆ ਪਾਵਰ 1910 ਕਰੋੜ ਵਿੱਚ ਅਤੇ ਲੈਂਕੋ ਅਮਰਕੰਟਕ ਪਾਵਰ ਪਲਾਂਟ 1818 ਕਰੋੜ ਰੁਪਏ 'ਚ ਖ਼ਰੀਦੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ 540 ਮੈਗਾਵਾਟ ਦਾ ਥਰਮਲ ਸਿਰਫ਼ 1080 ਕਰੋੜ 'ਚ ਖ਼ਰੀਦਿਆ ਹੈ ਜਦੋਂ ਕਿ ਮੁਕਾਬਲੇ ਵਿੱਚ ਨਾਮੀ 11 ਕੰਪਨੀਆਂ ਵਿੱਚ ਜਿੰਦਲ ਪਾਵਰ, ਅਡਾਨੀ ਪਾਵਰ, ਵੇਦਾਂਤਾ ਗਰੁੱਪ, ਰਸ਼ਮੀ ਮੇਟਾਲਿਕਸ, ਸ਼ੇਰੀਸ਼ਾ ਟੈਕਨਾਲੋਜੀਜ਼, ਸਾਈ ਵਰਧਾ ਪਾਵਰ ਆਦਿ ਸਨ। ਉਨ੍ਹਾਂ ਦੱਸਿਆ ਕਿ ਇਸ ਪਲਾਂਟ ਦਾ ਨਾਮ ਤੀਜੇ ਗੁਰੂ ਸਾਹਿਬ ਦੇ ਨਾਮ ਉੱਤੇ 'ਸ੍ਰੀ ਗੁਰੂ ਅਮਰਦਾਸ ਥਰਮਲ ਪਾਵਰ ਪਲਾਂਟ' ਹੋਵੇਗਾ। ਇਸ ਥਰਮਲ ਪਲਾਂਟ ਨੂੰ ਹੁਣ 75 ਤੋਂ 80 ਫ਼ੀਸਦੀ ਸਮਰੱਥਾ ਤੱਕ ਚਲਾਇਆ ਜਾਵੇਗਾ। ਬਿਜਲੀ ਖ਼ਰੀਦ ਸਮਝੌਤਿਆਂ ਵਿੱਚੋਂ ਵੀ ਹੁਣ 33 ਫ਼ੀਸਦੀ ਦੀ ਕਟੌਤੀ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਪਹਿਲੀ ਜਨਵਰੀ 2018 ਨੂੰ ਬਠਿੰਡਾ ਤੇ ਰੋਪੜ ਦੇ ਸਰਕਾਰੀ ਪਾਵਰ ਪਲਾਂਟ ਪੱਕੇ ਤੌਰ ਉੱਤੇ ਬੰਦ ਕਰ ਦਿੱਤੇ ਗਏ ਸਨ, ਪਰ 'ਆਪ' ਸਰਕਾਰ ਨੇ ਸੂਬੇ ਵਿੱਚ ਬਿਜਲੀ ਸਪਲਾਈ ਵਧਾਉਣ ਲਈ ਪ੍ਰਾਈਵੇਟ ਪਾਵਰ ਪਲਾਂਟ ਖ਼ਰੀਦਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਾਲ 2016-2023 ਦਰਮਿਆਨ ਸੂਬਾ ਸਰਕਾਰ ਨੇ ਇਸ ਪਲਾਂਟ ਤੋਂ 7902 ਕਰੋੜ ਰੁਪਏ ਅਦਾ ਕਰਕੇ 11,165 ਮਿਲੀਅਨ ਯੂਨਿਟ ਬਿਜਲੀ ਖ਼ਰੀਦੀ ਸੀ। ਉਨ੍ਹਾਂ ਕਿਹਾ ਕਿ ਦੁੱਖ ਇਸ ਗੱਲ ਦਾ ਹੈ ਕਿ ਬਿਨਾਂ ਬਿਜਲੀ ਖ਼ਰੀਦੇ ਜੀ.ਵੀ.ਕੇ. ਥਰਮਲ ਪਲਾਂਟ ਨੂੰ 1718 ਕਰੋੜ ਅਦਾ ਕਰਨੇ ਪਏ। ਪਾਵਰ ਪਲਾਂਟ ਨੂੰ 7.08 ਰੁਪਏ ਪ੍ਰਤੀ ਔਸਤਨ ਯੂਨਿਟ ਮੁਤਾਬਕ ਅਦਾਇਗੀ ਕੀਤੀ ਗਈ। ਹੁਣ ਇਸ ਥਰਮਲ ਤੋਂ ਬਿਜਲੀ ਦੀ ਕੀਮਤ ਪ੍ਰਤੀ ਯੂਨਿਟ 4.50 ਰੁਪਏ ਪ੍ਰਤੀ ਯੂਨਿਟ ਹੋਵੇਗੀ।

# ਡਿਬਰੂਗੜ੍ਹ ਜੇਲ੍ਹ ਤੋਂ 8 ਮਹੀਨੇ ਬਾਅਦ ਅੰਮ੍ਰਿਤਪਾਲ ਸਿੰਘ ਦਾ ਸਾਥੀ ਆਵੇਗਾ ਬਾਹਰ

## ਚਾਚੇ ਦੇ ਦੇਹਾਂਤ ਕਾਰਨ 6 ਦਿਨ ਦੀ ਪੈਰੋਲ ਦਿੱਤੀ ਗਈ



ਜਲੰਧਰ/ਏ.ਟੀ.ਨਿਊਜ਼ : ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਸਾਥੀ ਕੁਲਵੰਤ ਸਿੰਘ ਰਾਉਕੇ ਨੂੰ ਡਿਬਰੂਗੜ੍ਹ ਜੇਲ੍ਹ ਤੋਂ 6 ਦਿਨ ਦੀ ਪੈਰੋਲ ਦਿੱਤੀ ਗਈ ਹੈ। ਇਹ ਜਾਣਕਾਰੀ ਸਬ ਇੰਸਪੈਕਟਰ ਮਨਜੀਤ ਸਿੰਘ ਨੇ ਦਿੱਤੀ ਹੈ। ਉਨ੍ਹਾਂ ਦੱਸਿਆ ਹੈ ਕਿ ਕੁਲਵੰਤ ਸਿੰਘ ਦੇ ਚਾਚੇ ਦਾ ਦੇਹਾਂਤ ਹੋ ਗਿਆ ਹੈ ਜਿਸ ਦੀ ਵਜ੍ਹਾ ਕਰਕੇ ਉਹ ਮੋਗਾ ਆਪਣੇ ਪਿੰਡ ਆਉਣਗੇ।

ਇੰਡੀਅਨ ਐਕਸਪ੍ਰੈਸ ਦੀ ਖ਼ਬਰ ਦੇ ਮੁਤਾਬਿਕ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ 9 ਸਾਥੀਆਂ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਰੱਖਿਆ ਗਿਆ ਹੈ। 8 ਮਹੀਨੇ ਤੋਂ ਰਾਉਕੇ ਡਿਬਰੂਗੜ੍ਹ ਜੇਲ੍ਹ ਹਨ, ਉਹ ਪਹਿਲੇ ਵਿਅਕਤੀ ਹਨ ਜਿੰਨਾਂ ਨੂੰ ਜੇਲ੍ਹ ਤੋਂ ਬਾਹਰ ਆਉਣ ਦਾ ਮੌਕਾ ਮਿਲਿਆ ਹੈ। ਡਿਬਰੂਗੜ੍ਹ ਜੇਲ੍ਹ ਵਿੱਚ ਅੰਮ੍ਰਿਤਪਾਲ ਸਿੰਘ ਦੇ ਨਾਲ ਦਲਜੀਤ ਸਿੰਘ ਕਲਸੀ, ਪਪਲਪ੍ਰੀਤ ਸਿੰਘ, ਵਰਿੰਦਰ ਸਿੰਘ ਜੋਹਲ, ਗੁਰਮੀਤ ਸਿੰਘ ਬੁਕਰਨਵਾਲਾ, ਹਰਜੀਤ ਸਿੰਘ, ਭਗਵੰਤ ਸਿੰਘ, ਬਸੰਤ ਸਿੰਘ, ਗੁਰਿੰਦਰਪਾਲ ਸਿੰਘ ਔਜਲਾ ਬੰਦ ਹਨ।

ਕੌਣ ਹੈ ਕੁਲਵੰਤ ਸਿੰਘ ਰਾਉਕੇ ?

ਗ੍ਰਿਫ਼ਤਾਰੀ ਤੋਂ ਪਹਿਲਾਂ ਕੁਲਵੰਤ ਸਿੰਘ ਰਾਉਕੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵਿੱਚ ਕਲਰਕ ਸੀ। ਰਾਉਕੇ ਦੇ ਪਿਤਾ ਨੂੰ 1993 ਵਿੱਚ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ ਉਸ ਵੇਲੇ ਤੋਂ ਉਨ੍ਹਾਂ ਦਾ ਹੁਣ ਤੱਕ ਕੋਈ ਪਤਾ ਨਹੀਂ ਚੱਲਿਆ ਹੈ। ਰਾਉਕੇ ਨੂੰ ਅੰਮ੍ਰਿਤਪਾਲ ਸਿੰਘ ਦਾ ਕਰੀਬੀ ਮੰਨਿਆ ਜਾਂਦਾ ਹੈ, ਕਿਉਂਕਿ ਉਹ ਜਥੇਬੰਦੀ ਦੇ ਸਾਰੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੁੰਦਾ ਸੀ। 23 ਫ਼ਰਵਰੀ 2023 ਵਿੱਚ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਅਜਨਾਲਾ ਥਾਣੇ 'ਤੇ ਕਥਿਤ ਹਮਲੇ ਨੂੰ ਲੈ ਕੇ ਗ੍ਰਿਫ਼ਤਾਰ ਕੀਤਾ ਗਿਆ ਸੀ। ਜਿਸ ਤੋਂ ਬਾਅਦ ਸਾਰੀਆਂ ਨੂੰ ਕੌਮੀ ਸੁਰੱਖਿਆ ਕਾਨੂੰਨ ਐਨ ਐਸ ਏ ਅਧੀਨ ਡਿਬਰੂਗੜ੍ਹ ਜੇਲ੍ਹ ਵਿੱਚ ਸ਼ਿਫ਼ਟ ਕਰ ਦਿੱਤਾ ਸੀ।

### ਭਾਈ ਰਜੋਆਣਾ ਨੇ ਗ੍ਰਹਿ ਮੰਤਰੀ ਸ਼ਾਹ ਨੂੰ ਲਿਖੀ ਚਿੱਠੀ

## ਕਿਹਾ 'ਫ਼ਾਂਸੀ ਦੀ ਸਜ਼ਾ ਦੇ ਖ਼ਿਲਾਫ਼ ਰਹਿਮ ਦੀ ਅਪੀਲ ਨਹੀਂ ਕਰਾਂਗਾ'



ਪਟਿਆਲਾ/ਏ.ਟੀ.ਨਿਊਜ਼ : ਬੰਦੀ ਸਿੰਘ ਭਾਈ ਪਰਮਜੀਤ ਸਿੰਘ ਭਿਉਰਾ ਅਤੇ ਭਾਈ ਜਗਤਾਰ ਸਿੰਘ ਤਾਰਾ ਤੋਂ ਬਾਅਦ ਹੁਣ ਪਟਿਆਲਾ ਜੇਲ੍ਹ 'ਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਵੀ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸਜ਼ਾ ਮੁਆਫ਼ੀ ਨੂੰ ਲੈ ਕੇ ਖੁੱਲੀ ਚਿੱਠੀ ਲਿਖੀ ਹੈ। ਚਿੱਠੀ ਵਿੱਚ ਲਿਖਦਿਆਂ ਰਾਜੋਆਣਾ ਨੇ ਕਿਹਾ ਕਿ ਤੁਸੀਂ ਦੇਸ਼ ਦੀ ਪਾਰਲੀਮੈਂਟ ਵਿੱਚ ਖੜ੍ਹ ਕੇ 28 ਸਾਲਾਂ ਤੋਂ ਜੇਲ੍ਹ ਅਤੇ 17 ਸਾਲਾਂ ਤੋਂ ਫ਼ਾਂਸੀ ਚੱਕੀ ਵਿੱਚ ਬੈਠੇ ਮੈਨੂੰ ਸੰਬੋਧਨ ਹੁੰਦੇ ਹੋਏ ਇਹ ਕਿਹਾ ਹੈ ਕਿ ਜਿਸ ਵਿਅਕਤੀ ਨੇ ਗੁਨਾਹ ਕੀਤਾ ਹੈ ਅਗਰ ਉਸ ਕੋ ਆਪਣੇ ਗੁਨਾਹ ਦਾ ਅਹਿਸਾਸ ਹੀ ਨਹੀਂ ਹੈ, ਪਛਤਾਵਾ ਹੀ ਨਹੀਂ ਹੈ, ਉਹ ਵਿਅਕਤੀ ਦਇਆ ਦਾ ਰਹਿਮ ਦਾ ਹੱਕਦਾਰ ਨਹੀਂ ਹੈ। ਤੁਹਾਡੇ ਵੱਲੋਂ ਦਿੱਤੇ ਬਿਆਨ 'ਤੇ ਮੈਂ ਇਹ ਹੀ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਖ਼ਿਲਾਫ਼ ਤੁਸੀਂ ਉਹ ਕਾਨੂੰਨ ਲਾਗੂ ਕਰ ਰਹੇ ਹੋ ਜੋ ਇਸ ਦੇਸ਼ ਵਿੱਚ ਹੁਣ (ਬਾਕੀ ਸਫ਼ਾ 30 'ਤੇ)

# ਬਾਦਲ ਦਲ ਨਾਲ ਗਠਜੋੜ ਕਰਨ ਦੇ ਹੱਕ ਵਿੱਚ ਨਹੀਂ ਹੈ ਭਾਜਪਾ

## ਭਾਜਪਾ ਦੇ ਰੁਖ਼ ਕਾਰਨ ਹੀ ਢੀਂਡਸਾ ਅਤੇ ਬੀਬੀ ਜਗੀਰ ਕੌਰ ਪਾਰਟੀ ਵਿੱਚ ਵਾਪਸੀ ਨੂੰ ਲੈ ਕੇ ਜੱਕੋ ਤੱਕੀ ਵਿੱਚ

## ਹਾਲੇ ਅਕਾਲੀ ਦਲ ਨਾਲ ਗਠਜੋੜ ਦੀ ਕੋਈ ਸੰਭਾਵਨਾ ਨਹੀਂ: ਸ਼ੇਖਾਵਤ



ਜਲੰਧਰ/ਏ.ਟੀ.ਨਿਊਜ਼: ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਤੇ ਕੁੱਝ ਹੋਰ ਪ੍ਰਮੁੱਖ ਆਗੂਆਂ ਵੱਲੋਂ ਅੰਦਰਖਾਤੇ ਭਾਜਪਾ ਨਾਲ ਮੁੜ ਗਠਜੋੜ ਲਈ ਤਰਲੋਮੱਛੀ ਹੋਣ ਦੇ ਬਾਵਜੂਦ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਹਾਲੇ ਤੱਕ ਅਕਾਲੀ ਦਲ ਨੂੰ ਕੋਈ ਵੀ ਹੱਥ ਪੱਲਾ ਨਹੀਂ ਫ਼ੜਾ ਰਹੀ। ਤਿੰਨ ਮੁੱਖ ਰਾਜਾਂ ਵਿੱਚ ਵੱਡੀ ਜਿੱਤ ਬਾਅਦ ਤਾਂ ਭਾਜਪਾ ਦਾ ਰੁਖ਼ ਹੋਰ ਵੀ ਸਖ਼ਤ ਹੋ ਗਿਆ ਹੈ ਅਤੇ ਅਕਾਲੀ ਦਲ ਅੱਗੇ ਵੱਡੀਆਂ ਸ਼ਰਤਾਂ ਰੱਖੀਆਂ ਜਾ ਰਹੀਆਂ ਹਨ। ਬੇਸ਼ੱਕ ਅੰਦਰਖਾਤੇ ਹੋ ਰਹੀ ਗੱਲਬਾਤ ਦਾ ਪ੍ਰਗਟਾਵਾ ਬਾਦਲ ਦਲ ਦੇ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਕਰ ਚੁੱਕੇ ਹਨ ਪਰ ਭਾਜਪਾ ਦਾ ਰੁਖ਼ ਹਾਲੇ ਨਾਂਹ ਪੱਖੀ ਹੀ ਹੈ।

ਪੰਜਾਬ ਭਾਜਪਾ ਦੇ ਚੋਣ ਇੰਚਾਰਜ ਅਤੇ ਕੇਂਦਰੀ ਮੰਤਰੀ ਗਜੇਂਦਰ ਸ਼ੇਖਾਵਤ ਨੇ ਵੀ ਬੀਤੇ ਦਿਨ ਫ਼ਿਰ ਕਿਹਾ ਹੈ ਕਿ ਹਾਲੇ ਅਕਾਲੀ ਦਲ ਨਾਲ ਗਠਜੋੜ ਦੀ ਕੋਈ ਸੰਭਾਵਨਾ ਨਹੀਂ ਅਤੇ ਉਹ ਪਾਰਟੀ ਵੱਲੋਂ 13 ਸੀਟਾਂ ਲੜਨ ਦੀ ਗੱਲ ਵੀ ਕਹਿ ਰਹੇ ਹਨ ਭਾਵੇਂ ਕਿ ਇਹ ਬਾਦਲ ਦਲ ਉੱਪਰ ਆਪਣੀਆਂ ਸ਼ਰਤਾਂ ਮਨਾਉਣ ਦੀ ਰਣਨੀਤੀ ਹੀ ਹੋਵੇ। ਇਸ ਤਰ੍ਹਾਂ ਭਾਜਪਾ ਨਾਲ ਗਠਜੋੜ ਦੀ ਗੱਲ ਅੱਗੇ ਨਾ ਵਧਣ ਕਾਰਨ ਸੁਖਬੀਰ ਬਾਦਲ ਦਾ ਮਾਫ਼ੀ ਮੰਗ ਕੇ ਪੰਥਕ ਏਕਤਾ ਲਈ ਖੇਡਿਆ ਸਿਆਸੀ ਪੈਂਤੜਾ ਵੀ ਫ਼ਿਲਹਾਲ ਸਫ਼ਲ ਹੁੰਦਾ ਦਿਖਾਈ ਨਹੀਂ ਦੇ ਰਿਹਾ।

ਭਾਵੇਂ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਅਤੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਪੰਥਕ ਏਕਤਾ ਲਈ ਹਾਮੀ ਤਾਂ ਭਰ ਰਹੇ ਹਨ ਪਰ ਭਾਜਪਾ ਦੇ ਰੁਖ਼ ਨੂੰ ਦੇਖਦਿਆਂ ਹਾਲੇ ਜੱਕੋ ਤੱਕੀ ਵਿੱਚ ਹੀ ਹਨ ਕਿ ਬਾਦਲ ਦਲ ਵਿੱਚ ਵਾਪਸੀ ਕੀਤੀ ਜਾਵੇ ਜਾਂ ਨਾ। ਇਸ ਤਰ੍ਹਾਂ ਪੰਥਕ ਏਕਤਾ ਦੀ ਗੱਲ ਵੀ ਭਾਜਪਾ ਨਾਲ ਗਠਜੋੜ 'ਤੇ ਹੀ ਨਿਰਭਰ ਲਗਦੀ ਹੈ।

ਢੀਂਡਸਾ ਅਤੇ ਬੀਬੀ ਜਗੀਰ ਕੌਰ ਵਰਗੇ ਬਾਦਲ ਦਲ ਤੋਂ ਵੱਖ ਹੋ ਚੁੱਕੇ ਪ੍ਰਮੁੱਖ ਆਗੂ ਵੀ ਇਹ ਭਲੀ ਭਾਂਤ ਸਮਝਦੇ ਹਨ ਕਿ ਇਕੱਲੇ ਬਾਦਲ ਦਲ ਦੀ ਹੁਣ ਪੰਜਾਬ ਵਿੱਚ ਦਾਲ ਨਹੀਂ ਦਲਣੀ ਤੇ ਸੁਖਬੀਰ ਦੇ ਪੈਂਤੜਿਆਂ ਦੇ ਬਾਵਜੂਦ ਗੱਲ ਨਹੀਂ ਬਣ ਰਹੀ। ਇਸ ਹਾਲਤ ਵਿਚ ਭਾਜਪਾ ਨਾਲ ਗਠਜੋੜ ਕਰ ਕੇ ਹੀ ਅਕਾਲੀ ਦਲ ਅਪਣਾ ਆਧਾਰ ਮੁੜ ਸਥਾਪਤ ਕਰ ਸਕਦਾ ਹੈ। ਪੰਥਕ ਏਕਤਾ ਵਿੱਚ ਇੱਕ ਵੱਡਾ ਅੜਿੱਕਾ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਪ੍ਰਧਾਨਗੀ ਛੱਡਣ ਬਾਰੇ 'ਮੈਂ ਨਾ ਮਾਨੂੰ ਵਾਲੀ ਅੜੀ' ਬਣ ਰਹੀ ਹੈ। ਢੀਂਡਸਾ ਅਤੇ ਬੀਬੀ ਜਗੀਰ ਕੌਰ ਸਣੇ ਹੋਰ ਸਾਰੇ ਅਕਾਲੀ ਦਲ ਤੋਂ ਵੱਖ ਹੋਏ ਆਗੂ ਪਾਰਟੀ ਦੇ ਮੁੜ ਉਥਾਨ ਲਈ ਸੁਖਬੀਰ ਤੋਂ ਪ੍ਰਧਾਨਗੀ ਤੋਂ ਲਾਂਭੇ ਹੋਣ ਦੀ ਸ਼ਰਤ ਵੀ ਰੱਖ ਰਹੇ ਹਨ। ਭਾਜਪਾ ਨਾਲ ਲੋਕ ਸਭਾ ਵਿੱਚ ਸੀਟਾਂ ਦਾ ਮਾਮਲਾ ਤਾਂ ਅਕਾਲੀ ਦਲ ਨਾਲ ਨਿਪਟ ਸਕਦਾ ਹੈ ਪਰ ਅੱਗੇ ਵਿਧਾਨ ਸਭਾ ਵਿੱਚ ਵੀ ਭਾਜਪਾ ਵੱਲੋਂ ਅੱਧੋ ਅੱਧ ਸੀਟਾਂ ਦੀ (ਬਾਕੀ ਸਫ਼ਾ 30 'ਤੇ)

## ਬਾਦਲ ਦਲ ਦੀ ਵਧੀ ਸਰਗਰਮੀ ਤੋਂ ਕਾਂਗਰਸ ਤੇ ਆਪ ਚਿੰਤਤ ?

ਪਿਛਲੇ ਦਿਨੀਂ ਪੰਥਕ ਸਿਆਸਤ ਵਿੱਚ ਕੁਝ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਦਾ ਦਿੱਲੀ ਤੋਂ ਲੈ ਕੇ ਪੰਜਾਬ ਤੱਕ ਨੋਟਿਸ ਲਿਆ ਗਿਆ ਹੈ। ਇਹ ਘਟਨਾਵਾਂ 14 ਦਸੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਥਾਪਨਾ ਦਿਵਸ 'ਤੇ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚ ਹੋਏ ਇੱਕ ਧਾਰਮਿਕ ਸਮਾਗਮ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਅਕਾਲੀ-ਭਾਜਪਾ ਸਰਕਾਰਾਂ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਅਤੇ ਹੋਰ ਹੋਈਆਂ ਗ਼ਲਤੀਆਂ ਸੰਬੰਧੀ ਬਿਨਾਂ ਸ਼ਰਤ ਮਾਫ਼ੀ ਮੰਗਣਾ ਅਤੇ ਨਾਰਾਜ਼ ਹੋ ਕੇ ਬਾਹਰ ਗਏ ਸਾਰੇ ਪਾਰਟੀ ਆਗੂਆਂ ਨੂੰ ਮੁੜ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋਣ ਦਾ ਸੱਦਾ ਦੇਣਾ, ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦਾ ਸੁਖਬੀਰ ਸਿੰਘ ਬਾਦਲ ਦੀ ਅਪੀਲ 'ਤੇ ਅਮਲ ਕਰਦਿਆਂ ਮੁੜ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋਣਾ ਆਦਿ ਹਨ। ਪੰਥਕ ਵਿਚਾਰਕਾਂ ਅਤੇ ਬੁੱਧੀਜੀਵੀਆਂ ਦੀ ਰਾਇ ਇਹ ਹੈ ਕਿ ਪੰਜਾਬ ਕਾਂਗਰਸ ਅਤੇ ਆਮ ਆਦਮੀ ਪਾਰਟੀ ਵੱਲੋਂ ਸੁਖਬੀਰ ਸਿੰਘ ਬਾਦਲ ਵੱਲੋਂ ਮਾਫ਼ੀ ਮੰਗਣ ਤੇ ਅਕਾਲੀ ਏਕਤਾ ਦਾ ਸੱਦਾ ਦੇਣ ਦਾ ਵਿਰੋਧ ਆਪਣੇ ਸਿਆਸੀ ਹਿਤਾਂ ਕਾਰਨ ਕੀਤਾ ਜਾ ਰਿਹਾ ਹੈ ਪਰ ਇਸ ਸਮੇਂ ਸਿੱਖ ਪੰਥ ਅਤੇ ਪੰਜਾਬ ਦੇ ਹਿਤਾਂ ਲਈ ਇੱਕ ਮਜ਼ਬੂਤ ਸ਼੍ਰੋਮਣੀ ਅਕਾਲੀ ਦਲ ਅਤੇ ਗਤੀਸ਼ੀਲ ਲੀਡਰਸ਼ਿਪ ਦੀ ਲੋੜ ਹੈ। (ਬਾਕੀ ਸਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

3 ਜਨਵਰੀ ਤੋਂ 9 ਜਨਵਰੀ, 2024

## ਇੱਕ ਦਰਵੇਸ਼ ਸਿੱਖ ਆਗੂ ਦੀ ਸ਼ਹਾਦਤ

ਪੰਜਾਬ ਦੀ ਧਰਤੀ ਉੱਪਰ ਵੱਸਦੇ ਸਿੱਖਾਂ ਨੂੰ ਸਦਾ ਹੀ ਹਕੂਮਤਾਂ ਦੇ ਜਬਰ ਦਾ ਸਾਹਮਣਾ ਕਰਨਾ ਪਿਆ ਹੈ। ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਹਿੰਦੁਸਤਾਨ ਦੀ ਧਰਤ ਉੱਪਰ ਲੋਧੀ ਵੰਸ਼ ਦੀ ਸਮਾਪਤੀ ਤੋਂ ਬਾਅਦ ਮੁਗ਼ਲ ਸਾਮਰਾਜ ਆਪਣੀ ਸਿਖਰ ਤੱਕ ਪਹੁੰਚਦਾ ਹੈ। ਦੂਜੇ ਪਾਸੇ ਪਹਾੜੀ ਰਾਜਿਆਂ ਦਾ ਪਹਾੜੀ ਇਲਾਕਿਆਂ ਵਿੱਚ ਪ੍ਰਭਾਵ ਰਿਹਾ। ਇਨ੍ਹਾਂ ਹਕੂਮਤਾਂ ਦੀ ਗੁਰੂ ਸਾਹਿਬਾਨ ਅਤੇ ਸਿੱਖਾਂ ਦੇ ਨਾਲ ਤਕੜੀ ਟੱਕਰ ਰਹੀ। ਬਹੁਤ ਥੋੜ੍ਹਾ ਸਮਾਂ ਸਿੱਖ ਅਜ਼ਾਦੀ ਮਾਣ ਸਕੇ ਅਤੇ ਦੁਬਾਰਾ ਤੋਂ ਅੰਗਰੇਜ਼ਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋਣ ਲੱਗੇ। ਇਨ੍ਹਾਂ ਹਕੂਮਤਾਂ ਦੌਰਾਨ ਸਿੱਖਾਂ ਦੀਆਂ ਸ਼ਹੀਦੀਆਂ ਨੂੰ ਬਹੁਤੀ ਲੋਕਾਈ ਕਿਸੇ ਮਾੜੇ ਸਮੇਂ ਦੇ ਬੀਤਣ ਵਾਂਗ ਯਾਦ ਕਰਦੀ ਹੈ, ਮੁਗਲ ਹਕੂਮਤ ਅਤੇ ਅੰਗਰੇਜ਼ੀ ਸਰਕਾਰ ਨੂੰ ਬੇਗਾਨੇ ਲੋਕਾਂ ਦੀ ਸਰਕਾਰ ਅਤੇ ਉਨ੍ਹਾਂ ਦੁਆਰਾ ਸਿੱਖਾਂ ਉੱਪਰ ਢਾਹੇ ਜ਼ੁਲਮਾਂ ਨੂੰ ਬੀਤ ਚੁੱਕੇ ਸਮੇਂ ਦੇ ਇਤਿਹਾਸ ਵਜੋਂ ਜਾਣਦੀ ਹੈ। 1947 ਪਿੱਛੋਂ ਹਿੰਦੁਸਤਾਨ ਅੰਦਰ ਨਵਾਂ ਹਕੂਮਤੀ ਪ੍ਰਬੰਧ ਹੋਂਦ ਵਿਚ ਆਉਂਦਾ ਹੈ, ਜਿਸ ਨੂੰ ਸਿੱਖ ਜਗਤ ਵੱਲੋਂ ਵੀ ਦੇਸੀ ਪ੍ਰਬੰਧ ਜਾਣ ਕੇ ਸਿੱਖਾਂ ਦਾ ਹਾਮੀ ਜਾਣਿਆ ਗਿਆ। ਭਾਵੇਂ ਕਿ ਸਿੱਖ ਜਗਤ ਦੀ ਕਈ ਨੁਕਤਿਆਂ ਉੱਪਰ ਦਿੱਲੀ ਹਕੂਮਤ ਨਾਲ ਨੋਕ ਝੋਕ ਚੱਲਦੀ ਰਹੀ। ਸੰਨ 1984 ਤੋਂ ਬਾਅਦ ਸਿੱਖਾਂ ਦੇ ਵੱਡੇ ਹਿੱਸੇ ਨੇ ਇਸ ਗੱਲ ਨੂੰ ਸਮਝ ਲਿਆ ਕਿ ਪਹਿਲਾਂ ਦੀਆਂ ਅਤੇ ਹੁਣ ਦੀਆਂ ਹਕੂਮਤਾਂ ਦੀ ਨੀਤੀ ਵਿੱਚ ਸਿੱਖਾਂ ਲਈ ਕੁਝ ਵੀ ਵੱਖਰਾਪਣ ਨਹੀਂ ਸੀ। 1984 ਤੋਂ ਬਾਅਦ ਸਿੱਖਾਂ ਨੇ ਪੁਰਾਣੇ ਸਮੇਂ ਦਾ ਇਤਿਹਾਸ ਫੇਰ ਤੋਂ ਜਿਉਂਦਾ ਕੀਤਾ।

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਵੱਡੀ ਸੰਸਥਾ ਹੈ, ਇਥੋਂ ਦਾ ਰੁਤਬਾ ਹਿੰਦੁਸਤਾਨ ਹੀ ਨਹੀਂ, ਦੁਨੀਆਂ ਭਰ ਵਿੱਚ ਸਿੱਖ ਸ਼ਕਤੀ ਦੇ ਇੱਕ ਕੇਂਦਰ ਵਜੋਂ ਜਾਣਿਆ ਜਾਂਦਾ ਹੈ। ਇਥੋਂ ਦੇ ਜਥੇਦਾਰਾਂ ਨੂੰ ਪੂਰੀ ਦੁਨੀਆਂ ਵਿੱਚ ਵੱਸਦੇ ਸਿੱਖਾਂ ਦਾ ਨੁਮਾਇੰਦਾ ਮੰਨਿਆ ਜਾਂਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਲਈ ਪ੍ਰਭੁਤਾ ਦੀ ਪ੍ਰਤੀਕ ਸੰਸਥਾ ਹੈ। ਹਕੂਮਤਾਂ ਨੇ ਸਦਾ ਹੀ ਇਸ ਨੂੰ ਆਪਣੀ ਹੋਂਦ ਲਈ ਖਤਰਾ ਮੰਨਿਆ ਹੈ। 1984 ਵਿੱਚ ਦਿੱਲੀ ਦਰਬਾਰ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸਿੱਧੇ ਰੂਪ ਵਿੱਚ ਹਮਲਾਵਰ ਹੁੰਦਾ ਹੈ, 1984 ਤੋਂ ਬਾਅਦ ਦਿੱਲੀ ਵੱਲੋਂ ਆਪਣੀ ਪਸੰਦ ਦੇ ਜਥੇਦਾਰ ਲਗਾ ਕੇ ਸਿੱਖਾਂ ਦੇ ਫੈਸਲੇ ਬਦਲਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ। ਜਦੋਂ ਕਦੇ ਦਿੱਲੀ ਦਾ ਜ਼ੋਰ ਨਾ ਚੱਲ ਸਕਿਆ ਅਤੇ ਸਿੱਖ ਜਗਤ ਨੂੰ ਖ਼ਾਲਸਾਈ ਰਵਾਇਤਾਂ ਵਾਲਾ ਜਥੇਦਾਰ ਚੁਨਣ ਦਾ ਮੌਕਾ ਮਿਲਿਆ ਤਾਂ ਦਿੱਲੀ ਨੇ ਉਸ ਜਥੇਦਾਰ ਨੂੰ ਵੀ ਹਜ਼ਾਰਾਂ ਹੋਰ ਸਿੱਖ ਨੌਜਵਾਨਾਂ ਦੀ ਤਰ੍ਹਾਂ ਸ਼ਹੀਦ ਕਰ ਦਿੱਤਾ। ਲੁਧਿਆਣਾ ਨੇੜਲੇ ਪਿੰਡ ਕਾਉਂਕੇ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਉਨ੍ਹਾਂ ਵਿੱਚ ਇੱਕ ਸਨ, ਜਿਹੜੇ ਸਿੱਖ ਰਹੁ ਰੀਤਾਂ ਦੀ ਪੂਰੀ ਤਰ੍ਹਾਂ ਤਰਜਮਾਨੀ ਕਰਦੇ ਸਨ। ਉਨ੍ਹਾਂ ਨੂੰ ਸੰਨ 1986 ਵਿੱਚ ਹੋਏ ਸਰਬੱਤ ਖ਼ਾਲਸਾ ਸਮਾਗਮ ਵਿੱਚ ਜਸਬੀਰ ਸਿੰਘ ਰੋਡੇ ਵੱਲੋਂ ਆਪਣੀ ਥਾਂ 'ਤੇ ਕਾਰਜਕਾਰੀ ਜਥੇਦਾਰ ਲਗਾਇਆ ਗਿਆ ਸੀ। ਭਾਈ ਗੁਰਦੇਵ ਸਿੰਘ ਕਾਉਂਕੇ ਜੀ ਨੇ ਜਥੇਦਾਰੀ ਦੀ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਬਾਹਿਆ। ਸਿੱਖ ਜਗਤ ਲਈ ਇਮਾਨਦਾਰੀ ਨਾਲ ਜਿੰਮੇਵਾਰੀ ਨਿਭਾਉਂਦਿਆਂ ਉਨ੍ਹਾਂ ਨੂੰ ਦਿੱਲੀ ਹਕੂਮਤ ਕਦੋਂ ਜਰ ਸਕਦੀ ਸੀ, ਜਦੋਂ ਕਿ ਉਸਨੇ ਤਾਂ ਸਿੱਖਾਂ ਦੇ ਅਜਿਹੇ ਆਗੂਆਂ ਨੂੰ ਮਾਨਤਾ ਦਿੱਤੀ ਹੋਈ ਸੀ, ਜਿਹੜੇ ਦਿੱਲੀ ਨਾਲ ਪੂਰੀ ਇਮਾਨਦਾਰੀ ਰੱਖਦੇ ਸਨ ਅਤੇ ਸਿੱਖ ਜਗਤ ਦੇ ਭਲੇ ਲਈ ਦਿੱਲੀ ਦਰਬਾਰ ਦੀ ਸਹਿਮਤੀ ਨਾਲ ਹੀ ਕੋਈ ਕਦਮ ਤੁਰਦੇ ਸਨ। ਇਸ ਵੰਗਾਰ ਨੂੰ ਖਤਮ ਕਰਨ ਲਈ ਦਿੱਲੀ ਦਰਬਾਰ ਨੇ ਪੰਜਾਬ ਵਿਚਲੇ ਜਾਲਮ ਅਫਸਰਾਂ ਨੂੰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਅਤੇ ਫੇਰ ਸ਼ਹੀਦ ਕਰਨ ਦੇ ਅਣਲਿਖਤੀ ਫੁਰਮਾਨ ਜਾਰੀ ਕਰ ਦਿੱਤੇ। 25 ਦਸੰਬਰ 1992 ਨੂੰ ਭਾਈ ਗੁਰਦੇਵ ਸਿੰਘ ਨੂੰ ਪਿੰਡ ਦੇ ਸਾਹਮਣੇ ਗ੍ਰਿਫ਼ਤਾਰ ਕਰਨ ਤੋਂ ਬਾਅਦ ਉਨ੍ਹਾਂ ਨੂੰ ਤਸੀਹਾ ਕੇਂਦਰ ਵਿੱਚ ਲਿਜਾਇਆ ਜਾਂਦਾ ਹੈ। ਇੱਕ ਪਾਸੇ ਸਾਹਿਬਜ਼ਾਦਿਆਂ ਅਤੇ ਅਨੇਕ ਸਿੰਘਾਂ ਸਿੰਘਣੀਆਂ ਦੇ ਸ਼ਹੀਦੀ ਦਿਨ ਚੱਲ ਰਹੇ ਸਨ, ਦੂਜੇ ਪਾਸੇ ਭਾਈ ਗੁਰਦੇਵ ਸਿੰਘ 20ਵੀਂ ਸਦੀ ਵਿੱਚ ਜ਼ੁਲਮਾਂ ਨੂੰ ਸਿਦਕ ਨਾਲ ਸਹਿੰਦੇ ਹੋਏ ਲੋਕਾਈ ਨੂੰ ਦੱਸ ਰਹੇ ਸਨ ਕਿ ਉਹ ਅਤੇ ਉਨ੍ਹਾਂ ਦੇ ਸਾਥੀ 18ਵੀਂ ਸਦੀ ਦੇ ਮਹਾਨ ਸਿੱਖ ਸੰਘਰਸ਼ ਦੇ ਵਾਰਿਸ ਹਨ, ਨਾਲ ਹੀ ਜ਼ਾਲਮਾਂ ਨੂੰ ਵੀ ਸਾਬਤ ਕਰ ਰਹੇ ਸਨ ਕਿ ਮੁਗਲਾਂ ਦੇ ਵਾਰਿਸ ਅੱਜ ਨਹੀਂ ਤਾਂ ਕੱਲ ਮਹਾਨ ਸੱਚ ਦੇ ਸਾਹਮਣੇ ਹਾਰ ਜਾਣਗੇ। ਸਮਾਂ ਬਦਲਣ ਨਾਲ ਜ਼ਾਲਮਾਂ ਨੇ ਜ਼ੁਲਮ ਕਰਨ ਦੇ ਤਰੀਕੇ ਭਾਵੇਂ ਬਦਲ ਲਏ ਸਨ, ਚਰਖੜੀਆਂ, ਰੰਬੀਆਂ ਅਤੇ ਆਰਿਆਂ ਦੀ ਥਾਂ ਭਾਈ ਗੁਰਦੇਵ ਸਿੰਘ ਨੂੰ ਅੱਤ ਦੀ ਠੰਡ ਵਿੱਚ ਬਿਨਾਂ ਕੱਪੜਿਆਂ ਦੇ ਪੁੱਠਾ ਲਮਕਾ ਕੇ ਸੋਟੀਆਂ ਨਾਲ ਹੱਡ ਹੱਡ ਤੋੜ ਦਿੱਤਾ ਗਿਆ, ਬਿਜਲੀ ਦੇ ਝਟਕੇ, ਅੱਖਾਂ ਕੱਢ ਦੇਣ ਤੋਂ ਬਾਅਦ, ਸ਼ਹੀਦ ਦਾ ਬੇਜਾਨ ਪਿਆ ਪਵਿੱਤਰ ਸਰੀਰ ਵੀ ਜ਼ਾਲਮਾਂ ਨੇ ਦਾਹ ਦੇ ਨਾਲ ਛੋਟੇ ਛੋਟੇ ਟੁਕੜਿਆਂ ਵਿੱਚ ਵੱਢ ਦਿੱਤਾ। ਭਾਈ ਸਾਹਿਬ ਸੁਰਤ ਵਿੱਚ ਬਾਣੀ ਪੜ੍ਹਦਿਆਂ ਭਾਣਾ ਮੰਨਦੇ ਰਹੇ, ਜਦਕਿ ਜ਼ਾਲਮਾਂ ਦੀ ਜੀਭ ਉਪਰ ਮਾੜੇ ਕੁਬੋਲ ਅਤੇ ਗਾਲਾਂ ਸਨ। ਸਤਿਗੁਰਾਂ ਦੀ ਬਾਣੀ ਪੜ੍ਹਦਿਆਂ ਭਾਈ ਸਾਹਿਬ ਜੀ ਸਤਿਗੁਰਾਂ ਦੇ ਚਰਨਾਂ ਵਿੱਚ ਜਾ ਬਿਰਾਜੇ, ਦੂਸਰੇ ਪਾਸੇ ਜ਼ਾਲਮ ਨਰਕ ਭੋਗਣ ਦੇ ਅਧਿਕਾਰੀ ਬਣ ਗਏ। ਭਾਈ ਗੁਰਦੇਵ ਸਿੰਘ ਗੁਰਸਿੱਖੀ ਜੀਵਨ ਜਿਉਣ ਵਾਲੇ, ਨਾਲ ਹੀ ਸੁਭਾਅ ਦੇ ਬਹੁਤ ਨਿਮਰ, ਆਏ ਗਏ ਦੀ ਸੇਵਾ ਕਰਨ ਵਾਲੇ ਸਿਮਰਨ ਵਿੱਚ ਰਹਿਣ ਵਾਲੇ ਭਜਨੀਕ ਪੁਰਖ ਸਨ। ਹੁਣ ਵੇਲਾ ਹੈ, ਸਿੱਖਾਂ ਨੂੰ ਆਪਣੇ ਸ਼ਹੀਦਾਂ ਨੂੰ ਪੂਰੀ ਸ਼ਿੱਦਤ ਨਾਲ ਯਾਦ ਕਰਨ ਦਾ, ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਦਾ, 18ਵੀਂ ਸਦੀ ਅਤੇ ਹੁਣ ਦੇ ਇਤਿਹਾਸ ਨੂੰ ਮਿਲਾ ਕੇ ਵੇਖਣ ਦਾ, ਤਾਹੀਂ ਹੀ ਅਗਲੀਆਂ ਪੀੜ੍ਹੀਆਂ ਭਾਈ ਗੁਰਦੇਵ ਸਿੰਘ ਵਰਗੇ ਗੁਰਸਿੱਖਾਂ ਦੇ ਜੀਵਨ ਅਤੇ ਉਨ੍ਹਾਂ ਦੀਆਂ ਸ਼ਹੀਦੀਆਂ ਤੋਂ ਪ੍ਰੇਰਣਾ ਲੈ ਸਕਣਗੀਆਂ।

## ਖ਼ਾਲਸਾ ਰਾਜ ਦੀ ਚੌਂਕੀ ਸੰਭਾਲਣ ਦਾ ਜਿੰਮਾ ਕਿਸਦਾ ?

ਰੋਪੜ ਨੇੜਲੇ ਪਿੰਡ ਆਸਰੋਂ ਵਿੱਚ ਸਤਲੁਜ ਦਰਿਆ ਦੇ ਕਿਨਾਰੇ ਖ਼ਾਲਸਾ ਰਾਜ ਦੀ ਚੌਂਕੀ ਦਾ ਲਾਂਘਾ ਇੱਕ ਸਵਰਾਜ ਨਾਮ ਦੇ ਕਾਰਖ਼ਾਨੇ ਵੱਲੋਂ ਬੀਤੇ ਸਮਿਆਂ ਤੋਂ ਰੋਕਿਆ ਹੋਇਆ ਸੀ। ਸਤਲੁਜ ਦਰਿਆ ਨੇੜਲੀ ਇੱਕ ਪਹਾੜੀ ਉੱਪਰ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ ਨੁਮਾਇੰਦਿਆਂ ਵਿਚਕਾਰ ਇੱਕ ਮਹੱਤਵਪੂਰਨ ਸੰਧੀ ਖ਼ਾਲਸਾ ਅਤੇ ਅੰਗਰੇਜ਼ੀ ਰਾਜ ਦੀਆਂ ਹੱਦਾਂ ਨੂੰ ਲੈ ਕੇ ਹੋਈ ਸੀ। ਇਸ ਦੀ ਯਾਦ ਦੁਆਉਂਦਾ ਇੱਕ ਅਸਟ ਧਾਤੂ ਦਾ ਨਿਸ਼ਾਨ ਸਾਹਿਬ ਲੱਗਿਆ ਹੋਇਆ ਸੀ। ਬੀਤੇ ਸਮੇਂ ਵਿੱਚ ਸਰਕਾਰੀ ਤੌਰ ਉੱਪਰ ਅਣਗਹਿਲੀ ਦਿਖਾਉਂਦਿਆਂ ਇਸ ਅਸਥਾਨ ਨੂੰ ਜਾਂਦਾ ਰਸਤਾ ਸਵਰਾਜ ਨਾਮ ਦੇ ਕਾਰਖ਼ਾਨੇ ਦੁਆਰਾ ਰੋਕ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਜਿੱਥੇ ਨਿਸ਼ਾਨ ਸਾਹਿਬ ਲੱਗਿਆ ਹੋਇਆ ਸੀ, ਉਸ ਪਹਾੜੀ ਨੂੰ ਢਾਹੁਣ ਦੇ ਯਤਨ ਹੋਏ ਵੀ ਵਿਖਾਈ ਦਿੰਦੇ ਹਨ। ਖ਼ਾਲਸਾ ਰਾਜ ਨਾਲ ਸਬੰਧਿਤ ਚੌਂਕੀ ਇਤਿਹਾਸਿਕ ਨਿਸ਼ਾਨੀ ਹੈ, ਇਸ ਨੂੰ ਬਚਾਉਣਾ ਸਿਰਫ਼ ਸਿੱਖ ਹੀ ਨਹੀਂ, ਸਾਰੇ ਹੀ ਲੋਕਾਂ ਦਾ ਫਰਜ਼ ਬਣਦਾ ਹੈ। ਭਾਵੇਂ ਕਿ ਸਰਕਾਰ ਨੇ ਹੁਣ ਲੋਕਾਂ ਦੇ ਸੰਘਰਸ਼ ਤੋਂ ਬਾਅਦ ਅਸਥਾਨ ਨੂੰ ਜਾਂਦਾ ਲਾਂਘਾ ਅਤੇ ਅੱਠ ਏਕੜ ਜ਼ਮੀਨ ਦੀ ਨਿਸ਼ਾਨਦੇਹੀ ਕਰਵਾਉਣ ਦੀ ਹਾਮੀ ਭਰੀ ਹੈ, ਪਰ ਤਾਂ ਵੀ ਇਸ ਨੂੰ ਸੰਭਾਲਣ ਅਤੇ ਇਸ ਦੀ ਕੁਦਰਤੀ ਦਿੱਖ ਨੂੰ ਬਰਕਰਾਰ ਰੱਖਣ ਦੀ ਜਿੰਮੇਵਾਰੀ ਲੋਕਾਂ ਦੀ ਹੀ ਬਣਦੀ ਹੈ।

-ਸੰਪਾਦਕ, ਅੰਮ੍ਰਿਤਸਰ ਟਾਈਮਜ਼

# ਜੰਮੂ-ਕਸ਼ਮੀਰ ਵਿੱਚ ਧਾਰਾ 370- ਕੁਝ ਤੱਥ, ਕੁਝ ਸਵਾਲ



ਗੁਰਮੀਤ ਸਿੰਘ ਪਲਾਹੀ
9815802070

ਸਾਡੇ ਦੇਸ਼ ਦਾ ਸੰਵਿਧਾਨ ਧਰਮ ਨਿਰਪੱਖਤਾ, ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਰੱਖਿਆ, ਪ੍ਰੈੱਸ ਦੀ ਆਜ਼ਾਦੀ, ਕਾਨੂੰਨ ਅਨੁਸਾਰ ਰਾਜ, ਕੇਂਦਰ ਤੇ ਸੂਬਿਆਂ ਦਰਮਿਆਨ ਅਧਿਕਾਰ ਖੇਤਰ ਦੀ ਵੰਡ, ਘੱਟ ਗਿਣਤੀਆਂ ਤੇ ਅਨੁਸੂਚਿਤ ਜਾਤੀਆਂ ਤੇ ਜਨਜਾਤੀਆਂ ਦੇ ਅਧਿਕਾਰਾਂ ਦੀ ਰੱਖਿਆ, ਫੈਡਰਲਿਜ਼ਮ, ਰਾਜਪਾਲਿਕਾ, ਵਿਧਾਨਪਾਲਿਕਾ, ਨਿਆਂਪਾਲਿਕਾ ਦੀ ਆਜ਼ਾਦੀ, ਕੇਂਦਰੀ ਚੋਣ ਕਮਿਸ਼ਨ ਦੀ ਖੁਦਮੁਖਤਾਰੀ ਆਦਿ ਦੀ ਗੱਲ ਕਰਦਾ ਹੈ।

ਪਿਛਲੇ ਕੁਝ ਸਮੇਂ ਤੋਂ ਦੇਸ਼ ਵਿੱਚ ਇੱਕ ਖਦਸ਼ਾ ਅਤੇ ਫ਼ਿਕਰ ਹੈ। ਉਹ ਫ਼ਿਕਰ ਇਹ ਕਿ ਜੇਕਰ ਦੇਸ਼ ਵਿੱਚ ਕੋਈ ਸਿਆਸੀ ਧਿਰ ਸੰਸਦ ਵਿੱਚ ਅਥਾਹ ਤਾਕਤ ਪ੍ਰਾਪਤ ਕਰ ਲੈਂਦੀ ਹੈ ਤਾਂ ਕੀ ਉਹ ਸੰਵਿਧਾਨ ਵਿੱਚ ਬੁਨਿਆਦੀ ਤਬਦੀਲੀਆਂ ਕਰ ਸਕਦੀ ਹੈ।

ਖ਼ਦਸ਼ਾ ਹੈ ਕਿ ਦੇਸ਼ ਵਿੱਚ ਫੈਡਰਲਿਜ਼ਮ ਨੂੰ ਖ਼ਤਰਾ ਵਧ ਰਿਹਾ ਹੈ। ਸੰਘੀ ਢਾਂਚੇ ਦੀ ਸੰਘੀ ਘੁੱਟਣ ਦੇ ਯਤਨ ਹੋ ਰਹੇ ਹਨ। ਇਸ ਵਿਰੁੱਧ ਆਵਾਜ਼ਾਂ ਵੀ ਉੱਠ ਰਹੀਆਂ ਹਨ।

ਸਮੇਂ-ਸਮੇਂ ਤੇ ਕਾਨੂੰਨਦਾਨਾਂ ਸਾਬਕਾ ਸੁਪਰੀਮ ਕੋਰਟ ਜੱਜ ਇਸ ਸਬੰਧੀ ਆਪਣਾ ਫ਼ਿਕਰ ਜ਼ਾਹਰ ਕਰ ਚੁੱਕੇ ਹਨ ਜਾਂ ਕਰ ਰਹੇ ਹਨ।

ਦੇਸ਼ ਦੀ ਆਜ਼ਾਦੀ ਉਪਰੰਤ ਕਸ਼ਮੀਰ 'ਚ ਲਾਗੂ ਸੰਵਿਧਾਨ ਦੀ ਧਾਰਾ 370 ਜੋ ਮੋਦੀ ਸਰਕਾਰ ਵੱਲੋਂ 4 ਸਾਲ ਪਹਿਲਾਂ ਮਨਸੂਖ ਕਰ ਦਿੱਤੀ ਗਈ ਸੀ, ਉਸ ਸਰਕਾਰ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੈਲਿੰਜ ਕੀਤਾ ਗਿਆ ਸੀ। ਇਸ ਸਬੰਧੀ ਸੁਪਰੀਮ ਕੋਰਟ ਨੇ ਫ਼ੈਸਲਾ ਸੁਣਾਉਂਦਿਆਂ ਕੇਂਦਰ ਸਰਕਾਰ ਦਾ ਫ਼ੈਸਲਾ ਬਰਕਰਾਰ ਰੱਖਿਆ ਹੈ।

ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਨਰੀਮਨ ਨੇ ਸੁਪਰੀਮ ਕੋਰਟ ਦੁਆਰਾ ਸੰਵਿਧਾਨ ਦੀ ਧਾਰਾ 370 ਨੂੰ ਮਨਸੂਖ ਕੀਤੇ ਜਾਣ ਦੀ ਪਟੀਸ਼ਨ 'ਤੇ ਦਿੱਤੇ ਨਿਰਣੇ ਦੀ ਅਲੋਚਨਾ ਕੀਤੀ ਹੈ। ਸੁਪਰੀਮ ਕੋਰਟ ਦੇ ਇੱਕ ਹੋਰ ਸਾਬਕਾ ਜੱਜ ਮਦਨ ਲੋਕੁਰ ਅਤੇ ਕਈ ਹੋਰ ਕਾਨੂੰਨਦਾਨਾਂ ਨੇ ਇਸ ਫ਼ੈਸਲੇ ਸਬੰਧੀ ਕਿਹਾ ਹੈ ਕਿ ਸੁਪਰੀਮ ਕੋਰਟ ਨੂੰ ਇਹ ਸਾਫ਼-ਸਾਫ਼ ਰੂਪ ਵਿੱਚ ਕਹਿਣਾ ਚਾਹੀਦਾ ਸੀ ਕਿ ਜਿਸ ਤਰੀਕੇ ਨਾਲ ਧਾਰਾ 370 ਨੂੰ ਮਨਸੂਖ ਕੀਤਾ ਗਿਆ, ਉਹ ਗਲਤ ਅਤੇ ਫੈਡਰਲਿਜ਼ਮ ਵਿਰੋਧੀ ਹੈ।

5 ਅਗਸਤ 2019 ਨੂੰ ਮੋਦੀ ਸਰਕਾਰ ਨੇ ਧਾਰਾ 370 ਨੂੰ ਰੱਦ ਕਰ ਦਿੱਤਾ ਸੀ। ਇਹ ਫ਼ੈਸਲੇ ਕੀ ਸਹੀ ਹੈ ਜਾਂ ਗਲਤ, ਇਸ ਸਬੰਧੀ ਕਾਨੂੰਨੀ ਲੜਾਈ ਸ਼ੁਰੂ ਹੋਈ। ਪ੍ਰਮੁੱਖ ਮੁੱਦਾ ਇਹ ਸੀ ਕਿ ਕੀ ਧਾਰਾ 370 ਸਥਾਈ ਇੰਤਜ਼ਾਮ ਹੈ ਜਿਸਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਇੱਕ ਦਲੀਲ ਇਹ ਸੀ ਕਿ ਇਹ ਬਕਾਇਦਾ ਇੱਕ ਐਗਰੀਮੈਂਟ(ਕਰਾਰ) ਦਾ ਸਿੱਟਾ ਸੀ। ਸੁਪਰੀਮ ਕੋਰਟ ਨੇ ਇਹ ਧਾਰਨਾ ਰੱਦ ਕਰ ਦਿੱਤੀ ਅਤੇ ਕਿਹਾ ਕਿ ਸੰਵਿਧਾਨ ਦੇ ਨਜ਼ਰੀਏ ਤੋਂ ਧਾਰਾ 370 ਆਰਜ਼ੀ ਇੰਤਜ਼ਾਮ ਸੀ।

ਧਾਰਾ 370 ਦੀ ਬਰਖਾਸਤੀ ਸਬੰਧੀ ਪਟੀਸ਼ਨ ਦਾ ਫ਼ੈਸਲਾ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਨੇ ਮੁੱਖ ਰੂਪ ਵਿੱਚ ਲਿਖਿਆ। ਜਿਸਦੀ ਤਾਈਦ ਜਸਟਿਸ ਸੂਰੀਆ ਕਾਂਤ, ਜਸਟਿਸ ਬੀ.ਆਰ. ਗਵੱਈ ਜਸਟਿਸ ਸੰਜੇ ਕ੍ਰਿਸ਼ਨ ਕੌਲ ਅਤੇ ਜਸਟਿਸ ਸੰਜੀਵ ਖੰਨਾ ਨੇ ਕੀਤੀ ਹੈ। ਪਰ ਇੱਕ ਜੱਜ ਜਸਟਿਸ ਸੰਜੇ ਕ੍ਰਿਸ਼ਨ ਕੌਲ ਨੇ ਜੋ ਜੰਮੂ ਕਸ਼ਮੀਰ ਨਾਲ ਸਬੰਧ ਰੱਖਦੇ ਹਨ ਨੇ ਇੱਕ ਦਿਲਚਸਪ ਪੱਖ ਪੇਸ਼ ਕੀਤਾ ਅਤੇ ਕਿਹਾ ਕਿ ਦੱਖਣੀ ਅਫਰੀਕਾ ਦੀ ਤਰਜ਼ 'ਤੇ ਸੱਚਾਈ ਅਤੇ ਸੁਲ੍ਹਾ ਕਮਿਸ਼ਨ ਬਨਾਇਆ ਜਾਣਾ ਬਣਦਾ ਹੈ, ਜਿਸ ਤਹਿਤ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਆਪਣੇ ਸ਼ਿਕਵੇ, ਸ਼ਿਕਾਇਤਾਂ ਸੁਲਝਾਉਣ ਲਈ ਸੁਣਵਾਈ ਦਾ ਮੌਕਾ ਦਿੱਤਾ ਜਾ ਸਕਦਾ ਹੈ। ਇਹ ਇੱਕ ਸਿਫਾਰਸ਼ ਮਾਤਰ ਸੀ, ਜਿਸਦੀ ਦੂਜੇ ਜੱਜਾਂ ਨੇ ਤਾਈਦ ਨਹੀਂ ਕੀਤੀ। ਧਾਰਾ 370 ਸਬੰਧ 'ਚ ਅਦਾਲਤ ਨੇ ਤਿੰਨ ਮੁੱਖ ਸਿੱਟੇ ਕੱਢੇ ਹਨ :-




ਕੇਂਦਰ ਸਰਕਾਰ ਵੱਲੋਂ ਅਪਨਾਈ ਗਈ ਪ੍ਰਕਿਰਿਆ ਸੰਵਿਧਾਨ ਦੇ ਆਰਟੀਕਲ 368 ਦੇ ਦਾਅਰੇ ਤੋਂ ਬਾਹਰ ਸੀ। ਸੰਵਿਧਾਨ ਦੇ ਕਿਸੇ ਪ੍ਰਾਵਾਧਾਨ ਵਿੱਚ ਕੇਵਲ ਇੱਕ ਤਰੀਕੇ 'ਚ ਸੋਧ ਕੀਤੀ ਜਾ ਸਕਦੀ ਹੈ ਆਰਟੀਕਲ 368 ਦਾ ਸਹਾਰਾ ਲੈ ਕੇ ਅਤੇ ਜ਼ਰੂਰੀ ਵਿਸ਼ੇਸ਼ ਬਹੁਮਤ ਨਾਲ ਸੰਸਦ ਵਿੱਚ ਸੰਵਿਧਾਨ ਸੋਧ ਕਾਨੂੰਨ ਪਾਸ ਕਰਕੇ। ਜੰਮੂ-ਕਸ਼ਮੀਰ ਦੇ ਮਾਮਲੇ 'ਚ, ਕੇਂਦਰ ਸਰਕਾਰ ਨੇ ਆਰਟੀਕਲ 367 (ਵਿਵਸਥਾ ਖੰਡ) ਵਿੱਚ ਖੰਡ (4) ਜੋੜਨ ਦੇ ਲਈ ਆਰਟੀਕਲ 370 (1) (ਡੀ) ਨੂੰ ਲਾਗੂ ਕੀਤਾ, ਆਰਟੀਕਲ 370 (3) ਦੇ ਪ੍ਰਾਵਾਧਾਨ ਵਿੱਚ ਰਾਜ ਦੀ ਸੰਵਿਧਾਨ ਸਭਾ ਦੇ ਲਈ ਰਾਜ ਦੀ ਵਿਧਾਨ ਸਭਾ ਸ਼ਬਦਾਂ ਨੂੰ ਪ੍ਰਤੀ ਸਥਾਪਿਤ ਕੀਤਾ, ਆਰਟੀਕਲ 370 ਨੂੰ ਬਰਖ਼ਾਸਤ ਕਰਨ ਦੇ ਲਈ ਸੋਧੀ ਧਾਰਾ 370 (3) ਦੀ ਵਰਤੋਂ ਕੀਤੀ। ਅਦਾਲਤ ਦੇ ਇਸ ਤਰਕ ਨੂੰ ਸਮਝਿਆ ਜਾਵੇ ਕਿ ਇਹ ਜਟਿਲ ਅਭਿਆਸ ਅਸੰਵਿਧਾਨਿਕ ਕਿਉਂ ਸੀ:-

ਪੈਰਾ-389- ਹਾਲਾਂਕਿ ਵਿਆਖਿਆ ਖੰਡ ਦੀ ਵਰਤੋਂ ਸ਼ਬਦਾਂ ਨੂੰ ਪ੍ਰਭਾਸ਼ਿਤ ਕਰਨ ਜਾਂ ਅਰਥ ਦੇਣ ਲਈ ਕੀਤੀ ਜਾ ਸਕਦੀ ਹੈ, ਲੇਕਿਨ ਇਸ ਕਰਕੇ ਸੋਧ ਦੇ ਲਈ ਨਿਰਧਾਰਤ ਵਸ਼ਿਸ਼ਟ ਪ੍ਰੀਕਿਰਿਆ ਨੂੰ ਦਰਕਿਨਾਰ ਕਰਕੇ ਕਿਸੇ ਪ੍ਰਾਵਾਧਾਨ ਦੀ ਸੋਧ ਕਰਨ ਲਈ ਤੈਨਾਤ ਨਹੀਂ ਕੀਤੀ ਜਾ ਸਕਦੀ।

ਪੈਰਾ-400 - ਮਾਧਵ ਸਿੰਧੀਆ ਮਾਮਲੇ ਵਿੱਚ ਅਦਾਲਤ ਨੇ ਕਿਹਾ ਕਿ ਆਰਟੀਕਲ 366 (22) ਤਹਿਤ ਅਧਿਕਾਰਾਂ ਦੀ ਵਰਤੋਂ ਜਮਾਂਦਰੂ ਉਦੇਸ਼ ਲਈ ਨਹੀਂ ਹੋ ਸਕਦੀ, ਆਰਟੀਕਲ 368 ਦੇ ਤਹਿਤ ਪ੍ਰਕਿਰਿਆ ਨੂੰ ਖ਼ਤਮ ਕਰਨ ਲਈ ਆਰਟੀਲ 370 (1) (ਡੀ) ਅਤੇ 367 ਦੀ ਵਰਤੋਂ 370 'ਚ ਸੋਧ ਕਰਨ ਦਾ ਖ਼ਤਮ ਕਰਨ ਦੇ ਲਈ ਜ਼ਰੂਰੀ ਸਿੱਟੇ ਦੇ ਰੂਪ ਦੇ ਉਦੇਸ਼ ਨਾਲ ਨਹੀਂ ਕੀਤੀ ਜਾ ਸਕਦੀ। ਆਰਟੀਕਲ 370 ਦੀ ਸੋਧ ਨੂੰ ਅਸੰਵਿਧਾਨਕ ਮੰਨਣ ਦੇ ਬਾਵਜੂਦ ਅਦਾਲਤ ਨੇ ਸਿੱਟਾ ਕੱਢਿਆ ਕਿ ਰਾਸ਼ਟਰਪਤੀ ਵਲੋਂ ਆਰਟੀਕਲ 370 (1) (ਡੀ) ਦੇ ਤਹਿਤ ਅਧਿਕਾਰਾਂ ਦੀ ਵਰਤੋਂ ਜੰਮੂ ਕਸ਼ਮੀਰ ਵਿੱਚ ਸੰਵਿਧਾਨ ਦੇ ਪ੍ਰਾਵਾਧਾਨਾਂ ਦੇ ਲਾਗੂ ਕਰਨਾ ਸਹੀ ਸੀ ਅਤੇ ਆਰਟੀਕਲ 370 (3) ਦੇ ਤਹਿਤ ਘੋਸ਼ਣਾ ਦੇ ਅਧਾਰ 'ਤੇ ਆਰਟੀਕਲ 370 ਨੂੰ ਖ਼ਤਮ ਕਰਨ ਦੇ ਬਰਾਬਰ ਇਸਦਾ ਪ੍ਰਭਾਵ ਸੀ।

ਧਾਰਾ 370 ਬਰਖ਼ਾਸਤ ਕਰਨ ਵੇਲੇ ਸੁਪਰੀਮ ਕੋਰਟ ਨੇ ਕੁਝ ਮੁੱਦੇ, ਜਿਹਨਾਂ ਉੱਤੇ ਵਿਚਾਰ ਲੋੜੀਂਦਾ ਸੀ (ਕਾਨੂੰਨੀ ਮਾਹਰਾਂ ਅਨੁਸਾਰ), ਉਹ ਛੱਡ ਦਿੱਤੇ ਗਏ, ਕਾਨੂੰਨਦਾਨ ਕਹਿੰਦੇ ਹਨ ਕਿ ਅਦਾਲਤ ਨੂੰ ਇਸ ਸਵਾਲ ਦੀ ਜਾਂਚ ਕਰਨੀ ਚਾਹੀਦੀ ਸੀ ਕਿ ਰਾਜ ਨੂੰ ਤਿੰਨ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਵਿੱਚ ਵੰਡਿਆ ਜਾਣਾ ਚਾਹੀਦਾ ਸੀ ਜਾਂ ਨਹੀਂ। ਅਸਲ ਵਿੱਚ ਇਹ ਇੱਕ ਗੰਭੀਰ ਮੁੱਦਾ ਹੈ।

ਸੰਵਿਧਾਨ ਦੀ ਧਾਰਾ ਤਿੰਨ ਦੇ ਤਹਿਤ ਕਿਸੇ ਵੀ ਰਾਜ ਖੇਤਰ 'ਚ ਤਬਦੀਲੀ ਕਰਨ ਜਾਂ ਇੱਕ ਨਵਾਂ ਰਾਜ ਜਾਂ ਸੰਘ ਰਾਜ ਖੇਤਰ ਬਨਾਉਣ ਦੇ ਲਈ ਕੋਈ ਵੀ ਬਿੱਲ ਸੰਸਦ ਵਿੱਚ ਪੇਸ਼ ਨਹੀਂ ਕੀਤਾ ਜਾਏਗਾ, ਜਦ ਤੱਕ ਕਿ ਰਾਸ਼ਟਰਪਤੀ ਉਸ ਰਾਜ ਦੇ ਵਿਧਾਨ ਮੰਡਲ ਦੇ ਵਿਚਾਰਾਂ ਦਾ ਪਤਾ ਨਹੀਂ ਲਗਾ ਲੈਂਦੇ।

ਜੰਮੂ ਕਸ਼ਮੀਰ ਵਿੱਚ 19 ਦਸੰਬਰ 2018 ਤੋਂ ਰਾਸ਼ਟਰਪਤੀ ਰਾਜ ਲੱਗਿਆ ਹੋਇਆ ਸੀ। ਵਿਧਾਨ ਸਭਾ ਦੇ ਸਾਰੇ ਅਧਿਕਾਰਾਂ ਅਤੇ ਕੰਮਾਂ ਨੂੰ ਸੰਸਦ ਨੇ ਆਪਣੇ ਹੱਥਾਂ 'ਚ ਲੈ ਰੱਖਿਆ ਸੀ। ਸੰਸਦ ਦੇ ਵਿਚਾਰਾਂ ਨੂੰ ਹੀ ਵਿਧਾਨ ਸਭਾ ਦੇ ਵਿਚਾਰ ਮੰਨ ਲਿਆ ਗਿਆ। ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਦੀ ਸਲਾਹ 'ਤੇ ਸੰਸਦ( ਰਾਜ ਵਿਧਾਨ ਸਭਾ) ਤੋਂ ਸਲਾਹ ਮੰਗੀ। ਅਤੇ ਸੰਸਦ ਨੇ ਰਾਜ ਵਿਧਾਨ ਸਭਾ ਦੇ ਵਿਚਾਰਾਂ ਨੂੰ ਦਰਸਾਇਆ। ਇਹ ਸੰਸਦ ਦਾ ਅਜੀਬ ਕਾਰਨਾਮਾ ਸੀ। ਇਸ ਤੋਂ ਬਾਅਦ ਸੰਸਦ ਨੇ ਜੰਮੂ ਕਸ਼ਮੀਰ ਰਾਜ ਨੂੰ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ 'ਚ ਵੰਡ ਦਿੱਤਾ।

ਜੇਕਰ ਸੁਪਰੀਮ ਕੋਰਟ ਇਸ ਸਬੰਧੀ ਸੰਵਿਧਾਨਿਕ ਫ਼ੈਸਲਾ ਨਹੀਂ ਲੈਂਦੀ ਹੈ, ਤਾਂ ਕਿਸੇ ਵੀ ਰਾਜ ਨੂੰ ਕੇਂਦਰ ਦੇ ਅਧੀਨ ਕੀਤਾ ਜਾ ਸਕਦਾ ਹੈ।

ਕੇਂਦਰ ਸਰਕਾਰ ਕਿਸੇ ਵੀ ਬਹਾਨੇ ਸੂਬੇ 'ਚ ਰਾਸ਼ਟਰਪਤੀ ਰਾਜ ਲਗਾ ਸਕਦੀ ਹੈ। ਫਿਰ ਸੰਸਦ ਦੇ ਵਿਚਾਰਾਂ ਨੂੰ ਰਾਜ ਵਿਧਾਇਕਾਂ ਦੇ ਵਿਚਾਰ ਮੰਨ ਸਕਦਾ ਹੈ। ਅਤੇ ਫਿਰ ਹਾਕਮ ਧਿਰ ਰਾਜ ਨੂੰ ਦੋ ਜਾਂ ਦੋ ਤੋਂ ਵੱਧ ਹਿੱਸਿਆਂ 'ਚ ਵੰਡ ਸਕਦੀ ਹੈ। ਇਹ ਕਿਸੇ ਵੀ ਉਸ ਰਾਜ ਵਿੱਚ ਹੋ ਸਕਦਾ ਹੈ, ਜਿਥੇ ਕੇਂਦਰ ਵਿਰੋਧੀ ਧਿਰ ਰਾਜ ਕਰਦੀ ਹੈ।

ਧਾਰਾ 370 ਭਾਰਤੀ ਸੰਵਿਧਾਨ ਦਾ ਇੱਕ ਵਿਸ਼ੇਸ਼ ਅਨੁਛੇਦ ਸੀ, ਜੋ ਜੰਮੂ ਕਸ਼ਮੀਰ ਨੂੰ ਭਾਰਤ ਵਿੱਚ ਹੋਰ ਸੂਬਿਆਂ ਦੇ ਮੁਕਾਬਲੇ ਵਿਸ਼ੇਸ਼ ਅਧਿਕਾਰ ਪ੍ਰਦਾਨ ਕਰਦਾ ਸੀ। ਇਸਨੂੰ ਭਾਰਤੀ ਸੰਵਿਧਾਨ ਵਿੱਚ ਅਸਥਾਈ ਅਤੇ ਵਿਸ਼ੇਸ਼ ਅਨੁਵੰਧ ਦੇ ਰੂਪ ਵਿੱਚ ਭਾਗ-21 ਵਿੱਚ ਸ਼ਾਮਲ ਕੀਤਾ ਗਿਆ ਸੀ। ਧਾਰਾ 370 ਦੇ ਬਰਖ਼ਾਸਤ ਹੋਣ ਕਾਰਨ ਅਤੇ ਜੰਮੂ ਕਸ਼ਮੀਰ ਨੂੰ 2-3 ਕੇਂਦਰੀ ਪ੍ਰਦੇਸ਼ਾਂ ਵਿੱਚ ਵੰਡਣ ਕਾਰਨ ਸਥਾਨਕ ਲੋਕਾਂ ਵਿੱਚ ਰੋਸ ਫੈਲਿਆ। ਇਥੇ ਚੋਣ ਅਮਲ ਪਿਛਲੇ ਚਾਰ ਸਾਲਾਂ ਤੋਂ ਰੁਕਿਆ ਪਿਆ ਹੈ।

ਸੁਪਰੀਮ ਕੋਰਟ ਨੇ 370 ਧਾਰਾ ਬਰਖ਼ਾਸਤ ਕਰਨ ਦੇ ਫ਼ੈਸਲੇ ਦੇ ਨਾਲ-ਨਾਲ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਜੰਮੂ ਕਸ਼ਮੀਰ ਵਿੱਚ ਚੋਣ 30 ਸਤੰਬਰ 2024 ਤੋਂ ਪਹਿਲਾਂ ਕਰਵਾਈ ਜਾਵੇ। ਸੁਪਰੀਮ ਕੋਰਟ ਨੇ ਜੰਮੂ ਕਸ਼ਮੀਰ ਦਾ ਰਾਜ ਦਾ ਦਰਜ਼ਾ ਬਹਾਲ ਕਰਨ ਲਈ ਵੀ ਕਿਹਾ ਹੈ ਪਰ ਸਮਾਂ ਨਿਯਤ ਨਹੀਂ ਕੀਤਾ। ਇਹ ਸਪੱਸ਼ਟ ਹੈ ਕਿ ਰਾਜ ਦਾ ਦਰਜ਼ਾ ਬਹਾਲ ਕਰਨ ਤੋਂ ਬਾਅਦ ਹੀ ਚੋਣਾਂ ਹੋਣੀਆਂ ਹਨ, ਇਸ ਲਈ ਦੋਨਾਂ ਨੂੰ ਲੈ ਕੇ ਅਨਿਸ਼ਚਤਤਾ ਬਣੀ ਰਹੇਗੀ।

ਸੁਪਰੀਮ ਕੋਰਟ ਵੱਲੋਂ ਸੰਵਿਧਾਨ ਦੀ ਧਾਰਾ 370 ਦੇ ਕੀਤੇ ਫ਼ੈਸਲੇ ਨੂੰ ਇੱਕ ਪਾਸੇ ਰੱਖਕੇ ਇਸ ਗੱਲ ਵੱਲ ਵਿਚਾਰ ਕਰਨਾ ਅਤੀ ਜ਼ਰੂਰੀ ਹੈ ਅਤੇ ਉਹ ਇਹ ਕਿ ਕੀ ਸਰਕਾਰ ਸੰਵਿਧਾਨ ਦੇ ਪ੍ਰਾਵਾਧਾਨ ਤੋੜ ਮਰੋੜ ਕੇ ਸੂਬਿਆਂ ਦੇ ਅਧਿਕਾਰਾਂ ਅਤੇ ਸੰਘਵਾਦ ਨੂੰ ਕਮਜ਼ੋਰ ਤਾਂ ਨਹੀਂ ਕਰ ਰਹੀ ?

# ਰੁਜ਼ਗਾਰ ਦਾ ਪ੍ਰਬੰਧ ਕਰਕੇ ਪੰਜਾਬੀ ਵਿਦਿਆਰਥੀਆਂ ਦਾ ਪ੍ਰਵਾਸ ਰੋਕੇ ਸਰਕਾਰ



ਡਾ. ਸ. ਸ. ਛੀਨਾ



ਪਿਛਲੇ 20 ਸਾਲ ਵਿੱਚ ਪੰਜਾਬੀਆਂ ਵਿੱਚ ਪ੍ਰਵਾਸ ਦੀ ਰੁਚੀ ਵਿੱਚ ਵੱਡਾ ਵਾਧਾ ਹੋਇਆ ਹੈ। ਪ੍ਰਵਾਸੀਆਂ ਦੀ ਖਿੱਚ ਦੇ ਦੇਸ਼ ਪਹਿਲਾਂ ਭਾਵੇਂ ਇੰਗਲੈਂਡ ਅਤੇ ਅਮਰੀਕਾ ਸਨ ਪਰ ਅੱਜ-ਕੱਲ੍ਹ ਸਭ ਤੋਂ ਉੱਪਰ ਕੈਨੇਡਾ ਅਤੇ ਉਸ ਤੋਂ ਬਾਅਦ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਹਨ।

ਆਮ ਕਰਕੇ ਪ੍ਰਵਾਸ ਦੁਨੀਆ ਦੇ ਵਿਕਸਿਤ ਦੇਸ਼ਾਂ ਵੱਲ ਹੀ ਜ਼ਿਆਦਾ ਹੁੰਦਾ ਹੈ ਪਰ ਉਹ ਦੇਸ਼ ਕਦੀ ਵੀ ਪ੍ਰਵਾਸੀਆਂ ਨੂੰ ਉਤਸ਼ਾਹਿਤ ਨਹੀਂ ਕਰਦੇ ਰਹੇ, ਸਗੋਂ ਓਨੇ ਕੁ ਅਤੇ ਉਹੋ ਜਿਹੀ ਯੋਗਤਾ ਵਾਲੇ ਪ੍ਰਵਾਸੀਆਂ ਨੂੰ ਆਪਣੇ ਦੇਸ਼ ਦੇ ਵਾਸੀ ਬਣਨ ਦਿੰਦੇ ਰਹੇ ਹਨ ਜਿਨ੍ਹਾਂ ਦੀ ਉਨ੍ਹਾਂ ਨੂੰ ਲੋੜ ਹੈ ਅਤੇ ਜਿਹੜੇ ਉਨ੍ਹਾਂ ਦੇ ਵਿਕਾਸ ਵਿੱਚ ਸਹਾਇਕ ਹੋ ਸਕਦੇ ਹਨ। ਉਹ ਵੀ ਇੱਕ ਸੀਮਾ ਤੱਕ ਹੀ। ਕੈਨੇਡਾ ਵਿੱਚ ਜਾ ਕੇ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਪਹਿਲਾਂ 10 ਹਜ਼ਾਰ ਡਾਲਰ ਕੈਨੇਡਾ ਦੇ ਬੈਂਕਾਂ ਵਿੱਚ ਇਸ ਕਰਕੇ ਜਮ੍ਹਾਂ ਕਰਾਉਣੇ ਪੈਂਦੇ ਸਨ ਕਿ ਉਸ ਪੈਸੇ ਨਾਲ ਉਹ ਆਪਣੇ ਖ਼ਰਚ ਪੂਰੇ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਉਸ ਜਮ੍ਹਾਂ ਰਕਮ ਵਿਚੋਂ ਇੱਕ ਸੀਮਾ ਤੱਕ ਪੈਸੇ ਕਢਾਉਣ ਦੀ ਹਰ ਮਹੀਨੇ ਇਜਾਜ਼ਤ ਹੁੰਦੀ ਸੀ ਪਰ ਹੁਣ ਜਨਵਰੀ 2024 ਤੋਂ ਕੈਨੇਡਾ ਦੀ ਸਰਕਾਰ ਨੇ ਉਹ ਗਾਰੰਟੀ ਇੰਨਵੈਸਟਮੈਂਟ ਸਰਟੀਫ਼ਿਕੇਟ ਲੈਣ ਲਈ 10 ਹਜ਼ਾਰ ਡਾਲਰ ਦੀ ਬਜਾਏ ਰਕਮ ਵਧਾ ਕੇ 20635 ਡਾਲਰ ਕਰ ਦਿੱਤੀ ਹੈ। ਇਹ ਉਹ ਰਕਮ ਹੈ ਜਿਹੜੀ ਉਨ੍ਹਾਂ ਦੀ ਟਿਊਸ਼ਨ ਫ਼ੀਸ ਅਤੇ ਰਹਿਣ ਦੇ ਖ਼ਰਚ ਤੋਂ ਵੱਖਰੀ ਹੈ। ਇਸ ਤੋਂ ਪਹਿਲਾਂ ਜਿਹੜੇ ਵਿਦਿਆਰਥੀ ਨੂੰ ਕੈਨੇਡਾ ਜਾ ਕੇ ਪੜ੍ਹਨ ਲਈ ਕੋਈ 15 ਕੁ ਲੱਖ ਰੁਪਏ ਦਾ ਇੰਤਜ਼ਾਮ ਕਰਨਾ ਪੈਂਦਾ ਸੀ, ਹੁਣ ਉਸ ਨੂੰ 25 ਲੱਖ ਰੁਪਏ ਤੋਂ ਉੱਪਰ ਜਾਂ ਪਹਿਲਾਂ ਤੋਂ 10 ਲੱਖ ਵੱਧ ਖਰਚਣਾ ਪਵੇਗਾ, ਜਿਸ ਨਾਲ ਗ਼ਰੀਬ ਪ੍ਰਵਾਸੀ ਵਿਦਿਆਰਥੀਆਂ ਲਈ ਮੁਸ਼ਕਿਲ ਪੈਦਾ ਹੋਵੇਗੀ।

ਪਿਛਲੇ 30 ਸਾਲਾਂ ਵਿੱਚ ਭਾਵੇਂ ਕਿ ਕੈਨੇਡਾ ਸਰਕਾਰ ਪ੍ਰਵਾਸ ਸੰਬੰਧੀ ਕਾਫ਼ੀ ਨਰਮ ਰਹੀ ਹੈ ਪਰ ਫ਼ਿਰ ਵੀ ਉਸ ਨੇ ਸੀਮਤ ਗਿਣਤੀ ਵਿੱਚ ਵੀਜ਼ੇ ਦਿੱਤੇ ਸਨ। ਕਈ ਵਿਚਾਰਵਾਨਾਂ ਦਾ ਇਹ ਵਿਚਾਰ ਵੀ ਸੀ ਕਿ ਕੈਨੇਡਾ ਦੀ ਮੂਲ ਵਸੋਂ ਹਰ ਸਾਲ ਇੱਕ ਫ਼ੀਸਦੀ ਦੀ ਦਰ ਨਾਲ ਘਟ ਰਹੀ ਹੈ, ਜਿਸ ਕਰਕੇ ਉਨ੍ਹਾਂ ਨੂੰ ਕੋਈ 3 ਲੱਖ ਹੋਰ ਲੋਕਾਂ ਦੀ ਉਨ੍ਹਾਂ ਦੇ ਵਿਕਾਸ ਕੰਮਾਂ ਵਿੱਚ ਲੋੜ ਨੂੰ ਸਾਹਮਣੇ ਰੱਖਦੇ ਹੋਏ ਉਹ ਹਰ ਸਾਲ 3 ਲੱਖ ਦੇ ਕਰੀਬ ਪ੍ਰਵਾਸ ਦੀ ਇਜਾਜ਼ਤ ਦਿੰਦੀ ਰਹੀ ਹੈ, ਇਨ੍ਹਾਂ ਵਿਦਿਆਰਥੀਆਂ ਦੇ ਪ੍ਰਵਾਸ ਵਿੱਚ ਪੰਜਾਬ ਸਭ ਤੋਂ ਉੱਪਰ ਹੈ ਅਤੇ ਨਵੀਆਂ ਪਾਬੰਦੀਆਂ ਨਾਲ ਪੰਜਾਬੀ ਪ੍ਰਵਾਸੀ ਵਿਦਿਆਰਥੀਆਂ ’ਤੇ ਹੀ ਜ਼ਿਆਦਾ ਪ੍ਰਭਾਵ ਪੈਣਾ ਹੈ। ਹੁਣ ਕੈਨੇਡਾ ਦੇ ਨਾਲ-ਨਾਲ ਆਸਟ੍ਰੇਲੀਆ ਨੇ ਵੀ ਪੜ੍ਹਾਈ ਦੇ ਖ਼ਰਚ ਵਿੱਚ ਵਾਧੇ ਦਾ ਐਲਾਨ ਕਰ ਦਿੱਤਾ ਹੈ। ਭਾਵੇਂ ਕਿ ਆਸਟ੍ਰੇਲੀਆ ਦੀ ਸਰਕਾਰ ਪਹਿਲਾਂ ਹੀ ਪ੍ਰਵਾਸ ਨੂੰ ਉਤਸ਼ਾਹਿਤ ਨਹੀਂ ਕਰਦੀ ਅਤੇ ਬਹੁਤ ਘੱਟ ਲੋਕਾਂ ਨੂੰ ਪੂਰੇ ਸ਼ਹਿਰੀ ਬਣਨ ਦੀ ਇਜਾਜ਼ਤ ਦਿੰਦੀ ਹੈ, ਪਰ ਪਿਛਲੇ ਤਜਰਬੇ ਤੋਂ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਖ਼ਰਚ ਵਿੱਚ ਹੋਏ ਵਾਧੇ ਨਾਲ ਪੰਜਾਬ ਤੋਂ ਪ੍ਰਵਾਸ ਵਿੱਚ ਕਮੀ ਨਹੀਂ ਆਵੇਗੀ।

ਪਿਛਲੇ ਸਾਲ ਜੁਲਾਈ ਤੋਂ ਅਕਤੂਬਰ ਜਿਸ ਸਮੇਂ ਦਾਖ਼ਲੇ ਲਈ ਕੈਨੇਡਾ ਅਤੇ ਯੂਨੀਵਰਸਿਟੀਆਂ ਵਿੱਚ ਨਵੀਆਂ ਅਰਜ਼ੀਆਂ ਦਿੱਤੀਆਂ ਜਾਂਦੀਆਂ ਸਨ, ਉਸ ਸਮੇਂ ਵਿੱਚ 1 ਲੱਖ, 45 ਹਜ਼ਾਰ 881 ਅਰਜ਼ੀਆਂ ਦਿੱਤੀਆਂ ਗਈਆਂ ਸਨ, 2023 ਦੇ ਇਸੇ ਹੀ ਸਮੇਂ ਵਿੱਚ ਉਨ੍ਹਾਂ ਦੀ ਗਿਣਤੀ 86562 ਹੈ, ਜਿਸ ਵਿੱਚ ਪੰਜਾਬੀ ਜ਼ਿਆਦਾ ਹਨ। ਪਰ ਭਾਵੇਂ ਇਹ ਗਿਣਤੀ ਘਟੀ ਹੈ, ਇਸ ਦਾ ਇਹ ਅਰਥ ਨਹੀਂ ਕਿ ਹੁਣ ਵਿਦੇਸ਼ਾਂ ਵਿੱਚ ਜਾਣ ਦੀ ਰੁਚੀ ਘਟ ਗਈ ਹੈ, ਸਗੋਂ ਇਸ ਦਾ ਦੂਸਰਾ ਪੱਖ ਇਹ ਹੈ ਕਿ ਕੈਨੇਡਾ ਤੋਂ ਇਲਾਵਾ ਹੋਰ ਦੇਸ਼ਾਂ ਵੱਲ ਜਾਣ ਦੀ ਰੁਚੀ ਵਧੀ ਹੈ। ਕੈਨੇਡਾ ਵਿੱਚ ਪਿਛਲੇ ਸਾਲ ਤੋਂ ਆਈ ਮੰਦੀ ਕਰਕੇ ਰੁਜ਼ਗਾਰ ਸੰਭਾਵਨਾਵਾਂ ਘਟੀਆਂ ਹਨ, ਇਸ ਲਈ ਕੈਨੇਡਾ ਨੇ ਆਪਣੇ ਦੇਸ਼ ਵਿਚ ਫੈਲੀ ਬੇਰੁਜ਼ਗਾਰੀ ਨੂੰ ਸਾਹਮਣੇ ਰੱਖ ਕੇ ਇੱਕ ਤਾਂ ਕੈਨੇਡਾ ਆਉਣ ਦੇ ਖ਼ਰਚ ਵਿੱਚ ਵਾਧਾ ਕੀਤਾ ਹੈ, ਦੂਸਰਾ ਉਸ ਸਰਕਾਰ ਵੱਲੋਂ ਪਹਿਲਾਂ ਵਿਦਿਆਰਥੀਆਂ ਨੂੰ ਹਫ਼ਤੇ ਵਿੱਚ 20 ਘੰਟੇ ਕੰਮ ਕਰਨ ਦੀ ਇਜਾਜ਼ਤ ਸੀ, ਜਿਸ ਨੂੰ ਉਹ ਘਟਾਉਣ ਵਿਚਾਰ ਕਰ ਰਹੀ ਹੈ ਤਾਂ ਕਿ ਆਪਣੇ ਸ਼ਹਿਰੀਆਂ ਲਈ ਰੁਜ਼ਗਾਰ ਦੇ ਮੌਕੇ ਵਧਣ, ਭਾਵੇਂ ਕਿ ਭਾਰਤੀ ਵਿਦਿਆਰਥੀ ਹਫ਼ਤੇ ਵਿੱਚ 20 ਘੰਟੇ ਦੀ ਬਜਾਏ 30 ਘੰਟੇ ਕੰਮ ਕਰਨ ਦੀ ਇਜਾਜ਼ਤ ਮੰਗ ਰਹੇ ਹਨ।

ਇਹ ਗੱਲ ਵੀ ਕਹੀ ਜਾਂਦੀ ਹੈ ਕਿ ਦੇਸ਼ ਦਾ ਚੰਗਾ ਦਿਮਾਗ਼ ਅਤੇ ਜਵਾਨੀ ਵਿਦੇਸ਼ਾਂ ਦੇ ਵਿਕਾਸ ਵਿੱਚ ਤਾਂ ਹਿੱਸਾ ਪਾ ਰਹੀ ਹੈ ਪਰ ਭਾਰਤ ਜਾਂ ਪੰਜਾਬ ਇਨ੍ਹਾਂ ਤੋਂ ਵਾਂਝਾ ਹੁੰਦਾ ਜਾ ਰਿਹਾ ਹੈ। ਪਰ ਜ਼ਰੂਰੀ ਸੁਆਲ ਇਹ ਹੈ ਕਿ ਪ੍ਰਵਾਸ ਨਾਲ ਜਿਹੜਾ ਪੰਜਾਬ ਦਾ ਨੁਕਸਾਨ ਹੈ, ਕਿਸ ਢੰਗ ਨਾਲ ਰੁਕ ਸਕਦਾ ਹੈ, ਕੀ ਭਾਰਤ ਵਿੱਚ ਜਾਂ ਪੰਜਾਬ ਵਿੱਚ ਉਹ ਮੌਕੇ ਪੈਦਾ ਨਹੀਂ ਕੀਤੇ ਜਾ ਸਕਦੇ ਜਿਹੜੇ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿੱਚ ਮਿਲਦੇ ਹਨ। ਦੁਨੀਆਂ ਭਰ ਲਈ ਭਾਰਤ ਇੱਕ ਬਹੁਤ ਵੱਡੀ ਮੰਡੀ ਹੈ ਅਤੇ ਹਰ ਦੇਸ਼ ਭਾਰਤ ਨਾਲ ਵਪਾਰ ਕਰਨ ਵਿੱਚ ਦਿਲਚਸਪੀ ਰੱਖਦਾ ਹੈ, ਪਰ ਭਾਰਤ ਵਿੱਚ ਬੇਰੁਜ਼ਗਾਰੀ ਤੇ ਮਹਿੰਗਾਈ ਦੀ ਸਮੱਸਿਆ ਹੈ। ਇੱਥੇ ਓਨੀਆਂ ਚੀਜ਼ਾਂ ਬਣਦੀਆਂ ਨਹੀਂ, ਜਿੰਨੀਆਂ ਦੀ ਲੋੜ ਹੈ, ਜਿਸ ਦਾ ਕਾਰਨ ਪਹਿਲੀਆਂ ਹੀ ਚੀਜ਼ਾਂ ਦਾ ਨਾ ਵਿਕਣਾ ਹੈ, ਜਦੋਂ ਨਵੀਆਂ ਵਸਤੂਆਂ ਬਣਾਉਣ ਦੀ ਲੋੜ ਹੀ ਨਹੀਂ ਤਾਂ ਰੁਜ਼ਗਾਰ ਕਿਵੇਂ ਪੈਦਾ ਹੋਵੇਗਾ?

ਪਹਿਲੀਆਂ ਚੀਜ਼ਾਂ ਇਸ ਕਰਕੇ ਨਹੀਂ ਵਿਕਦੀਆਂ, ਕਿਉਂ ਜੋ ਭਾਰਤ ਵਿੱਚ ਜ਼ਿਆਦਾ ਗਿਣਤੀ ਵਿੱਚ ਉਹ ਲੋਕ ਹਨ, ਜਿਨ੍ਹਾਂ ਦੀ ਆਮਦਨ ਭਾਰਤ ਵਿਚ ਫੈਲੀ ਨਾਬਰਾਬਰੀ ਕਰਕੇ ਬਹੁਤ ਘੱਟ ਹੈ। ਉਹ ਵਸਤੂਆਂ ਦੀ ਮੰਗ ਹੀ ਨਹੀਂ ਕਰ ਸਕਦੇ। ਇਹੋ ਹੀ ਬੇਰੁਜ਼ਗਾਰੀ ਦੀ ਵਜ੍ਹਾ ਹੈ, ਜਿਹੜੀ ਸਮੁੱਚੇ ਦੇਸ਼ ਲਈ ਚੁਣੌਤੀ ਹੈ। ਜਿਸ ਦੇਸ਼ ਵਿੱਚ ਪ੍ਰਵਾਸੀ ਜਾਂਦੇ ਹਨ, ਉਨ੍ਹਾਂ ਵਿੱਚ ਧਨ ਦੀ ਭਾਵੇਂ ਨਾ-ਬਰਾਬਰੀ ਹੋਵੇ ਆਮਦਨ ਦੀ ਨਾ-ਬਰਾਬਰੀ ਨਹੀਂ, ਇਹੋ ਵਜ੍ਹਾ ਹੈ ਕਿ ਕਈ ਮੰਤਰੀਆਂ ਕੋਲ ਵੀ ਡਰਾਈਵਰ ਅਤੇ ਘਰਾਂ ਦੇ ਨੌਕਰ ਨਹੀਂ।

ਕੁਝ ਉਹ ਉੱਦਮ ਹਨ, ਜਿਨ੍ਹਾਂ ਨੂੰ ਸਰਕਾਰਾਂ ਨੂੰ ਪਹਿਲ ਦੇ ਆਧਾਰ ’ਤੇ ਅਪਨਾਉਣਾ ਚਾਹੀਦਾ ਹੈ। ਕੀ ਵਜ੍ਹਾ ਹੈ ਕਿ ਆਈ.ਟੀ.ਆਈ. ਪਾਸ ਕਰਕੇ ਜਿਹੜਾ ਲੜਕਾ ਵਿਦੇਸ਼ਾਂ ਵਿੱਚ ਜਾ ਕੇ ਪਲੰਬਰ, ਫ਼ਿਟਰ ਅਤੇ ਇਲੈਕਟ੍ਰੀਸ਼ਿਅਨ ਜਾਂ ਹੋਰ ਕੰਮ ਕਰਨਾ ਚਾਹੁੰਦਾ ਹੈ, ਉਹ ਆਪਣੇ ਦੇਸ਼ ਵਿੱਚ ਕਿਉਂ ਨਹੀਂ ਕਰਦਾ? ਇਸ ਦੀ ਵਜ੍ਹਾ ਕਿਰਤ ਦੀ, ਕਦਰ ਦੀ ਅਣਹੋਂਦ ਹੈ, ਕਿਰਤ ਦੀ ਕਦਰ ਉਨ੍ਹਾਂ ਦੇਸ਼ਾਂ ਵਿਚ ਹੈ, ਉਥੇ ਹੱਥੀਂ ਕੰਮ ਕਰਨ ਵਾਲਾ ਪੈੱਨ ਨਾਲ ਕੰਮ ਕਰਨ ਵਾਲੇ ਦੇ ਬਰਾਬਰ ਜਾਂ ਉਸ ਤੋਂ ਉੱਚੀ ਤਨਖ਼ਾਹ ਲੈਂਦਾ ਹੈ। ਹੱਥੀਂ ਕੰਮ ਕਰਨ ਵਾਲਿਆਂ ਦੀ ਕਿਰਤ ਦੀ ਕਦਰ ਬਣਾਉਣ ਲਈ ਸਰਕਾਰ ਵੱਲੋਂ ਘੱਟੋ-ਘੱਟ ਉਜਰਤ ਆਮ ਬਾਊ ਤੋਂ ਜ਼ਿਆਦਾ ਕਰਨ ਨਾਲ ਚੰਗੇ ਸਿੱਟੇ ਪ੍ਰਾਪਤ ਹੋਣਗੇ।

ਪੰਜਾਬ ਵਿੱਚ ਜਿੰਨੇ ਉਦਯੋਗ, ਫ਼ਲਾਂ, ਸਬਜ਼ੀਆਂ ਅਤੇ ਹੋਰ ਖਾਣ ਵਾਲੀਆਂ ਵਸਤੂਆਂ ਵਰਤ ਕੇ ਕਾਮਯਾਬ ਹੋ ਸਕਦੇ ਹਨ, ਉਨੇ ਹੋਰ ਨਹੀਂ ਹੋ ਸਕਦੇ। ਖ਼ੁਰਾਕ ’ਤੇ ਆਧਾਰਿਤ ਉਦਯੋਗਾਂ ਦੀਆਂ ਬਣੀਆਂ ਵਸਤੂਆਂ, ਜੈਮ, ਮੁਰੱਬੇ ਆਦਿ ਵਿਦੇਸ਼ਾਂ ਵਿੱਚ ਵਿਕ ਸਕਦੇ ਹਨ ਪਰ ਅੱਜ ਕੱਲ੍ਹ ਜੈਮ ਅਤੇ ਜੂਸ ਵੀ ਪੰਜਾਬ ਤੋਂ ਬਾਹਰੋਂ ਆ ਕੇ ਵਿਕਦਾ ਹੈ, ਜਿਸ ਕਰਕੇ ਰੁਜ਼ਗਾਰ ਨਹੀਂ ਵਧ ਰਿਹਾ। ਕਣਕ ਪੰਜਾਬ ਸਭ ਤੋਂ ਜ਼ਿਆਦਾ ਪੈਦਾ ਕਰਦਾ ਹੈ ਪਰ ਆਟਾ ਹੋਰ ਰਾਜਾਂ ਤੋਂ ਆਉਂਦਾ ਹੈ। ਜਿਹੜੇ ਵਿਦਿਆਰਥੀ ਸਿਰਫ਼ ਪੜ੍ਹਨ ਦੀ ਖ਼ਾਤਰ ਬਾਹਰ ਜਾਂਦੇ ਹਨ, ਕੀ ਉਸ ਪੱਧਰ ਦੀ ਵਿੱਦਿਆ ਪੰਜਾਬ ਵਿੱਚ ਨਹੀਂ ਮਿਲ ਸਕਦੀ? ਪੰਜਾਬ ਤੋਂ ਬਾਹਰਲੇ ਪ੍ਰਾਂਤਾਂ ਤੋਂ ਕਈ ਵਿਦਿਆਰਥੀ ਆ ਕੇ ਪੰਜਾਬ ਦੀਆਂ ਨਿੱਜੀ ਯੂਨੀਵਰਸਿਟੀਆਂ ਵਿੱਚ ਪੜ੍ਹ ਰਹੇ ਹਨ। ਉਨ੍ਹਾਂ ਯੂਨੀਵਰਸਿਟੀਆਂ (ਬਾਕੀ ਸਫ਼ਾ 31 ’ਤੇ)

# ਕੈਨੇਡਾ ਰਹਿੰਦੇ ਪੰਜਾਬੀਆਂ ਦੀਆਂ ਬੁਲੰਦੀਆਂ ਨੂੰ ਲੱਗੀ ਨਜ਼ਰ

ਕਮਲਜੀਤ ਸਿੰਘ ਬਨਵੈਤ

ਕੈਨੇਡਾ ਅਤੇ ਅਮਰੀਕਾ ਤੋਂ ਪੰਜਾਬੀ ਮੁੰਡੇ ਕੁੜੀਆਂ ਨੂੰ ਵਾਪਸ ਕਰਨ ਦੀਆਂ ਖਬਰਾਂ ਨਿੱਤ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਨ ਲੱਗੀਆਂ ਹਨ। ਇਹ ਨਹੀਂ ਕਿ ਬਾਹਰਲੇ ਮੁਲਕਾਂ ਨੂੰ ਪੰਜਾਬੀਆਂ ਦੀ ਲੋੜ ਨਹੀਂ ਰਹੀ ਪਰ ਸਾਡੇ ਉੱਥੇ ਵਸਦੇ ਬਹੁਤ ਸਾਰੇ ਮੁੰਡੇ ਕੁੜੀਆਂ ਨੇ ਆਪਣੀ ਪੱਤ ਆਪ ਗਵਾ ਲਈ ਹੈ। ਕਿਹਾ ਤਾਂ ਇਹ ਵੀ ਜਾ ਰਿਹਾ ਹੈ ਕਿ ਕੈਨੇਡਾ ਵਸਦੇ ਪੁਰਾਣੇ ਪਰਿਵਾਰ ਇੱਧਰੋਂ ਗਏ ਮੁੰਡੇ ਕੁੜੀਆਂ ਨੂੰ ਮੂੰਹ ਲਾਉਣ ਤੋਂ ਹਟ ਗਏ ਹਨ। ਵਿਰਲੇ ਟਾਵੇਂ ਕੈਨੇਡਾ ਨੂੰ ਆਪ ਵੀ ਅਲਵਿਦਾ ਕਹਿਣ ਲੱਗੇ ਹਨ।

ਅੱਜ ਦਿਨ ਭਰ ਸੋਸ਼ਲ ਮੀਡੀਆ ’ਤੇ ਇਹ ਖ਼ਬਰ ਚੱਲਦੀ ਰਹੀ ਕਿ ਕੈਨੇਡਾ ਵਿੱਚ ਰਹਿੰਦੇ ਚਾਰ ਪੰਜ ਪੰਜਾਬੀ ਮੁੰਡਿਆਂ ਨੇ ਰਲ ਕੇ ਰਾਤ ਵੇਲੇ ਓਂਟਾਰੀਓ ਵਿੱਚ ਇੱਕ ਠੇਕਾ ਲੁੱਟ ਲਿਆ। ਠੇਕੇ ਦੀ ਪਿਛਲੀ ਕੰਧ ਪਾੜ ਕੇ ਕੰਟੇਨਰ ਵਿੱਚ ਸ਼ਰਾਬ ਲੱਦਦੇ ਪੁਲਿਸ ਨੇ ਮੌਕੇ ਉੱਤੇ ਆ ਦਬੋਚੇ। ਇਸ ਤੋਂ ਪਹਿਲਾਂ ਕਾਰ ਚੋਰਾਂ ਦੇ ਗਿਰੋਹ ਵਿੱਚੋਂ ਕਈ ਸਾਰੇ ਪੰਜਾਬੀ ਨਿਕਲੇ ਸਨ। ਕੈਨੇਡਾ ਵਿੱਚ ਕੋਈ ਦਿਨ ਸੁੱਕਾ ਨਹੀਂ ਜਾਂਦਾ ਜਿਸ ਦਿਨ ਉੱਥੇ ਵਸਦੇ ਕਿਸੇ ਨੌਜਵਾਨ ਪੰਜਾਬੀ ਮੁੰਡੇ ਦੀ ਮੌਤ ਨਾ ਹੋਈ ਹੋਵੇ। ਵਜਾ ਚਾਹੇ ਨਸ਼ਾ ਬਣਿਆ ਹੋਵੇ, ਦਿਲ ਦਾ ਦੌਰਾ ਜਾਂ ਫ਼ਿਰ ਆਤਮਹੱਤਿਆ। ਪੰਜਾਬੀਆਂ ਦਾ ਸਿਰ ਨੀਵਾਂ ਹੋਇਆ ਹੈ ਅਤੇ ਕੈਨੇਡਾ ਸਰਕਾਰ ਨੇ ਸਖਤੀ ਫ਼ੜ ਲਈ ਹੈ।

ਪਿੰਡਾਂ ਵਿੱਚੋਂ ਉੱਠ ਕੇ ਸ਼ਹਿਰਾਂ ਵਿੱਚ ਪੈਰ ਜਮਾਉਣੇ ਆਸਾਨ ਨਹੀਂ ਹੁੰਦੇ। ਨਾ ਹੀ ਸੌਖਾ ਹੁੰਦਾ ਹੈ ਦੂਜੇ ਸੂਬਿਆਂ ਵਿੱਚ ਜਾ ਕੇ ਬੰਜਰ ਨੂੰ ਆਬਾਦ ਕਰਨਾ। ਫ਼ਿਰ ਬਾਹਰਲੇ ਦੇਸ਼ਾਂ ਵਿੱਚ ਜਾ ਕੇ ਸੈੱਟ ਹੋਣਾ ਤਾਂ ਅਸੰਭਵ ਵਰਗਾ ਮੁਸ਼ਕਿਲ ਹੁੰਦਾ ਹੈ। ਪੰਜਾਬੀਆਂ ਨੇ ਇਸ ਸੋਚ ਨੂੰ ਤੋੜਿਆ ਹੈ। ਵਿਦੇਸ਼ਾਂ ਵਿੱਚ ਪੰਜਾਬੀਆਂ ਦੀ ਝੰਡੀ ਹੈ। ਸਿਆਸਤ ਵਿੱਚ ਹਿੱਸੇਦਾਰੀ ਹੈ। ਵਿਦੇਸ਼ ਦੀ ਧਰਤੀ ’ਤੇ ਸਿੱਖੀ ਦੇ ਨਿਸ਼ਾਨ ਸਾਹਿਬ ਝੂਲਣ ਲੱਗੇ ਹਨ। ਗੋਰੇ ਪੰਜਾਬੀਆਂ ਦੇ ਦਫ਼ਤਰਾਂ ਵਿੱਚ ਨੌਕਰੀ ਲੈਣ ਲਈ ਕਤਾਰਾਂ ਵਿੱਚ ਲੱਗਣ ਲੱਗੇ ਹਨ।

ਅੱਜ ਕੱਲ੍ਹ ਕੈਨੇਡਾ ਵਿੱਚ ਪਹਿਲਾਂ ਵਾਲੀਆਂ ਗੱਲਾਂ ਨਹੀਂ ਰਹੀਆਂ ਹਨ। ਪਹਿਲਾ ਪਹਿਲ ਜ਼ਿਆਦਾਤਰ ਘੱਟ ਪੜ੍ਹੇ-ਲਿਖੇ ਲੋਕਾਂ ਨੇ ਵਿਦੇਸ਼ ਵੱਲ ਨੂੰ ਮੂੰਹ ਕੀਤਾ ਸੀ। ਦੂਜੇ ਪੜਾਅ ਵਿੱਚ ਇੰਜਨੀਅਰਾਂ ਅਤੇ ਡਾਕਟਰਾਂ ਨੇ ਵਿਦੇਸ਼ ਦੀ ਉਡਾਣ ਭਰੀ ਤਾਂ ਭਾਰਤੀਆਂ ਨੇ ਗੋਰਿਆਂ ਦੀ ਧਰਤੀ ’ਤੇ ਵੱਖਰੀ ਪਛਾਣ ਬਣਾ ਲਈ। ਪਰ ਹੁਣ ਜਿਵੇਂ ਕਨੇਡਾ ਰਹਿੰਦੇ ਪੰਜਾਬੀਆਂ ਦੀਆਂ ਬੁਲੰਦੀਆਂ ਨੂੰ ਨਜ਼ਰ ਲੱਗ ਗਈ ਹੋਵੇ।



ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣੇ ਮੁਲਕ ਕੈਨੇਡਾ ਬਾਰੇ ਬੜੇ ਚਿੰਤਾਜਨਕ ਅੰਕੜੇ ਸਾਹਮਣੇ ਆਏ ਹਨ। ਪਿਛਲੇ ਛੇ ਸਾਲਾਂ ਵਿੱਚ ਮੌਤਾਂ ਦੀ ਗਿਣਤੀ ਵਿੱਚ ਪੰਜ ਗੁਣਾ ਵਾਧਾ ਹੋਇਆ ਹੈ। ਕੈਨੇਡਾ ਜਾਣ ਵਾਲੇ ਨੌਜਵਾਨ ਮੁੰਡੇ, ਕੁੜੀਆਂ ਉਮੀਦਾਂ ਦੇ ਬੋਝ ਥੱਲੇ ਦੱਬ ਕੇ ਰਹਿ ਗਏ ਹਨ। ਪੜ੍ਹਾਈ ਪੂਰੀ ਹੋਣ ਤੋਂ ਬਾਅਦ ਪੈਰ ਨਾ ਲੱਗਣ ਕਰਕੇ ਮਾਨਸਿਕ ਬਿਮਾਰੀਆਂ ਦੀ ਜਕੜ ਵਿੱਚ ਆ ਗਏ ਹਨ। ਕਈਆਂ ਨੇ ਤਾਂ ਅੱਕ ਕੇ ਮੌਤ ਨੂੰ ਗਲੇ ਲਗਾ ਲਿਆ ਹੈ। ਅੰਕੜਿਆਂ ਮੁਤਾਬਿਕ 2018 ਵਿੱਚ ਅੱਠ ਭਾਰਤੀਆਂ ਦੀ ਭੇਤਭਰੀ ਹਾਲਤ ਵਿੱਚ ਮੌਤ ਹੋ ਗਈ ਸੀ। ਪਿਛਲੇ ਸਾਲ 23 ਮੌਤਾਂ ਹੋਈਆਂ ਜਦੋਂ ਕਿ ਚਾਲੂ ਸਾਲ ਦੌਰਾਨ 36। ਖਾਲਸਾ ਏਡ ਵੱਲੋਂ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਕੈਨੇਡਾ ਵਿੱਚ ਰਹਿੰਦੇ ਦਸ ਭਾਰਤੀ ਵਿਦਿਆਰਥੀਆਂ ਵਿੱਚੋਂ ਤਿੰਨ ਮਾਨਸਿਕ ਰੋਗ ਦਾ ਸ਼ਿਕਾਰ ਹਨ। ਦਰਅਸਲ ਇਹ ਸਾਹਮਣੇ ਆਇਆ ਹੈ ਕਿ ਵੱਡੀ ਗਿਣਤੀ ਮਾਪਿਆਂ ਨੇ ਆਪਣੇ ਬੱਚੇ ਜ਼ਮੀਨ ਗਹਿਣੇ ਧਰ ਜਾਂ ਸੋਨਾ ਵੇਚ ਕੇ ਬੱਚੇ ਕੈਨੇਡਾ ਪੜ੍ਹਨ ਲਈ ਭੇਜੇ ਸਨ। ਪਰ ਉੱਥੇ ਦੇ ਨਵੇਂ ਹਾਲਾਤ ਵਿੱਚ ਮਾਪਿਆਂ ਨੂੰ ਕਰਜ਼ਾ ਉਤਾਰਨ ਲਈ ਪੈਸੇ ਭੇਜਣਾ ਤਾਂ ਵੱਖਰੀ ਗੱਲ, ਉਨ੍ਹਾਂ ਦਾ ਆਪਣਾ ਵੀ ਪੂਰੀ ਤਰ੍ਹਾਂ ਢਿੱਡ ਨਹੀਂ ਭਰ ਰਿਹਾ। ਇਨ੍ਹਾਂ ਵਿੱਚੋਂ ਕਈ ਸਾਰੇ ਤਾਂ ਅਜਿਹੇ ਹਨ ਜਿਹੜੇ ਆਪਣੀ ਜ਼ਿੰਦਗੀ ਦਾ ਨਿਰਵਾਹ ਕਰਨ ਤੋਂ ਵੀ ਅਸਮਰਥ ਹਨ। ਫ਼ਿਰ ਉਹ ਘਰੋਂ ਹੋਰ ਪੈਸੇ ਮੰਗਵਾ ਨਹੀਂ ਸਕਦੇ, ਜਿਸ ਕਰਕੇ ਕੱਲ੍ਹ ਦੀ ਚਿੰਤਾ ਉਨ੍ਹਾਂ ਨੂੰ ਆਤਮ ਹੱਤਿਆ ਦੇ ਰਾਹ ਪੈਣ ਲਈ ਮਜਬੂਰ ਕਰ ਦਿੰਦੀ ਹੈ। ਰਿਪੋਰਟ ਵਿੱਚ ਪੰਜਾਬ ਦੇ ਕਈ ਵਿਦਿਆਰਥੀਆਂ ਦੇ ਨਾਂ ਵੀ ਦਿੱਤੇ ਗਏ ਹਨ ਜਿਹਨਾਂ ਨੇ ਆਪਣੀ ਜ਼ਿੰਦਗੀ ਇਸੇ ਕਰਕੇ ਗਵਾ ਲਈ ਹੈ।

ਇੰਟਰਨੈਸ਼ਨਲ ਸਿੱਖ ਸਟੂਡੈਂਟਸ ਐਸੋਸੀਏਸ਼ਨ ਦੇ ਬੁਲਾਰੇ ਦਾ ਕਹਿਣਾ ਹੈ ਕਿ ਕੈਨੇਡਾ ਆਉਣ ਵਾਲੇ ਜ਼ਿਆਦਾਤਰ ਵਿਦਿਆਰਥੀਆਂ ਦੀ ਉਮਰ 19 ਜਾਂ 20 ਸਾਲ ਹੁੰਦੀ ਹੈ ਅਤੇ ਉਹ ਕੈਨੇਡਾ ਵਿੱਚ ਨਹੀਂ ਚੱਲ ਸਕਦੇ ਹਨ। ਬੁਲਾਰੇ ਮੁਤਾਬਿਕ ਆਤਮ ਹੱਤਿਆ ਦਾ ਵੱਡਾ ਕਾਰਨ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਵਰਕ ਪਰਮਿਟ ਮਿਲਣ ਵਿੱਚ ਔਕੜਾਂ ਆ ਰਹੀਆਂ ਹਨ। ਜ਼ਿਕਰਯੋਗ ਹੈ ਕਿ ਪੰਜਾਬ ਤੋਂ ਹਰ ਸਾਲ ਢਾਈ ਲੱਖ ਭਾਰਤੀ ਵਿਦਿਆਰਥੀ ਕੈਨੇਡਾ ਨੂੰ ਸਟੂਡੈਂਟ ਵੀਜ਼ੇ ਉੱਤੇ ਜਾ ਰਹੇ ਹਨ। ਟੋਰੰਟੋ ਵਿੱਚ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਐੱਮ ਏ ਗੁਪਤਾ ਦਾ ਮੰਨਣਾ ਹੈ ਕਿ ਘੋਰ ਉਦਾਸੀ ਵਿੱਚ ਦੀ ਲੰਘ ਰਹੇ ਵਿਦਿਆਰਥੀ ਨੂੰ ਢੁਕਵਾਂ ਇਲਾਜ ਨਹੀਂ ਮਿਲ ਰਿਹਾ ਹੈ। ਟੋਰਾਂਟੋ ਦੇ ਸਰਕਾਰੀ ਹਸਪਤਾਲ ਵਿੱਚ ਕਰਦੀ ਕੰਮ ਕਰਦੀ ਇੱਕ ਭਾਰਤੀ ਨਰਸ ਦਾ ਦੱਸਣਾ ਹੈ ਕਿ ਪਿਛਲੇ ਦੋ ਸਾਲਾਂ ਦੌਰਾਨ ਮਨੋਰੋਗ ਤੋਂ ਪੀੜਤ ਵਿਦਿਆਰਥੀ ਦੀ ਗਿਣਤੀ ਦੁੱਗਣੀ ਹੋ ਗਈ ਹੈ ।ਸਰਕਾਰੀ ਤੌਰ ’ਤੇ ਮਿਲੇ ਅੰਕੜਿਆਂ ਮੁਤਾਬਿਕ ਸਾਲ 2018 ਦੌਰਾਨ ਭਾਰਤ ਤੋਂ ਪੰਜ ਲੱਖ 17 ਹਜ਼ਾਰ ਵਿਦਿਆਰਥੀ ਵਿਦੇਸ਼ ਪੜ੍ਹਨ ਲਈ ਗਏ ਸਨ। ਉਸ ਤੋਂ ਅਗਲੇ ਸਾਲ ਇਹ ਗਿਣਤੀ ਵਧ ਕੇ 5 ਲੱਖ 80 ਹਜ਼ਾਰ ਹੋ ਗਈ ਸੀ ਜਦੋਂ ਕਿ ਲੰਘੇ ਸਾਲ ਸੱਤ ਲੱਖ 51 ਹਜ਼ਾਰ ਵਿਦਿਆਰਥੀ ਬਾਹਰਲੇ ਦੇਸ਼ਾਂ ਵਿੱਚ ਪੜ੍ਹਨ ਗਏ ਸਨ। ਕੈਨੇਡਾ ਨੇ ਦੋ ਲੱਖ 26 ਹਜ਼ਾਰ ਭਾਰਤੀ ਵਿਦਿਆਰਥੀਆਂ ਨੂੰ ਵੀਜ਼ਾ ਦਿੱਤਾ ਸੀ ਜਿਸ ਵਿੱਚੋਂ ਇੱਕ ਲੱਖ 36 ਹਜ਼ਾਰ ਪੰਜਾਬੀ ਦੱਸੇ ਜਾਂਦੇ ਹਨ। ਹੁਣ ਕੈਨੇਡਾ ਦਾ ਵੀਜ਼ਾ ਲੈਣਾ ਪਹਿਲਾਂ ਨਾਲੋਂ ਔਖਾ ਹੋ ਗਿਆ ਹੈ, ਕਿਉਂਕਿ ਉੱਥੋਂ ਦੀ ਸਰਕਾਰ ਨੇ ਇੰਟਰਨੈਸ਼ਨਲ ਸਟੂਡੈਂਟਸ ਫ਼ੰਡ ਦੁੱਗਣਾ ਕਰ ਦਿੱਤਾ ਹੈ। ਪਹਿਲਾਂ ਇਹ ਫ਼ੀਸ 10 ਹਜ਼ਾਰ ਡਾਲਰ ਸੀ ਜਿਹੜੀ ਕਿ ਹੁਣ ਵਧਾ ਕੇ 20670 ਕਰ ਦਿੱਤੀ ਗਈ ਹੈ। ਇੱਥੇ ਹੀ ਬੱਸ ਨਹੀਂ, ਕੈਨੇਡਾ ਦੀ ਸਰਕਾਰ ਨੇ ਸਟੂਡੈਂਟ ਵੀਜ਼ਾ ’ਤੇ ਰਹਿ ਰਹੇ ਵਿਦਿਆਰਥੀਆਂ ਲਈ ਹਫ਼ਤੇ ਵਿੱਚ ਸਿਰਫ਼ 20 ਘੰਟੇ ਕੰਮ ਕਰਨ ਦੀ ਪਾਬੰਦੀ ਮੁੜ ਤੋਂ ਲਗਾ ਦਿੱਤੀ ਹੈ।

ਪੰਜਾਬ ਦੇ ਕੈਨੇਡਾ ਵਿੱਚ ਪੜ੍ਹਨ ਗਏ 30 ਹਜ਼ਾਰ ਵਿਦਿਆਰਥੀਆਂ ਦੇ ਸਿਰ ਉੱਤੇ 1800 ਕਰੋੜ ਕਰਜ਼ਾ ਹੈ। ਭਾਰਤੀ ਰਿਜ਼ਰਵ ਬੈਂਕ ਅਨੁਸਾਰ 1849 ਵਿਦਿਆਰਥੀ ਕਰਜ਼ਾ ਨਹੀਂ ਮੋੜ ਸਕੇ ਹਨ। ਬੈਂਕਾਂ ਨੂੰ ਹੁਣ ਤਕ ਸਟੂਡੈਂਟ ਲੋਨ ਦਾ 5263 ਕਰੋੜ ਰੁਪਇਆ ਵੱਟੇ ਖਾਤੇ ਪਾਉਣਾ ਪਿਆ ਹੈ। ਪਿਛਲੇ ਪੰਜ ਸਾਲਾਂ ਦੌਰਾਨ 39 ਕਰੋੜ ਰੁਪਏ ਤੋਂ ਵੱਧ ਰਕਮ ਕੈਨੇਡਾ ਨੂੰ ਪੜ੍ਹਾਈ ਦੀ ਫ਼ੀਸ ਦੇ ਰੂਪ ਵਿੱਚ ਗਈ ਹੈ।

ਇੱਕ ਪਾਸੇ ਭਾਰਤ ਅਤੇ ਕੈਨੇਡਾ ਦੀ ਸਰਕਾਰ ਦੇ ਆਪਸੀ ਸਬੰਧ ਕੌੜੇ ਕਸੈਲ਼ੇ ਚੱਲ ਰਹੇ ਹਨ, ਦੂਜੇ ਪਾਸੇ ਉੱਥੇ ਰਹਿੰਦੇ ਨੌਜਵਾਨਾਂ ਦੀਆਂ ਹਰਕਤਾਂ ਨੇ ਪੰਜਾਬੀਆਂ ਦੀ ਧੌਣ ਨੀਵੀਂ ਕਰਨੀ ਸ਼ੁਰੂ ਕਰ ਦਿੱਤੀ ਹੈ। ਉੱਥੇ ਰਹਿੰਦੀਆਂ ਸਾਡੀਆਂ ਲੜਕੀਆਂ ਵਿੱਚੋਂ ਬਹੁਤ ਸਾਰੀਆਂ ਉੱਤੇ ਅਜਿਹੇ ਦੋਸ਼ ਲੱਗਦੇ ਹਨ ਕਿ ਸਾਡੇ ਕੰਨ ਪੂਰੀ ਗੱਲ ਸੁਣਨ ਤੋਂ ਨਾਂਹ ਕਰ ਜਾਂਦੇ ਹਨ। ਨਿਰਸੰਦੇਹ ਉੱਥੇ ਵਸਦਿਆਂ ਨੌਜਵਾਨਾਂ ਦੀਆਂ ਮਜਬੂਰੀਆਂ ਹੋਣਗੀਆਂ ਪਰ ਇਹ ਵੀ ਨਹੀਂ ਕਿ ਅਸੀਂ ਆਪਣੇ ਸੰਸਕਾਰਾਂ ਨੂੰ ਤਿਲਾਂਜਲੀ ਦੇ ਦੇਈਏ। (ਬਾਕੀ ਸਫ਼ਾ 31 ’ਤੇ)

# ਟਰੱਕ ਚਾਲਕਾਂ ਦੀ ਹੜਤਾਲ ਕਾਰਨ ਜਨ ਜੀਵਨ ਅਸਤ- ਵਿਅਸਤ

## ਕਿਸਾਨ ਮੋਰਚੇ ਦੀ ਯਾਦ ਦਿਵਾਈ, ਸਪਲਾਈ ਰੁਕ ਜਾਣ ਕਾਰਨ ਜ਼ਰੂਰੀ ਚੀਜ਼ਾਂ ਦੇ ਭਾਅ ਵਧੇ

## ਹੜਤਾਲ ਨੇ ਕੇਂਦਰ ਦੀ ਪ੍ਰਸ਼ਾਸਨਿਕ ਅਯੋਗਤਾ, ਤਾਨਾਸ਼ਾਹੀ ਅਤੇ ਸੰਚਾਰ ਦੀ ਘਾਟ ਦੀ ਨਵੀਂ ਮਿਸਾਲ ਨੂੰ ਕੀਤਾ ਪੇਸ਼



ਪਟਿਆਲਾ/ਏ.ਟੀ.ਨਿਊਜ਼ :-ਨਵੇਂ ਸਾਲ 2024 ਦੇ ਪਹਿਲੇ ਦਿਨ ਤੋਂ ਨਵੇਂ ਕਾਨੂੰਨ ਤਹਿਤ 'ਹਿੱਟ ਐਂਡ ਰਨ' ਕੇਸਾਂ ਵਿੱਚ ਸਖ਼ਤ ਸਜ਼ਾ ਦੀ ਵਿਵਸਥਾ ਖ਼ਿਲਾਫ਼ ਟਰੱਕ ਚਾਲਕਾਂ ਵੱਲੋਂ ਕੀਤੀ ਗਈ ਹੜਤਾਲ ਨੇ ਦਿੱਲੀ ਵਿੱਚ ਕੁਝ ਸਾਲ ਪਹਿਲਾਂ ਲੱਗੇ ਕਿਸਾਨ ਮੋਰਚੇ ਦੀ ਯਾਦ ਦਿਵਾ ਦਿੱਤੀ ਹੈ। ਇਸ ਹੜਤਾਲ ਦੌਰਾਨ ਟਰੱਕ/ਟੈਂਕਰ ਚਾਲਕ ਕੇਂਦਰ ਸਰਕਾਰ ਖ਼ਿਲਾਫ਼ ਖੁੱਲ੍ਹ ਕੇ ਰੋਸ ਪ੍ਰਦਰਸ਼ਨ ਕਰਦੇ ਨਜ਼ਰ ਆਏ। ਇਸ ਹੜਤਾਲ ਦਾ ਦੂਜਾ ਪਹਿਲੂ ਇਹ ਰਿਹਾ ਕਿ ਇਸ ਹੜਤਾਲ ਕਾਰਨ ਜਨ ਜੀਵਨ ਅਸਤ ਵਿਅਸਤ ਹੋ ਗਿਆ ਅਤੇ ਆਮ ਲੋਕਾਂ ਵਿੱਚ ਕਈ ਤਰਾਂ ਦੀਆਂ ਚਿੰਤਾਵਾਂ ਅਤੇ ਅਫ਼ਵਾਹਾਂ ਫ਼ੈਲ ਗਈਆਂ, ਜਿਸ ਕਰਕੇ ਪੈਟਰੋਲ ਪੰਪਾਂ 'ਤੇ ਪੈਟਰੋਲ- ਡੀਜ਼ਲ ਲੈਣ ਲਈ ਲੋਕਾਂ ਦੀਆਂ ਕਤਾਰਾਂ ਲੱਗ ਗਈਆਂ, ਇਸ ਦੌਰਾਨ ਵੱਡੀ ਗਿਣਤੀ ਪੈਟਰੋਲ ਪੰਪਾਂ 'ਤੇ ਈਂਧਣ ਖ਼ਤਮ ਹੋ ਗਿਆ। ਸਥਿਤੀ ਤਾਂ ਇਥੋਂ ਤਕ ਪਹੁੰਚ ਗਈ ਕਿ ਵੱਡੀ ਗਿਣਤੀ ਲੋਕ ਪੈਟਰੋਲ ਪੰਪਾਂ ਤੋਂ ਕੈਨੀਆਂ, ਟੈਂਕੀਆਂ, ਬੋਤਲਾਂ ਅਤੇ ਡੋਲੂਆਂ ਵਿੱਚ ਵੀ ਪੈਟਰੋਲ-ਡੀਜ਼ਲ ਭਰਵਾ ਕੇ ਲੈ ਗਏ। ਜ਼ਰੂਰੀ ਵਸਤੂਆਂ ਦੀ ਸਪਲਾਈ ਬੰਦ ਹੋਣ ਕਾਰਨ ਸਬਜ਼ੀਆਂ, ਫ਼ਲਾਂ ਅਤੇ ਹੋਰ ਜ਼ਰੂਰੀ ਸਮਾਨ ਦੇ ਭਾਅ ਵੀ ਵੱਧ ਗਏ। ਇਸ ਹੜਤਾਲ ਦੌਰਾਨ ਕੇਂਦਰ ਸਰਕਾਰ ਅਤੇ ਆਲ ਇੰਡੀਆ ਮੋਟਰ ਟਰਾਂਸਪੋਰਟ ਕਾਂਗਰਸ ਵਿਚਾਲੇ ਮੀਟਿੰਗ ਤੋਂ ਬਾਅਦ ਸਰਕਾਰ ਅਤੇ ਮੋਟਰ ਟਰਾਂਸਪੋਰਟ ਕਾਂਗਰਸ ਵੱਲੋਂ ਟਰੱਕ ਚਾਲਕਾਂ ਨੂੰ ਹੜਤਾਲ ਵਾਪਸ ਲੈਣ ਦੀ ਅਪੀਲ ਕੀਤੀ ਗਈ, ਜਦੋਂਕਿ ਪੰਜਾਬ ਦੇ ਟਰੱਕ ਅਪਰੇਟਰਾਂ ਨੇ ਹੜਤਾਲ ਵਾਪਸ ਲੈਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਨਵੇਂ ਕਾਨੂੰਨ ਨੂੰ ਵਾਪਸ ਲੈਣ ਤੱਕ ਹੜਤਾਲ ਜਾਰੀ ਰੱਖਣਗੇ। ਇਸ ਦੌਰਾਨ ਕਈ ਤਰਾਂ ਦੀਆਂ ਅਫ਼ਵਾਹਾਂ ਦਾ ਬਾਜ਼ਾਰ ਵੀ ਗਰਮ ਰਿਹਾ। ਇਸ ਹੜਤਾਲ ਨੂੰ ਹੋਰਨਾਂ ਵਪਾਰਕ ਵਾਹਨਾਂ ਦੇ ਚਾਲਕਾਂ ਵੱਲੋਂ ਵੀ ਸਮਰਥਣ ਦੇਣ ਕਾਰਨ ਸਥਿਤੀ ਹੋਰ ਗੰਭੀਰ ਹੋ ਗਈ। ਸਿਆਸੀ ਮਾਹਿਰ ਕਹਿੰਦੇ ਹਨ ਕਿ ਇਹ ਹੜਤਾਲ ਕੇਂਦਰ ਸਰਕਾਰ ਦੀ ਪ੍ਰਸ਼ਾਸਨਿਕ ਅਯੋਗਤਾ, ਤਾਨਾਸ਼ਾਹੀ ਅਤੇ ਸੰਚਾਰ ਦੀ ਘਾਟ ਦੀ ਨਵੀਂ ਮਿਸਾਲ ਹੈ। ਟਰਾਂਸਪੋਰਟ ਖੇਤਰ ਦੇ ਆਗੂ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਮਨਮਾਨੇ ਢੰਗ ਨਾਲ ਕਾਨੂੰਨ ਬਣਾਉਣ ਲਈ ਜਾਣੀ ਜਾਂਦੀ ਹੈ। ਇਹ ਉਸੇ ਰਵਾਇਤ ਨੂੰ ਅਪਣਾਉਣ ਦਾ ਨਤੀਜਾ ਹੈ, ਜਿਸ ਤਹਿਤ ਸੰਸਦ ਦੇ ਹਾਲ ਹੀ ਵਿੱਚ ਸਮਾਪਤ ਹੋਏ ਸੈਸ਼ਨ ਵਿੱਚ ਮੋਦੀ ਸਰਕਾਰ ਨੇ ਸੜਕ ਕਾਨੂੰਨ ਵਿੱਚ ਸੋਧ ਕਰਕੇ 'ਹਿੱਟ ਐਂਡ ਰਨ' ਕੇਸਾਂ ਵਿੱਚ ਸਜ਼ਾ ਅਤੇ ਜੁਰਮਾਨੇ ਦੀ ਦਰ ਨੂੰ ਇੰਨਾ ਵਧਾ ਦਿੱਤਾ ਹੈ ਕਿ ਕੋਈ ਵੀ ਵਾਹਨ ਚਾਲਕ ਡਰ ਜਾਵੇਗਾ। ਜੇਕਰ ਕੋਈ ਡਰਾਈਵਰ ਦੁਰਘਟਨਾ ਦਾ ਕਾਰਨ ਬਣਦਾ ਹੈ ਅਤੇ ਮੌਕੇ ਤੋਂ ਫਰਾਰ ਹੋ ਜਾਂਦਾ ਹੈ ਅਤੇ ਪੁਲਿਸ ਨੂੰ ਸੂਚਿਤ ਨਹੀਂ ਕਰਦਾ ਹੈ, ਤਾਂ ਸੋਧੇ ਕਾਨੂੰਨ ਦੇ ਤਹਿਤ ਉਸਨੂੰ 10 ਸਾਲ ਤੱਕ ਦੀ ਕੈਦ ਅਤੇ 7 ਲੱਖ ਰੁਪਏ ਜੁਰਮਾਨਾ ਭਰਨਾ ਪੈ ਸਕਦਾ ਹੈ। ਹੁਣ ਤੱਕ ਫੌਜਦਾਰੀ ਜਾਬਤਾ ਦੀ ਧਾਰਾ 279 (ਲਾਪਰਵਾਹੀ ਨਾਲ ਡਰਾਈਵਿੰਗ), 304ਏ (ਲਾਪਰਵਾਹੀ ਨਾਲ ਮੌਤ ਦਾ ਕਾਰਨ ਬਣਨਾ) ਅਤੇ 338 (ਜਾਨ ਨੂੰ ਖਤਰੇ ਵਿੱਚ ਪਾਉਣਾ) ਦੇ ਤਹਿਤ ਦੋ ਸਾਲ ਦੀ ਕੈਦ ਦੀ ਵਿਵਸਥਾ ਸੀ। ਤਿੰਨ ਕਾਨੂੰਨ ਲਿਆ ਕੇ ਨਾ ਸਿਰਫ਼ ਸਜ਼ਾ ਦੀ ਮਿਆਦ ਵਧਾਈ ਗਈ ਹੈ, ਸਗੋਂ ਜੁਰਮਾਨਾ ਵੀ ਭਾਰੀ ਕਰ ਦਿੱਤਾ ਗਿਆ ਹੈ।ਸਿਆਸੀ ਮਾਹਿਰ ਕਹਿੰਦੇ ਹਨ ਕਿ ਕੇਂਦਰ ਸਰਕਾਰ ਚਲਾ ਰਹੇ ਲੋਕਾਂ ਨੂੰ ਇਹ ਭੁਲੇਖਾ ਹੈ ਕਿ ਉਹ ਹਰ ਵਿਸ਼ੇ ਦੇ ਮਾਹਿਰ ਹਨ ਅਤੇ ਹਰ ਕਿਸੇ ਨਾਲੋਂ ਵੱਧ ਗਿਆਨ ਰੱਖਦੇ ਹਨ। ਇਸ ਲਈ ਉਹ ਕਿਸੇ ਨਾਲ ਗੱਲ ਕਰਨਾ ਪਸੰਦ ਨਹੀਂ ਕਰਦੇ। ਅਸਲੀਅਤ ਤਾਂ ਇਹ ਹੈ ਕਿ ਉਹ ਕਿਸੇ ਦੀ ਸਲਾਹ ਲੈਣਾ ਨਿਰਾਦਰ ਸਮਝਦੇ ਹਨ। ਭਾਵੇਂ ਇਹ ਨੋਟਬੰਦੀ ਹੋਵੇ ਜਾਂ ਜੀਐਸਟੀ ਕਾਨੂੰਨ, ਧਾਰਾ 370 ਨੂੰ ਹਟਾਉਣਾ ਜਾਂ ਤਿੰਨ ਤਲਾਕ ਨੂੰ ਖ਼ਤਮ ਕਰਨਾ, ਖੇਤੀਬਾੜੀ ਕਾਨੂੰਨ ਜਾਂ ਦੂਰਸੰਚਾਰ ਕਾਨੂੰਨ, ਨਾਗਰਿਕਤਾ ਕਾਨੂੰਨ ਜਾਂ ਐਨ.ਸੀ.ਆਰ. - ਇਹ ਸਭ ਸਬੰਧਿਤ ਧਿਰਾਂ ਨਾਲ ਚਰਚਾ ਕੀਤੇ ਬਿਨਾਂ ਸਰਕਾਰ ਦੁਆਰਾ ਲਿਆਂਦੇ ਗਏ ਸਨ। ਜਿਸ ਦਾ ਨਤੀਜਾ ਸਭ ਦੇ ਸਾਹਮਣੇ ਹੈ, ਹੁਣ ਇਹ 'ਟਰਾਂਸਪੋਰਟ ਹੜਤਾਲ' ਵੀ ਇਸੇ ਦਾ ਨਤੀਜਾ ਹੈ।ਜ਼ਿਕਰਯੋਗ ਹੈ ਕਿ ਇਹ ਖ਼ਬਰ ਲਿਖੇ ਜਾਣ ਤੱਕ ਟਰੱਕ ਡਰਾਇਵਰਾਂ ਦੀ ਹੜਤਾਲ ਜਾਰੀ ਸੀ ਅਤੇ ਟਰੱਕ ਡਰਾਇਵਰ ਕੇਂਦਰ ਸਰਕਾਰ ਖ਼ਿਲਾਫ਼ ਲੰਬੇ ਸੰਘਰਸ਼ ਦੀ ਤਿਆਰੀ ਵਿੱਚ ਸਨ।

# ਫਲਸਤੀਨ ਖ਼ਿਲਾਫ਼ ਜੰਗ 'ਚ ਏ. ਆਈ. ਦੀ ਦੁਰਵਰਤੋਂ ਮਨੁੱਖਤਾ ਲਈ ਖ਼ਤਰਨਾਕ



ਸੰਗੀਤ ਤੂਰ







6 ਹਫ਼ਤਿਆਂ ਦੀ ਬੰਬਾਰੀ ਵਿੱਚ ਦੋ ਪਰਮਾਣੂ ਬੰਬਾਂ ਜਿੰਨਾ ਬਾਰੂਦ ਗਾਜ਼ਾ ਉੱਪਰ ਸੁੱਟਿਆ ਜਾ ਚੁੱਕਿਆ ਹੈ। ਥਾਵਾਂ ਦੀ ਨਿਸ਼ਾਨਦੇਹੀ ਅਤੇ ਹੋਰ ਵੇਰਵਾ ਏ. ਆਈ. ਸਿਸਟਮ ਪਤਾ ਕਰਦਾ ਹੈ ਅਤੇ ਇਹ ਵੀ ਅੰਦਾਜ਼ਾ ਲਾ ਕੇ ਦੱਸਦਾ ਹੈ ਕਿ ਕਿੰਨੇ ਬੰਦੇ ਮਾਰੇ ਜਾਣਗੇ। ਇਜ਼ਰਾਈਲੀ ਹਮਲੇ ਦੇ ਪਹਿਲੇ 35 ਦਿਨਾਂ ਵਿੱਚ 15000 ਥਾਵਾਂ 'ਤੇ ਹਮਲਾ ਕੀਤਾ ਗਿਆ। ਦੋ ਏ. ਆਈ. ਸਿਸਟਮ ਇਕੱਠੇ ਕੰਮ ਕਰਦੇ ਰਹੇ। ਇੱਕ ਏ.ਆਈ. ਸਿਸਟਮ ਨੇ ਹਵਾਈ ਬੰਬਾਰੀ ਵਾਸਤੇ ਨਿਸ਼ਾਨੇ ਸੁਝਾਏ ਅਤੇ ਦੂਜੇ ਸਿਸਟਮ ਨੇ ਨਿਸ਼ਾਨਦੇਹ ਕੀਤੀਆਂ ਥਾਵਾਂ 'ਤੇ ਮੈਦਾਨੀ ਹਮਲੇ ਦਾ ਪ੍ਰਬੰਧ ਸੰਭਾਲਿਆ। ਪਹਿਲੇ ਸਿਸਟਮ ਵਿੱਚ ਜਨਤਕ ਇਮਾਰਤਾਂ, ਲੋਕਾਂ ਦੀ ਗਿਣਤੀ, ਜਿਆਦਾ ਲੋਕਾਂ ਦੀ ਹਰਕਤ, ਡਰੋਨ, ਸੈਟੇਲਾਈਟ ਅਤੇ ਸਰਵੇਲੈਂਸ ਤੋਂ ਇਕੱਠੀ ਕੀਤੀ ਜਾਣਕਾਰੀ ਹੈ। ਇਸ ਸਿਸਟਮ ਨਾਲ ਰੋਜ਼ਾਨਾ ਨਿਸ਼ਾਨੇ ਤੈਅ ਕੀਤੇ ਜਾਂਦੇ ਹਨ। ਦੂਸਰਾ ਏ.ਆਈ. ਸਿਸਟਮ ਫ਼ਿਰ ਬਾਰੂਦ ਦੀ ਮਿਕਦਾਰ ਅਤੇ ਬੰਬ ਦਾਗਣ ਦਾ ਸਮਾਂ ਬੰਨ੍ਹ ਦਿੰਦਾ ਹੈ।

ਇੰਟੈਲੀਜੈਂਸ ਹੁੰਦੀ ਕੀ ਹੈ? ਇੰਟੈਲੀਜੈਂਸ ਸਾਡੀ ਹੁਨਰ ਅਤੇ ਜਾਣਕਾਰੀ ਹਾਸਿਲ ਕਰਨ ਅਤੇ ਇਸ ਨੂੰ ਸਹੀ ਤਰੀਕੇ ਨਾਲ਼ ਵਰਤਣ ਦੀ ਯੋਗਤਾ ਹੈ। ਆਰਟੀਫ਼ੀਸ਼ੀਅਲ ਇੰਟੈਲੀਜੈਂਸ ਹੈ ਜਦੋਂ ਮਸ਼ੀਨ ਨੂੰ ਇਹੋ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਉਹ ਉਸ ਤੋਂ ਕੁਝ ਨਤੀਜੇ ਕੱਢ ਕੇ ਲਿਆਉਂਦੀ ਹੈ। ਦੋ ਤਰ੍ਹਾਂ ਦੇ ਏ.ਆਈ. ਸਿਸਟਮ ਹੁੰਦੇ ਹਨ- ਜੈਨਰੇਟਿਵ ਭਾਵ ਸਿਰਜਕ ਏ.ਆਈ. ਜਿਹੜਾ ਚੈਟ ਜੀ.ਪੀ.ਟੀ. ਦੇ ਆਉਣ ਤੋਂ ਬਾਅਦ ਖ਼ਬਰਾਂ 'ਚ ਆਇਆ ਅਤੇ ਪਰਿਡਿਕਟਿਵ ਭਾਵ ਅਨੁਮਾਨਕ ਏ.ਆਈ.। ਜੈਨਰੇਟਿਵ ਏ.ਆਈ. ਮਾਡਲ ਬਹੁਤ ਵੱਡੇ ਗਿਆਨ ਤੇ ਜਾਣਕਾਰੀ (ਕਿੰਨੇ ਹੀ ਟੈਰਾਬਾਈਟ ਡਾਟਾ) ਨਾਲ ਸਿਖਾਇਆ ਹੁੰਦਾ ਸਿਸਟਮ ਹੈ ਜਿਹੜਾ ਲਿਖਤ, ਤਸਵੀਰ ਜਾਂ ਵੀਡੀਓ ਰੂਪ 'ਚ ਨਤੀਜੇ ਦੇਣ ਯੋਗ ਹੁੰਦਾ ਹੈ। ਚੈਟ ਜੀ.ਪੀ.ਟੀ. 3 ਵਿੱਚ 45 ਟੈਰਾਬਾਈਟ ਜਾਣਕਾਰੀ ਸੀ ਜਿਹੜੀ 1000 ਪੰਨਿਆਂ ਦੀਆਂ 45 ਲੱਖ ਕਿਤਾਬਾਂ ਦੇ ਬਰਾਬਰ ਹੈ। ਪਰਿਡਿਕਟਿਵ ਏ.ਆਈ. ਭਾਵ ਅਨੁਮਾਨ ਲਗਾਉਣ ਵਾਲੀ ਕੰਪਿਊਟਰ ਸਿਰਜਤ ਬੁੱਧੀ ਕਿਸੇ ਨਾ ਕਿਸੇ ਲੋੜ ਲਈ ਸੁਝਾਅ ਦੇਣ ਲਈ ਸਿਖਾਇਆ ਜਾਂਦਾ ਸਿਸਟਮ ਹੈ। ਨੈੱਟਫ਼ਲਿਕਸ ਜਦੋਂ ਪਸੰਦੀਦਾ ਫ਼ਿਲਮਾਂ ਦੇ ਸੁਝਾਅ ਦਿੰਦਾ ਹੈ ਤਾਂ ਪਰਿਡਿਕਟਿਵ ਏ.ਆਈ. ਵਰਤਦਾ ਹੈ। ਇਹ ਨਤੀਜੇ ਤੁਹਾਡੀਆਂ ਪਹਿਲਾਂ ਦੇਖੀਆਂ ਫ਼ਿਲਮਾਂ, ਸਥਾਨ, ਉਮਰ, ਲਿੰਗ ਤੇ ਹੋਰ ਬਹੁਤ ਸਾਰੇ ਜਾਣਕਾਰੀ ਦੇ ਸਰੋਤਾਂ ਜੋ ਨੈੱਟਫ਼ਲਿਕਸ ਇਕੱਠੇ ਕਰਦਾ ਹੈ, 'ਤੇ ਆਧਾਰਿਤ ਹੁੰਦੇ ਹਨ।

ਏਆਈ ਸਿਸਟਮ ਦੀ ਖ਼ਾਸੀਅਤ ਹੈ ਕਿ ਇਹ ਜਾਣਕਾਰੀ ਦੇ ਜ਼ਖੀਰੇ ਨੂੰ ਬਹੁਤ ਜਲਦੀ ਸਮਝ ਕੇ ਸੁਝਾਅ ਦੇਣ ਦੇ ਯੋਗ ਹੈ। ਅਜਿਹੇ ਜਾਣਕਾਰੀ ਦੇ ਸਮੂਹ ਇੰਨੇ ਗੁੰਝਲਦਾਰ ਹੁੰਦੇ ਹਨ ਕਿ ਮਨੁੱਖਾਂ ਨੂੰ ਉਨ੍ਹਾਂ ਨੂੰ ਸਮਝਣ ਵਿੱਚ ਬਹੁਤ ਮੁਸ਼ਕਿਲ ਆਉਂਦੀ ਹੈ। ਅਜਿਹੇ ਏਆਈ ਸਿਸਟਮ ਅਮਰੀਕੀ ਨਿਆਂ ਪ੍ਰਣਾਲੀ ਵਿੱਚ ਵੀ ਵਰਤੇ ਜਾ ਰਹੇ ਹਨ। ਇਕੁਈਵਾਂਟ ਕੰਪਨੀ ਦਾ ਬਣਾਇਆ ਏ. ਆਈ. ਸਿਸਟਮ ਕੋਮਪਾਸ ਇਹ ਸੁਝਾਅ ਦੇਣ ਯੋਗ ਹੈ ਕਿ ਕੋਈ ਮੁਲਜ਼ਮ ਦੁਬਾਰਾ ਜ਼ੁਰਮ ਕਰੇਗਾ ਹਾਂ ਨਹੀਂ। ਇਸ ਸਿਸਟਮ ਵਿੱਚ ਕੈਮਰਿਆਂ ਰਾਹੀਂ ਚਿਹਰੇ ਮੋਹਰੇ ਦੀਆਂ ਤਸਵੀਰਾਂ, ਬੈਂਕ ਖਾਤਿਆਂ ਰਾਹੀਂ ਮਾਲੀ ਹਾਲਤ ਦਾ ਲੇਖਾ-ਜੋਖਾ, ਰੁਜ਼ਗਾਰ ਕਿਸ ਤਰ੍ਹਾਂ ਦਾ ਹੈ ਜਾਂ ਨਹੀਂ ਹੈ, ਰਿਹਾਇਸ਼ੀ ਇਲਾਕਾ, ਪਿਛਲੇ ਜੁਰਮ, ਪਰਿਵਾਰਿਕ ਪਿਛੋਕੜ, ਸਮਾਜਿਕ ਆਰਥਿਕ ਰੁਤਬਾ, ਵਿਹਾਰਕ ਜਾਣਕਾਰੀ ਅਤੇ ਜੇਲ੍ਹ ਜਾਣ ਵੇਲ਼ੇ ਭਰਾਏ ਜਾਂਦੇ ਫ਼ਾਰਮ ਵਿਚਲੀ ਜਾਣਕਾਰੀ ਭਰੀ ਗਈ। ਇਸ ਜਾਣਕਾਰੀ ਦਾ ਅਧਿਐਨ ਕਰ ਕੇ ਇਹ ਸਿਸਟਮ ਹਰ ਦੋਸ਼ੀ ਲਈ ਰਿਸਕ ਸਕੋਰ ਜਾਰੀ ਕਰਦਾ ਹੈ। ਇਸ ਨਾਲ ਇਹ ਤੈਅ ਕੀਤਾ ਜਾਂਦਾ ਹੈ ਕਿ ਕਿੰਨੇ ਸਮੇਂ ਦੀ ਕੈਦ ਹੋਣੀ ਚਾਹੀਦੀ ਜਾਂ ਪੈਰੋਲ ਵਰਗੇ ਫ਼ੈਸਲੇ ਕੀਤੇ ਜਾਂਦੇ ਹਨ।

ਉਂਝ, ਇਸ ਸਿਸਟਮ ਦੀ ਕੰਮ ਕਰਨ ਦੀ ਪ੍ਰਣਾਲੀ ਸਿਰਫ਼ ਇਸ ਨੂੰ ਬਣਾਉਣ ਵਾਲਿਆਂ ਨੂੰ ਪਤਾ ਹੈ। ਇਹ ਜਨਤਕ ਨਹੀਂ ਹੈ ਕਿ ਕੋਈ ਸਕੋਰ ਕਿਵੇਂ ਤੈਅ ਕੀਤਾ ਗਿਆ। ਸਿਆਹਫ਼ਾਮ ਲੋਕਾਂ ਬਾਰੇ ਇਹ ਸੁਝਾਅ ਦਿੱਤਾ ਜਾਣਾ ਕਿ ਉਹ ਮੁੜ ਜੁਰਮ ਕਰਨਗੇ, ਗੋਰਿਆਂ ਦੇ ਮੁਕਾਬਲੇ ਦੁੱਗਣੀ ਅਨੁਪਾਤ ਵਿੱਚ ਹੈ। ਸਿਸਟਮ ਵੀ ਉਸੇ ਜਾਣਕਾਰੀ ਤੋਂ ਸਿੱਖਿਆ ਹੈ ਜਿਸ ਵਿੱਚ ਸਮਾਜ ਵਿਚਲੇ ਵਿਤਕਰੇ ਚਿਣੇ ਗਏ ਹਨ। ਨਸਲ ਅਤੇ ਕੌਮ ਪ੍ਰਤੀ ਵਿਤਕਰੇ ਪਰਿਡਿਕਟਿਵ ਏ.ਆਈ. 'ਚ ਵੀ ਹਨ। ਅਲੱਗ ਅਲੱਗ ਨਸਲਾਂ ਦੇ ਦੋ ਜਣੇ ਇੱਕੋ ਜੁਰਮ ਵਾਸਤੇ ਵੱਖੋ-ਵੱਖਰੀ ਸਜ਼ਾ ਪਾ ਸਕਦੇ ਹਨ। ਇਹ ਵਿਤਕਰੇ ਕਦੇ ਵੀ ਮੇਟੇ ਨਹੀਂ ਜਾਂਦੇ ਕਿਉਂਕਿ ਇਹ ਸਿਸਟਮ ਪ੍ਰਾਈਵੇਟ ਕੰਪਨੀ ਦੀ ਮਲਕੀਅਤ ਹੈ ਅਤੇ ਬੌਧਿਕ ਮਲਕੀਅਤ ਕਾਨੂੰਨ ਤਹਿਤ ਉਨ੍ਹਾਂ ਨੂੰ ਇਹ ਹੱਕ ਹੈ ਕਿ ਇਸ ਸਿਸਟਮ ਦੀ ਕਾਰਜ ਪ੍ਰਣਾਲੀ ਨਾ ਦੱਸੀ ਜਾਵੇ।

ਇਸੇ ਤਰ੍ਹਾਂ ਜਦੋਂ ਇਜ਼ਰਾਈਲ ਜਿਸ ਨੇ ਕਦੇ ਫ਼ਲਸਤੀਨੀ ਜਿੰਦਗੀਆਂ ਦੀ ਕੋਈ ਕੀਮਤ ਹੀ ਨਹੀਂ ਸਮਝੀ, ਆਪਣੇ ਏ. ਆਈ. ਸਿਸਟਮ ਨੂੰ ਸਿਖਾਉਂਦਾ ਹੈ ਅਤੇ ਘਾਤਕ ਬੰਦੇਮਾਰੂ ਮਸ਼ੀਨ ਬਣਾਉਂਦਾ ਹੈ ਤਾਂ ਇਸ ਦੀ ਫ਼ੌਜ ਦੇ ਵਿਤਕਰੇ, ਫਲਸਤੀਨੀ ਜਿੰਦਗੀਆਂ ਦਾ ਅਮਨੁੱਖੀਕਰਨ ਅਤੇ ਸਮੁੱਚੀ ਇਨਸਾਨੀਅਤ ਵਾਸਤੇ ਇਸ ਦੀ ਬੇਕਿਰਕੀ ਵੀ ਇਸ ਦੇ ਹਬਸੋਰਾ ਸਿਸਟਮ ਵਿੱਚ ਝਲਕਦੀ ਹੈ। ਇੱਕ ਮੈਗਜ਼ੀਨ ਅਨੁਸਾਰ ਸਿਸਟਮ ਦਾ ਜ਼ੋਰ, ਇਸ ਦੇ ਮਾਲਕਾਂ ਵਾਂਗ ਇਸ ਚੀਜ਼ 'ਤੇ ਹੈ ਕਿ ਕਿਵੇਂ ਵੱਧ ਤੋਂ ਵੱਧ ਜਾਨਾਂ ਲਈਆਂ ਜਾਣ, ਨਾ ਕਿ ਇਸ 'ਤੇ ਕਿ ਆਮ ਸ਼ਹਿਰੀਆਂ ਦੀਆਂ ਜਿੰਦਗੀਆਂ ਕਿਵੇਂ ਬਚ ਸਕਣ। ਇਹ ਸਿਸਟਮ ਇਹ ਵੀ ਦੱਸਦਾ ਹੈ ਕਿ ਕਿਸ ਨਿਸ਼ਾਨੇ 'ਤੇ ਕਿਸ ਵੇਲੇ ਹਮਲਾ ਕਰਨ ਤੇ ਕਿੰਨੇ ਆਮ ਸ਼ਹਿਰੀ ਮਰਨਗੇ। ਇਹ ਨੁਕਸਾਨ 5 ਤੋਂ ਲੈ ਕੇ 100 ਜਣਿਆਂ ਤੱਕ ਹੋ ਸਕਦਾ ਹੈ। ਇਸ ਵੇਲੇ ਇਜ਼ਰਾਈਲ ਦੇ ਅੰਦਾਜਿਆਂ ਮੁਤਾਬਕ 30,000 ਹਮਾਸ ਜੰਗਜੂ ਹਨ। ਜੇ ਹਰ ਹਮਾਸ ਜੰਗਜੂ ਨਾਲ 5 ਆਮ ਸ਼ਹਿਰੀ ਮਰਨ ਦਾ ਖਦਸ਼ਾ ਹੈ ਤਾਂ ਆਮ ਸ਼ਹਿਰੀ ਮੌਤਾਂ ਦੀ ਘੱਟੋ-ਘੱਟ ਗਿਣਤੀ 1,50,000 ਹੋ ਜਾਂਦੀ ਹੈ। ਦੂਸਰਾ, ਜਦੋਂ ਬਹੁਤੇ ਇਜ਼ਰਾਈਲੀ ਸਿਆਸਤਦਾਨ ਇਹ ਕਹਿੰਦੇ ਹਨ ਕਿ ਫਲਸਤੀਨ ਵਿੱਚ ਕੋਈ ਬੇਕਸੂਰ ਆਮ ਸ਼ਹਿਰੀ ਹੈ ਹੀ ਨਹੀਂ ਤਾਂ ਹਰ ਕੋਈ ਹੀ ਹਬਸੋਰਾ ਦਾ ਨਿਸ਼ਾਨਾ ਬਣ ਸਕਦਾ ਹੈ।

ਦੂਜੇ ਪਾਸੇ, ਇਜ਼ਰਾਈਲ ਜੈਨਰੇਟਿਵ ਏਆਈ ਸਿਸਟਮ ਝੂਠੀ ਜਾਣਕਾਰੀ ਅਤੇ ਜਾਅਲੀ ਖ਼ਬਰਾਂ ਬਣਾਉਣ ਲਈ ਵਰਤ ਰਿਹਾ ਹੈ। ਲੱਖਾਂ ਜਾਅਲੀ ਖਾਤੇ ਤਿਆਰ ਕੀਤੇ ਗਏ ਨੇ ਜਿਹੜੇ ਸੋਸ਼ਲ ਮੀਡੀਆ ਉੱਪਰ ਝੂਠੀ ਜਾਣਕਾਰੀ ਫ਼ੈਲਾਉਂਦੇ ਹਨ। ਇਹ ਅਜਿਹੇ ਦੌਰ ਵਿੱਚ ਗਾਜ਼ਾ ਦੀ ਅਸਲੀਅਤ ਬਾਰੇ ਭੰਬਲਭੂਸੇ ਪੈਦਾ ਕਰਦਾ ਹੈ ਜਦੋਂ ਇਹ ਚਿੱਟੇ ਦਿਨ ਵਾਂਗ ਸਾਫ਼ ਹੋ ਗਿਆ ਹੈ ਕਿ ਇਜ਼ਰਾਈਲ ਜਮਹੂਰੀਅਤ ਦੀ ਖੱਲ ਵਿੱਚ ਕਾਤਲ ਬਸਤੀਵਾਦੀ ਮੁਲਕ ਹੈ। ਜੈਨਰੇਟਿਵ ਏ.ਆਈ. ਜਾਅਲੀ ਜਾਣਕਾਰੀ ਤਿਆਰ ਕਰਦਾ ਹੈ, ਜਾਅਲੀ ਤਸਵੀਰਾਂ ਅਤੇ ਜਾਅਲੀ ਵੀਡੀਓ। ਸ਼ੁਰੂਆਤ ਵਿੱਚ ਹਮਾਸ ਵੱਲੋਂ ਬੱਚਿਆਂ ਦੇ ਸਿਰ ਕਲਮ ਕਰਨ ਅਤੇ ਯਹੂਦੀ ਔਰਤਾਂ ਨਾਲ ਜਬਰ ਜਨਾਹ ਦੀਆਂ ਵੀਡੀਓਜ਼ ਝੂਠੀਆਂ ਨਿਕਲੀਆਂ

(ਬਾਕੀ ਸਫ਼ਾ 31 'ਤੇ)

# ਭਾਰਤ ਦੀਆਂ ਦਵਾਈਆਂ ਦੇ ਨਮੂਨੇ ਫ਼ੇਲ੍ਹ, ਲੋਕਾਂ ਦੀ ਸਿਹਤ ਨਾਲ ਖ਼ਿਲਵਾੜ ਕਿਉਂ ?



ਦਵਿੰਦਰ ਕੌਰ ਖ਼ੁਸ਼ ਧਾਲੀਵਾਲ



ਭਾਰਤ ਦੀ 'ਕੇਂਦਰੀ ਡਰੱਗ ਮਾਨਕ ਕੰਟਰੋਲ ਸੰਸਥਾ' ਵੱਲੋਂ ਤਾਜ਼ਾ ਜਾਰੀ ਰਿਪੋਰਟ ਮੁਤਾਬਕ ਅਕਤੂਬਰ ਮਹੀਨੇ ਤੱਕ ਭਾਰਤ ਵਿੱਚ ਜਾਂਚ ਕੀਤੀਆਂ ਖੰਘ ਦੀਆਂ ਦਵਾਈਆਂ ਦੇ 6% ਨਮੂਨੇ ਫ਼ੇਲ੍ਹ ਹੋ ਗਏ ਹਨ। ਛੋਟੀਆਂ ਤੇ ਦਰਮਿਆਨੀਆਂ ਕੰਪਨੀਆਂ ਦੇ ਮਾਮਲੇ ਵਿੱਚ ਤਾਂ 65% ਕੰਪਨੀਆਂ ਤੈਅਸ਼ੁਦਾ ਮਾਣਕਾਂ ਤੋਂ ਨੀਵੇਂ ਪੱਧਰ ਦੀਆਂ ਦਵਾਈਆਂ ਬਣਾਉਂਦੀਆਂ ਪਾਈਆਂ ਗਈਆਂ ਹਨ। ਭਾਵੇਂ ਹੋਰ ਬਹੁਤ ਅਹਿਮ ਮਾਮਲਿਆਂ ਵਾਂਗੂੰ ਇਹ ਰਿਪੋਰਟ ਵੀ ਗੋਦੀ ਮੀਡੀਆ ਨੇ ਦੱਬ ਦਿੱਤੀ ਤੇ ਇਸ ਉੱਪਰ ਕੋਈ ਚਰਚਾ ਨਹੀਂ ਹੋਈ ਪਰ ਇਸ ਰਿਪੋਰਟ ਨੇ ਮੁੜ ਤੋਂ ਭਾਰਤ ਵਿੱਚ ਨਕਲੀ ਦਵਾਈਆਂ ਤੇ ਘਟੀਆ ਦਵਾਈਆਂ ਦੇ ਬੇਹੱਦ ਵੱਡੇ ਤੇ ਲੋਕ ਮਾਰੂ ਕਾਰੋਬਾਰ ਉੱਪਰ ਸਵਾਲ ਖੜ੍ਹੇ ਕਰ ਦਿੱਤੇ ਹਨ।

ਭਾਰਤ ਵਿੱਚ ਨਕਲੀ ਤੇ ਘਟੀਆ ਦਵਾਈਆਂ ਦਾ ਮੁੱਦਾ ਵਾਰ-ਵਾਰ ਉੱਠਦਾ ਰਿਹਾ ਹੈ। ਦਸੰਬਰ 2022 ਵਿੱਚ ਉਜਬੇਕਿਸਤਾਨ ਮੁਲਕ ਵਿੱਚ 18 ਬੱਚਿਆਂ ਦੀ ਖੰਘ ਦੀ ਦਵਾਈ ਪੀਣ ਨਾਲ਼ ਮੌਤ ਹੋ ਗਈ ਸੀ। ਇਹ ਦਵਾਈ ਭਾਰਤ ਵਿੱਚ ਨੋਇਡਾ ਸਥਿਤ ਮੈਰਿਓਨ ਬਾਇਓਟੈਕ ਵੱਲੋਂ ਬਣਾਈ ਗਈ ਸੀ। 2022 ਵਿੱਚ ਹੀ ਅਫ਼ਰੀਕੀ ਮੁਲਕ ਗਾਂਬਿਆ ਵਿੱਚ ਅਜਿਹੀ ਹੀ ਦਵਾਈ ਪੀਣ ਨਾਲ਼ 66 ਬੱਚਿਆਂ ਦੀ ਮੌਤ ਹੋ ਗਈ ਸੀ। ਇਸ ਮਾਮਲੇ ਤੋਂ ਬਾਅਦ 'ਸੰਸਾਰ ਸਿਹਤ ਸੰਗਠਨ' ਤੱਕ ਨੇ ਚਾਰ ਖੰਘ ਦਵਾਈਆਂ ਦੀ ਨਿਸ਼ਾਨਦੇਹੀ ਕੀਤੀ ਸੀ ਜਿਹੜੀਆਂ ਮਰੀਜ਼ਾਂ ਲਈ ਘਾਤਕ ਸਨ। ਇਹਨਾਂ ਦਵਾਈਆਂ ਦੇ ਤਾਰ ਵੀ ਭਾਰਤ ਦੇ ਹਰਿਆਣਾ ਸਥਿਤ ਮੇਡਨ ਫ਼ਾਰਮਾਂ ਨਾਲ਼ ਜੁੜੇ ਸਨ। ਪਰ ਐਨਾ ਸਭ ਕੁੱਝ ਹੋਣ ਦੇ ਬਾਵਜੂਦ ਭਾਰਤ ਸਰਕਾਰ ਨੇ ਉਪਰੋਕਤ ਕੰਪਨੀਆਂ ਤੇ ਨਕਲੀ ਤੇ ਘਟੀਆ ਦਵਾਈਆਂ ਦੇ ਕੁੱਲ ਕਾਰੋਬਾਰ ਉੱਤੇ ਕੋਈ ਢੁਕਵੀਂ ਕਾਰਵਾਈ ਕਰਨੀ ਜ਼ਰੂਰੀ ਨਹੀਂ ਸਮਝੀ। ਇਹ ਪੜਤਾਲ ਕਰਨਾ ਵੀ ਜਰੂਰੀ ਨਹੀਂ ਸਮਝਿਆ ਗਿਆ ਕਿ ਜੇਕਰ ਬਰਾਮਦ ਕੀਤੀਆਂ ਜਾਣ ਵਾਲ਼ੀਆਂ ਦਵਾਈਆਂ ਦੀ ਗੁਣਵੱਤਾ ਐਨੀ ਘਟੀਆ ਤੇ ਜ਼ਹਿਰੀਲੀ ਹੈ ਤਾਂ ਭਾਰਤ ਦੇ ਮਰੀਜ਼ਾਂ ਨੂੰ ਕਿਸ ਤਰ੍ਹਾਂ ਦੀਆਂ ਦਵਾਈਆਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ ?

ਭਾਰਤ ਵਿੱਚ ਨਕਲੀ ਤੇ ਘਟੀਆ ਦਵਾਈਆਂ ਦਾ ਵਿਸ਼ਾਲ ਕਾਰੋਬਾਰ ਭਾਰਤ ਵਿੱਚ ਦਵਾਈ ਕੰਪਨੀਆਂ ਦੀ ਇਸ ਦਾ ਵੱਡਾ ਕਾਰਨ ਇਹਨਾਂ ਦਾ ਵਿਸ਼ਾਲ ਕਾਰੋਬਾਰ ਹੈ। ਭਾਰਤ ਦਵਾਈਆਂ ਦੀ ਪੈਦਾਵਾਰ ਦੇ ਮਾਮਲੇ ਵਿੱਚ ਸੰਸਾਰ ਪੱਧਰ ਉੱਤੇ ਮੂਹਰਲੇ ਥਾਂਵਾਂ ਉੱਤੇ ਆਉਂਦਾ ਹੈ। ਦਵਾਈਆਂ ਦੀ ਸੰਸਾਰ ਪੱਧਰੀ ਮੰਗ ਦਾ 20%, ਟੀਕਿਆਂ ਦਾ 60% ਤੇ ਜੈਨਰਿਕ ਦਵਾਈਆਂ ਦਾ ਵੱਡਾ ਹਿੱਸਾ ਭਾਰਤ ਵਿੱਚੋਂ ਜਾਂਦਾ ਹੈ। 2021 ਵਿੱਚ ਭਾਰਤ ਦਾ ਦਵਾਈਆਂ ਦਾ ਇਹ ਕਾਰੋਬਾਰ 42 ਅਰਬ ਡਾਲਰ ਦਾ ਸੀ ਜਿਸਦੇ 2030 ਤੱਕ ਵਧ ਕੇ 130 ਅਰਬ ਡਾਲਰ ਤੱਕ ਹੋ ਜਾਣ ਦੀ ਸੰਭਾਵਨਾ ਹੈ। ਇਹੀ ਅਰਬਾਂ ਡਾਲਰ ਦਾ ਸਲਾਨਾ ਕਾਰੋਬਾਰ ਹੈ ਜਿਸ ਸਦਕਾ ਇਹਨਾਂ ਕੰਪਨੀਆਂ ਦੀ ਸਰਕਾਰੇ-ਦਰਬਾਰੇ ਵੀ ਚੰਗੀ ਪੁੱਛ-ਦੱਸ ਹੈ। ਜੇ ਇਹਨਾਂ ਕੰਪਨੀਆਂ ਦੀ ਕਾਰਜ ਸ਼ੈਲੀ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਬਹੁਤ ਸਾਰੀਆਂ ਕੰਪਨੀਆਂ ਅਕਸਰ ਕੱਚੇ ਮਾਲ ਅਤੇ ਤਿਆਰ ਉਪਜਾਂ ਨੂੰ ਬਜ਼ਾਰ ਵਿੱਚ ਵੇਚਣ ਤੋਂ ਪਹਿਲਾਂ ਉਹਨਾਂ ਦੀ ਜਾਂਚ ਹੀ ਨਹੀਂ ਕਰਦੀਆਂ ਜਿਹੜਾ ਕਿ ਇਸ ਸਨਅਤ ਲਈ ਬੇਹੱਦ ਜਰੂਰੀ ਹੁੰਦਾ ਹੈ। ਕਿਉਂਕਿ ਦਵਾਈਆਂ ਸਿੱਧੇ ਤੌਰ 'ਤੇ ਸਿਹਤ 'ਤੇ ਅਸਰ ਪਾਉਂਦੀਆਂ ਹਨ, ਜਿੰਦਗੀ ਤੇ ਮੌਤ ਦਾ ਸਵਾਲ ਬਣ ਸਕਦੀਆਂ ਹਨ ਇਸ ਲਈ ਇਹਨਾਂ ਦੀ ਵਿੱਕਰੀ ਤੋਂ ਪਹਿਲਾਂ ਜਾਂਚ ਲਾਜ਼ਮੀ ਹੁੰਦੀ ਹੈ। ਕਿਸੇ ਵੀ ਦਵਾਈ ਦੀ ਕਾਰਗਰਤਾ ਤੈਅ ਕਰਦੇ ਸਮੇਂ ਕੁੱਝ ਬੁਨਿਆਦੀ ਟੈਸਟ ਲਾਜ਼ਮੀ ਹੁੰਦੇ ਹਨ ਅਤੇ ਇਹ ਟੈਸਟ ਨਾ ਕਰਨਾ ਲੋਕਾਂ ਦੀ ਸਿਹਤ ਨਾਲ਼ ਖ਼ਿਲਵਾੜ ਕਰਨਾ ਹੈ, ਜੋ ਅਨੇਕਾਂ ਮਨੁੱਖੀ ਜ਼ਿੰਦਗੀਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਸੇ ਕਰਕੇ ਬਹੁਤ ਸਾਰੀਆਂ ਘੱਟ ਗੁਣਵੱਤਾ ਵਾਲ਼ੀਆਂ ਘਟੀਆ ਦਵਾਈਆਂ ਤੇ ਨਕਲੀ ਦਵਾਈਆਂ ਬਿਨਾਂ ਜਾਂਚ ਤੋਂ ਮੰਡੀ ਤੇ ਮਰੀਜ਼ਾਂ ਤੱਕ ਪਹੁੰਚ ਜਾਂਦੀਆਂ ਹਨ ਤੇ ਉਹਨਾਂ ਦੀ ਸਿਹਤ ਨਾਲ਼ ਖ਼ਿਲਵਾੜ ਕਰਦੀਆਂ ਹਨ।

ਐਥੇ ਨਕਲੀ ਦਵਾਈਆਂ ਤੇ ਘੱਟ ਗੁਣਵੱਤਾ ਵਾਲ਼ੀਆਂ ਦਵਾਈਆਂ ਦਰਮਿਆਨ ਫਰਕ ਸਮਝ ਲੈਣਾ ਵੀ ਜਰੂਰੀ ਹੈ। ਘੱਟ ਗੁਣਵੱਤਾ ਵਾਲ਼ੀਆਂ ਦਵਾਈਆਂ ਉਹ ਹੁੰਦੀਆਂ ਹਨ ਜਿਨ੍ਹਾਂ ਵਿੱਚ ਦਵਾਈ ਦੀ ਮਾਤਰਾ ਨਿਰਧਾਰਤ ਮਾਤਰਾ ਤੋਂ ਘੱਟ ਹੁੰਦੀ ਹੈ, ਜਾਂ ਉਹਨਾਂ ਦੀ ਰਸਾਇਣਿਕ ਬਣਤਰ ਸਹੀ ਨਹੀਂ ਹੁੰਦੀ। ਦੂਜੇ ਪਾਸੇ ਨਕਲੀ ਦਵਾਈਆਂ ਜਾਂ ਮਿਲਾਵਟੀ ਦਵਾਈਆਂ ਉਹ ਹੁੰਦੀਆਂ ਹਨ ਜਿਨ੍ਹਾਂ ਵਿੱਚ ਗੋਲ਼ੀਆਂ, ਕੈਪਸੂਲ ਜਾਂ ਟੀਕਿਆਂ 'ਚ ਅਸਲ ਵਿੱਚ ਦਵਾਈ ਹੁੰਦੀ ਹੀ ਨਹੀਂ, ਦਵਾਈ ਦੀ ਥਾਂ ਚਾਕ-ਪਾਊਡਰ, ਪਾਣੀ ਜਾਂ ਮਹਿੰਗੀ ਦਵਾਈ ਦੀ ਥਾਂ ਕਿਸੇ ਸਸਤੀ ਦਵਾਈ ਦਾ ਪਾਊਡਰ ਮਿਲ਼ਾ ਦਿੱਤਾ ਜਾਂਦਾ ਹੈ। ਇਸ ਤੋਂ ਬਿਨਾਂ ਮਿਆਦ ਲੰਘੀਆਂ ਦਵਾਈਆਂ ਨੂੰ ਮੁੜ ਪੈਕ ਕਰਕੇ ਵੇਚਣ ਦਾ ਧੰਦਾ ਵੀ ਹੁੰਦਾ ਹੈ।ਅਜਿਹੇ ਹਾਲਾਤਾਂ ਵਿੱਚ ਸਰਕਾਰ ਨੂੰ ਚਾਹੀਦਾ ਸੀ ਕਿ ਸਖ਼ਤੀ ਨਾਲ਼ ਇਨ੍ਹਾਂ ਕੰਪਨੀਆਂ ਦੀ ਜਾਂਚ ਕਰੇ ਪਰ ਭਾਰਤ ਦੇ ਅਸਲ ਹਾਲਾਤ ਤਾਂ ਇਹ ਨੇ ਕਿ ਇਸ ਦੇਸ਼ ਵਿੱਚ ਪੈਦਾ ਹੋਣ ਵਾਲ਼ੀਆਂ ਬਹੁਤ ਸਾਰੀਆਂ ਦਵਾਈਆਂ ਤਾਂ ਕੌਮਾਂਤਰੀ ਮਾਪਦੰਡਾਂ 'ਤੇ ਖਰੀਆਂ ਹੀ ਨਹੀਂ ਉੱਤਰਦੀਆਂ। ਅਜਿਹੀਆਂ ਦਵਾਈਆਂ ਨੂੰ ਸੁੱਟਣ ਦੀ ਥਾਂ 'ਤੇ ਦੇਸ਼ ਦੇ ਅੰਦਰ ਹੀ ਵੇਚਿਆ ਜਾਂਦਾ ਹੈ। ਉੱਤੋਂ ਜੇ ਕਿਸੇ ਸੂਬੇ ਵਿੱਚ ਬਣਾਈ ਗਈ ਦਵਾਈ ਵਿੱਚ ਕੋਈ ਖਰਾਬੀ ਪਾਈ ਜਾਂਦੀ ਹੈ ਤਾਂ ਉਸ ਦਵਾਈ 'ਤੇ ਸਿਰਫ਼ ਉਸ ਸੂਬੇ ਵਿੱਚ ਪਾਬੰਦੀ ਲੱਗ ਸਕਦੀ ਹੈ, ਹੋਰ ਸੂਬਿਆਂ ਵਿੱਚ ਉਹ ਪਹਿਲਾਂ ਵਾਂਗ ਹੀ ਵਿਕਦੀ ਹੈ ਕਿਉਂਕਿ ਭਾਰਤ ਵਿੱਚ ਅਜਿਹਾ ਕੋਈ ਕਨੂੰਨ ਮੌਜੂਦ ਹੀ ਨਹੀਂ ਹੈ ਜਿਹੜਾ ਇਨ੍ਹਾਂ ਕੰਪਨੀਆਂ ਲਈ ਬਜ਼ਾਰ ਵਿੱਚ ਵਿਕ ਰਹੀਆਂ ਗਲਤ ਦਵਾਈਆਂ ਨੂੰ ਤੁਰੰਤ ਬੰਦ ਕਰਾ ਦੇਵੇ। ਹੋਰ ਤਾਂ ਹੋਰ, ਜਦੋਂ ਗਾਂਬੀਆ ਤੇ ਉਜਬੇਕਿਸਤਾਨ ਵਿੱਚ ਬੱਚਿਆਂ ਦੀ ਮੌਤ ਦਾ ਮਾਮਲਾ ਵਧਿਆ ਤੇ ਗੱਲ ਸੰਸਾਰ ਸਿਹਤ ਸੰਗਠਨ ਤੱਕ ਪਹੁੰਚੀ ਤਾਂ ਭਾਰਤ ਸਰਕਾਰ ਦੇ ਸਿਹਤ ਮੰਤਰੀ ਮਨਸੁੱਖ ਮਾਂਡਵੀਆ ਨੇ ਪੂਰੇ ਮਸਲੇ ਤੋਂ ਪੱਲਾ ਹੀ ਝਾੜਦਿਆਂ ਕਿਹਾ ਕਿ ਦਵਾਈਆਂ ਵਿੱਚ ਕੋਈ ਨੁਕਸ ਨਹੀਂ ਸੀ! ਸਗੋਂ ਭਾਰਤ ਸਰਕਾਰ ਨੇ 2023 ਦੇ ਸੰਸਦ ਦੇ ਮਾਨਸੂਨ ਸੈਸ਼ਨ ਵਿੱਚ ਪੁਰਾਣੇ ਬਣੇ ਕਨੂੰਨ - ਭਾਰਤੀ ਡਰੱਗ ਤੇ ਕਾਸਮੈਟਿਕ ਕਨੂੰਨ - ਨੂੰ ਸੋਧਦਿਆਂ ਉਹ ਦੋ ਧਾਰਾਵਾਂ ਹੀ ਸੋਧ ਦਿੱਤੀਆਂ ਜਿਨ੍ਹਾਂ ਤਹਿਤ ਨਕਲੀ ਦਵਾਈਆਂ ਦੇ ਦੋਸ਼ੀ ਨੂੰ ਜੇਲ੍ਹ ਹੋ ਸਕਦੀ ਸੀ। ਨਵੇਂ ਕਨੂੰਨ ਤਹਿਤ ਦੋਸ਼ੀ ਸਿਰਫ਼ ਕੁੱਝ ਹਜ਼ਾਰ ਰੁਪਏ ਦੇ ਕੇ ਜੇਲ੍ਹ ਤੋਂ ਬਚ ਸਕਦਾ ਹੈ। ਉਂਝ ਤਾਂ ਪੁਰਾਣੇ ਕਨੂੰਨ ਤਹਿਤ ਜੇਲ੍ਹ ਵੀ ਮਾਮੂਲੀ ਸੀ ਪਰ ਨਵੇਂ ਕਨੂੰਨ ਵਿੱਚ ਤਾਂ ਵਪਾਰ ਕਰਨ ਦੀ ਖੁੱਲ੍ਹ ਦੇ ਨਾਂ ਉੱਤੇ ਅਜਿਹੇ ਮਗਰਮੱਛਾਂ ਨੂੰ ਉਸ ਤੋਂ ਵੀ ਛੁਟਕਾਰਾ ਦੇ ਦਿੱਤਾ ਗਿਆ ਹੈ।

ਅਜਿਹਾ ਨਹੀਂ ਕਿ ਸਿਰਫ਼ ਭਾਰਤ ਵਿੱਚ ਹੀ ਮਰੀਜ਼ਾਂ ਦੀ ਸਿਹਤ ਨਾਲ਼ ਅਜਿਹਾ ਖ਼ਿਲਵਾੜ ਹੁੰਦਾ ਹੈ। ਦੁਨੀਆਂ ਦੇ ਅਨੇਕਾਂ ਮੁਲਕਾਂ ਤੋਂ ਲੈ ਕੇ ਵਿਕਸਤ ਦੇਸ਼ਾਂ ਤੱਕ ਦਵਾ ਸਨਅਤ ਦਾ ਤੇਂਦੂਆ ਜਾਲ ਮਰੀਜ਼ਾਂ ਦੀ ਜਾਨ ਦਾ ਖੌਅ ਬਣ ਰਿਹਾ ਹੈ। ਪਿਛਲੇ ਸਮੇਂ ਵਿੱਚ ਅਮਰੀਕਾ ਦੀ ਇੱਕ ਕੰਪਨੀ ਪਰਡਿਊ ਫ਼ਾਰਮਾਂ ਐਲਪੀ (ਪਰਡਿਊ) ਦਾ ਮਾਮਲਾ ਸਾਹਮਣੇ ਆਇਆ ਜਿਹੜੀ ਓਪੀਓਇਡ ਦਵਾਈ ਬਣਾਉਂਦੀ ਸੀ। 'ਓਪੀਓਇਡ' ਦਰਦਾਂ ਤੋਂ ਅਰਾਮ ਦੇਣ ਦੀ ਇੱਕ ਦਵਾਈ ਦੇ ਸਮੂਹ ਨੂੰ ਕਹਿੰਦੇ ਹਨ ਜਿਨ੍ਹਾਂ ਨੂੰ ਅੰਗਰੇਜ਼ੀ ਵਿੱਚ 'ਪੇਨਕਿੱਲਰਸ' ਵੀ ਕਿਹਾ ਜਾਂਦਾ ਹੈ। ਇਹ ਦਵਾਈਆਂ ਹੈਰੋਇਨ ਵਰਗੇ ਨਸ਼ੀਲੇ ਪਦਾਰਥਾਂ ਤੋਂ ਬਣਦੀਆਂ ਹਨ ਜਿਸ ਕਰਕੇ ਇਨ੍ਹਾਂ ਦੀ ਤੋੜ ਲੱਗਣ ਦੀ ਸੰਭਾਵਨਾ ਹੁੰਦੀ ਹੈ। ਇਸ ਕੰਪਨੀ ਨੇ ਆਪਣੇ ਪ੍ਰਚਾਰ ਤੰਤਰ ਦੇ ਸਿਰ 'ਤੇ ਇਹ ਝੂਠ ਪ੍ਰਚਾਰਿਆ ਕਿ ਉਸ ਵੱਲੋਂ ਬਣਾਈ ਜਾ ਰਹੀ ਓਪੀਓਇਡ ਦਵਾਈ ਸੁਰੱਖਿਅਤ ਹੈ ਅਤੇ ਇਸ ਦੀ ਤੋੜ ਨਹੀਂ ਲੱਗਦੀ ਜਦੋਂ ਕਿ ਲੈਬ ਵਿੱਚ ਇਸ ਗੱਲ ਦੀ ਕੋਈ ਪੁਸ਼ਟੀ ਨਹੀਂ ਹੋਈ ਸੀ। ਅਕਾਦਮਿਕ ਪ੍ਰੋਗਰਾਮ ਕਰਕੇ ਅਤੇ ਵੱਡੇ ਪੱਧਰ 'ਤੇ ਡਾਕਟਰਾਂ ਤੱਕ ਪਹੁੰਚ ਕਰਕੇ, ਉਨ੍ਹਾਂ ਨੂੰ ਵੱਧ ਤੋਂ ਵੱਧ ਮਾਤਰਾ ਵਿੱਚ ਲੋਕਾਂ ਨੂੰ ਇਹ ਦਵਾਈ ਦੇਣ ਲਈ ਮਨਾਇਆ ਗਿਆ (ਡਾਕਟਰਾਂ ਨੂੰ ਭਾਰੀ ਨਕਦੀ, ਤੋਹਫ਼ੇ ਦੇਣ ਅਤੇ ਵੱਡੇ-ਵੱਡੇ ਹੋਟਲਾਂ ਵਿੱਚ ਪਾਰਟੀਆਂ ਦੇਣਾ, ਮਨਾਉਣ ਦੇ ਆਮ ਢੰਗ ਹਨ)। ਨਤੀਜਾ ਇਹ ਨਿਕਲ਼ਿਆ ਕਿ 1997 ਵਿੱਚ ਜਿੱਥੇ 6,70,000 ਲੋਕਾਂ ਨੂੰ ਡਾਕਟਰਾਂ ਵੱਲੋਂ ਇਹ ਦਵਾਈ ਲੈਣ ਦੀ ਹਦਾਇਤ ਦਿੱਤੀ ਗਈ ਸੀ ਉੱਥੇ ਹੀ 2002 ਵਿੱਚ ਇਹ ਗਿਣਤੀ 62,00,000 ਅਤੇ 2012 ਵਿੱਚ 25.5 ਕਰੋੜ ਤੱਕ ਪਹੁੰਚ ਗਈ। ਜਦ ਇਹ ਦਵਾਈਆਂ ਦੀ ਮੰਗ ਇੰਨੀ ਵਧ ਗਈ ਤਾਂ ਹੋਰ ਕੰਪਨੀਆਂ ਵੀ ਵੱਡੇ ਪੱਧਰ 'ਤੇ ਇਹ ਦਵਾਈ ਬਣਾਉਣ ਲੱਗੀਆਂ। (ਬਾਕੀ ਸਫ਼ਾ 31 'ਤੇ)

# ਨਹੀਂ ਰਹੇ ਦੇਸ਼ ਪੰਜਾਬ ਵਾਲੇ ਗੁਰਬਚਨ ਸਿੰਘ

## ਖ਼ਾਲਸਾ ਪੰਥ ਤੇ ਦਲਿਤਾਂ ਦੀ ਗਲਵੱਕੜੀ ਪਵਾਉਣ ਵਿੱਚ ਯਾਦਗਾਰੀ ਹੈ ਉਨ੍ਹਾਂ ਦਾ ਰੋਲ



ਕਰਮਜੀਤ ਸਿੰਘ ਚੰਡੀਗੜ੍ਹ
ਸੀਨੀਅਰ ਪੱਤਰਕਾਰ

ਭਲਾ ਉਹ ਕਿਹੜੀ ਵੱਡੀ ਅਤੇ ਯਾਦਗਾਰੀ ਗੱਲ ਸੀ ਜਿਸ ਨਾਲ ਗੁਰਬਚਨ ਸਿੰਘ ਸਾਡੀਆਂ ਯਾਦਾਂ ਵਿੱਚ ਅਮਰ ਰਹੇਗਾ ? ਉਸ ਦੀ ਇਹੋ ਰੀਝ ਸੀ ਕਿ ਕਾਸ਼! ਜੇ ਕਿਤੇ ਦਲਿਤਾਂ ਅਤੇ ਪੰਥ ਖ਼ਾਲਸੇ ਦੀ ਮੁੜ ਗਲਵੱਕੜੀ ਪੈ ਜਾਏ। ਕਾਸ਼! ਇਹ ਸਾਂਝ ਹੋਰ ਪੀਡੀ ਹੋ ਜਾਵੇ ਤਾਂ ਪੰਜਾਬ ਸੱਚ ਮੁੱਚ ਗੁਰੂਆਂ ਦਾ ਪੰਜਾਬ ਬਣ ਕੇ ਕੁੱਲ ਦੁਨੀਆਂ ਦੇ ਦਲਿਤਾਂ ਅਤੇ ਦਬੇ ਕੁਚਲਿਆਂ ਦੀ ਅਗਵਾਈ ਕਰੇਗਾ। ਇਹੋ ਕਾਰਨ ਸੀ ਕਿ ਕਾਂਸ਼ੀ ਰਾਮ ਜੀ ਨਾਲ ਉਸ ਦੀ ਰੂਹਾਨੀ ਸਾਂਝ ਸੀ। ਇਹ ਗੁਰਬਚਨ ਸਿੰਘ ਹੀ ਸੀ ਜਿਸ ਨੇ ਮੈਨੂੰ ਪਹਿਲੀ ਵਾਰ ਦਲਿਤਾਂ ਦੇ ਸਰਦਾਰ ਨਾਲ ਮੇਰੀ ਮੁਲਾਕਾਤ ਕਰਵਾਈ। ਅਸੈਂਬਲੀ ਚੋਣਾਂ ਦੀ ਗਹਿਮਾ ਗਹਿਮੀ ਵਿੱਚ ਅਸੀਂ ਅੱਧੀ ਰਾਤ ਨੂੰ ਫ਼ਗਵਾੜੇ ਦੇ ਇੱਕ ਹੋਟਲ ਵਿੱਚ ਮਿਲੇ ਤੇ ਗੱਲਾਂ ਕਰਦਿਆਂ ਕਰਦਿਆਂ ਦਿਨ ਚੜ੍ਹ ਗਿਆ ਸੀ ਪਰ ਗੁਰਬਚਨ ਅਜੇ ਵੀ ਥੱਕਿਆ ਨਹੀਂ ਸੀ ਅਤੇ ਕਾਂਸ਼ੀ ਰਾਮ ਜੀ ਜਿਵੇਂ ਸੱਜਰੀ ਸਵੇਰ ਵਰਗੀ ਤਾਜ਼ਗੀ ਨਾਲ ਭਰੇ ਹੋਏ ਸਨ। ਦਲਿਤਾਂ ਦੀਆਂ ਸਿੱਖ ਪੰਥ ਨਾਲ ਹੋ ਰਹੀਆਂ ਦੂਰੀਆਂ ਤੋਂ ਉਹ ਹੱਦੋਂ ਵੱਧ ਫ਼ਿਕਰਮੰਦ ਸੀ ਅਤੇ ਉਹ ਪੰਜਾਬ ਵਿੱਚ ਇਹੋ ਜਿਹੀਆਂ ਦੋ ਤਿੰਨ ਹਸਤੀਆਂ ਵਿੱਚ ਸਿਰਮੌਰ ਸਥਾਨ ਰੱਖਦਾ ਸੀ ਜੋ ਇਹਨਾਂ ਦੂਰੀਆਂ ਨੂੰ ਘਟਾਉਣ ਲਈ ਗੁਰਬਾਣੀ ਤੇ ਸਿੱਖ ਇਤਿਹਾਸ ਦੀ ਗਹਿਰ ਗੰਭੀਰ ਸੋਝੀ ਰੱਖਦੇ ਸਨ।

ਗੁਰਬਚਨ ਸਿੰਘ ਮਾਰਕਸਵਾਦ ਨਾਲ ਵੀ ਗੰਭੀਰ ਰੂਪ ਵਿੱਚ ਜੁੜਿਆ ਹੋਇਆ ਸੀ। ਭਾਵੇਂ ਇਸ ਵਿਚਾਰ ਨਾਲ ਵੱਖਰੀਆਂ ਰਾਵਾਂ ਵੀ ਹੋ ਸਕਦੀਆਂ ਹਨ, ਪਰ ਉਸ ਦਾ ਵਿਸ਼ਵਾਸ ਸੀ ਕਿ ਸਿੱਖ ਫ਼ਲਸਫ਼ੇ ਦੀ ਅੱਜ ਦੇ ਪ੍ਰਸੰਗ ਵਿੱਚ ਵਿਆਖਿਆ ਕਰਨ ਵਾਸਤੇ ਪ੍ਰਚਲਿਤ ਮਾਰਕਸਵਾਦੀ ਸ਼ਬਦਾਵਲੀ ਹੀ ਕੰਮ ਆ ਸਕਦੀ ਹੈ। ਗੁਰਮਤਿ ਦੇ ਸੰਕਲਪਾਂ ਨੂੰ ਅੱਜ ਦੇ ਪ੍ਰਸੰਗ ਵਿੱਚ ਇਹਨਾਂ ਸ਼ਬਦਾਂ ਨਾਲ ਹੀ ਨਵਿਆਇਆ ਜਾ ਸਕਦਾ ਹੈ। ਸੰਤ ਭਿੰਡਰਾਂ ਵਾਲੇ ਅਤੇ ਖ਼ਾਲਿਸਤਾਨੀ ਲਹਿਰ ਦੀ ਆਪਣੀ ਚਰਚਿਤ ਪੁਸਤਕ ਵਿੱਚ ਉਹ ਸ਼ਬਦ ਗੁਰੂ ਹਲੇਮੀ ਰਾਜ ਅਤੇ ਬੇਗਮਪੁਰਾ ਸਿਧਾਂਤਾਂ ਦੀ ਭਰਪੂਰ ਵਿਆਖਿਆ ਕਰਦੇ ਹਨ। ਇਸ ਸਬੰਧ ਵਿੱਚ 58 ਸਫ਼ਿਆਂ ਵਿੱਚ ਫ਼ੈਲੇ ਅਨੰਦਪੁਰ ਦੇ ਮਤੇ ਤੋਂ ਖ਼ਾਲਿਸਤਾਨ ਤੱਕ ਦਾ ਸਫ਼ਰ ਅਤੇ ਸੰਤ ਭਿੰਡਰਾਂ ਵਾਲੇ ਅਤੇ ਖਾਲਿਸਤਾਨੀ ਲਹਿਰ ਵਾਲੇ ਲੇਖ ਗੰਭੀਰਤਾ ਨਾਲ ਵਿਚਾਰਨ ਵਾਲੇ ਹਨ। ਉਂਝ ਮਾਰਕਸਵਾਦ ਦੇ ਕੁਦਰਤ ਨਾਲ ਰਿਸ਼ਤਿਆਂ ਬਾਰੇ ਉਸ ਦੀ ਪੁਸਤਕ ਉਸ ਦਾ ਵੱਡਾ ਹਾਸਲ ਸਮਝਿਆ ਜਾਂਦਾ ਹੈ।



ਗੁਰਬਚਨ ਸਿੰਘ ਸਿੱਖ ਪੰਥ ਦੇ ਦਰਦ ਨੂੰ, ਸਿੱਖ ਪੰਥ ਦੀਆਂ ਕੁਰਬਾਨੀਆਂ ਅਤੇ ਨਿਸ਼ਾਨੇ ਨੂੰ ਗਹਿਰਾਈ ਤੱਕ ਸਮਝਦੇ ਅਤੇ ਮਹਿਸੂਸ ਕਰਦੇ ਸਨ। ਉਹ ਸਿੱਖਾਂ ਦੀ ਆਜ਼ਾਦੀ ਦੇ ਹੱਕ ਵਿੱਚ ਸਨ, ਪਰ ਅਜੇ ਤੱਕ ਸਵਾਲ ਵਰਗੇ ਇਸ ਗੁੰਝਲਦਾਰ ਅਮਲ ਵਿੱਚੋਂ ਲੰਘ ਹੀ ਰਹੇ ਸਨ ਕਿ ਉਹ ਆਜ਼ਾਦੀ ਦੀ ਰੂਪ ਰੇਖਾ ਕਿਸ ਤਰ੍ਹਾਂ ਦੀ ਹੋਵੇਗੀ ਜਾਂ ਹੋਣੀ ਚਾਹੀਦੀ ਹੈ। ਇੱਕ ਸਮਾਂ ਅਜਿਹਾ ਵੀ ਸੀ ਜਦੋਂ ਜੁਝਾਰੂ ਲਹਿਰ ਭਰ ਜੋਬਨ 'ਤੇ ਸੀ। ਉਸ ਦੌਰ ਵਿੱਚ ਵੀ ਉਹ ਖ਼ਾੜਕੂਆਂ ਨਾਲ ਹਮਦਰਦੀ ਰੱਖਦੇ ਇੱਕ ਮਸ਼ਹੂਰ ਮੈਗਜ਼ੀਨ ਪੈਗਾਮ ਨੂੰ ਕਿਸੇ ਨਾ ਕਿਸੇ ਤਰ੍ਹਾਂ ਗੁਪਤ ਰੂਪ ਵਿੱਚ ਜਨਤਾ ਤੱਕ ਪਹੁੰਚਾਉਣ ਦਾ ਖਤਰਾ ਮੁੱਲ ਲੈਂਦੇ ਰਹੇ ਸਨ। ਉਹਨਾਂ ਦਿਨਾਂ ਵਿੱਚ ਇਹ ਰਸਾਲਾ ਇੱਕ ਤਰ੍ਹਾਂ ਨਾਲ ਨੀਮ-ਰੂਪੋਸ਼ ਕਿਸਮ ਦਾ ਸੀ ਅਤੇ ਸਰਕਾਰ ਦੀਆਂ ਨਜ਼ਰਾਂ ਹੇਠ ਹੁੰਦਾ ਸੀ। ਜੁਝਾਰੂ ਜਥੇਬੰਦੀ ਦੇ ਸਿਰਮੌਰ ਆਗੂ ਰੂਪੋਸ਼ ਜ਼ਿੰਦਗੀ ਵਿੱਚ ਉਹਨਾਂ ਨੂੰ ਅਕਸਰ ਮਿਲਦੇ ਰਹਿੰਦੇ ਸਨ।

ਗੁਰਬਚਨ ਕਿਤਾਬਾਂ ਪੜਨ ਦਾ ਗੰਭੀਰ ਆਸ਼ਕ ਸੀ। ਸਾਹਿਤ ਅਤੇ ਰਾਜਨੀਤੀ ਦੇ ਖੇਤਰ ਵਿੱਚ ਜਿਹੜੀਆਂ ਕਿਤਾਬਾਂ ਵੀ ਮਹੱਤਵਪੂਰਨ ਹੁੰਦੀਆਂ ਸਨ, ਉਹ ਉਸ ਨੇ ਪੜੀਆਂ ਹੋਈਆਂ ਸਨ। ਇਸ ਦੌਰ ਦੇ ਸਭ ਤੋਂ ਅਮੀਰ ਵਿਅਕਤੀ ਅਲੋਨ ਮਸਕ ਦੀ ਇਹ ਤਮੰਨਾ ਅਕਸਰ ਹੀ ਅਸੀਂ ਪੜਦੇ ਹਾਂ ਕਿ ਜੇ ਬੰਦਾ ਜੰਮੇ ਤਾਂ ਇਸ ਧਰਤੀ ਉੱਤੇ ਅਤੇ ਜੇ ਮਰੇ ਤਾਂ ਮੰਗਲ ਗ੍ਰਹਿ ਉੱਤੇ। ਜਦੋਂ ਉਸਨੇ ਇੱਕ ਇੰਟਰਵਿਊ ਦੌਰਾਨ ਤਿੰਨ ਵੱਡੇ ਨਾਵਲਾਂ ਦਾ ਜ਼ਿਕਰ ਕੀਤਾ ਤਾਂ ਗੁਰਬਚਨ ਸਿੰਘ ਨੇ ਉਹ ਸਾਰੇ ਪੜੇ ਹੋਏ ਸਨ। ਲਗਾਤਾਰ ਕੰਮ ਕਰਨ ਦੀ ਸਮਰੱਥਾ ਉਸ ਵਿੱਚ ਅਥਾਹ ਸੀ। ਜੇ ਕਿਤਾਬਾਂ ਨਾਲ ਉਸ ਦੀਆਂ ਨਜ਼ਦੀਕੀਆਂ ਬਹੁਤ ਗੂੜੀਆਂ ਸਨ ਤਾਂ ਪੰਥਕ ਸਰਗਰਮੀਆਂ ਅਤੇ ਪੰਥਕ ਮਸਲਿਆਂ ਤੇ ਹੋਰ ਇਕੱਠਾਂ ਤੇ ਸੈਮੀਨਾਰਾਂ ਵਿੱਚ ਵੀ ਉਸਦੀ ਸ਼ਮੂਲੀਅਤ ਕੋਈ ਘੱਟ ਨਹੀਂ ਸੀ ਹੁੰਦੀ। ਵੈਸੇ ਉਸ ਨੇ ਰਵਾਇਤੀ ਮਾਰਕਸਵਾਦ ਉੱਤੇ ਵੱਡੇ ਪ੍ਰਸ਼ਨ ਚਿੰਨ ਵੀ ਖੜੇ ਕੀਤੇ ਸਨ। ਲੈਨਿਨ ਦੀਆਂ ਲਿਖਤਾਂ ਵਿੱਚ ਵੀ ਉਸ ਨੂੰ ਵੱਡੀ ਗੜਬੜ ਮਹਿਸੂਸ ਹੋਈ। ਉਸ ਵੱਲੋਂ ਛਾਪਿਆ ਜਾਂਦਾ ਮੈਗਜ਼ੀਨ ਦੇਸ਼ ਪੰਜਾਬ ਚਰਚਾ ਦਾ ਵਿਸ਼ਾ ਬਣਿਆ ਰਿਹਾ ਸੀ। ਪੰਜਾਬ ਨਾਲ ਜੁੜੀਆਂ ਸਮੱਸਿਆਵਾਂ ਸਬੰਧੀ ਰਚਨਾਵਾਂ ਵਿੱਚ ਗੰਭੀਰ ਵਿਦਵਤਾ ਦੀ ਝਲਕ ਮਿਲਦੀ ਸੀ। ਇਸ ਤੋਂ ਇਲਾਵਾ ਅੱਜ ਦੀ ਆਵਾਜ਼ ਅਖ਼ਬਾਰ ਵਿੱਚ ਉਸ ਦੀਆਂ ਛਪੀਆਂ ਬੇਨਾਮ ਸੰਪਾਦਕੀਆਂ ਵੀ ਸਾਡੀਆਂ ਯਾਦਾਂ ਦਾ ਹਿੱਸਾ ਬਣੀਆਂ ਰਹਿਣਗੀਆਂ। ਇਹਨਾਂ ਲਿਖਤਾਂ ਵਿੱਚ ਵੀ ਹੋਰ ਗੱਲਾਂ ਸਭ ਪਿੱਛੇ ਹਨ ਤੇ ਪੰਜਾਬ ਪਿਆਰਾ ਪਹਿਲਾਂ ਹੈ ਹੀ ਗੁਰਬਚਨ ਸਿੰਘ ਦੀ ਮੰਜ਼ਿਲ ਸੀ।

ਇਸ ਦੌਰ ਦੀ ਇਹ ਹਕੀਕਤ ਹੈ ਕਿ ਪੰਥਕ ਰਾਜਨੀਤੀ ਦਾ ਨਿਰਮਲ ਸਰੂਪ ਅਤੇ ਰਾਜਨੀਤਿਕ ਜੀਵਨ ਇੱਕ ਵੱਡੇ ਖਿਲਾਅ 'ਚੋਂ ਲੰਘ ਰਿਹਾ ਹੈ ਅਤੇ ਇਸ ਖਿਲਾਅ ਨੂੰ ਭਰਨ ਲਈ ਕਿੰਨੀਆਂ ਸੁਹਿਰਦ ਜਥੇਬੰਦੀਆਂ ਅਤੇ ਸੰਜੀਦਾ ਵਿਅਕਤੀ ਆਪਸ ਵਿੱਚ ਮਤਭੇਦ ਰੱਖਦੇ ਹੋਏ ਵੀ ਆਪਣੇ ਆਪਣੇ ਢੰਗ ਨਾਲ ਭਰਨ ਦਾ ਯਤਨ ਕਰ ਰਹੇ ਹਨ। ਇਸ ਪ੍ਰਸੰਗ ਵਿੱਚ ਇਸ ਖਲਾਅ ਨੂੰ ਭਰਨ ਵਿੱਚ ਗੁਰਬਚਨ ਸਿੰਘ ਦੀ ਬੌਧਿਕ ਵਿਦਵਤਾ, ਤਿਆਗ, ਮਿਹਨਤ, ਅਨੁਭਵ ਅਤੇ ਸੁਹਿਰਦਤਾ ਤੋਂ ਸਿੱਖ ਕੌਮ ਜ਼ਰੂਰ ਸੱਖਣੀ ਹੋ ਗਈ ਹੈ। ਵਾਹਿਗੁਰੂ ਇਸ ਨੇਕ ਦਿਲ ਇਨਸਾਨ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਰਿਵਾਰ ਅਤੇ ਦੋਸਤਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਪੰਜਾਬ ਦੇ ਪਾਣੀਆਂ ਦਾ ਮਰਸੀਆ







## ਪਾਣੀ ਲਈ ਹੋ ਸਕਦੀ ਹੈ ਤੀਜੀ ਵਿਸ਼ਵ ਜੰਗ

## ਕੁਦਰਤੀ ਜਲ ਸੋਮਿਆਂ ਦੀ ਸੰਭਾਲ ਕਰਨ ਦੀ ਲੋੜ




ਕੜ੍ਹਾਕੇ ਦੀ ਠੰਡ ਦੌਰਾਨ ਪੰਜਾਬ ਦੇ ਪਾਣੀਆਂ ਦਾ ਮੁੱਦਾ ਬਹੁਤ ਗਰਮਾਇਆ ਹੋਇਆ ਹੈ। ਕੇਂਦਰੀ ਜਲ ਸ਼ਕਤੀ ਮੰਤਰੀ ਗਜ਼ੇਂਦਰ ਸ਼ੇਖਾਵਤ ਦੀ ਅਗਵਾਈ ਵਿੱਚ ਸਤਲੁਜ ਯਮੁਨਾ ਲਿੰਕ ਨਹਿਰ ਦੇ ਨਿਰਮਾਣ ਦੇ ਮੁੱਦੇ ’ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹਰਿਆਣਾ ਦੇ ਹਮਰੁਤਬਾ ਮਨੋਹਰ ਲਾਲ ਖੱਟਰ ਦਰਮਿਆਨ ਚੰਡੀਗੜ੍ਹ ਵਿਖੇ ਹੋਈ ਤੀਜੀ ਮੀਟਿੰਗ ਵੀ ਬੇਸਿੱਟਾ ਰਹੀ। ਕੇਂਦਰ ਸਰਕਾਰ ਵੱਲੋਂ ਸੁਪਰੀਮ ਕੋਰਟ ਦੇ ਨਿਰਦੇਸ਼ਾਂ ’ਤੇ ਵਿਉਂਤੀ ਦੁਵੱਲੀ ਗੱਲਬਾਤ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਪੁਰਾਣੇ ਸਟੈਂਡ ’ਤੇ ਪਹਿਰਾ ਦਿੰਦਿਆਂ ਕਿਹਾ ਕਿ ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਇੱਕ ਬੂੰਦ ਵੀ ਵਾਧੂ ਪਾਣੀ ਨਹੀਂ ਹੈ। ਸੁਪਰੀਮ ਕੋਰਟ ਵਿੱਚ ਐਸ. ਵਾਈ. ਐਲ. ਮੁੱਦੇ ’ਤੇ ਅਗਲੀ ਸੁਣਵਾਈ 9 ਜਨਵਰੀ ਨੂੰ ਹੈ।

ਪੰਜ ਦਰਿਆਵਾਂ ਦੀ ਧਰਤੀ ਕਹੇ ਜਾਂਦੇ ਪੰਜਾਬ ਵਿੱਚ ਕਿਸੇ ਸਮੇਂ ਸੱਚਮੁੱਚ ਪੰਜ ਦਰਿਆ ਸਤਲੁਜ, ਬਿਆਸ, ਰਾਵੀ, ਝਣਾਂ ਤੇ ਜੇਹਲਮ ਵਹਿੰਦੇ ਸਨ, ਪਰ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੰਜਾਬ ਵਿੱਚ ਸਿਰਫ਼ ਦੋ ਦਰਿਆ ਸਤਲੁਜ ਅਤੇ ਬਿਆਸ ਰਹਿ ਗਏ। ਰਾਵੀ ਦਰਿਆ ਦਾ ਬਹੁਤ ਥੋੜਾ ਹਿੱਸਾ ਪੰਜਾਬ ਵਿੱਚ ਹੈ। ਪੰਜਾਬ ਦੇ ਦਰਿਆਈ ਪਾਣੀ ਵਿਚੋਂ ਹਰਿਆਣਾ ਵੱਲੋਂ ਹਿੱਸਾ ਮੰਗਿਆ ਜਾ ਰਿਹਾ ਹੈ ਜਦੋਂਕਿ ਪੰਜਾਬ ਦਾ ਕਹਿਣਾ ਹੈ ਕਿ ਪੰਜਾਬ ਕੋਲ ਦੂਜੇ ਸੂਬਿਆਂ ਨੂੰ ਦੇਣ ਲਈ ਇੱਕ ਬੂੰਦ ਵੀ ਫਾਲਤੂ ਪਾਣੀ ਨਹੀਂ ਹੈ। ਇਸ ਤੋਂ ਇਲਾਵਾ ਹੁਣ ਰਾਜਸਥਾਨ ਵੱਲੋਂ ਵੀ ਪੰਜਾਬ ਦੇ ਦਰਿਆਈ ਪਾਣੀ ਵਿਚੋਂ ਹਿੱਸਾ ਮੰਗਿਆ ਜਾ ਰਿਹਾ ਹੈ। ਇਸ ਤਰਾਂ ਪੰਜਾਬ ਦੇ ਦਰਿਆਈ ਪਾਣੀਆਂ ’ਤੇ ਇੱਕ ਵਾਰ ਫਿਰ ਸਿਆਸਤ ਸ਼ੁਰੂ ਹੋ ਗਈ ਹੈ।

ਸਿਰਫ਼ ਪੰਜਾਬ ਹੀ ਨਹੀਂ ਸਗੋਂ ਵਿਸ਼ਵ ਦੇ ਵੱਖ- ਵੱਖ ਇਲਾਕਿਆਂ ਵਿੱਚ ਕੁਦਰਤੀ ਜਲ ਸੋਮਿਆਂ, ਦਰਿਆਈ ਪਾਣੀਆਂ ਅਤੇ ਧਰਤੀ ਹੇਠਲੇ ਪਾਣੀ ਲਈ ਸੰਘਰਸ਼ ਹੋ ਰਿਹਾ ਹੈ। ਜਿਸ ਕਾਰਨ ਕੁਝ ਬੁੱਧੀਜੀਵੀ ਕਹਿ ਰਹੇ ਹਨ ਕਿ ਪਾਣੀ ਲਈ ਤੀਜੀ ਵਿਸ਼ਵ ਜੰਗ ਹੋ ਸਕਦੀ ਹੈ। ਪੰਜਾਬ ਸਮੇਤ ਵਿਸ਼ਵ ਦੇ ਵੱਖ ਵੱਖ ਇਲਾਕਿਆਂ ਵਿੱਚ ਧਰਤੀ ਹੇਠਲਾ ਪਾਣੀ ਮੁੱਕਦਾ ਜਾ ਰਿਹਾ ਹੈ। ਦਰਿਆਈ ਪਾਣੀਆਂ ਦਾ ਰੇੜਕਾ ਵੱਖ- ਵੱਖ ਇਲਾਕਿਆਂ ਵਿੱਚ ਚਲ ਰਿਹਾ ਹੈ। ਆਮ ਤੌਰ ’ਤੇ ਦਰਿਆਈ ਪਾਣੀਆਂ ’ਤੇ ਉਹਨਾਂ ਸੂਬਿਆਂ ਦਾ ਹੱਕ ਮੰਨਿਆ ਜਾਂਦਾ ਹੈ, ਜਿਹੜੇ ਸੂਬਿਆਂ ਵਿੱਚ ਇਹ ਦਰਿਆ ਵਹਿੰਦੇ ਹਨ। ਇਸ ਨੂੰ ਰਿਪੇਰੀਅਨ ਕਾਨੂੰਨ ਵੀ ਕਿਹਾ ਜਾਂਦਾ ਹੈ ਪਰ ਹੁਣ ਉਹ ਸੂਬੇ ਵੀ ਦਰਿਆਈ ਪਾਣੀ ਵਿਚੋਂ ਹਿੱਸਾ ਮੰਗਦੇ ਹਨ, ਜਿਹੜੇ ਸੂਬਿਆਂ ਵਿੱਚ ਸਬੰਧਿਤ ਦਰਿਆ ਨਹੀਂ ਵਹਿੰਦੇ। ਇਥੋਂ ਹੀ ਪਾਣੀਆਂ ਦਾ ਵੱਡਾ ਮਸਲਾ ਸ਼ੁਰੂ ਹੁੰਦਾ ਹੈ।



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਕਹਿਣਾ ਹੈ ਕਿ ਜਦੋਂ ਪੰਜਾਬ ਦੇ ਦਰਿਆਵਾਂ ਵਿੱਚ ਹੜ੍ਹ ਆਏ ਸਨ ਤਾਂ ਹਰਿਆਣਾ ਅਤੇ ਰਾਜਸਥਾਨ ਨੇ ਪੰਜਾਬ ਤੋਂ ਦਰਿਆਈ ਪਾਣੀ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਕਾਰਨ ਹੜ੍ਹਾਂ ਕਾਰਨ ਸਾਰਾ ਨੁਕਸਾਨ ਇੱਕਲੇ ਪੰਜਾਬ ਨੂੰ ਹੋਇਆ, ਪਰ ਜਦੋਂ ਹੜ੍ਹ ਖ਼ਤਮ ਹੋ ਜਾਂਦੇ ਹਨ ਤਾਂ ਹਰਿਆਣਾ ਅਤੇ ਰਾਜਸਥਾਨ ਮੁੜ ਪੰਜਾਬ ਦੇ ਦਰਿਆਈ ਪਾਣੀ ਨੂੰ ਮੰਗਣ ਲੱਗ ਪੈਂਦੇ ਹਨ।

ਅਸਲ ਵਿੱਚ ਜਦੋਂ 1966 ਵਿੱਚ ਪੰਜਾਬ ਦਾ ਪੁਨਰਗਠਨ ਕਰਕੇ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵੱਖਰੇ ਸੂਬੇ ਬਣਾਏ ਗਏ ਸਨ ਤਾਂ ਉਦੋਂ ਤੋਂ ਹੀ ਪੰਜਾਬ ਦੇ ਪਾਣੀਆਂ ਦੀ ਵੰਡ ਦਾ ਮਸਲਾ ਚਲਿਆ ਆ ਰਿਹਾ ਹੈ। ਇਸ ਤੋਂ ਬਾਅਦ 8 ਅਪ੍ਰੈਲ 1982 ਨੂੰ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਪਿੰਡ ਕਪੂਰੀ ਵਿਖੇ ਸਤਿਲੁੱਜ ਯਮੁਨਾ ਲਿੰਕ ਨਹਿਰ (ਐਸ. ਵਾਈ. ਐਲ. ਨਹਿਰ ) ਬਣਾਉਣ ਦੇ ਕੰਮ ਦੀ ਸ਼ੁਰੂਆਤ ਚਾਂਦੀ ਦੀ ਕਹੀ ਨਾਲ ਟੱਕ ਲਗਾ ਕੇ ਕੀਤੀ ਗਈ ਸੀ। ਇੱਕ ਪਾਸੇ 8 ਅਪ੍ਰੈਲ 1982 ਨੂੰ ਜਦੋਂ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਪਿੰਡ ਕਪੂਰੀ ਵਿਖੇ ਸਤਿਲੁੱਜ ਯਮੁਨਾ ਲਿੰਕ ਨਹਿਰ (ਐਸ. ਵਾਈ. ਐਲ. ਨਹਿਰ ) ਦਾ ਚਾਂਦੀ ਦੀ ਕਹੀ ਨਾਲ ਟੱਕ ਲਗਾਇਆ ਜਾ ਰਿਹਾ ਸੀ, ਉਸੇ ਸਮੇਂ ਹੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਤਿਲੁੱਜ ਯਮੁਨਾ ਲਿੰਕ ਨਹਿਰ (ਐਸ. ਵਾਈ. ਐਲ. ਨਹਿਰ ) ਦੇ ਵਿਰੋਧ ਵਿੱਚ ਮੋਰਚਾ ਲਗਾ ਦਿਤਾ ਗਿਆ ਸੀ। ਉਦੋਂ ਤੋਂ ਲੈ ਕੇ ਹੁਣ ਤਕ ਸਤਿਲੁੱਜ ਯਮੁਨਾ ਲਿੰਕ ਨਹਿਰ (ਐਸ. ਵਾਈ. ਐਲ. ਨਹਿਰ ) ਦਾ ਮਾਮਲਾ ਪੰਜਾਬ ਲਈ ਬਹੁਤ ਸੰਵੇਦਨਸ਼ੀਲ ਬਣ ਚੁਕਿਆ ਹੈ।

ਪੰਜਾਬ ਦੇ ਆਗੂ ਅਤੇ ਵਸਨੀਕ ਆਪਣੇ ਪਾਣੀਆਂ ਦੀ ਰਾਖੀ ਕਰਨੀ ਚਾਹੁੰਦੇ ਹਨ ਜਦੋਂ ਕਿ ਹਰਿਆਣਾ ਦੇ ਆਗੂ ਅਤੇ ਲੋਕ ਹਰ ਹੀਲੇ ਸਤਿਲੁੱਜ ਯਮੁਨਾ ਲਿੰਕ ਨਹਿਰ (ਐਸ ਵਾਈ ਐਲ ਨਹਿਰ ) ਬਣਾਉਣ ਦਾ ਯਤਨ ਕਰ ਰਹੇ ਹਨ।

ਕੁਝ ਵਿਦਵਾਨ ਕਹਿ ਰਹੇ ਹਨ ਕਿ ਪਾਣੀ ਲਈ ਵੱਖ-ਵੱਖ ਦੇਸ਼ਾਂ ਵਿਚਾਲੇ ਜੰਗ ਵੀ ਛਿੜ ਸਕਦੀ ਹੈ। ਹੁਣ ਤੱਕ ਦੋ ਵਿਸ਼ਵ ਜੰਗਾਂ ( ਪਹਿਲੀ ਵਿਸ਼ਵ ਜੰਗ 1914 ਵਿੱਚ ਸ਼ੁਰੂ ਹੋਈ ਸੀ ਅਤੇ 1919 ਤੱਕ ਚਲੀ ਸੀ ਅਤੇ ਦੂਜੀ ਵਿਸ਼ਵ ਜੰਗ 1939 ਵਿੱਚ ਸ਼ੁਰੂ ਹੋਈ ਸੀ ਅਤੇ ਇਸ ਦਾ ਅੰਤ 1945 ਵਿਚ ਹੋਇਆ ਸੀ ) ਦਾ ਸਾਹਮਣਾ ਕਰ ਚੁੱਕੀ ਲੋਕਾਈ ਅੱਗੇ ਹੁਣ ਤੀਜੀ ਵਿਸ਼ਵ ਜੰਗ ਦਾ ਖ਼ਤਰਾ ਮੰਡਰਾਅ ਰਿਹਾ ਹੈ । ਇਹ ਤੀਜੀ ਵਿਸ਼ਵ ਜੰਗ ਹੁਣ ਜਰ, ਜੋਰੂ, ਜ਼ਮੀਨ ਲਈ ਨਹੀਂ ਹੋਵੇਗੀ, ਸਗੋਂ ਪਾਣੀ ਲਈ ਹੋਵੇਗੀ। ਇਸ ਲਈ ਸਾਨੂੰ ਹੁਣੇ ਤੋਂ ਹੀ ਪਾਣੀ ਦੀ ਸੰਭਾਲ, ਸੁਚੱਜੀ ਵਰਤੋ, ਪਾਣੀ ਦੇ ਕੁਦਰਤੀ ਸੋਮਿਆਂ ਦੀ ਸੰਭਾਲ, ਕੁਦਰਤੀ ਝੀਲਾਂ, ਜਲਗਾਹਾਂ ਦੀ ਸੰਭਾਲ, ਪਾਣੀ ਨੂੰ ਪ੍ਰਦੂਸ਼ਣ ਤੋਂ ਬਚਾਉਣ ਸਬੰਧੀ ਉਪਰਾਲੇ ਕਰਨੇ ਚਾਹੀਦੇ ਹਨ।





# ਪੰਜਾਬ ਤੇ ਸਿੱਖ ਪੰਥ ਲਈ ਚੁਣੌਤੀਆਂ ਤੇ ਵਿਵਾਦਾਂ ਦੇ ਨਾਂਅ ਰਿਹਾ ਬੀਤਿਆ ਸਾਲ

ਜੇ ਬੀਤੇ ਵਰ੍ਹੇ ਦੀ ਗੱਲ ਕਰੀਏ ਤਾਂ ਇਸ ਦਾ ਜ਼ਿਹਨ ਵਿੱਚ ਜੋ ਅਕਸ ਉੱਭਰਦਾ ਹੈ, ਉਹ ਇਹ ਹੈ ਕਿ ਇਹ ਵਰ੍ਹਾ ਪੰਜਾਬ ਤੇ ਪੰਥ ਲਈ ਚੁਣੌਤੀਆਂ ਭਰਿਆ ਰਿਹਾ ਹੈ।

ਬੀਤਿਆ ਪੂਰਾ ਸਾਲ ਰਾਜ ਵਿੱਚ ਸਿਆਸੀ ਪਾਰਟੀਆਂ ਆਮ ਆਦਮੀ ਪਾਰਟੀ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦਰਮਿਆਨ ਤਰ੍ਹਾਂ-ਤਰ੍ਹਾਂ ਦੇ ਟਕਰਾਅ ਤੇ ਵਿਵਾਦ ਪੈਦਾ ਹੁੰਦੇ ਰਹੇ। ਲੋੜ ਤਾਂ ਇਸ ਗੱਲ ਦੀ ਸੀ ਕਿ ਰਾਜਨੀਤਕ ਪਾਰਟੀਆਂ ਪੰਜਾਬ ਦੇ ਭਖਦੇ ਮਸਲਿਆਂ ਬਾਰੇ ਕੋਈ ਸਾਂਝੀ ਰਾਇ ਬਣਾਉਂਦੀਆਂ। ਰਾਜ ਪੱਧਰ 'ਤੇ ਕੀਤੇ ਜਾਣ ਵਾਲੇ ਕੰਮ ਰਾਜ ਸਰਕਾਰ ਕਰਦੀ ਅਤੇ ਕੇਂਦਰ ਤੋਂ ਹੱਲ ਕਰਵਾਉਣ ਵਾਲੇ ਮੁੱਦਿਆਂ ਦੀ ਨਿਸ਼ਾਨਦੇਹੀ ਕਰਕੇ ਸਾਂਝੇ ਤੌਰ 'ਤੇ ਪੰਜਾਬ ਦੇ ਸਿਆਸੀ ਦਲ ਕੇਂਦਰ ਸਰਕਾਰ ਦਾ ਬੂਹਾ ਖੜਕਾਉਂਦੇ। ਪਰ ਅਜਿਹਾ ਕੁਝ ਵੀ ਨਹੀਂ ਹੋ ਸਕਿਆ। ਪੰਜਾਬ ਦੇ ਭੱਖਦੇ ਮੁੱਦਿਆਂ, ਜਿਨ੍ਹਾਂ ਵਿੱਚ ਸਨਅਤੀ ਸੰਕਟ, ਖੇਤੀਬਾੜੀ ਦਾ ਸੰਕਟ, ਧਰਤੀ ਹੇਠਲੇ ਪਾਣੀ ਦਾ ਸੰਕਟ, ਸਤਲੁਜ-ਯਮਨਾ ਲਿੰਕ ਨਹਿਰ, ਚੰਡੀਗੜ੍ਹ ਦਾ ਮਸਲਾ, ਨਸ਼ਿਆਂ ਦੀ ਵਧਦੀ ਜਾ ਰਹੀ ਮਹਾਂਮਾਰੀ, ਅਮਨ-ਕਾਨੂੰਨ ਦੀ ਵਿਗੜ ਰਹੀ ਹਾਲਤ ਅਤੇ ਨੌਜਵਾਨਾਂ ਵਿੱਚ ਵੱਡੀ ਪੱਧਰ 'ਤੇ ਫ਼ੈਲੀ ਬੇਰੁਜ਼ਗਾਰੀ, ਜਿਸ ਕਾਰਨ ਨੌਜਵਾਨ +2 ਤੋਂ ਬਾਅਦ ਹੀ ਜਹਾਜ਼ ਭਰ-ਭਰ ਕੇ ਵਿਦੇਸ਼ਾਂ ਨੂੰ ਰਵਾਨਾ ਹੋਈ ਜਾ ਰਹੇ ਹਨ, ਆਦਿ ਬਾਰੇ ਕੋਈ ਸਾਂਝੀ ਪਹਿਲਕਦਮੀ ਸਿਆਸੀ ਦਲਾਂ ਵੱਲੋਂ ਬੀਤੇ ਸਾਲ ਵਿੱਚ ਨਹੀਂ ਹੋ ਸਕੀ। ਸਿਆਸੀ ਦਲਾਂ ਦੇ ਇਸ ਵਤੀਰੇ ਕਾਰਨ ਲੋਕਾਂ ਵਿੱਚ ਵੱਡੀ ਪੱਧਰ 'ਤੇ ਨਿਰਾਸ਼ਾ ਫ਼ੈਲੀ। ਸੱਤਾਧਾਰੀ ਪਾਰਟੀ ਵੱਲੋਂ ਵਿਜੀਲੈਂਸ ਦੀ ਵਰਤੋਂ ਕਰਕੇ ਆਪਣੇ ਵਿਰੋਧੀਆਂ ਨੂੰ ਜੇਲ੍ਹਾਂ ਵਿੱਚ ਸੁੱਟਣ ਦਾ ਯਤਨ ਕਰਦੀ ਰਹੀ।



ਬੀਤੇ ਸਾਲ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਵਿਸ਼ੇਸ਼ ਤੌਰ 'ਤੇ ਚਰਚਾ ਵਿੱਚ ਰਹੇ। ਉਨ੍ਹਾਂ ਨੇ ਨੌਜਵਾਨਾਂ ਨੂੰ ਅੰਮ੍ਰਿਤ ਛਕਾਉਣ ਅਤੇ ਨਸ਼ਿਆਂ ਤੋਂ ਉਭਾਰਨ ਲਈ ਰਾਜ ਵਿੱਚ ਆਪਣੀਆਂ ਸਰਗਰਮੀਆਂ ਆਰੰਭ ਕੀਤੀਆਂ। ਇਸ ਮਕਸਦ ਲਈ ਉਨ੍ਹਾਂ ਨੇ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਆਪਣੇ ਸਮਰਥਕਾਂ ਨਾਲ ਅਰਦਾਸਾਂ ਵੀ ਕੀਤੀਆਂ ਅਤੇ ਆਪਣੇ ਸਮਰਥਕਾਂ ਨੂੰ ਅੰਮ੍ਰਿਤ ਵੀ ਛਕਾਇਆ। ਬਾਅਦ ਵਿੱਚ ਉਨ੍ਹਾਂ ਦੀਆਂ ਕੁਝ ਸਰਗਰਮੀਆਂ ਵਿਵਾਦਾਂ ਦੇ ਘੇਰੇ ਵਿੱਚ ਆ ਗਈਆਂ। ਖ਼ਾਸ ਕਰਕੇ ਉਨ੍ਹਾਂ ਨੇ ਆਪਣੇ ਇੱਕ ਸਾਥੀ ਲਵਪ੍ਰੀਤ ਸਿੰਘ ਨੂੰ ਛੁਡਾਉਣ ਲਈ ਆਪਣੇ ਸਾਥੀਆਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਨਾਲ ਲੈ ਕੇ ਅਜਨਾਲਾ ਥਾਣੇ 'ਤੇ ਹਮਲਾ ਕਰ ਦਿੱਤਾ ਤੇ ਕਈ ਘੰਟਿਆਂ ਤੱਕ ਉਨ੍ਹਾਂ ਨੇ ਥਾਣੇ 'ਤੇ ਕਬਜ਼ਾ ਬਣਾਈ ਰੱਖਿਆ। ਇਸ ਕਾਰਨ ਦੇਸ਼-ਵਿਦੇਸ਼ ਵਿੱਚ ਉਨ੍ਹਾਂ ਦੀ ਚਰਚਾ ਹੋਈ ਪਰ ਉਨ੍ਹਾਂ ਦੀਆਂ ਇਸ ਤਰ੍ਹਾਂ ਦੀਆਂ ਸਰਗਰਮੀਆਂ ਕੇਂਦਰ ਸਰਕਾਰ ਦੀ ਨਜ਼ਰ ਵਿੱਚ ਵੀ ਆ ਗਈਆਂ। ਪੰਜਾਬ ਸਰਕਾਰ ਨੇ ਕੇਂਦਰ ਦੇ ਦਬਾਅ ਅਧੀਨ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਕਈ ਦਿਨਾਂ ਦੀ ਜੱਦੋ-ਜਹਿਦ ਤੋਂ ਬਾਅਦ ਰਾਜ ਵਿਚੋਂ ਗ੍ਰਿਫ਼ਤਾਰ ਕਰਕੇ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਭੇਜ ਦਿੱਤਾ ਅਤੇ ਉਨ੍ਹਾਂ ਅਤੇ ਉਨ੍ਹਾਂ ਦੇ ਸਾਥੀਆਂ ਉੱਪਰ ਐਨ.ਐਸ.ਏ. ਅਤੇ ਹੋਰ ਗੰਭੀਰ ਧਾਰਾਵਾਂ ਲਗਾ ਕੇ ਕੇਸ ਵੀ ਦਰਜ ਕੀਤੇ ਗਏ ਹਨ। ਇਸ ਦਾ ਸਿੱਖ ਕੌਮ ਵੱਲੋਂ ਆਪ ਸਰਕਾਰ ਦਾ ਵਿਰੋਧ ਕੀਤਾ ਗਿਆ।

ਬੀਤੇ ਸਾਲ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਵੀ ਕਾਫ਼ੀ ਭਖਿਆ ਰਿਹਾ। ਸ਼੍ਰੋਮਣੀ ਕਮੇਟੀ ਨੇ ਪਿਛਲੇ ਸਮੇਂ ਵਿੱਚ 28 ਲੱਖ ਲੋਕਾਂ ਤੋਂ ਬੰਦੀ ਸਿੰਘਾਂ ਦੀ ਰਿਹਾਈ ਦੇ ਹੱਕ ਵਿੱਚ ਫ਼ਾਰਮ ਭਰਵਾਏ ਸਨ। ਸ਼੍ਰੋਮਣੀ ਕਮੇਟੀ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਅਤੇ ਕੇਂਦਰ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇਹ ਫ਼ਾਰਮ ਸੌਂਪਣਾ ਚਾਹੁੰਦੀ ਸੀ ਪਰ ਲੰਮੇ ਸਮੇਂ ਤੱਕ ਨਾ ਤਾਂ ਰਾਜਪਾਲ ਤੋਂ ਸ਼੍ਰੋਮਣੀ ਕਮੇਟੀ ਨੂੰ ਸਮਾਂ ਮਿਲਿਆ ਅਤੇ ਨਾ ਹੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਸਮਾਂ ਮਿਲ ਸਕਿਆ।



ਕਾਫ਼ੀ ਦੇਰ ਬਾਅਦ ਰਾਜਪਾਲ ਨੇ ਸ਼੍ਰੋਮਣੀ ਕਮੇਟੀ ਦੇ ਵਫ਼ਦ ਨੂੰ ਮਿਲਣ ਲਈ ਸਮਾਂ ਦਿੱਤਾ ਅਤੇ ਸ਼੍ਰੋਮਣੀ ਕਮੇਟੀ ਨੇ ਪੈੱਨਡਰਾਈਵ ਵਿੱਚ 28 ਲੱਖ ਫ਼ਾਰਮਾਂ ਸੰਬੰਧੀ ਸਮੱਗਰੀ ਰਾਜਪਾਲ ਨੂੰ ਸੌਂਪੀ ਅਤੇ ਕੇਂਦਰ ਸਰਕਾਰ ਵਿੱਚ ਆਪਣਾ ਪ੍ਰਭਾਵ ਵਰਤ ਕੇ ਉਨ੍ਹਾਂ ਨੂੰ ਬੰਦੀ ਸਿੰਘਾਂ ਦੀ ਰਿਹਾਈ ਕਰਵਾਉਣ ਲਈ ਕਿਹਾ। ਬਲਵੰਤ ਸਿੰਘ ਰਾਜੋਆਣਾ ਦੇ ਪਟਿਆਲਾ ਦੀ ਜੇਲ੍ਹ ਵਿੱਚ ਭੁੱਖ ਹੜਤਾਲ ਕਰਨ ਤੋਂ ਬਾਅਦ ਇਹ ਮੁੱਦਾ ਹੋਰ ਗਰਮਾਅ ਗਿਆ, ਜਿਸ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਇੱਕ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ, ਜਿਸ ਨੇ ਕੇਂਦਰ ਸਰਕਾਰ ਤੋਂ ਮੁਲਾਕਾਤ ਲਈ ਸਮੇਂ ਦੀ ਮੰਗ ਕੀਤੀ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਤੋਂ ਸਾਫ਼ ਇਨਕਾਰ ਕਰਨ ਤੋਂ ਬਾਅਦ ਬੰਦੀ ਸਿੰਘ ਭਾਈ ਪਰਮਜੀਤ ਸਿੰਘ ਭਿਉਰਾ ਅਤੇ ਭਾਈ ਜਗਤਾਰ ਸਿੰਘ ਤਾਰਾ ਨੇ ਆਪਣੇ ਵਕੀਲ ਸਿਮਰਨਜੀਤ ਸਿੰਘ ਦੇ ਜ਼ਰੀਏ ਜੇਲ੍ਹ ਤੋਂ ਚਿੱਠੀ ਜਾਰੀ ਕਰਦੇ ਹੋਏ ਕਿਹਾ ਕਿ 'ਅਮਿਤ ਸ਼ਾਹ ਕਿਸੇ ਵਹਿਮ ਵਿੱਚ ਨਾ ਰਹਿਣ, ਸਾਨੂੰ ਆਪਣੇ ਕੀਤੇ 'ਤੇ ਕੋਈ ਵੀ ਪਛਤਾਵਾ ਨਹੀਂ ਹੈ ਬਲਕਿ ਸਾਨੂੰ ਮਾਣ ਤੇ ਤਸੱਲੀ ਹੈ ਕਿ ਸਾਡੀ ਜਿੰਦੜੀਆਂ ਕੌਮ ਦੇ ਲੇਖੇ ਲੱਗੀਆਂ ਹਨ'।

ਪਰਮਜੀਤ ਸਿੰਘ ਭਿਉਰਾ ਅਤੇ ਜਗਤਾਰ ਸਿੰਘ ਤਾਰਾ ਨੇ ਕਿਹਾ 'ਅਸੀਂ ਭਾਰਤੀ ਨਿਜ਼ਾਮ ਦੇ ਵੱਲੋਂ ਸਾਡੇ ਨੌਜਵਾਨਾਂ 'ਤੇ ਹੋ ਰਹੇ ਜ਼ੁਲਮਾਂ ਅਤੇ ਗੁਲਾਮੀ ਵਿੱਚ ਕੈਦ ਸਾਡੀ ਕੌਮ ਨੂੰ ਅਜ਼ਾਦ ਕਰਵਾਉਣ ਦੇ ਲਈ ਲੜਦਿਆਂ ਤੁਹਾਡੇ ਮੁਲਕ ਦੇ ਕੈਦ ਖਾਨਿਆ ਵਿੱਚ ਕੈਦ ਹੋਏ ਹਾਂ। ਤੁਹਾਡਾ ਸਿਸਟਮ ਮੰਨੇ ਜਾ ਨਾ ਮੰਨੇ ਅਸੀਂ ਪੰਜਾਬ ਅਤੇ ਭਾਰਤ ਵਿੱਚ ਚੱਲ ਰਹੀ ਜੰਗ ਦੇ ਕੈਦੀ ਹਾਂ। ਅਸੀਂ ਇਸ ਮੁਲਕ ਦੇ ਸਿਆਸਤਦਾਨਾਂ ਤੋਂ ਕਿਸੇ ਤਰ੍ਹਾਂ ਮੁਆਫ਼ੀ ਲੈਣ ਦੀ ਸੋਚ ਨਹੀਂ ਰੱਖਦੇ ਹਾਂ। ਸਾਡੀ ਅਰਜ਼ੋਹੀ ਅਕਾਲ ਪੁਰਖ ਦੇ ਅੱਗੇ ਹੈ, ਵਾਹਿਗੁਰੂ ਦੀ ਰਜ਼ਾ ਵਿੱਚ ਮਿਲੀ ਕੈਦ ਕੱਟ ਰਹੇ ਹਾਂ ਅਤੇ ਅੱਗੋ ਵੀ ਉਸ ਦੀ ਰਜ਼ਾ ਵਿੱਚ ਰਹਿਕੇ ਕੈਦ ਕੱਟਾਂਗੇ। ਸਾਡੀ ਅਸਲੀ ਤਾਕਤ ਗੁਰੂ ਪੰਥ ਹੈ, ਸਾਡੇ 'ਤੇ ਥਾਪੜਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਹੈ। ਸਾਡੀ ਕੌਮ ਸਾਡੇ ਲਈ ਚਿੰਤਤ ਹੈ ਅਤੇ ਸਾਡੀ ਬੰਦ ਖਿਲਾਸੀ ਦੇ ਲਈ ਸੰਘਰਸ਼ੀਲ ਹੈ, ਇਹ ਹੀ ਸਾਡੇ ਲਈ ਮਾਣ ਅਤੇ ਹੌਸਲੇ ਵਾਲੀ ਗੱਲ ਹੈ। ਜਿਸ ਸਮੇਂ ਗੁਰੂ ਸਾਹਿਬ ਵੱਲੋਂ ਸਾਜਿਆ ਖਾਲਸਾ ਪੰਥ ਆਪਣੀ ਅਜ਼ਾਦੀ ਅਤੇ ਪ੍ਰਭੂਸੱਤਾ ਦੀ ਲੜਾਈ ਜਿੱਤੇਗਾ, ਅਸੀਂ ਬੰਦੀ ਸਿੰਘ ਅਸਲ ਵਿੱਚ ਘੜੀ ਉਸ ਦਿਨ ਅਜ਼ਾਦ ਹੋਵਾਂਗੇ'। ਬੰਦੀ ਸਿੰਘਾਂ ਨੇ ਯੂ. ਐਨ. ਓ. ਦਾ ਹਥਿਆਰ ਨਾਲ ਜਵਾਬ ਦੇਣ ਦਾ ਰਸਤਾ ਚੁਣਿਆ ਹੈ। ਜਿਵੇਂ ਅਮਿਤ ਸ਼ਾਹ ਨੇ ਆਪਣਾ ਮਾਇੰਡ ਕਲੀਅਰ ਕੀਤਾ ਹੈ ਅਸੀਂ ਵੀ ਚਾਹੁੰਦੇ ਹਾਂ ਕੀ ਤੁਸੀਂ ਸਾਡੇ ਬੰਦੀ ਸਿੰਘਾਂ ਨੂੰ ਪ੍ਰਿਜ਼ਨਰ ਆਫ਼ ਵਾਰ ਡਿਕਲੇਅਰ ਕਰੋ। ਜਦੋਂ ਯੂ.ਐਨ. ਦਖਲ ਨਹੀਂ ਦਿੰਦਾ ਸਾਨੂੰ ਨਹੀਂ ਉਮੀਦ ਹੈ ਕਿ ਸਾਡੇ ਬੰਦਿਆਂ ਨੂੰ ਭਾਰਤ ਛੱਡੇਗਾ। ਅਸੀਂ ਸ਼੍ਰੋਮਣੀ ਕਮੇਟੀ ਨੂੰ ਕਦੇ ਨਹੀਂ ਕਿਹਾ ਕਿ ਤੁਸੀਂ ਇਸ ਤਰ੍ਹਾਂ ਦੀ ਲੜਾਈ ਲੜੋ, ਜੇਕਰ ਉਹ ਸਾਡੇ ਨਾਲ ਸਹਿਮਤ ਨਹੀਂ ਹਨ ਤਾਂ ਖੜੇ ਨਾ ਹੋਣ।

ਵਕੀਲ ਸਿਮਰਨਜੀਤ ਸਿੰਘ ਨੇ ਕਿਹਾ ਕਿ ਉਮਰ ਕੈਦ 15 ਤੋਂ 20 ਸਾਲ ਹੁੰਦੀ ਹੈ ਪਰ ਬੰਦੀ ਸਿੰਘ ਬਲਵੰਤ ਸਿੰਘ ਰਾਜੋਆਣਾ, ਗੁਰਮੀਤ ਸਿੰਘ, ਲਖਵਿੰਦਰ ਸਿੰਘ 35 ਸਾਲ ਤੋਂ ਜੇਲ੍ਹ ਵਿੱਚ ਹਨ। ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2019 ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ 'ਤੇ ਬੰਦੀ ਸਿੰਘਾਂ ਨੂੰ ਰਿਹਾਈ ਦਾ ਐਲਾਨ ਕੀਤਾ ਸੀ। ਉਸ ਤੋਂ ਕਿਉਂ ਪਿੱਛੇ ਹੱਟੇ ਹਨ ਜਦਕਿ ਪ੍ਰਧਾਨ ਮੰਤਰੀ ਕੈਬਨਿਟ ਤੋਂ ਮਨਜ਼ੂਰੀ ਲੈਕੇ ਐਲਾਨ ਕਰਦਾ ਹੈ।

ਬੀਤੇ ਸਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ



ਬਾਦਲ ਨੇ ਪਾਰਟੀ ਦੇ ਸਥਾਪਨਾ ਦਿਵਸ ਮੌਕੇ ਮੁਆਫ਼ੀ ਮੰਗ ਕੇ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਪੰਥਕ ਲੀਹਾਂ 'ਤੇ ਤੋਰਨ ਦਾ ਸੱਦਾ ਦਿੱਤਾ ਸੀ ਪਰ ਸ੍ਰੀ ਅਕਾਲ ਤਖ਼ਤ ਦੇ ਮਰਹੂਮ ਕਾਰਜਕਾਰੀ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਸਬੰਧੀ ਸਾਹਮਣੇ ਆਈ ਰਿਪੋਰਟ ਅਕਾਲੀ ਦਲ ਲਈ ਨਵੀਂ ਚੁਣੌਤੀ ਬਣ ਸਕਦੀ ਹੈ। ਜਥੇਦਾਰ ਕਾਉਂਕੇ ਦੀ ਰਿਪੋਰਟ ਅਧਿਕਾਰਤ ਤੌਰ 'ਤੇ ਜਨਤਕ ਨਹੀਂ ਹੋਈ ਹੈ, ਪਰ ਜੋ ਜਾਣਕਾਰੀ ਮਿਲ ਰਹੀ ਹੈ, ਉਸ ਨੂੰ ਹਾਲੇ ਤੱਕ ਕਿਸੇ ਵੀ ਧਿਰ ਨੇ ਰੱਦ ਨਹੀਂ ਕੀਤਾ ਹੈ। ਇਸ ਰਿਪੋਰਟ ਦਾ ਸਿੱਧਾ ਨਿਸ਼ਾਨਾ ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਸੇਧਿਆ ਗਿਆ ਹੈ। ਪੰਥਕ ਸਿਆਸਤ 'ਤੇ ਨਜ਼ਰਾਂ ਰੱਖਣ ਵਾਲਿਆਂ ਦਾ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਨੌਜਵਾਨਾਂ ਨੂੰ ਪੁਲਿਸ ਮੁਕਾਬਲਿਆਂ ਵਿੱਚ ਮਾਰੇ ਜਾਣ ਸਬੰਧੀ ਹੁਣ ਤੱਕ ਕੋਈ ਗੱਲ ਨਹੀਂ ਕੀਤੀ। ਬੀਤੇ ਸਾਲ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੂੰ ਨਿਯੁਕਤ ਕੀਤਾ ਗਿਆ। ਇਸ ਫ਼ੈਸਲੇ ਦੇ ਨਾਲ ਹੀ ਸ਼੍ਰੀ ਅਕਾਲ਼ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਪਾਸੋਂ ਇਹ ਸੇਵਾਵਾਂ ਵਾਪਸ ਲੈਂਦੇ ਹੋਏ ਤਖਤ ਸ਼੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੀਆਂ ਸੇਵਾਵਾਂ ਦੇਣ ਦਾ ਫ਼ੈਸਲਾ ਕੀਤਾ ਗਿਆ।

ਬੀਤੇ ਸਾਲ ਲੋਕ ਸਭਾ ਚੋਣਾਂ ਨੂੰ ਲੈ ਕੇ ਪੰਜਾਬ ਵਿੱਚ ਰਾਜਨੀਤਿਕ ਪਾਰਟੀਆਂ ਦੇ ਗੱਠਜੋੜ ਬਾਰੇ ਗੈਰ-ਯਕੀਨੀ ਵਾਲਾ ਮਾਹੌਲ ਬਣਿਆ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ-ਭਾਜਪਾ, ਕਾਂਗਰਸ ਤੇ ਆਮ ਆਦਮੀ ਪਾਰਟੀ ਚੋਣਾਂ ਨੂੰ ਲੈ ਕੇ ਚੁਰਾਹੇ 'ਤੇ ਖੜ੍ਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਜਪਾ ਨਾਲ ਸਮਝੌਤਾ ਨਾ ਹੋਣ ਦੀ ਸੂਰਤ ਵਿੱਚ ਵੱਖਰੇ ਰਾਹ ਤਲਾਸ਼ੇ ਜਾ ਰਹੇ ਹਨ। ਇਸੇ ਕੜੀ ਤਹਿਤ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਸਪਾ ਦੇ ਨਾਲ-ਨਾਲ ਕਾਮਰੇਡਾਂ ਨਾਲ ਰਾਜਨੀਤਕ ਸਮਝੌਤੇ ਦੇ ਸੰਕੇਤ ਦਿੱਤੇ ਗਏ ਹਨ। ਅਕਾਲੀ ਦਲ ਵੱਲੋਂ ਰੁਸਿਆਂ ਨੂੰ ਮਨਾਉਣ ਦੀ ਕਵਾਇਦ ਵੀ ਸ਼ੁਰੂ ਕੀਤੀ ਹੋਈ ਹੈ। ਸੁਖਬੀਰ ਸਿੰਘ ਬਾਦਲ ਅਤੇ ਸੁਖਦੇਵ ਸਿੰਘ ਢੀਂਡਸਾ ਦੇ ਸੰਯੁਕਤ ਅਕਾਲੀ ਦਲ ਦੇ ਸ਼੍ਰੋਮਣੀ ਅਕਾਲੀ ਦਲ ਵਿੱਚ ਰਲੇਵੇਂ 'ਤੇ ਸਭਨਾਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਉਧਰ ਕਾਂਗਰਸ ਪਾਰਟੀ ਪੰਜਾਬ ਅੰਦਰ ਆਪਣੇ ਬਲਬੂਤੇ ਚੋਣਾਂ ਲੜਨਾ ਚਾਹੁੰਦੀ ਹੈ। ਪਾਰਟੀ ਦੇ ਸੀਨੀਅਰ ਆਗੂਆਂ ਵਲੋਂ ਤਰਕ ਦਿੱਤਾ ਜਾ ਰਿਹਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ 2 ਸਾਲਾਂ ਦੇ ਰਾਜਭਾਗ ਦੌਰਾਨ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਵਿਚ ਨਾਕਾਮਯਾਬ ਰਹੀ ਹੈ। ਇਸ ਕਰਕੇ ਹਾਲ ਦੀ ਘੜੀ 'ਆਪ' ਅਤੇ ਕਾਂਗਰਸ ਦੇ ਗੱਠਜੋੜ 'ਤੇ ਵੀ ਸਵਾਲੀਆ ਨਿਸ਼ਾਨ ਲੱਗਿਆ ਹੋਇਆ ਹੈ। ਸੀਨੀਅਰ ਅਕਾਲੀ ਆਗੂ ਵੀ ਭਾਜਪਾ ਦੇ ਥੱਲੇ ਲੱਗ ਕੇ ਸਮਝੌਤਾ ਕਰਨ ਲਈ ਤਿਆਰ ਨਹੀਂ ਜਾਪ ਰਹੇ।

ਹੁਣ ਵੇਖਣਾ ਇਹ ਬਾਕੀ ਹੈ ਕਿ ਇਸ ਨਵੇਂ ਸਾਲ ਦੌਰਾਨ ਰਾਜਨੀਤਕ ਪਾਰਟੀਆਂ ਦੇ ਆਗੂ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਜਿੱਤਣ ਲਈ ਕੀ ਦਾਅ ਪੇਚ ਲੜਾਉਂਦੇ ਹਨ। ਬੀਤੇ ਸਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦਰਮਿਆਨ ਕਈ ਮੁੱਦਿਆਂ ਨੂੰ ਲੈ ਕੇ ਤਿੱਖਾ ਟਕਰਾਅ ਦੇਖਣ ਨੂੰ ਮਿਲਿਆ। ਰਾਜਪਾਲ ਨੂੰ ਪਹਿਲਾ ਇਤਰਾਜ਼ ਇਹ ਸੀ ਕਿ ਮੁੱਖ ਮੰਤਰੀ ਉਨ੍ਹਾਂ ਵੱਲੋਂ ਲਿਖੇ ਪੱਤਰਾਂ ਦਾ ਸਮੇਂ ਸਿਰ ਜਵਾਬ ਨਹੀਂ ਦਿੰਦੇ ਅਤੇ ਉਨ੍ਹਾਂ ਸੰਬੰਧੀ ਅਨੇਕਾਂ ਵਾਰ ਹੱਤਕ ਭਰੀ ਸ਼ਬਦਾਵਲੀ ਦੀ ਵਰਤੋਂ ਕਰਦੇ ਹਨ। ਰਾਜਪਾਲ ਨੂੰ ਦੂਜਾ ਵੱਡਾ ਇਤਰਾਜ਼ ਇਹ ਸੀ ਕਿ ਇੱਕ ਵਾਰ ਬਜਟ ਸੈਸ਼ਨ ਬੁਲਾ ਕੇ ਸਰਕਾਰ ਸੈਸ਼ਨ ਨੂੰ ਪੱਕੇ ਤੌਰ 'ਤੇ ਨਹੀਂ ਉਠਾਉਂਦੀ ਸਗੋਂ ਬਜਟ ਸੈਸ਼ਨ ਨੂੰ ਅੱਗੇ ਆਪਣੀ ਸਹੂਲਤ ਮੁਤਾਬਿਕ ਵਧਾਇਆ ਜਾਂਦਾ ਹੈ ਅਤੇ ਉਸ ਵਿੱਚ ਆਪਣੇ ਏਜੰਡੇ ਮੁਤਾਬਿਕ ਨਵੇਂ-ਨਵੇਂ ਬਿੱਲ ਪੇਸ਼ ਕਰਕੇ ਪਾਸ ਕਰਵਾਏ ਜਾਂਦੇ ਹਨ। ਰਾਜਪਾਲ ਨੇ ਰਾਜ ਸਰਕਾਰ ਦੀ ਇਸ ਕਾਰਜਸ਼ੈਲੀ 'ਤੇ ਇਤਰਾਜ਼ ਉਠਾਇਆ ਅਤੇ ਬੀਤੇ ਸਾਲ ਬਜਟ ਸੈਸ਼ਨ ਬੁਲਾਉਣ ਨੂੰ ਪਹਿਲਾਂ ਪ੍ਰਵਾਨਗੀ ਦੇਣ ਤੋਂ ਨਾਂਹ ਕਰ ਦਿੱਤੀ ਸੀ। ਪੰਜਾਬ ਸਰਕਾਰ ਦੇ ਇਹ ਮਾਮਲਾ ਸੁਪਰੀਮ ਕੋਰਟ ਵਿੱਚ ਲਿਜਾਣ ਤੋਂ ਬਾਅਦ ਬਜਟ ਸੈਸ਼ਨ ਲਈ ਰਾਜਪਾਲ ਨੂੰ ਇਜਾਜ਼ਤ ਦੇਣੀ ਪਈ। ਇਸ ਤੋਂ ਬਾਅਦ ਜੂਨ ਵਿੱਚ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਦੁਬਾਰਾ ਬੁਲਾਉਣ 'ਤੇ ਪੰਜਾਬ ਸਰਕਾਰ ਤੇ ਰਾਜਪਾਲ ਦਰਮਿਆਨ ਮੁੜ ਟਕਰਾਅ ਪੈਦਾ ਹੋ ਗਿਆ ਤੇ ਮਾਮਲਾ ਫ਼ਿਰ ਸੁਪਰੀਮ ਕੋਰਟ ਵਿੱਚ ਗਿਆ। ਇਸ ਤੋਂ ਬਾਅਦ ਪੰਜਾਬ ਸਰਕਾਰ ਤੇ ਰਾਜਪਾਲ ਦਰਮਿਆਨ ਟਕਰਾਅ ਕੁਝ ਘੱਟ ਗਿਆ। ਸੁਪਰੀਮ ਕੋਰਟ ਨੇ ਰਾਜਪਾਲ ਅਤੇ ਮੁੱਖ ਮੰਤਰੀ ਦੋਵਾਂ ਨੂੰ ਆਪੋ-ਆਪਣੇ ਸੰਵਿਧਾਨਕ ਦਾਇਰਿਆਂ ਵਿੱਚ ਰਹਿ ਕੇ ਕੰਮ ਕਰਨ ਅਤੇ ਇੱਕ-ਦੂਜੇ ਦਾ ਸਤਿਕਾਰ ਬਣਾਈ ਰੱਖਣ ਦੀ ਹਦਾਇਤ ਕੀਤੀ ਹੈ।

ਰਾਜ ਵਿੱਚ ਬੀਤੇ ਸਾਲ ਸਤਲੁਜ-ਯਮਨਾ ਲਿੰਕ ਨਹਿਰ ਦਾ ਵਿਵਾਦ ਵੀ ਵਾਰ-ਵਾਰ ਭਖਦਾ ਰਿਹਾ। ਸੁਪਰੀਮ ਕੋਰਟ ਇਸ ਗੱਲ 'ਤੇ ਤੁਲੀ ਹੋਈ ਹੈ ਕਿ ਪੰਜਾਬ ਉਸ ਵੱਲੋਂ ਦਿੱਤੇ ਪਹਿਲੇ ਫ਼ੈਸਲੇ ਮੁਤਾਬਿਕ ਸਤਲੁਜ-ਯਮਨਾ ਲਿੰਕ ਨਹਿਰ ਦਾ ਕੰਮ ਮੁਕੰਮਲ ਕਰਵਾਏ, ਜੇ ਪੰਜਾਬ ਅਜਿਹਾ ਨਹੀਂ ਕਰਦਾ ਤਾਂ ਕੇਂਦਰ ਸਰਕਾਰ ਨਹਿਰ ਬਣਾਉਣ ਸੰਬੰਧੀ ਉਸ ਦੇ ਫ਼ੈਸਲੇ ਨੂੰ ਖ਼ੁਦ ਲਾਗੂ ਕਰੇ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਇਹ ਵੀ ਕਿਹਾ ਸੀ ਕਿ ਉਹ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੂੰ ਬੁਲਾ ਕੇ ਇਸ ਸੰਬੰਧੀ ਕੋਈ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕਰੇ। ਸੁਪਰੀਮ ਕੋਰਟ ਦੀਆਂ ਇਨ੍ਹਾਂ ਹਦਾਇਤਾਂ ਮੁਤਾਬਿਕ ਇਸ ਸਾਲ ਕੇਂਦਰ ਸਰਕਾਰ ਨੇ ਦੋ ਮੀਟਿੰਗਾਂ ਕਰਵਾਈਆਂ, ਪਰ ਇਨ੍ਹਾਂ ਦੋਵਾਂ ਮੀਟਿੰਗਾਂ ਵਿੱਚ ਕੋਈ ਫ਼ੈਸਲਾ ਨਹੀਂ ਹੋ ਸਕਿਆ। ਇਸ ਕਾਰਨ ਹੁਣ 9 ਜਨਵਰੀ 2024 ਨੂੰ ਇਸ ਸੰਬੰਧੀ ਸੁਪਰੀਮ ਕੋਰਟ 'ਚ ਦੁਬਾਰਾ ਸੁਣਵਾਈ ਹੋਵੇਗੀ।

ਜੇਕਰ ਅਮਨ-ਕਾਨੂੰਨ ਦੀ ਗੱਲ ਕਰੀਏ ਤਾਂ ਇਸ ਸਾਲ ਰਾਜ ਨੇ ਗੈਂਗਸਟਰਾਂ ਅਤੇ ਨਸ਼ਿਆਂ ਦੇ ਤਸਕਰਾਂ ਦੀਆਂ ਸਰਗਰਮੀਆਂ ਵਿੱਚ ਚੋਖਾ ਵਾਧਾ ਦੇਖਿਆ। ਹਜ਼ਾਰਾਂ ਤਸਕਰਾਂ ਤੇ ਗੈਂਗਸਟਰਾਂ ਦੀਆਂ ਗ੍ਰਿਫ਼ਤਾਰੀਆਂ ਵੀ ਹੋਈਆਂ। ਇਸ ਦੇ ਬਾਵਜੂਦ ਜੇਲ੍ਹਾਂ ਵਿੱਚ ਬੈਠੇ ਗੈਂਗਸਟਰ ਅਤੇ ਨਸ਼ਿਆਂ ਦੇ ਤਸਕਰ ਮੋਬਾਈਲਾਂ ਦੀ ਵਰਤੋਂ ਕਰਕੇ ਆਪਣੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਕਰਦੇ ਰਹੇ। ਬੀਤੇ ਸਾਲ ਫ਼ਿਰੋਜ਼ਪੁਰ ਜੇਲ੍ਹ ਦਾ ਹੈਰਾਨੀਜਨਕ ਇਹ ਮਾਮਲਾ ਵੀ ਸਾਹਮਣੇ ਆਇਆ ਕਿ ਜੇਲ੍ਹ ਵਿਚੋਂ ਨਸ਼ਿਆਂ ਦੇ ਤਿੰਨ ਤਸਕਰਾਂ ਨੇ 43 ਹਜ਼ਾਰ ਦੇ ਲਗਭਗ ਫ਼ੋਨ ਕਾਲਾਂ ਕੀਤੀਆਂ, ਦੋ ਤਸਕਰਾਂ ਨੇ 1.35 ਕਰੋੜ ਦੇ ਲਗਭਗ ਰਾਸ਼ੀ ਵੀ ਆਪਣੇ ਖਾਤਿਆਂ ਵਿਚੋਂ ਆਪਣੀਆਂ ਪਤਨੀਆਂ ਦੇ ਨਾਂਅ 'ਤੇ ਤਬਦੀਲ ਕਰਵਾਈ। ਇਸ ਦਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਗੰਭੀਰ ਨੋਟਿਸ ਲਿਆ ਅਤੇ ਪੰਜਾਬ ਪੁਲਿਸ ਦੇ ਇੱਕ ਸੀਨੀਅਰ ਅਧਿਕਾਰੀ ਨੂੰ ਮੁਅੱਤਲ ਕਰਨ ਦੇ ਵੀ ਆਦੇਸ਼ ਦਿੱਤੇ। ਜਿਸ ਤਰ੍ਹਾਂ ਦਾ ਰਾਜਨੀਤਕ, ਆਰਥਿਕ ਅਤੇ ਸਮਾਜਿਕ ਘਟਨਾਕ੍ਰਮ ਪੰਜਾਬ ਵਿੱਚ ਬੀਤੇ ਸਾਲ ਵਿੱਚ ਵਾਪਰਦਾ ਰਿਹਾ ਹੈ, ਉਸ ਨੂੰ ਮੁੱਖ ਰੱਖਦਿਆਂ ਇਹ ਹੀ ਕਿਹਾ ਜਾ ਸਕਦਾ ਹੈ ਜੇਕਰ ਰਾਜ ਦੀਆਂ ਸਿਆਸੀ ਪਾਰਟੀਆਂ ਇਕੱਠੀਆਂ ਹੋ ਕੇ ਪੰਜਾਬ ਦੇ ਭੱਖਦੇ ਮਸਲਿਆਂ ਸੰਬੰਧੀ ਕੋਈ ਸਾਂਝੀ ਰਾਇ ਬਣਾ ਕੇ ਇਨ੍ਹਾਂ ਨੂੰ ਹੱਲ ਕਰਨ ਲਈ ਅੱਗੇ ਨਹੀਂ ਆਉਂਦੀਆਂ ਅਤੇ ਕੇਂਦਰ ਸਰਕਾਰ ਪੰਜਾਬ ਨੂੰ ਆਰਥਿਕ ਸੰਕਟ ਤੇ ਬੇਰੁਜ਼ਗਾਰੀ ਵਿਚੋਂ ਕੱਢਣ ਲਈ ਵਿਸ਼ੇਸ਼ ਸਨਅਤੀ ਅਤੇ ਆਰਥਿਕ ਪੈਕੇਜ ਦੇ ਕੇ ਪੰਜਾਬ ਦੀ ਮਦਦ ਨਹੀਂ ਕਰਦੀ ਤਾਂ ਰਾਜ ਦਾ ਭਵਿੱਖ 2024 ਵਿੱਚ ਵੀ ਕੋਈ ਬਹੁਤਾ ਚੰਗਾ ਰਹਿਣ ਦੀ ਸੰਭਾਵਨਾ ਨਹੀਂ।



## ਇੱਕ ਸੱਚ ਇਹ ਵੀ....

# ਵਿਦਿਅਕ ਯੁੱਗ ਵਿੱਚ ਫ਼ੈਲਾਏ ਜਾ ਰਹੇ ਅੰਧਵਿਸ਼ਵਾਸ ਅਤੇ ਠੱਗੀਆਂ




- ਸੋਸ਼ਲ ਮੀਡੀਆ ’ਤੇ ਧਾਰਮਿਕ ਤਸਵੀਰਾਂ ਪਾ ਕੇ ਉਹਨਾਂ ਨੂੰ ਅੱਗੇ ਸ਼ੇਅਰ ਕਰਨ ਲਈ ਕੀਤਾ ਜਾਂਦੈ ਮਜਬੂਰ
- ਤਸਵੀਰਾਂ ਸ਼ੇਅਰ ਨਾ ਕਰਨ ’ਤੇ ਵੱਡਾ ਨੁਕਸਾਨ ਹੋਣ ਦੀ ਲਿਖੀ ਹੁੰਦੀ ਹੈ ਚਿਤਾਵਨੀ

-ਇੱਕ ਪਾਸੇ ਆਧੁਨਿਕ ਯੁੱਗ ਵਿੱਚ ਵਿਗਿਆਨੀਆਂ ਵੱਲੋਂ ਚੰਦ ਉੱਪਰ ਮਨੁੱਖੀ ਬਸਤੀਆਂ ਵਸਾਉਣ ਬਾਰੇ ਦਾਅਵੇ ਕੀਤੇ ਜਾ ਰਹੇ ਹਨ, ਪਰ ਦੂਜੇ ਪਾਸੇ ਸਾਡਾ ਸਮਾਜ ਅਜੇ ਵੀ ਅੰਧਵਿਸ਼ਵਾਸ, ਡਰ ਅਤੇ ਠੱਗੀਆਂ ਦੇ ਵਿੱਚ ਫਸਿਆ ਹੋਇਆ ਹੈ। ਜਿਸ ਸੋਸ਼ਲ ਮੀਡੀਆ ਦੀ ਖੋਜ ਮਨੁੱਖ ਦੀ ਭਲਾਈ ਲਈ ਕੀਤੀ ਗਈ ਸੀ, ਉਸੇ ਸੋਸ਼ਲ ਮੀਡੀਆ ਦੀ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਗਲਤ ਵਰਤੋ ਵੀ ਕੀਤੀ ਜਾ ਰਹੀ ਹੈ, ਜਿਸ ਕਾਰਨ ਵਿਗਿਆਨੀਆਂ ਵੱਲੋਂ ਕੀਤੀਆਂ ਗਈਆਂ ਵਰਦਾਨੀ ਖੋਜਾਂ ਇੱਕ ਅਭਿਸ਼ਾਪ ਬਣਕੇ ਰਹਿ ਗਈਆਂ ਹਨ।

ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਕਿਸੇ ਸ਼ਰਾਰਤੀ ਅਨਸਰ ਜਾਂ ਸਿਰਫਿਰੇ ਵਿਅਕਤੀ ਵੱਲੋਂ ਕਿਸੇ ਦੇਵੀ ਦੇਵਤੇ ਦੀ ਤਸਵੀਰ ਜਾਂ ਹੋਰ ਧਾਰਮਿਕ ਤਸਵੀਰਾਂ ਸੋਸ਼ਲ ਮੀਡੀਆ ’ਤੇ ਪਾ ਦਿੱਤੀਆਂ ਜਾਂਦੀਆਂ ਹਨ ਅਤੇ ਉਹਨਾਂ ਤਸਵੀਰਾਂ ਨਾਲ ਦੋ ਤਿੰਨ ਲਾਈਨਾਂ ਵੀ ਲਿਖੀਆਂ ਹੁੰਦੀਆਂ ਹਨ, ਜਿਨ੍ਹਾਂ ਵਿੱਚ ਕਿਹਾ ਗਿਆ ਹੁੰਦਾ ਹੈ ਕਿ ਤੁਰੰਤ ਹੀ ਇਹ ਤਸਵੀਰਾਂ 15 ਲੋਕਾਂ ਨੂੰ ਭੇਜੋ ਤਾਂ ਤੁਹਾਨੂੰ ਬਹੁਤ ਲਾਭ ਹੁੰਦਾ ਹੈ। ਇਸ ਦੇ ਨਾਲ ਹੀ ਇਹਨਾਂ ਤਸਵੀਰਾਂ ਦੇ ਨਾਲ ਚਿਤਾਵਨੀ ਵੀ ਲਿਖੀ ਹੁੰਦੀ ਹੈ ਕਿ ਜੇ ਇਹ ਤਸਵੀਰਾਂ ਤੁਸੀਂ ਅੱਗੇ 15 ਲੋਕਾਂ ਨੂੰ ਸ਼ੇਅਰ ਨਹੀਂ ਕੀਤੀਆਂ ਤਾਂ ਤੁਹਾਡਾ ਬਹੁਤ ਵੱਡਾ ਨੁਕਸਾਨ ਹੋ ਜਾਵੇਗਾ ਜਾਂ ਮਾਂ ਮਰ ਜਾਵੇਗੀ ਜਾਂ ਅਜਿਹਾ ਹੀ ਕੁਝ ਹੋਰ ਡਰਾਵਾ ਦਿੱਤਾ ਗਿਆ ਹੁੰਦਾ ਹੈ। ਅਕਸਰ ਅਜਿਹੀਆਂ ਤਸਵੀਰਾਂ ਅਤੇ ਤਸਵੀਰਾਂ ਨਾਲ ਲਿਖੀ ਹੋਈ ਚਿਤਾਵਨੀ ਦੇਖ ਕੇ ਆਮ ਲੋਕ ਡਰ ਜਾਂਦੇ ਹਨ ਅਤੇ ਇਸੇ ਡਰ ਤਹਿਤ ਉਹ ਇਹ ਤਸਵੀਰਾਂ ਅੱਗੇ ਹੋਰਨਾਂ ਲੋਕਾਂ ਨੂੰ ਸ਼ੇਅਰ ਕਰ ਦਿੰਦੇ ਹਨ। ਜਿਸ ਕਾਰਨ ਇਹ ਤਸਵੀਰਾਂ ਦੇਸ਼ ਵਿਦੇਸ਼ ਵਿੱਚ ਘੁੰਮਣ ਲੱਗਦੀਆਂ ਹਨ। ਜਿਸ ਕਾਰਨ ਆਧੁਨਿਕ ਅਤੇ ਤਰਕਸ਼ੀਲ ਕਹੇ ਜਾਂਦੇ ਇਸ ਯੁੱਗ ਵਿੱਚ ਵੀ ਅੰਧਵਿਸ਼ਵਾਸ ਅਤੇ ਠੱਗੀਆਂ ਫੈਲ ਜਾਂਦੇ ਹਨ।

ਇਹ ਸਿਰਫ਼ ਕਿਸੇ ਇੱਕ ਪਿੰਡ ਜਾਂ ਸ਼ਹਿਰ ਤੱਕ ਸੀਮਿਤ ਨਹੀਂ ਹੈ, ਸਗੋਂ ਪੰਜਾਬ ਸਮੇਤ ਪੂਰੇ ਭਾਰਤ ਵਿੱਚ ਹੀ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ। ਅਕਸਰ ਸ਼ਰਾਰਤੀ ਅਨਸਰ ਅਤੇ ਸਿਰਫਿਰੇ ਲੋਕ ਅਜਿਹੀਆਂ ਧਾਰਮਿਕ ਤਸਵੀਰਾਂ ਨੂੰ ਸੋਸ਼ਲ ਮੀਡੀਆ ਤੇ ਪਾਉਂਦੇ ਰਹਿੰਦੇ ਹਨ ਅਤੇ ਨਾਲ ਹੀ ਚਿਤਾਵਨੀ ਲਿਖ ਕੇ ਆਮ ਲੋਕਾਂ ਨੂੰ ਡਰਾਉਂਦੇ ਹਨ ਤੇ ਆਮ ਭੋਲੇ ਭਾਲੇ ਲੋਕਾਂ ਨੂੰ ਇਹ ਤਸਵੀਰਾਂ ਅੱਗੇ ਸ਼ੇਅਰ




ਕਰਨ ਲਈ ਮਜਬੂਰ ਕਰਦੇ ਹਨ। ਅਜਿਹੀਆਂ ਤਸਵੀਰਾਂ ਸੋਸ਼ਲ ਮੀਡੀਆ ’ਤੇ ਕਿਸੇ ਗਰੁੱਪ ਵਿੱਚ ਆਉਣ ਤੋਂ ਬਾਅਦ ਆਮ ਵਿਅਕਤੀ ਨੂੰ ਪਤਾ ਨਹੀਂ ਚੱਲਦਾ ਕਿ ਉਹ ਕੀ ਕਰਨ। ਕੁਝ ਲੋਕ ਤਾਂ ਅਜਿਹੀਆਂ ਤਸਵੀਰਾਂ ਆਉਣ ਤੇ ਤੁਰੰਤ ਇਹਨਾਂ ਤਸਵੀਰਾਂ ਨੂੰ ਡਿਲੀਟ ਕਰ ਦਿੰਦੇ ਹਨ ਜਦੋਂ ਕਿ ਅਨੇਕਾਂ ਲੋਕ ਅਜਿਹੀਆਂ ਤਸਵੀਰਾਂ ਆਉਣ ਅਤੇ ਨਾਲ ਹੀ ਨੁਕਸਾਨ ਹੋਣ ਦੀ ਚਿਤਾਵਨੀ ਲਿਖੀ ਹੋਣ ਕਰਕੇ ਡਰ ਜਾਂਦੇ ਹਨ ਅਤੇ ਉਹਨਾਂ ਨੂੰ ਸਮਝ ਨਹੀਂ ਲੱਗਦੀ ਕਿ ਉਹ ਕੀ ਕਰਨ। ਅਕਸਰ ਆਮ ਲੋਕ ਡਰਦੇ ਹੋਏ ਅਜਿਹੀਆਂ ਤਸਵੀਰਾਂ ਸ਼ੇਅਰ ਕਰ ਦਿੰਦੇ ਹਨ ਜਿਸ ਕਾਰਨ ਸ਼ਰਾਰਤੀ ਅਨਸਰ ਅਤੇ ਸਿਰਫਿਰੇ ਲੋਕ ਆਪਣੀ ਚਾਲ ਵਿੱਚ ਕਾਮਯਾਬ ਹੋ ਜਾਂਦੇ ਹਨ।

ਅਜਿਹੀਆਂ ਕਾਰਵਾਈਆਂ ਕਰਨ ਵਾਲਿਆਂ ਦਾ ਕੋਈ ਦੀਨ, ਇਮਾਨ ਅਤੇ ਧਰਮ ਨਹੀਂ ਹੁੰਦਾ ਸਗੋਂ ਅਜਿਹੇ ਲੋਕਾਂ ਦਾ ਮਕਸਦ ਸਿਰਫ਼ ਆਮ ਲੋਕਾਂ ਵਿੱਚ ਡਰ ਅਤੇ ਸਨਸਨੀ ਫੈਲਾਉਣਾ ਹੀ ਹੁੰਦਾ ਹੈ। ਹਰ ਇਲਾਕੇ ਵਿੱਚ ਅਜਿਹੇ ਸਿਰਫਿਰੇ ਲੋਕ ਅਕਸਰ ਮਿਲ ਜਾਂਦੇ ਹਨ, ਜਿਨ੍ਹਾਂ ਨੂੰ ਹੋਰ ਕੋਈ ਕੰਮ ਨਾ ਹੋਣ ਕਰਕੇ ਉਹ ਅਜਿਹੇ ਗਲਤ ਕੰਮ ਕਰਦੇ ਰਹਿੰਦੇ ਹਨ, ਜਿਸ ਕਾਰਨ ਆਮ ਲੋਕਾਂ ਵਿੱਚ ਕਈ ਤਰਾਂ ਦੀਆਂ ਅਫ਼ਵਾਹਾਂ ਵੀ ਫੈਲ ਜਾਂਦੀਆਂ ਹਨ। ਕਾਨੂੰਨ ਲਾਗੂ ਕਰਨ ਵਾਲਿਆਂ ਦੀ ਢਿੱਲ ਮੱਠ ਕਾਰਨ ਸ਼ਰਾਰਤੀ ਅਨਸਰ ਅਜਿਹੀਆਂ ਕਾਰਵਾਈਆਂ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਨ ਅਤੇ ਉਹਨਾਂ ਨੂੰ ਕੋਈ ਸਜ਼ਾ ਨਾ ਮਿਲਣ ਕਾਰਨ ਉਹਨਾਂ ਦੇ ਹੌਂਸਲੇ ਵੱਧ ਜਾਂਦੇ ਹਨ ਅਤੇ ਉਹ ਸਿਰਫ਼ ਆਪਣੇ ਸਸਤੇ ਮਨੋਰੰਜਨ ਲਈ ਅਜਿਹੀਆਂ ਤਸਵੀਰਾਂ ਸੋਸ਼ਲ ਮੀਡੀਆ ’ਤੇ ਅਕਸਰ ਪਾਉਂਦੇ ਰਹਿੰਦੇ ਹਨ ਤੇ ਆਮ ਲੋਕਾਂ ਨੂੰ ਪਰੇਸ਼ਾਨ ਕਰਨ ਦਾ ਯਤਨ ਕਰਦੇ ਰਹਿੰਦੇ ਹਨ।

ਅਜਿਹੀਆਂ ਤਸਵੀਰਾਂ ਮਿਲਣ ’ਤੇ ਆਮ ਲੋਕਾਂ ਨੂੰ ਘਬਰਾਉਣਾ ਨਹੀਂ ਚਾਹੀਦਾ ਅਤੇ ਇਹਨਾਂ ਤਸਵੀਰਾਂ ਨੂੰ ਵਾਪਸ ਉਸ ਨੰਬਰ ਜਾਂ ਗਰੁੱਪ ਵਿੱਚ ਹੀ ਭੇਜ ਦੇਣਾ ਚਾਹੀਦਾ ਹੈ, ਜਿਸ ਨੰਬਰ ਜਾਂ ਗਰੁੱਪ ਵਿਚੋਂ ਇਹ ਤਸਵੀਰਾਂ ਆਈਆਂ ਹੋਣ ਅਤੇ ਇਹਨਾਂ ਤਸਵੀਰਾਂ ਨੂੰ ਡਿਲੀਟ ਕਰ ਦੇਣਾ ਚਾਹੀਦਾ ਹੈ। ਸ਼ਰਾਰਤੀ ਅਨਸਰ ਕਈ ਵਾਰ ਮਨੋਰੋਗੀ ਹੁੰਦੇ ਹਨ ਤੇ ਉਹਨਾਂ ਨੂੰ ਦੂਸਰੇ ਲੋਕਾਂ ਨੂੰ ਪਰੇਸ਼ਾਨ ਕਰਕੇ ਖੁਸ਼ੀ ਮਿਲਦੀ ਹੈ। ਇਸ ਕਰਕੇ ਅਜਿਹੀਆਂ ਤਸਵੀਰਾਂ ਵੇਖ ਕੇ ਡਰਨਾ ਨਹੀਂ ਚਾਹੀਦਾ ਅਤੇ ਆਪਣੀ ਸੋਚ ਤਰਕਸ਼ੀਲ ਰੱਖਣੀ ਚਾਹੀਦੀ ਹੈ ਤੇ ਕਿਸੇ ਵਹਿਮ ਭਰਮ ਵਿੱਚ ਨਹੀਂ ਪੈਦਾ ਚਾਹੀਦਾ। ਜੇ ਕੋਈ ਸ਼ਰਾਰਤੀ ਅਨਸਰ ਅਜਿਹੀਆਂ ਤਸਵੀਰਾਂ ਵਾਰ ਵਾਰ ਭੇਜੇ ਤਾਂ ਉਸ ਦੀ ਪੁਲਿਸ ਕੋਲ ਸ਼ਿਕਾਇਤ ਦਰਜ਼ ਕਰਵਾਉਣੀ ਚਾਹੀਦੀ ਹੈ ਜਾਂ ਅਜਿਹੀਆਂ ਤਸਵੀਰਾਂ ਭੇਜਣ ਵਾਲੇ ਦੀ ਹੋਰਨਾਂ ਲੋਕਾਂ ਸਾਹਮਣੇ ਲਾਹ ਪਾਹ ਕਰਨੀ ਚਾਹੀਦੀ ਹੈ ਤਾਂ ਕਿ ਉਹ ਸ਼ਰਾਰਤੀ ਅਨਸਰ ਅਜਿਹੀਆਂ ਤਸਵੀਰਾਂ ਅੱਗੇ ਤੋਂ ਤੁਹਾਨੂੰ ਨਾ ਭੇਜੇ। ਸ਼ਰਾਰਤੀ ਅਨਸਰਾਂ ਵਿਰੁੱਧ ਕਾਰਵਾਈ ਲਈ ਸਮਾਜ ਨੂੰ ਇੱਕ ਮੁੱਠ ਹੋ ਕੇ ਸਾਂਝੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਕਿ ਇਸ ਗਲਤ ਰੁਝਾਨ ਨੂੰ ਰੋਕਿਆ ਜਾ ਸਕੇ।



# ਚਿੱਤਰ ਕਾਲਪਨਿਕ ਨੇ ਜਾਂ ਸਾਡੀ ਕਲਹ

**ਇਕਬਾਲ ਸਿੰਘ ਫ਼ਰੀਮਾਂਟ**

ਸਿੱਖ ਧਰਮ ਵਿੱਚ ਚਿੱਤਰਕਲਾ ਗੁਰੂ ਕਾਲ ਤੋਂ ਹੀ ਪ੍ਰਚਲਿਤ ਹੈ। ਅਜਿਹੇ ਕਈ ਇਤਿਹਾਸਿਕ ਵਾਕਿਆਤ ਵੀ ਹੋਏ ਹਨ ਜਦੋਂ ਕਿਸੇ ਕਲਾਕਾਰ ਨੇ ਗੁਰੂ ਸਾਹਿਬ ਦੇ ਚਿੱਤਰ ਉਹਨਾਂ ਨੂੰ ਸਾਹਮਣੇ ਬਿਠਾਕੇ ਬਣਾਏ। ਉਹ ਪ੍ਰਤੱਖ ਚਿੱਤਰ ਵੀ ਗੁਰੂ ਸਾਹਿਬ ਦੇ ਨੈਣ-ਨਕਸ਼ ਇੰਨ ਬਿੰਨ ਦਰਸਾਉਣ ਦੀ ਥਾਂ ਵਕਤ ਦੀ ਸ਼ੈਲੀ ਅਨੁਸਾਰ ਚਿਤਰੇ ਗਏ ਸਨ। ਇਸੇ ਤਰ੍ਹਾਂ ਦੀ ਚਿੱਤਰਕਲਾ ਸਾਡੇ ਇਤਿਹਾਸਿਕ ਸਥਾਨਾਂ 'ਤੇ ਅਕਸਰ ਵੇਖਣ ਨੂੰ ਮਿਲਦੀ ਹੈ, ਜਿਵੇਂ ਕਿ ਗੁ. ਬਾਬਾ ਅਟੱਲ ਰਾਇ ਦੀਆਂ ਸਾਰੀਆਂ ਮੰਜ਼ਲਾਂ 'ਤੇ ਪੂਰਾ ਸਿੱਖ ਇਤਿਹਾਸ ਚਿੱਤਰਿਆ ਪਿਆ ਹੈ। ਅਜਿਹੀ ਸ਼ਾਇਦ ਕੋਈ ਇਤਿਹਾਸਿਕ ਘਟਨਾ ਹੋਵੇਗੀ, ਜਿਸ ਦਾ ਚਿੱਤਰ ਓਥੇ ਨਾ ਉੱਕਰਿਆ ਹੋਵੇ।

ਖ਼ੈਰ ਅੱਗੇ ਗੱਲ ਕਰਨ ਤੋਂ ਪਹਿਲਾਂ ਚਿੱਤਰਕਲਾ ਦੇ ਅਤੀਤ ਤੋਂ ਚੱਲੇ ਆ ਰਹੇ ਇੱਕ ਨੁਕਤੇ 'ਤੇ ਥੋੜ੍ਹੀ ਜਿਹੀ ਨਿਗਾਹ ਮਾਰ ਲਈਏ। ਆਦਿ ਕਾਲ ਤੋਂ ਚੱਲੀ ਆ ਰਹੀ ਚਿੱਤਰਕਲਾ ਵੱਖ-ਵੱਖ ਪੜਾਵਾਂ ਜਾਂ ਸ਼ੈਲੀਆਂ ਵਿੱਚੋਂ ਗੁਜ਼ਰਦੀ ਆਈ ਹੈ। ਇਸ ਦੀਆਂ ਵੱਖ-ਵੱਖ ਵੰਨਗੀਆਂ ਵਿੱਚ ਇੱਕ ਗੱਲ ਸਾਂਝੀ ਰਹੀ ਹੈ ਕਿ ਚਿੱਤਰ ਵਿੱਚੋਂ ਸੁੰਦਰਤਾ ਡੁੱਲ੍ਹ-ਡੁੱਲ੍ਹ ਪੈਣੀ ਲਾਜ਼ਮੀ ਰਹੀ ਹੈ। ਆਮ ਕਰਕੇ ਚਿੱਤਰ ਰਾਜੇ-ਮਹਾਰਾਜਿਆਂ ਦੇ ਹੀ ਚਿੱਤਰੇ ਜਾਂਦੇ ਸਨ, ਸ਼ਾਇਦ ਇਸੇ ਲਈ ਚਿੱਤਰਕਾਰੀ ਵਿੱਚ ਸੁੰਦਰਤਾ ਨੂੰ ਹਾਵੀ ਰੱਖਣ ਦਾ ਸਬੱਬ ਵੀ ਬਣਿਆ ਰਿਹਾ। ਬੁਢੇਪਾ, ਰੋਗ, ਉਦਾਸੀ ਆਦਿ ਰਾਜਿਆਂ ਦੇ ਚਿੱਤਰਾਂ ਵਿੱਚੋਂ ਗਾਇਬ ਹੁੰਦੇ ਸਨ। ਸੌ ਹੱਥ ਰੱਸਾ ਸਿਰੇ 'ਤੇ ਗੰਢ, ਚਿੱਤਰਕਾਰੀ ਦਾ ਮਕਸਦ ਕਦੇ ਵੀ ਇੰਨ-ਬਿੰਨ ਤਸਵੀਰ ਪੇਸ਼ ਕਰਨਾ ਨਹੀਂ ਰਿਹਾ ਬਲਕਿ ਸੁੰਦਰ ਤਸਵੀਰ ਸਿਰਜਣ ਵੱਲ ਹੀ ਤਵੱਜੋ ਦਿੱਤੀ ਜਾਂਦੀ ਰਹੀ ਹੈ।

ਮੌਜੂਦਾ ਦੌਰ ਵਿੱਚ ਕੈਮਰੇ ਨਾਲ ਲਈ ਤਸਵੀਰ ਸਰੀਰਕ ਤੱਥ ਪੇਸ਼ ਕਰਦੀ ਹੈ ਪਰ ਚਿੱਤਰ ਰਾਹੀਂ ਚਿੱਤਰਕਾਰ ਸਰੀਰਕ ਤੱਥਾਂ ਦੀ ਥਾਂ ਸਖਸ਼ੀਅਤ ਦੇ ਤੱਤ ਪੇਸ਼ ਕਰਨ ਵੱਲ ਕੇਂਦਰਤ ਹੁੰਦਾ ਹੈ। ਇਹ ਵੀ ਯਾਦ ਰਹੇ ਕਿ ਮੌਜੂਦਾ ਦੌਰ ਵਿੱਚ ਕੈਮਰੇ ਨਾਲ ਖਿੱਚੀਆਂ ਤਸਵੀਰਾਂ ਸਿਰਫ਼ ਪਾਸਪੋਰਟ ਜਾਂ ਲਾਇਸੈਂਸ ਵਗੈਰਾ ਤੇ ਹੀ ਸਰੀਰਕ ਤੱਥ ਦਰਸਾਉਂਦੀਆਂਹਨ, ਜਦਕਿ ਹੋਰ ਤਸਵੀਰਾਂ ਲਈ ਲੱਖਾਂ ਤਰ੍ਹਾਂ ਦੇ ਫ਼ਿਲਟਰ ਓਹੀ ਸਦੀਆਂ ਪੁਰਾਣੀ ਸੁੰਦਰਤਾ ਪੇਸ਼ ਕਰਨ ਦੀ ਰੀਤ ਨੂੰ ਹੀ ਅੱਗੇ ਤੋਰ ਰਹੇ ਹਨ। ਅਜੋਕੀ ਧਾਰਣਾ ਹੈ ਕਿ ਨਾ ਬੰਦਾ ਲਾਇਸੈਂਸ ਤੇ ਲੱਗੀ ਫ਼ੋਟੋ ਜਿੰਨਾ ਬਦਸੂਰਤ ਹੁੰਦਾ ਹੈ ਨਾ ਫ਼ੇਸਬੁੱਕ 'ਤੇ ਲੱਗੀ ਫ਼ੋਟੋ ਜਿੰਨਾ ਖ਼ੂਬਸੂਰਤ।

ਗੱਲ ਦਾ ਅਗਲਾ ਪੱਖ ਇਸੇ ਧਾਰਨਾ ਨੂੰ ਲੈ ਕੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਚਿੱਤਰੀਆਂ ਗਈਆਂ ਹਨ। ਕਿਸੇ ਚਿੱਤਰਕਾਰ ਨੇ ਦਾਅਵਾ ਨਹੀਂ ਕੀਤਾ ਕਿ ਉਸ ਦੀ ਤਸਵੀਰ ਗੁਰੂ ਸਾਹਿਬ ਦੀ ਇੰਨ-ਬਿੰਨ ਤਸਵੀਰ ਹੈ, ਅਜਿਹਾ ਕਰਨ ਬਾਰੇ ਤਾਂ ਕੋਈ ਸੋਚ ਵੀ ਨਹੀਂ ਸਕਦਾ। ਉਹਨਾਂ ਦੀ ਕੋਸ਼ਿਸ਼ ਚਿੱਤਰਕਲਾ ਦੇ ਮੁੱਢਲੇ ਅਸੂਲ ਅਨੁਸਾਰ ਗੁਰੂ ਸਾਹਿਬ ਦੇ ਸਰੀਰ ਦੀ ਤਸਵੀਰ ਰਾਹੀਂ ਉਹਨਾਂ ਦੀ ਸਖਸ਼ੀਅਤ ਪੇਸ਼ ਕਰਨਾ ਰਿਹਾ ਹੈ।

ਮੈਂ ਹੈਰਾਨ ਹੋਇਆ ਇੱਕ ਸੱਜਣ ਦੱਸ ਰਹੇ ਸਨ ਕਿ ਕਈ ਸਾਲਾਂ ਦੀ ਮਿਹਨਤ ਮਗਰੋਂ ਉਹਨਾਂ ਨੇ ਬਹੁਤ ਮੁਸ਼ਕਲ ਨਾਲ ਉਸ ਸਿੰਘ ਦਾ ਪਤਾ ਲਗਾ ਲਿਆ ਜਿਸ ਨੂੰ ਵੇਖ ਕੇ ਸ਼ੋਭਾ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਤਿਆਰ ਕੀਤੀ ਸੀ। ਕਾਸ਼ ਉਹ ਸੱਜਣ, ਸ਼ੋਭਾ ਸਿੰਘ ਨੂੰ ਫ਼ਰੋਲਣ ਦੀ ਥਾਂ ਇੰਨੇ ਸਾਲ ਆਪਣੇ ਮਨ ਨੂੰ ਫ਼ਰੋਲ ਲੈਂਦਾ ਤਾਂ ਸ਼ਾਇਦ ਉਸਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੀ ਪ੍ਰਤੱਖ ਦਰਸ਼ਨ ਹੋ ਜਾਂਦੇ। ਅਸੀਂ ਅੰਬ ਚੂਪਣ ਦੀ ਥਾਂ ਜੜ੍ਹਾਂ ਪੁੱਟਣ ਵੱਲ ਜ਼ਿਆਦਾ ਜ਼ੋਰ ਲਗਾ ਦਿੰਦੇ ਹਾਂ। ਸ਼ੋਭਾ ਸਿੰਘ ਦਾ ਜ਼ਿਕਰ ਹੋਇਆ ਤਾਂ ਉਸ ਦੀ ਇੱਕ ਗੱਲ ਹੋਰ ਸਾਂਝੀ ਕਰ ਦਿਆਂ ਜਿਸ ਨਾਲ ਹੁਣ ਤੱਕ ਲਿਖੇ 'ਤੇ ਮੋਹਰ ਲੱਗ ਜਾਵੇਗੀ। ਸ਼ੋਭਾ ਸਿੰਘ ਨੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦਾ ਚਿੱਤਰ ਤਕਰੀਬਨ 40 ਸਾਲ ਆਪਣੀ ਗੈਲਰੀ ਵਿੱਚ ਰੱਖਣ ਮਗਰੋਂ ਜਨਤਕ ਕੀਤਾ ਤੇ ਉਸ ਮੁਤਾਬਿਕ ਉਹ ਛੇਵੇਂ ਪਾਤਸ਼ਾਹ ਦਾ ਚਿੱਤਰ ਦਹਾਕੇ ਲਗਾਕੇ ਵੀ ਪੂਰਾ ਨਹੀਂ ਕਰ ਸਕਿਆ, ਇਸ ਲਈ ਮਜਬੂਰੀ ਵੱਸ ਅੱਧ-ਅਧੂਰਾ ਹੀ ਛਪਵਾ ਦਿੱਤਾ। ਉਹ ਅੱਧ-ਅਧੂਰਾ ਚਿੱਤਰ ਇੰਨਾ ਖ਼ੂਬਸੂਰਤ ਹੈ ਕਿ ਕੋਈ ਘੰਟਿਆਂ ਬੱਧੀ ਨਿਗਾਹ ਗੱਡ ਕੇ ਉਸਨੂੰ ਬਿਨਾਂ ਥੱਕੇ, ਬਿਨਾਂ ਅੱਕੇ ਵੇਖਦਾ ਰਹਿ ਸਕਦਾ ਹੈ ਪਰ ਸ਼ੋਭਾ ਸਿੰਘ ਮੁਤਾਬਿਕ ਉਹ ਚਿੱਤਰ ਅੱਧ-ਅਧੂਰਾ ਹੈ ਕਿਉਂਕਿ ਉਸ ਮੁਤਾਬਿਕ ਉਸ ਚਿੱਤਰ ਵਿੱਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਖਸ਼ੀਅਤ ਵੀ ਉੱਘੜਨੀ ਚਾਹੀਦੀ ਸੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਰਬਾਬ ਤੇ ਕ੍ਰਿਪਾਨ ਦੋਵੇਂ ਕਰਤਾਰ ਦੀ ਯਾਦ ਵਾਲੀ ਚੁੱਪ ਅਤੇ ਸੰਸਾਰ ਤੇ ਜੈਕਾਰੇ ਵਾਲੀ ਗਰਜ ਦੋਵੇਂ ਤੇ ਉਹ ਕਹਿੰਦਾ ਮੈਂ ਅਸਫ਼ਲ ਰਿਹਾ ਅਜਿਹਾ ਕਰਨ ਵਿੱਚ। ਚਿੱਤਰਾਂ ਵਿੱਚੋਂ ਸਰੀਰ ਲੱਭਣ ਵਾਲਿਆਂ ਲਈ ਇਹ ਚਿੱਤਰ ਕਾਲਪਨਿਕ ਹੀ ਰਹਿਣਗੇ।ਹੁਣ ਅਗਲੀ ਗੱਲ ਮੰਨ ਲਵੋ ਗੁਰੂ ਸਾਹਿਬ ਦੇ ਵੇਲੇ ਵੀ ਅਜੋਕੀ ਤਕਨੀਕ ਹੁੰਦੀ ਤਾਂ ਕੀ ਸਿੱਖ ਗੁਰੂ ਸਾਹਿਬ ਦੀਆਂ ਤਸਵੀਰਾਂ ਦੀ ਪੂਜਾ ਕਰਦੇ? ਸੰਤ ਜਰਨੈਲ ਸਿੰਘ ਜੀ ਤੋਂ ਇੱਕ ਪੱਤਰਕਾਰ ਬੀਬੀ ਨੇ ਉਹਨਾਂ ਪਿੱਛੇ ਕੰਧ 'ਤੇ ਲੱਗੀ ਗੁਰੂ ਗੋਬਿੰਦ ਸਿੰਘ ਜੀ ਦੀ ਕਾਲਪਨਿਕ ਤਸਵੀਰ ਬਾਰੇ ਸਵਾਲ ਕੀਤਾ ਸੀ ਤਾਂ ਸੰਤ ਜੀ ਦਾ ਜਵਾਬ ਸੀ, ਮੈਂ ਤਸਵੀਰ ਦਾ ਸਤਿਕਾਰ ਕਰਦਾ ਹਾਂ, ਪੂਜਾ ਨਹੀਂ। ਗੁਰੂ ਸਾਹਿਬਾਨ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਵੀ ਹਨ ਤੇ ਹਰਿਮੰਦਰ ਸਾਹਿਬ ਵਿੱਚ ਵੀ ਉੱਕਰੀਆਂ ਹੋਈਆਂ ਹਨ ਕੋਈ ਉਹਨਾਂ ਦੀ ਪੂਜਾ ਨਹੀਂ ਕਰਦਾ ਹਾਂ ਜੇ ਕਿਸੇ ਨੇ ਤੰਬਾਕੂ/ਬੀੜੀ ਆਦਿ 'ਤੇ ਗੁਰੂ ਸਾਹਿਬ ਦੀ ਕਾਲਪਨਿਕ ਆਖੀ ਜਾਣ ਵਾਲੀ ਤਸਵੀਰ ਛਾਪਣ ਦੀ ਹਿਮਾਕਤ ਕੀਤੀ ਤਾਂ ਪੰਥ ਨੇ ਸਖ਼ਤ ਵਿਰੋਧ ਕਰ ਅਗਲਿਆਂ ਨੂੰ ਜਾਂ ਤਾਂ ਮਾਫ਼ੀ ਮੰਗਣ ਲਈ ਮਜਬੂਰ ਕਰ ਦਿੱਤਾ ਜਾਂ ਸਜ਼ਾ ਵੀ ਦਿੱਤੀ। ਲਾਲਾ ਜਗਤ ਨਾਰਾਇਣ ਨੇ ਆਪਣੇ ਅਖਬਾਰ ਦੇ ਕੈਲੰਡਰ 'ਤੇ ਦਸ਼ਮੇਸ਼ ਪਿਤਾ ਦੇ ਬਰਾਬਰ ਆਪਣੀ ਤਸਵੀਰ ਛਾਪੀ ਸੀ, ਸੰਤਾਂ ਦੇ ਰੋਹ ਕਾਰਣ ਉਸਨੂੰ ਉਹ ਮਾਫ਼ੀ ਮੰਗ ਵਾਪਸ ਲੈਣਾ ਪਿਆ ਸੀ। ਜੇ ਦਸਵੇਂ ਪਾਤਸ਼ਾਹ ਦੀ ਤਸਵੀਰ ਕਾਲਪਨਿਕ ਸੀ, ਫ਼ਿਰ ਸੰਤਾਂ ਨੂੰ ਨਾਰਾਜ਼ ਹੋਣ ਦੀ ਕੀ ਲੋੜ ਸੀ। ਧਰਮ ਯੁੱਧ ਮੋਰਚੇ ਜੇ ਕਿਸੇ ਨੇ ਅੰਮ੍ਰਿਤਸਰ ਸਟੇਸ਼ਨ 'ਤੇ ਲੱਗੀ ਸ੍ਰੀ ਗੁਰੂ ਰਾਮ ਦਾਸ ਜੀ ਦਾ ਕਾਲਪਨਿਕ ਚਿੱਤਰ ਪਾੜ੍ਹਕੇ, ਉਸ ਚਿੱਤਰ (ਲਿਖਦਿਆਂ ਮੇਰੇ ਹੱਥ ਕੰਬਦੇ ਨੇ) ਤੇ ਬਣੇ ਚਿਹਰੇ 'ਤੇ ਜੁੱਤੀਆਂ ਮਾਰੀਆਂ ਤਾਂ ਸਿੰਘਾਂ ਨੇ ਉਸ ਨੂੰ ਸੋਧਣ ਵਿੱਚ ਰਤਾ ਢਿੱਲ ਨਾ ਕੀਤੀ। ਕਹਿਣ ਦਾ ਭਾਵ ਹੈ ਕਿ ਸਿੱਖ, ਚਿੱਤਰਕਾਰੀ ਨੂੰ ਸਵੀਕਾਰਦੇ ਹਨ। ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਚਿੱਤਰ ਸੂਰਤ ਦਰਸਾਉਣ ਲਈ ਨਹੀਂ, ਸੀਰਤ ਵਿਖਾਉਣ ਲਈ ਸਿਰਜੇ ਜਾਂਦੇ ਹਨ। ਅਸੀਂ ਨਾ ਤਾਂ ਹਿੰਦੂਆਂ ਵਾਂਗੂੰ ਚਿੱਤਰਾਂ ਨੂੰ ਰੱਬ ਮੰਨਦੇ ਹਾਂ ਤੇ ਨਾ ਹੀ ਤਾਲਿਬਾਨੀ ਕਿਸਮ ਦੀ ਨਫ਼ਰਤ ਕਰਦੇ ਹਾਂ।

ਜੇ ਚਿੱਤਰਕਾਰੀ ਕਾਲਪਨਿਕ ਹੈ ਤਾਂ ਇਤਿਹਾਸ ਨੂੰ ਵੀ ਸੱਚਾ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਕੁਝ ਘਟਨਾਵਾਂ ਨੂੰ ਛੱਡਕੇ, ਕਦੇ ਵੀ ਇਤਿਹਾਸਕਾਰ ਮੌਕੇ 'ਤੇ ਮੌਜੂਦ ਨਹੀਂ ਰਹੇ। ਕਈ ਵਾਰੀ ਤਾਂ ਇਤਿਹਾਸਿਕ ਗ੍ਰੰਥ ਸੈਂਕੜੇਂ ਸਾਲ ਮਗਰੋਂ ਹੋਂਦ ਵਿੱਚ ਆਉਂਦੇ ਹਨ। ਹਰ ਇਤਿਹਾਸਕਾਰ ਤੇ ਅੱਗੋਂ ਉਸਦੇ ਵਿਆਖਿਆਕਾਰ ਹਰੇਕ ਘਟਨਾ ਨੂੰ ਆਪਣੇ ਅੰਦਾਜ਼ ਵਿੱਚ ਬਿਆਨ ਕਰਦੇ ਹਨ, ਆਪਣੀ ਸੋਝੀ ਮੁਤਾਬਿਕ ਉਹ ਇਤਿਹਾਸਿਕ ਘਟਨਾ ਦੇ ਪਾਤਰਾਂ ਦੇ ਮੂੰਹੋਂ ਵਾਕ ਉਚਾਰਣ ਕਰਵਾਉਂਦੇ ਹਨ। ਇੱਕ ਵਿਆਖਿਆਕਾਰ ਦੀ ਵਾਕ-ਬਣਤਰ ਦੂਜੇ ਨਾਲੋਂ ਵੱਖ ਹੁੰਦੀ ਹੈ ਪਰ ਇਸ ਸਭ ਕੁਝ ਨੂੰ ਅਸੀਂ ਕਾਲਪਨਿਕ ਨਹੀਂ ਆਖ ਸਕਦੇ। ਚਿੱਤਰਕਾਰ ਵਾਂਗ ਹੀ ਇਤਿਹਾਸਕਾਰ ਤੇ ਵਿਆਖਿਆਕਾਰ ਦਾ ਮਕਸਦ ਇੰਨ-ਬਿੰਨ ਗੱਲ ਕਰਨਾ ਨਹੀਂ ਹੁੰਦਾ ਸਗੋਂ ਇਤਿਹਾਸਿਕ ਸਖਸ਼ੀਅਤ ਨੂੰ ਸਰੋਤਿਆਂ ਅੱਗੇ ਖ਼ੂਬਸੂਰਤ ਢੰਗ ਨਾਲ ਪੇਸ਼ ਕਰਨਾ ਹੁੰਦਾ ਹੈ।

ਹੁਣ ਇੱਕ ਹੋਰ ਨਿਵੇਕਲਾ ਪੱਖ, ਜਿਸ ਵੱਲ ਕਿਸੇ ਦਾ ਧਿਆਨ ਨਹੀਂ ਜਾਂਦਾ ਉਹ ਹੈ ਕਿ ਦੁਨੀਆਂ ਵਿੱਚ ਕਿਸੇ ਵੀ ਹੋਰ ਧਰਮ ਨਾਲੋਂ ਸਭ ਤੋਂ ਵੱਧ ਸਿੱਖ ਹੀ ਤਸਵੀਰਾਂ ਨੂੰ ਮੱਥਾ ਟੇਕਦੇ ਹਨ। ਤੁਹਾਨੂੰ ਇਹ ਗੱਲ ਪੜ੍ਹਨ ਵਿੱਚ ਅਜੀਬ ਲੱਗੇਗੀ ਪਰ ਹੈ ਕੌੜੀ ਸੱਚਾਈ। ਉਹ ਲੋਕ ਵੀ ਮੱਥਾ ਟੇਕਦੇ ਹਨ ਜੋ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨੂੰ ਕਾਲਪਨਿਕ ਆਖਕੇ ਉਹਨਾਂ ਦਾ ਵਿਰੋਧ ਕਰਦੇ ਹਨ।

ਉਪਰੋਕਤ ਗੱਲ ਨੂੰ ਸਾਹਮਣੇ ਲਿਆਉਣ ਤੋਂ ਪਹਿਲਾਂ ਮੈਨੂੰ ਕੁਝ ਹੋਰ ਨੁਕਤੇ ਸਾਂਝੇ ਕਰਨ ਦੀ ਲੋੜ ਹੈ ਫ਼ਿਰ ਤੁਹਾਨੂੰ ਗੱਲ ਬਿਲਕੁਲ ਸਾਫ਼ ਹੋ ਜਾਵੇਗੀ। ਸਿੱਖ ਧਰਮ ਵਿੱਚ ਸਭ ਤੋਂ ਵੱਧ ਸਤਿਕਾਰਯੋਗ ਹਨ ਗੁਰੂ ਸਾਹਿਬਾਨ, ਫ਼ਿਰ ਭਗਤ, ਪੰਜ ਪਿਆਰੇ, ਸਾਹਿਬਜ਼ਾਦੇ, ਬੇਅੰਤ ਸ਼ਹੀਦ, ਮਹਾਂਪੁਰਖ, ਯੋਧੇ, ਵਿਦਵਾਨ। ਤੇ ਅਜੋਕੇ ਸਮੇਂ ਵਿੱਚ ਵੱਖ ਵੱਖ ਸੰਪਰਦਾਵਾਂ ਨਾਲ ਜੁੜੇ ਵਿਅਕਤੀਆਂ ਲਈ ਉਹਨਾਂ ਦੇ ਡੇਰਿਆਂ ਦੇ ਆਗੂ। ਇਸੇ ਤਰ੍ਹਾਂ ਹੀ ਹੋਰ ਥੱਲੇ ਸਰਕਦੇ ਜਾਈਏ ਤਾਂ ਸਿਆਸੀ ਜਮਾਤਾਂ ਨਾਲ ਜੁੜੇ ਲੋਕਾਂ ਲਈ ਉਹਨਾਂ ਦੇ ਆਗੂ ਸਤਿਕਾਰਤ ਹੋਣਗੇ। ਇੰਨਾ ਹੇਠਾਂ ਆਏ ਹਾਂ ਤਾਂ ਹੇਠਾਂ ਤੋਂ ਹੀ ਗੱਲ ਸ਼ੁਰੂ ਕਰਦੇ ਹਾਂੜ ਸਿਆਸੀ ਬੰਦੇ (ਸਾਰੇ ਨਹੀਂ) ਆਮ ਕਰਕੇ ਆਮ ਬੰਦੇ ਤੋਂ ਵੀ ਘੱਟ ਸੋਝੀ, ਘੱਟ ਇਮਾਨਦਾਰੀ ਵਾਲੇ ਹੁੰਦੇ ਹਨ, ਤੇ ਸਿਆਸਤ ਵਿੱਚ ਕਾਮਯਾਬ ਓਹੀ ਹੁੰਦਾ ਹੈ ਜੋ ਆਪਣੇ ਵਿਰੋਧੀ ਨਾਲੋਂ ਕਪਟ, ਛੱਲ, ਫ਼ਰੇਬ ਵਿੱਚ ਜ਼ਿਆਦਾ ਨਿਪੁੰਨ ਹੁੰਦਾ ਹੈ। ਸੰਸਾਰ ਦੇ ਕੁਝ ਕੁ ਸਿਆਸਤਦਾਨਾਂ ਨੂੰ ਛੱਡਕੇ ਬਹੁਤੇ ਦੂਜਿਆਂ ਨਾਲੋਂ ਵੱਧ ਫ਼ਰੇਬੀ, ਕਪਟੀ, ਝੂਠੇ ਹੋਣ ਕਰਕੇ ਹੀ ਸਿਆਸਤ ਦੀ ਟੀਸੀ ਤੱਕ ਪਹੁੰਚਦੇ ਰਹੇ ਹਨ। ਸਿਆਸਤਦਾਨ ਨੇ ਵਿਰੋਧੀਆਂ ਨੂੰ ਤਾਂ ਡੋਬਣਾ ਹੀ ਹੁੰਦਾ ਹੈ, ਨਾਲ ਨਾਲ ਉਸਨੂੰ ਆਪਣੇ ਸਾਥੀਆਂ 'ਤੇ ਵੀ ਨਿਗਾਹ ਰੱਖਣੀ ਪੈਂਦੀ ਹੈ ਕਿ ਉਹਨਾਂ ਵਿੱਚੋਂ ਵੀ ਕੋਈ ਤੈਰਦਾ ਨਾ ਰਹਿ ਸਕੇ। ਸੰਸਾਰ ਦੇ ਹਰ ਦੇਸ਼ ਦੀ ਇਹੀ ਕਹਾਣੀ ਹੈ, ਭਾਵੇਂ ਕੋਈ ਕਿੰਨਾ ਵੀ ਆਪਣੇ ਆਗੂ ਨੂੰ ਨਾਇਕ ਆਖੀ ਜਾਵੇ। ਇੱਥੇ ਗੱਲ ਛੱਡਦਾ ਹਾਂ ਹਾਲੇ, ਮੁੜ ਇੱਥੋਂ ਹੀ ਉਠਾਵਾਂਗਾ।

ਮੰਨ ਲਵੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅੱਗੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਰੱਖਣੀਆਂ ਲਾਜ਼ਮੀ ਕਰ ਦਿੱਤੀਆਂ ਜਾਣ ਤਾਂ ਯਕੀਨਨ ਉਸ ਦਾ ਵਿਰੋਧ ਹੋਵੇਗਾ। ਇਸੇ ਕਿਸਮ ਦਾ ਵਿਰੋਧ ਭਗਤਾਂ ਤੇ ਸ਼ਹੀਦਾਂ ਦੀਆਂ ਤਸਵੀਰਾਂ ਬਾਰੇ ਵੀ ਕੀਤਾ ਜਾਵੇਗਾ। ਕਿਸੇ ਇੱਕ ਸੰਪਰਦਾ ਦੇ ਮਹਾਂਪੁਰਖ ਦੀ ਤਸਵੀਰ ਤਾਂ ਦੂਜੇ ਸੰਪਰਦਾ ਵਾਲਿਆਂ ਨੇ ਹੀ ਨਹੀਂ ਰੱਖਣ ਦੇਣੀ। ਇਹ ਸਭ ਛੱਡੋ ਕੀ ਕੋਈ ਸਿੱਖ ਕਿਸੇ ਸਿਆਸਤਦਾਨ ਦੀ ਤਸਵੀਰ ਗੁਰੂ ਸਾਹਿਬ ਅੱਗੇ ਰੱਖਣ ਦੀ ਇਜ਼ਾਜ਼ਤ ਦੇਵੇਗਾ? ਤੁਸੀਂ ਆਪ ਹੀ ਆਪਣੀ ਪਸੰਦ ਦੇ ਕਿਸੇ ਵੀ ਕਾਮਯਾਬ ਸਿੱਖ ਸਿਆਸਤਦਾਨ ਦੀ ਤਸਵੀਰ ਗੁਰੂ ਸਾਹਿਬ ਅੱਗੇ ਰੱਖਣ ਲਈ ਸਹਿਮਤ ਹੋਵੋਂਗੇ, ਜਿਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਸਿਰ ਝੁਕਾਉਣ ਵਾਲੇ ਸਿੱਖ ਦਾ ਸਿਰ ਉਸ ਸਿਆਸਤਦਾਨ ਅੱਗੇ ਵੀ ਝੁਕ ਜਾਵੇ। ਹੈ ਕੋਈ ਇੰਨਾ ਉੱਚਾ ਸਿਆਸਤਦਾਨ ਜਿਸ ਦੀ ਤਸਵੀਰ ਗੁਰੂ ਸਾਹਿਬ ਅੱਗੇ ਟਿਕਾਈ ਜਾ ਸਕੇ?

ਅਜੋਕੀ ਸਿੱਖ ਸਿਆਸਤ ਵਿੱਚ ਦੂਜਿਆਂ ਨੂੰ ਠਿੱਬੀ ਲਾ ਕੇ ਸਫ਼ਲ ਹੋਏ ਬਾਦਲ ਨਾਲੋਂ ਵੱਡਾ ਸਿਆਸਤਦਾਨ ਹੋਰ ਕੋਈ ਹੈ ਨਹੀਂ, ਜੇ ਕੋਈ ਸੰਪਰਦਾ ਕੋਈ ਸੰਸਥਾ ਉਸ ਦੀ ਤਸਵੀਰ ਗੁਰੂ ਸਾਹਿਬ ਅੱਗੇ ਰੱਖਣ ਦੀ ਲਹਿਰ ਚਲਾਉਣ ਦੀ ਕੋਸ਼ਿਸ਼ ਕਰੇ ਤਾਂ ਸਿੱਖ ਉਸ ਦਾ ਕੀ ਹਸ਼ਰ ਕਰਨਗੇ, ਇਹ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ।

ਇਸ ਪੱਖ ਦੀ ਆਖ਼ਰੀ ਦਲੀਲ। ਆਗਰੇ ਦੇ ਘਾਹੀ ਸਿੱਖ ਨੇ ਜਹਾਂਗੀਰ ਅੱਗਿਓਂ ਆਪਣੀ ਭੇਟਾ ਚੁੱਕ ਲਈ ਸੀ ਜੇ ਜਹਾਂਗੀਰ, ਛੇਵੇਂ ਪਾਤਸ਼ਾਹ ਅਤੇ ਘਾਹੀ ਦੇ ਵਿਚਕਾਰ ਬੈਠਾ ਹੁੰਦਾ ਤਾਂ ਕੀ ਸਿੱਖ, ਜਹਾਂਗੀਰ ਨੂੰ ਵਿੱਚੋਂ ਉਠਾਏ ਬਿਨਾਂ ਹੀ ਗੁਰੂ ਸਾਹਿਬ ਨੂੰ ਮੱਥਾ ਟੇਕ ਦਿੰਦਾ? ਹਰਗਿਜ਼ ਨਹੀਂ। ਪਰ ਅਸੀਂ ਅਜਿਹਾ ਨਹੀਂ ਕਰਦੇ, ਇਸੇ ਲਈ ਜ਼ਿਕਰ ਕੀਤਾ ਸੀ ਕਿ ਤਸਵੀਰਾਂ ਨੂੰ ਸਭ ਤੋਂ ਵੱਧ ਮੱਥਾ ਸਿੱਖ ਹੀ ਟੇਕਦੇ ਹਨ।

ਹੁਣ ਛੱਡੀ ਗੱਲ ਮੁੜ ਉਠਾਉਂਦਾ ਹੋਇਆ ਦੱਸਣਾ ਚਾਹੁੰਦਾ ਹਾਂ ਕਿ ਦੂਜਿਆਂ ਨੂੰ ਪਛਾੜਕੇ ਸਿਆਸਤ ਦੀ ਟੀਸੀ ਤੇ ਪਹੁੰਚੇ ਹੋਏ ਸਿਆਸਤਦਾਨਾਂ ਦੀਆਂ ਤਸਵੀਰਾਂ ਹੀ ਕਰੰਸੀ ਤੇ ਛਪਦੀਆਂ ਹਨ। ਅਸੀਂ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨੂੰ ਕਾਲਪਨਿਕ ਆਖ ਕੇ ਉਹਨਾਂ ਨੂੰ ਪ੍ਰਵਾਨ ਕਰਨ ਤੋਂ ਆਕੀ ਹੋ ਸਕਦੇ ਹਾਂ ਪਰ ਗੋਲਕ ਵਿੱਚ ਪਈਆਂ ਹਜ਼ਾਰਾਂ ਦੀ ਗਿਣਤੀ ਵਿੱਚ ਅਜਿਹੇ ਟੀਸੀ ਦੇ ਸਿਆਸਤਦਾਨਾਂ ਦੀਆਂ ਤਸਵੀਰਾਂ, ਗੁਰੂ ਸਾਹਿਬ ਦੇ ਸਰੂਪ ਨਾਲੋਂ ਸਾਡੇ ਝੁਕੇ ਹੋਏ ਸਿਰ ਦੇ ਜ਼ਿਆਦਾ ਨਜ਼ਦੀਕ ਹੁੰਦੀਆਂ ਹਨ।

ਹੈਰਾਨੀ ਦੀ ਗੱਲ ਹੈ ਕਿ ਆਮ ਬੰਦੇ ਨਾਲੋਂ ਗਏ ਗੁਜ਼ਰੇ ਛਲ, ਕਪਟ, ਫ਼ਰੇਬ ਵਿੱਚ ਆਪਣੇ ਸਮਕਾਲੀਆਂ ਨਾਲੋਂ ਜ਼ਿਆਦਾ ਗ਼ਰਕੇ ਹੋਏ ਸਿਆਸਤਦਾਨਾਂ ਦੇ ਚਿੱਤਰਾਂ ਅੱਗੇ ਸਿਰ ਝੁਕਾਉਂਦਿਆਂ ਸਾਨੂੰ ਕੋਈ ਇਤਰਾਜ਼ ਨਹੀਂ ਹੁੰਦਾ। ਪਰ ਗੁਰੂ ਸਾਹਿਬ ਦੀਆਂ ਤਸਵੀਰਾਂ ਸਾਨੂੰ ਭਾਉਂਦੀਆਂ ਨਹੀਂ!

ਸ਼ਬੀਹ-ਏ-ਸ਼ਰਾਬ ਆਗੇ ਸਿਰ ਝੁਕਾਏਂ ਹਮ
ਦੂਧ ਕੀ ਤਸਵੀਰ ਸੇ ਹਮੇਂ ਕਫ਼ ਹੋ ਜਾਤੀ ਹੈ



# ਖ਼ਾਲਸਾ ਪੰਥ ਅਤੇ ਨਿਆਂ ਦੇ ਰਾਜ ਸੰਕਲਪ ਦੇ ਸਿਰਜਕ ਸ੍ਰੀ ਗੁਰੂ ਗੋਬਿੰਦ ਸਿੰਘ

ਡਾ. ਰਣਜੀਤ ਸਿੰਘ

ਜਦੋਂ ਗੁਰੂ ਗੋਬਿੰਦ ਸਿੰਘ ਦਾ ਆਗਮਨ ਹੋਇਆ, ਉਦੋਂ ਸਮਾਜ ਉਚ-ਨੀਚ ਤੇ ਜਾਤ-ਪਾਤ ਦੇ ਬੰਧਨਾਂ ਵਿੱਚ ਬੰਨ੍ਹਿਆ ਹੋਇਆ ਸੀ। ਲੋਕਾਈ ਦੀ ਬਹੁ-ਗਿਣਤੀ ਨੂੰ ਸ਼ੂਦਰ ਆਖ ਪਸ਼ੂਆਂ ਨਾਲੋਂ ਵੀ ਭੈੜਾ ਸਲੂਕ ਕੀਤਾ ਜਾਂਦਾ ਸੀ। ਇਸ ਨਾਬਰਾਬਰੀ ਵਿਰੁੱਧ ਗੁਰੂ ਨਾਨਕ ਸਾਹਿਬ ਵੱਲੋਂ ਵਿੱਢੀ ਮੁਹਿੰਮ ਨੂੰ ਅਮਲੀ ਰੂਪ ਦੇ ਕੇ ਗੁਰੂ ਜੀ ਨੇ ਖ਼ਾਲਸੇ ਦੀ ਸਿਰਜਣਾ ਕੀਤੀ ਅਤੇ ਸੰਸਾਰ 'ਚੋਂ ਮਨੁੱਖੀ ਵਿਤਕਰੇ ਨੂੰ ਮੇਟ ਸਾਰਿਆਂ ਨੂੰ ਬਰਾਬਰੀ ਦੀ ਬਖ਼ਸ਼ਿਸ਼ ਕੀਤੀ। ਉਨ੍ਹਾਂ ਆਪਣੇ ਕਥਨ, 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਨੂੰ ਅਮਲੀ ਰੂਪ ਦਿੱਤਾ। ਧਰਮ, ਜਾਤ, ਰੰਗ, ਨਸਲ, ਅਮੀਰੀ ਆਦਿ ਕਾਰਨ ਪਏ ਮਨੁੱਖੀ ਵਿਤਕਰਿਆਂ ਨੂੰ ਇੱਕੋ ਝਟਕੇ ਨਾਲ ਤੋੜ ਸਭਨਾਂ ਨੂੰ ਇੱਕੋ ਨਾਮ ਅਤੇ ਸਰੂਪ ਦੀ ਬਖ਼ਸ਼ਿਸ਼ ਕੀਤੀ।

ਗੁਰੂ ਜੀ ਨੇ 1699 ਦੀ ਵਿਸਾਖੀ ਵਾਲੇ ਦਿਨ ਕੇਸਗੜ੍ਹ ਸਾਹਿਬ ਵਿੱਚ ਭਰੇ ਦੀਵਾਨ 'ਚ ਮਿਆਨ 'ਚੋਂ ਲਿਸ਼ਕਦੀ ਤਲਵਾਰ ਕੱਢ ਕੇ ਇੱਕ-ਇੱਕ ਕਰਕੇ ਪੰਜ ਸਿਰਾਂ ਦੀ ਮੰਗ ਕੀਤੀ ਤੇ ਇਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਨਾਲ ਸਿੰਘ ਸਜਾ ਕੇ ਪੰਜ ਪਿਆਰਿਆਂ ਦਾ ਨਾਂ ਦਿੱਤਾ। ਇਸ ਮਗਰੋਂ ਗੁਰੂ ਜੀ ਨੇ ਖਾਲਸੇ ਦੀ ਸਿਰਜਣਾ ਕਰਕੇ ਆਪਣੇ ਆਪ ਨੂੰ ਵੀ ਉਸੇ ਪੰਗਤੀ ਵਿੱਚ ਖੜ੍ਹਾ ਕਰ ਦਿੱਤਾ ਤੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਗੁਰੂ-ਚੇਲੇ ਦਾ ਫ਼ਰਕ ਮੇਟਿਆ।

ਗੁਰੂ ਜੀ ਸਿਰਫ਼ ਨੌਂ ਵਰ੍ਹਿਆਂ ਦੇ ਸਨ, ਜਦੋਂ ਉਨ੍ਹਾਂ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਨੂੰ ਮਨੁੱਖੀ ਹੱਕਾਂ ਦੀ ਰਾਖੀ ਲਈ ਸ਼ਹੀਦੀ ਦੇਣ ਦਿੱਲੀ ਤੋਰਿਆ ਸੀ। ਗੁਰੂ ਜੀ ਨੇ ਚਮਕੌਰ ਦੀ ਗੜ੍ਹੀ ਵਿੱਚ ਆਪਣੇ ਦੋਵੇਂ ਵੱਡੇ ਸਾਹਿਬਜ਼ਾਦਿਆਂ ਨੂੰ ਧਰਮ ਯੁੱਧ ਵਿੱਚ ਸ਼ਹੀਦ ਹੋਣ ਲਈ ਭੇਜਿਆ। ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਨੇ ਨੀਂਹ ਵਿੱਚ ਚਿਣਵਾ ਕੇ ਸ਼ਹੀਦ ਕੀਤਾ। ਗੁਰੂ ਜੀ ਨੇ ਤਲਵਾਰ ਨੂੰ ਕਿਰਪਾਨ ਦੇ ਰੂਪ ਵਿੱਚ ਸਾਰੇ ਸਿੰਘਾਂ ਲਈ ਪਹਿਨਣਾ ਲਾਜ਼ਮੀ ਕਰ ਦਿੱਤਾ ਤਾਂ ਜੋ ਲੋੜ ਪੈਣ 'ਤੇ ਇਸ ਦੀ ਵਰਤੋਂ ਜ਼ੁਲਮ ਵਿਰੁੱਧ ਕੀਤੀ ਜਾ ਸਕੇ। ਸੰਸਾਰ 'ਚੋਂ ਸ਼ਖ਼ਸੀ ਰਾਜ ਦੇ ਜ਼ੁਲਮ ਨੂੰ ਖ਼ਤਮ ਕਰਕੇ ਪੰਚਾਇਤੀ ਰਾਜ ਆਧਾਰਤ ਲੋਕਰਾਜ ਦੀ ਨੀਂਹ ਰੱਖੀ। ਸਾਰੇ ਫ਼ੈਸਲੇ ਚੁਣੇ ਗਏ ਪੰਜ ਲੋਕ ਆਗੂਆਂ ਰਾਹੀਂ ਕਰਨ ਦੀ ਪਿਰਤ ਪਾਈ। ਖ਼ਾਲਸਾ ਰਾਜ ਦਾ ਸੰਕਲਪ ਅਤੇ ਖ਼ਾਲਸੇ ਦੀ ਸਿਰਜਣਾ ਇੱਕ ਨਵੇਂ ਇਨਕਲਾਬ ਦਾ ਆਰੰਭ ਸੀ। ਇੰਜ ਦਸਮੇਸ਼ ਪਿਤਾ ਨੇ ਸੰਸਾਰ ਵਿੱਚ ਰਾਜਨੀਤਕ, ਸਮਾਜਿਕ ਅਤੇ ਸੱਭਿਆਚਾਰਕ ਇਨਕਲਾਬ ਸਿਰਜਿਆ।

ਗੁਰੂ ਸਾਹਿਬ ਨੇ ਆਪਣੇ ਆਪ ਨੂੰ ਰੱਬ ਆਖਣਾ ਤਾਂ ਦੂਰ ਆਪਣੇ ਆਪ ਨੂੰ ਰੱਬ ਦਾ ਪੈਗੰਬਰ ਵੀ ਨਹੀਂ ਆਖਿਆ, ਸਗੋਂ ਪਰਮਾਤਮਾ ਦਾ ਦਾਸ ਆਖਿਆ:

ਜੋ ਹਮ ਕੋ ਪਰਮੇਸ਼ਰ ਉਚਰਿ ਹੈ॥
ਤੇ ਸਭ ਨਰਕਿ ਕੁੰਡ ਮਹਿ ਪਰਿ ਹੈ॥
ਮੋ ਕੋ ਦਾਸੁ ਤਵਨ ਕਾ ਜਾਨੋ॥
ਯਾ ਮੈ ਭੇਦੁ ਨ ਰੰਚ ਪਛਾਨੋ॥
ਮੈ ਹੋ ਪਰਮ ਪੁਰਖ ਕੋ ਦਾਸਾ॥
ਦੇਖਨਿ ਆਯੋ ਜਗਤ ਤਮਾਸਾ॥

ਗੁਰੂ ਸਾਹਿਬ ਸਮੇਂ ਸਮਾਜ ਵਿੱਚ ਔਰਤ ਦੀ ਸਥਿਤੀ ਠੀਕ ਨਹੀਂ ਸੀ। ਲੜਕੀ ਦੇ ਜਨਮ ਲੈਂਦਿਆਂ ਹੀ ਉਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਜਾਂਦੀ ਸੀ। ਗੁਰੂ ਜੀ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ। ਉਨ੍ਹਾਂ ਹੁਕਮ ਜਾਰੀ ਕੀਤਾ ਕਿ ਜਿਹੜਾ ਲੜਕੀ ਦੀ ਹੱਤਿਆ ਕਰਦਾ ਹੈ, ਉਹ ਉਨ੍ਹਾਂ ਦਾ ਸਿੰਘ ਨਹੀਂ ਹੋ ਸਕਦਾ। ਸੱਚ ਤੇ ਹੱਕ ਦੀ ਕਮਾਈ ਖਾਣ ਵਾਲਾ ਅਤੇ ਲੋੜਵੰਦਾਂ ਦੀ ਸਹਾਇਤਾ ਕਰਨ ਵਾਲਾ ਹੀ ਗੁਰੂ ਜੀ ਦਾ ਸਿੰਘ ਹੋ ਸਕਦਾ ਹੈ। ਗੁਰੂ ਜੀ ਵੱਲੋਂ ਬਖ਼ਸ਼ੀ ਸ਼ਕਤੀ ਹੀ ਸੀ, ਜਿਸ ਨੇ ਬੀਬੀਆਂ ਵਿੱਚ ਦਲੇਰੀ ਭਰੀ। ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਾਹਿਬਜ਼ਾਦਿਆਂ ਅਤੇ ਸਿੰਘਾਂ ਦਾ ਸ਼ਾਹੀ ਫ਼ੌਜ ਦੇ ਘੇਰੇ ਨੂੰ ਤੋੜ ਸਸਕਾਰ ਕਰਨ ਵਾਲੀ ਬੀਬੀ ਸ਼ਰਨ ਕੌਰ ਹੀ ਸੀ। ਮੁਕਤਸਰ ਦੇ ਮੈਦਾਨ ਵਿੱਚ ਲੋਕ ਸ਼ਕਤੀ ਦੀ ਹੋਈ ਜਿੱਤ ਵਿੱਚ ਮਾਈ ਭਾਗ ਕੌਰ ਦੀ ਅਹਿਮ ਭੂਮਿਕਾ ਸੀ।

ਗੁਰੂ ਜੀ ਨੇ ਕਈ ਭਾਸ਼ਾਵਾਂ ਵਿੱਚ ਬਾਣੀ ਦੀ ਰਚਨਾ ਕੀਤੀ। ਉਨ੍ਹਾਂ ਦੀ ਬਾਣੀ 'ਜਾਪੁ ਸਾਹਿਬ' ਨੂੰ ਪਰਮਾਤਮਾ ਦੀ ਉਸਤਤਿ ਦਾ ਸਭ ਤੋਂ ਵੱਡਾ ਖ਼ਜ਼ਾਨਾ ਮੰਨਿਆ ਜਾਂਦਾ ਹੈ। ਫ਼ਾਰਸੀ 'ਚ ਔਰੰਗਜ਼ੇਬ ਨੂੰ ਲਿਖੇ ਜ਼ਫ਼ਰਨਾਮੇ ਨੇ ਉਸ ਨੂੰ ਆਪਣੀਆਂ ਗਲਤੀਆਂ ਦਾ ਅਹਿਸਾਸ ਕਰਵਾਇਆ। ਚਾਰ ਦਹਾਕਿਆਂ ਦੀ ਉਮਰ 'ਚ ਜਿੰਨੇ ਕਾਰਜ ਗੁਰੂ ਜੀ ਨੇ ਕੀਤੇ, ਅੱਜ ਤਕ ਸੰਸਾਰ 'ਚ ਨਾ ਕੋਈ ਕਰ ਸਕਿਆ ਹੈ ਤੇ ਨਾ ਹੀ ਕਰ ਸਕੇਗਾ।

ਗੁਰੂ ਸਾਹਿਬ ਨੇ ਮਨੁੱਖੀ ਬਰਾਬਰੀ ਦੇ ਨਾਲ- ਨਾਲ ਆਪਸੀ ਪ੍ਰੇਮ ਅਤੇ ਭਾਈਚਾਰੇ ਦਾ ਸੰਦੇਸ਼ ਵੀ ਦਿੱਤਾ। ਗੁਰੂ ਜੀ ਦਾ ਅੰਮ੍ਰਿਤ ਪ੍ਰਾਪਤ ਕਰਕੇ ਸਾਰੇ ਗੁਰਭਾਈ ਬਣ ਜਾਂਦੇ ਹਨ। ਉਨ੍ਹਾਂ ਦਾ ਉਪਦੇਸ਼ ਹੈ, 'ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।' ਖ਼ਾਲਸੇ ਦੀ ਸਿਰਜਣਾ ਪਿੱਛੋਂ ਵੱਡੀ ਗਿਣਤੀ ਵਿੱਚ ਜ਼ੁਲਮ ਦੇ ਸਤਾਏ ਹੋਏ ਲੋਕ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਿੰਘ ਸਜਣ ਲਗ ਪਏ।



ਇਸ ਇਨਕਲਾਬੀ ਤਬਦੀਲੀ ਨੇ ਮੌਕੇ ਦੇ ਸ਼ਾਸਕਾਂ, ਧਾਰਮਿਕ ਅਤੇ ਸਮਾਜਿਕ ਆਗੂਆਂ ਨੂੰ ਭੈਭੀਤ ਕਰ ਦਿੱਤਾ। ਸ਼ਾਸਨ ਨੇ ਇਸ ਚੇਤਨਾ ਨੂੰ ਖ਼ਤਮ ਕਰਨ ਲਈ ਭਾਰੀ ਫ਼ੌਜਾਂ ਨਾਲ ਦਸਮੇਸ਼ ਦੇ ਗੜ੍ਹ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਸ਼ਾਹੀ ਫ਼ੌਜਾਂ ਨੇ 1701 ਤੋਂ 1704 ਦੇ ਵਿਚਕਾਰ ਆਨੰਦਪੁਰ ਸਾਹਿਬ 'ਤੇ ਪੰਜ ਵਾਰ ਹਮਲਾ ਕੀਤਾ। ਚਾਰ ਲੜਾਈਆਂ ਵਿਚ ਸਿੰਘਾਂ ਨੇ ਵੈਰੀ ਦੇ ਦੰਦ ਖੱਟੇ ਕੀਤੇ। ਪੰਜਵੀਂ ਵਾਰ ਭਾਰੀ ਫ਼ੌਜ ਨਾਲ ਫਿਰ ਹਮਲਾ ਕੀਤਾ ਗਿਆ। ਇਹ ਮੁਕਾਬਲਾ ਛੇ ਮਹੀਨੇ ਚੱਲਦਾ ਰਿਹਾ। ਕੋਈ ਪੇਸ਼ ਨਾ ਜਾਂਦੀ ਵੇਖ ਹਾਕਮਾਂ ਵੱਲੋਂ ਇਹ ਪੇਸ਼ਕਸ਼ ਕੀਤੀ ਗਈ ਕਿ ਜੇ ਗੁਰੂ ਜੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਦੇਣ ਤਾਂ ਲੜਾਈ ਹਮੇਸ਼ਾ ਲਈ ਬੰਦ ਹੋ ਜਾਵੇਗੀ। ਉਨ੍ਹਾਂ ਵੱਲੋਂ ਸਹੁੰ ਖਾਧੀ ਗਈ। ਖ਼ਾਲਸੇ ਦੇ ਹੁਕਮ ਨੂੰ ਮੰਨਦਿਆਂ ਗੁਰੂ ਜੀ ਨੇ ਆਨੰਦਪੁਰ ਸਾਹਿਬ ਛੱਡਣ ਦਾ ਫ਼ੈਸਲਾ ਕਰ ਲਿਆ। ਗੁਰੂ ਸਾਹਿਬ ਅਜੇ ਸਿਰਸਾ ਨਦੀ ਦੇ ਕਿਨਾਰੇ ਹੀ ਪੁੱਜੇ ਸਨ ਕਿ ਸ਼ਾਹੀ ਫ਼ੌਜ ਨੇ ਆਪਣੇ ਵਾਅਦੇ ਤੋਂ ਮੁੱਕਰ ਕੇ ਗੁਰੂ ਜੀ 'ਤੇ ਹਮਲਾ ਕਰ ਦਿੱਤਾ। ਉਸ ਵੇਲੇ ਗੁਰੂ ਜੀ ਨਿਤਨੇਮ ਕਰ ਰਹੇ ਸਨ। ਉਨ੍ਹਾਂ ਦਾ ਨਿਤਨੇਮ ਪੂਰਾ ਹੋਣ ਤਕ ਸਿੰਘਾਂ ਨੇ ਸ਼ਾਹੀ ਫ਼ੌਜ ਦਾ ਡਟ ਕੇ ਮੁਕਾਬਲਾ ਕੀਤਾ। ਅੱਗਿਓਂ ਸਿਰਸਾ ਨਦੀ ਵਿੱਚ ਹੜ੍ਹ ਆਇਆ ਹੋਇਆ ਸੀ। ਚੋਖਾ ਕੀਮਤੀ ਸਾਮਾਨ ਅਤੇ ਗੁਰੂ ਜੀ ਦੀ ਬਾਣੀ ਦਰਿਆ ਵਿੱਚ ਰੁੜ੍ਹ ਗਈ। ਗੁਰੂ ਜੀ ਰੋਪੜ ਪਹੁੰਚੇ ਹੀ ਸਨ ਕਿ ਫ਼ੌਜ ਨੇ ਮੁੜ ਹਮਲਾ ਕਰ ਦਿੱਤਾ। ਇਥੇ ਵੀ ਸਿੰਘਾਂ ਨੇ ਡਟ ਕੇ ਮੁਕਾਬਲਾ ਕੀਤਾ। ਇਥੋਂ ਗੁਰੂ ਜੀ ਚਮਕੌਰ ਸਾਹਿਬ ਪਹੁੰਚੇ, ਜਿੱਥੇ ਉਨ੍ਹਾਂ ਇੱਕ ਹਵੇਲੀ ਵਿੱਚ ਟਿਕਾਣਾ ਕੀਤਾ।

ਇਸ ਨੂੰ ਗੜ੍ਹੀ ਆਖਿਆ ਜਾਂਦਾ ਸੀ। ਗੁਰੂ ਜੀ ਨਾਲ ਕੇਵਲ 40 ਸਿੰਘ ਤੇ ਦੋ ਵੱਡੇ ਸਾਹਿਬਜ਼ਾਦੇ ਰਹਿ ਗਏ ਸਨ। ਫ਼ੈਸਲਾ ਕੀਤਾ ਗਿਆ ਕਿ ਸਵੇਰੇ ਪੰਜ-ਪੰਜ ਸਿੰਘ ਗੜ੍ਹੀ ਤੋਂ ਬਾਹਰ ਜਾ ਕੇ ਵੈਰੀ ਦਾ ਮੁਕਾਬਲਾ ਕਰਨਗੇ। ਸਿੰਘਾਂ ਨੇ ਵਾਸਤੇ ਪਾਏ, "ਗੁਰੂ ਜੀ ਤੁਸੀਂ ਸਾਹਿਬਜ਼ਾਦਿਆਂ ਦੇ ਨਾਲ ਗੜ੍ਹੀ 'ਚੋਂ ਚਲੇ ਜਾਵੋ, ਉਦੋਂ ਤਕ ਅਸੀਂ ਫ਼ੌਜ ਦਾ ਮੁਕਾਬਲਾ ਕਰਾਂਗੇ।" ਗੁਰੂ ਜੀ ਰਾਜ਼ੀ ਨਾ ਹੋਏ। ਦੂਜੇ ਦਿਨ ਵਾਰੋ-ਵਾਰੀ ਜਥੇ ਗੜ੍ਹੀ 'ਚੋਂ ਨਿਕਲ ਕੇ ਵੈਰੀ ਨਾਲ ਲੜਦਿਆਂ ਸ਼ਹੀਦੀਆਂ ਪ੍ਰਾਪਤ ਕਰਨ ਲੱਗ ਪਏ। ਜਦੋਂ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਦੀ ਵਾਰੀ ਆਈ ਤਾਂ ਗੁਰੂ ਜੀ ਨੇ ਆਪਣੇ ਹੱਥੀਂ ਉਨ੍ਹਾਂ ਨੂੰ ਸ਼ਹਾਦਤ ਲਈ ਤੋਰਿਆ। ਗੁਰੂ ਸਾਹਿਬ ਨੇ ਗੜ੍ਹੀ 'ਤੇ ਖੜ੍ਹੇ ਹੋ ਕੇ ਆਪਣੇ ਸਾਹਿਬਜ਼ਾਦੇ ਨੂੰ ਦਲੇਰੀ ਨਾਲ ਯੁੱਧ ਕਰਦਿਆਂ ਵੇਖਿਆ। ਬਾਬਾ ਅਜੀਤ ਸਿੰਘ ਦੀ ਸ਼ਹਾਦਤ ਪਿੱਛੋਂ ਗੁਰੂ ਜੀ ਨੇ ਆਪਣੇ ਛੋਟੇ ਸਾਹਿਬਜ਼ਾਦੇ ਦੇ ਜਥੇ ਨੂੰ ਬਾਹਰ ਵੇਖਿਆ। ਸ਼ਾਮ ਹੋਣ ਤਕ ਇਸ ਜਥੇ ਨੇ ਵੀ ਸ਼ਹਾਦਤ ਦਾ ਜਾਮ ਪੀ ਲਿਆ। ਗੁਰੂ ਜੀ ਨੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ ਅਤੇ ਆਖਿਆ, "ਮੈਂ ਤੁਹਾਡੀ ਅਮਾਨਤ ਤੁਹਾਡੇ ਧਰਮ ਦੀ ਰਾਖੀ ਲਈ ਭੇਟ ਕਰ ਦਿੱਤੀ ਹੈ।" ਕੇਵਲ ਪੰਜ ਸਿੰਘ ਰਹਿ ਗਏ ਸਨ। ਗੁਰੂ ਜੀ ਨੇ ਸਾਥੀ ਸਿੰਘਾਂ ਨੂੰ ਕਿਹਾ , "ਸਵੇਰੇ ਮੈਂ ਇਸ ਜਥੇ ਦੀ ਲੜਾਈ ਦੀ ਅਗਵਾਈ ਕਰਾਂਗਾ।" ਪਰ ਸਿੰਘਾਂ ਨੇ ਮੁੜ ਗੁਰੂ ਜੀ ਨੂੰ ਕਿਲ੍ਹਾ ਛੱਡ ਕੇ ਜਾਣ ਦੀ ਬੇਨਤੀ ਕੀਤੀ। ਜਦੋਂ ਗੁਰੂ ਜੀ ਨਾ ਮੰਨੇ ਤਾਂ ਪੰਜ ਸਿੰਘਾਂ ਨੇ ਗੁਰਮਤਾ ਪਾਸ ਕਰਕੇ ਗੁਰੂ ਜੀ ਨੂੰ ਕਿਹਾ, "ਇਹ ਸਾਡਾ ਹੁਕਮ ਹੈ ਕਿ ਤੁਸੀਂ ਗੜ੍ਹੀ ਛੱਡ ਕੇ ਚਲੇ ਜਾਵੋ।" ਇਸ ਮਗਰੋਂ ਗੁਰੂ ਜੀ ਵਿਰੋਧੀ ਫ਼ੌਜਾਂ ਨੂੰ ਵੰਗਾਰਦੇ ਹੋਏ ਦੋ ਸਾਥੀਆਂ ਨਾਲ ਉਥੋਂ ਚਲੇ ਗਏ। ਇੰਜ ਗੁਰੂ ਜੀ ਨੇ ਲੋਕਰਾਜ ਤੇ ਪੰਚਾਇਤੀ ਰਾਜ ਦੀ ਨੀਂਹ ਵੀ ਰੱਖੀ। ਉਨ੍ਹਾਂ ਆਖਿਆ ਕਿ ਸਾਰੇ ਫ਼ੈਸਲੇ ਪੰਜ ਸਿੰਘ ਪੂਰੀ ਸੋਚ ਵਿਚਾਰ ਪਿੱਛੋਂ ਕਰਨਗੇ ਤੇ ਉਹ ਫ਼ੈਸਲਾ ਸਾਰਿਆਂ ਨੂੰ ਮੰਨਣਾ ਪਵੇਗਾ। ਗੁਰੂ ਜੀ ਜਦੋਂ ਰਾਏਕੋਟ ਪੁੱਜੇ ਤਾਂ ਉਨ੍ਹਾਂ ਨੂੰ ਖ਼ਬਰ ਮਿਲੀ ਕਿ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ 'ਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ ਹੈ ਤਾਂ ਗੁਰੂ ਜੀ ਦਾ ਪਹਿਲਾ ਪ੍ਰਸ਼ਨ ਸੀ ਕਿ ਸ਼ਹਾਦਤ ਵੇਲੇ ਸਾਹਿਬਜ਼ਾਦੇ ਡਰੇ ਜਾਂ ਘਬਰਾਏ ਤਾਂ ਨਹੀਂ? ਉਨ੍ਹਾਂ ਨੂੰ ਦੱਸਿਆ ਗਿਆ ਕਿ ਸੂਬੇ ਵਲੋਂ ਬਹੁਤ ਲਾਲਚ ਦਿੱਤੇ ਗਏ ਪਰ ਉਹ ਅਡੋਲ ਰਹੇ। ਗੁਰੂ ਜੀ ਨੇ ਵਾਹਿਗੁਰੂ ਦਾ ਸ਼ੁਕਰ ਕੀਤਾ ਤੇ ਆਖਿਆ 'ਹੁਣ ਜ਼ੁਲਮ ਦੀ ਜੜ੍ਹ ਪੁੱਟੀ ਜਾਵੇਗੀ।'

ਗੁਰੂ ਜੀ ਰਾਏਕੋਟ ਤੋਂ ਜਦੋਂ ਖਿਦਰਾਣੇ ਦੀ ਢਾਬ ਪੁੱਜੇ ਤਾਂ ਸ਼ਾਹੀ ਫ਼ੌਜਾਂ ਪਿੱਛਾ ਕਰਦੀਆਂ ਇਥੇ ਵੀ ਪੁੱਜ ਗਈਆਂ ਤੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਨੇ ਲੋਕ ਰੋਹ ਨੂੰ ਤੇਜ਼ ਕਰ ਦਿੱਤਾ ਸੀ। ਕਿਰਤੀ ਕਾਮਿਆਂ ਨੇ ਫ਼ੌਜ ਨੂੰ ਚਾਰੇ ਪਾਸਿਓਂ ਘੇਰ ਲਿਆ। ਸ਼ਾਹੀ ਫ਼ੌਜ ਨੂੰ ਅਜਿਹੀ ਹਾਰ ਦਾ ਮੂੰਹ ਵੇਖਣਾ ਪਿਆ ਕਿ ਮੁੜ ਉਹ ਕਦੇ ਵੀ ਗੁਰੂ ਜੀ 'ਤੇ ਹਮਲਾ ਕਰਨ ਦਾ ਹੌਸਲਾ ਨਾ ਕਰ ਸਕੀ। ਇਹ ਲੋਕ ਸ਼ਕਤੀ ਦੀ ਅਨੋਖੀ ਜਿੱਤ ਸੀ। ਗੁਰੂ ਗੋਬਿੰਦ ਸਿੰਘ, ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇ ਕੇ ਸਦੀਵੀ ਗੁਰੂ ਥਾਪ ਗਏ। ਇੰਜ ਸ਼ਬਦ ਨੂੰ ਗੁਰੂ ਥਾਪ ਕੇ ਉਨ੍ਹਾਂ ਸੰਸਾਰ ਵਿੱਚ ਲਾਸਾਨੀ ਤੇ ਅਨੋਖੀ ਪਿਰਤ ਪਾਈ।

# ਭਾਈ ਨੰਦ ਲਾਲ ਦੀ ਦ੍ਰਿਸ਼ਟੀ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨਤਾ

ਦੀਦਾਰ ਸਿੰਘ ਦਾਨਿਆਂਵਾਲ

ਭਾਈ ਨੰਦ ਲਾਲ ਅਧਿਆਤਮਕ ਅਵਸਥਾ ਦੇ ਮਾਲਕ, ਰੂਹਾਨੀਅਤ ਦੇ ਮੁਜੱਸਮੇ ਅਤੇ ਉੱਚ ਕੋਟੀ ਦੇ ਵਿਦਵਾਨ ਸਨ। ਉਹ ਸੰਸਕ੍ਰਿਤ, ਅਰਬੀ, ਫਾਰਸੀ, ਪੰਜਾਬੀ ਅਤੇ ਬ੍ਰਿਜ ਭਾਸ਼ਾ ਦੇ ਮਹਾਨ ਗਿਆਨੀ ਸਨ। ਉਨ੍ਹਾਂ ਦੇ ਪਿਤਾ ਦੇ ਮੁਗਲ ਖਾਨਦਾਨ ਨਾਲ ਚੰਗੇ ਸਬੰਧ ਸਨ। ਇਸ ਕਰਕੇ ਉਨ੍ਹਾਂ ਦੇ ਵਿਦਵਤਾ ਭਰਪੂਰ ਹੋਣ ਕਰਕੇ ਉਨ੍ਹਾਂ ਨੂੰ ਔਰੰਗਜ਼ੇਬ ਦੇ ਪੁੱਤਰ ਬਹਾਦਰ ਸ਼ਾਹ ਦੇ ਅਧਿਆਪਕ ਵਜੋਂ ਨਿਯੁਕਤ ਕੀਤਾ ਗਿਆ। ਭਾਈ ਨੰਦ ਲਾਲ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਹੋਣ ਦਾ ਮਾਣ ਪ੍ਰਾਪਤ ਹੈ। ਗੁਰੂ ਸਾਹਿਬ ਦੇ ਦਰਬਾਰ ਦੇ 52 ਕਵੀਆਂ 'ਚੋਂ ਸਿਰਫ ਭਾਈ ਨੰਦ ਲਾਲ ਹੀ ਐਸੇ ਕਵੀ ਹਨ, ਜਿਨ੍ਹਾਂ ਦੀਆਂ ਰਚਨਾਵਾਂ ਨੂੰ ਕੀਰਤਨ ਰੂਪ ਵਿੱਚ ਗਾਇਆ ਜਾਂਦਾ ਹੈ। ਭਾਈ ਨੰਦ ਲਾਲ ਦੀਆਂ ਰਚਨਾਵਾਂ ਵਿੱਚੋਂ ਗੁਰੂ ਗੋਬਿੰਦ ਸਿੰਘ ਦੀ ਬਹੁ-ਪੱਖੀ ਸ਼ਖ਼ਸੀਅਤ ਉੱਘੜ ਕੇ ਸਾਹਮਣੇ ਆਉਂਦੀ ਹੈ। ਗੁਰੂ ਗੋਬਿੰਦ ਸਿੰਘ ਨੀਤੀਵਾਨ ਆਗੂ, ਜਰਨੈਲ, ਤੇਗ ਦੇ ਧਨੀ, ਰਮਜ਼ੀ ਅਤੇ ਹੋਰ ਬੇਅੰਤ ਗੁਣਾਂ ਦੇ ਧਾਰਨੀ ਸਨ। ਭਾਈ ਨੰਦ ਲਾਲ ਦੀ ਫਾਰਸੀ ਰਚਨਾ 'ਗੰਜਨਾਮਾ' ਵਿੱਚ ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਦਸ ਗੁਰੂ ਸਾਹਿਬਾਨ ਦੀ ਉਸਤਤਿ ਵਾਰਤਕ ਅਤੇ ਕਾਵਿ ਵਿੱਚ ਅਥਾਹ ਸ਼ਰਧਾ ਅਤੇ ਪ੍ਰੇਮ ਨਾਲ ਕੀਤੀ ਗਈ ਹੈ। ਸਿੱਖ ਧਰਮ ਵਿੱਚ ਜੋਤਿ ਅਤੇ ਜੁਗਤ ਦਾ ਬੁਨਿਆਦੀ ਸਿਧਾਂਤ ਅਤਿ ਮਹੱਤਵਪੂਰਨ ਹੈ। ਭਾਈ ਨੰਦ ਲਾਲ ਇਸ ਸਿਧਾਂਤ ਨੂੰ ਪੇਸ਼ ਕਰਦੇ ਹੋਏ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਦੀ ਜੋਤਿ ਹੀ ਦਸ ਪਾਤਸ਼ਾਹੀਆਂ 'ਚ ਪ੍ਰਕਾਸ਼ਮਾਨ ਹੋਈ ਅਤੇ ਸਮੁੱਚੀ ਮਨੁੱਖਤਾ ਅੰਦਰ ਸੱਚ ਦਾ ਪ੍ਰਕਾਸ਼ ਕੀਤਾ।

ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ
ਹਮਾ ਸਬਦਿ ਊ ਜੌਹਰੋ ਮਾਨਕ ਅਸਤ॥

ਭਾਈ ਨੰਦ ਲਾਲ, ਗੁਰੂ ਸਾਹਿਬ ਨੂੰ ਦੋਹਾਂ ਜਹਾਨਾਂ ਦਾ ਬਾਦਸ਼ਾਹ ਕਹਿ ਕੇ ਸੰਬੋਧਨ ਕਰਦੇ ਹਨ ਅਤੇ ਦੱਸਦੇ ਹਨ ਕਿ ਸਮੁੱਚਾ ਸੰਸਾਰ, ਤਿੰਨੇ ਲੋਕ ਅਤੇ ਚਾਰੇ ਖਾਣੀਆਂ ਗੁਰੂ ਜੀ ਦੇ ਹੁਕਮ ਅੰਦਰ ਕਾਰਜਸ਼ੀਲ ਹਨ।

ਬਰ ਦੋ ਆਲਮ ਸ਼ਾਹ ਗੁਰੂ ਗੋਬਿੰਦ ਸਿੰਘ
ਖ਼ਸਮ ਰਾ ਜਾਂ-ਕਾਹ ਗੁਰ ਗੋਬਿੰਦ ਸਿੰਘ॥108॥
ਸੁਲਸ ਹਮ ਮਹਿਕੂਮਿ ਗੁਰ ਗੋਬਿੰਦ ਸਿੰਘ
ਰੁੱਬਅ ਹਮ ਮਖ਼ਤੂਮਿ ਗੁਰੂ ਗੋਬਿੰਦ ਸਿੰਘ॥122॥

ਗੁਰੂ ਗੋਬਿੰਦ ਸਿੰਘ ਨੂੰ ਭਾਈ ਨੰਦ ਲਾਲ ਨੇ ਇੱਕ ਵੈਦ ਦੇ ਰੂਪ ਵਿੱਚ ਵੀ ਪੇਸ਼ ਕੀਤਾ ਹੈ। ਗੁਰੂ ਸਾਹਿਬ



ਸਮੁੱਚੀ ਕਾਇਨਾਤ ਦੇ ਦੁੱਖ ਦੂਰ ਕਰਨ ਵਾਲੇ ਹਨ। ਗੁਰੂ ਗੋਬਿੰਦ ਸਿੰਘ ਦੀਨਾਂ ਅਤੇ ਨਿਆਸਰਿਆਂ ਦਾ ਆਸਰਾ ਹਨ, ਜੋ ਵੀ ਗੁਰੂ ਸਾਹਿਬ ਦੀ ਸ਼ਰਨ ਵਿੱਚ ਆਸ ਦੀ ਕਿਰਨ ਲੈ ਕੇ ਆਉਂਦਾ ਹੈ, ਉਹ ਕਦੇ ਵੀ ਇਸ ਦਰ ਤੋਂ ਨਿਰਾਸ਼ ਨਹੀਂ ਜਾਂਦਾ।

ਕਾਦਿਰਿ ਹਰ ਕਾਰ ਗੁਰ ਗੋਬਿੰਦ ਸਿੰਘ
ਬੇਕਸਾਂ-ਰਾ ਯਾਰ ਗੁਰ ਗੋਬਿੰਦ ਸਿੰਘ॥136॥

ਭਾਈ ਨੰਦ ਲਾਲ ਆਪਣੀਆਂ ਰਚਨਾਵਾਂ ਵਿੱਚ ਦੱਸਦੇ ਹਨ ਕਿ ਗੁਰੂ ਗੋਬਿੰਦ ਸਿੰਘ ਨਿਰਵੈਰਤਾ ਵਾਲੇ ਗੁਣ ਨਾਲ ਭਰਪੂਰ ਹਨ ਕਿਉਂਕਿ ਉਨ੍ਹਾਂ ਦਾ ਦਿਲ ਸਾਫ ਅਤੇ ਵੈਰ ਭਾਵ ਤੋਂ ਬਿਲਕੁਲ ਖਾਲੀ ਹੈ। ਗੁਰੂ ਸਾਹਿਬ ਨੇ ਆਪਣੇ ਜੀਵਨ-ਕਾਲ ਵਿੱਚ 14 ਜੰਗਾਂ ਲੜੀਆਂ। ਗੁਰੂ ਜੀ ਦਾ ਕਿਸੇ ਨਾਲ ਵੀ ਕਿਸੇ ਕਿਸਮ ਦਾ ਨਿੱਜੀ ਵੈਰ ਨਹੀਂ ਸੀ, ਉਹ ਕੇਵਲ ਜ਼ੁਲਮ ਦੇ ਖ਼ਿਲਾਫ਼ ਸਨ। ਭਾਈ ਨੰਦ ਲਾਲ ਨੇ ਗੁਰੂ ਸਾਹਿਬ ਨੂੰ ਨਿਰਵੈਰਤਾ ਦੀ ਮੂਰਤ ਅਤੇ ਸੱਚ ਦੇ ਸ਼ੀਸ਼ੇ ਦੱਸਿਆ ਹੈ।

ਖਾਲਿਸੋ ਬੇ-ਕੀਨਾ ਗੁਰ ਗੋਬਿੰਦ ਸਿੰਘ
ਹੱਕ ਹੱਕ ਆਈਨਾ ਗੁਰ ਗੋਬਿੰਦ ਸਿੰਘ॥124॥

ਗੁਰੂ ਗੋਬਿੰਦ ਸਿੰਘ ਉੱਚ ਕੋਟੀ ਦੇ ਜੰਗੀ ਜਰਨੈਲ, ਸੂਰਬੀਰ ਯੋਧੇ ਅਤੇ ਨਿਡਰਤਾ ਭਰਪੂਰ ਸਨ। ਭਾਈ ਨੰਦ ਲਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਤੇਗ ਦੇ ਮਹਾਨ ਧਨੀ ਦੱਸਦੇ ਹਨ। ਜੰਗੀ ਕਾਲ ਦੌਰਾਨ ਗੁਰੂ ਗੋਬਿੰਦ ਜੀ ਨੇ ਤੇਗ ਦੇ ਅਸਚਰਜ ਕੌਤਕ ਦਿਖਾਏ।

ਤੇਗ ਰਾ ਫ਼ੱਤਾਹ ਗੁਰ ਗੋਬਿੰਦ ਸਿੰਘ
ਜਾਨੋ ਦਿਲ ਰਾ ਰਾਹ ਗੁਰ ਗੋਬਿੰਦ ਸਿੰਘ॥114॥

ਇਸ ਤਰ੍ਹਾਂ ਭਾਈ ਨੰਦ ਲਾਲ ਨੇ ਆਪਣੀਆਂ ਰਚਨਾਵਾਂ ਵਿੱਚ ਗੁਰੂ ਗੋਬਿੰਦ ਸਿੰਘ ਦੀ ਬਹੁ-ਪੱਖੀ ਸ਼ਖ਼ਸੀਅਤ ਨੂੰ ਉਭਾਰਿਆ ਹੈ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 14 ਜੰਗਾਂ ਕਿਸ-ਕਿਸ ਦੇ ਖ਼ਿਲਾਫ਼ ਅਤੇ ਕਿਉਂ ਲੜੀਆਂ ?

**ਸਤਵੰਤ ਸਿੰਘ**

ਜਿਸ ਤਰਾਂ ਆਰ. ਐਸ. ਐਸ., ਹਿੰਦੂਤਵੀਆਂ ਆਦਿ ਵੱਲੋਂ ਪ੍ਰਚਾਰਿਆ ਜਾਂਦਾ ਹੈ ਕਿ ਗੁਰੂ ਸਾਹਿਬ ਦੀ ਲੜਾਈ ਸਿਰਫ਼ ਇਸਲਾਮ ਦੇ ਖ਼ਿਲਾਫ਼ ਸੀ, ਉਸ ਵਿੱਚ ਕਿੰਨਾ ਕੁ ਸੱਚ ਹੈ? ਗੁਰੂ ਸਾਹਿਬ ਵੱਲੋਂ ਲੜੀਆਂ ਗਈਆਂ ਕੁੱਲ 14 ਲੜਾਈਆਂ ਵਿੱਚੋਂ ਕਿੰਨੀਆਂ ਲੜਾਈਆਂ ਇਕੱਲੇ ਮੁਗਲਾਂ ਦੇ ਖ਼ਿਲਾਫ਼ ਸਨ ਅਤੇ ਬਾਕੀ ਕਿੰਨੀਆਂ ਲੜਾਈਆਂ ਹਿੰਦੂ ਪਹਾੜੀ ਰਾਜਿਆਂ ਦੇ ਖ਼ਿਲਾਫ਼ ਸਨ?

ਸਭ ਤੋਂ ਪਹਿਲਾਂ ਯੁੱਧ 1687 ਈ. ਵਿੱਚ ਭੰਗਾਣੀ ਦੇ ਸਥਾਨ 'ਤੇ ਹੋਇਆ। ਇਸ ਦਾ ਆਰੰਭ ਇੱਕ ਦਰਜਨ ਤੋਂ ਵੱਧ ਪਹਾੜੀ ਹਿੰਦੂ ਰਾਜਿਆਂ ਵੱਲੋਂ ਇਕੱਠੇ ਹੋਏ ਗੁਰੂ ਸਾਹਿਬ ਉੱਤੇ ਹਮਲਾ ਕਰਨ ਨਾਲ ਹੋਇਆ। ਇਹਨਾਂ 'ਚ ਬਿਲਾਸਪੁਰ ਦਾ ਹਿੰਦੂ ਰਾਜਾ ਭੀਮ ਚੰਦ, ਗੜ੍ਹਵਾਲ ਦਾ ਹਿੰਦੂ ਰਾਜਾ ਫ਼ਤਿਹ ਸ਼ਾਹ, ਗੁਲੇਰ ਦਾ ਹਿੰਦੂ ਰਾਜਾ ਗੋਪਾਲ, ਹਿੰਦੌਰ ਦਾ ਹਿੰਦੂ ਰਾਜਾ ਹਰੀ ਚੰਦ , ਜੈਸਵਾਲ ਦਾ ਹਿੰਦੂ ਰਾਜਾ ਕੇਸਰੀ ਚੰਦ ਸਮੇਤ ਕਈ ਹੋਰ ਪਹਾੜੀ ਹਿੰਦੂ ਰਾਜੇ ਸ਼ਾਮਲ ਸਨ। ਇਸ ਯੁੱਧ ਵਿੱਚ ਬਹੁਤ ਸਖ਼ਤ ਮੁਕਾਬਲੇ ਤੋਂ ਬਾਅਦ ਪਹਾੜੀ ਹਿੰਦੂ ਰਾਜਿਆਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ।

ਦੂਜਾ ਯੁੱਧ ਸੰਨ 1688 ਈ. ਵਿੱਚ ਜੰਮੂ ਦੇ ਮੁ.ਗਲ ਸੂਬੇਦਾਰ ਨੇ ਆਪਣੇ ਜਰਨੈਲ ਆਲਿਫ਼ ਬੇਗ਼ ਨੂੰ ਪਹਾੜੀ ਹਿੰਦੂ ਰਾਜਿਆਂ ਤੋਂ ਜਬਰੀ 'ਕਰ' ਵਸੂਲੀ ਕਰਨ ਲਈ ਭੇਜਿਆ। ਕੁਝ ਰਾਜਿਆਂ ਨੇ ਤਾਂ ਝੱਟਪਟ ਕਰ ਦੇਣਾ ਮੰਨ ਲਿਆ, ਪ੍ਰੰਤੂ ਕਹਿਲੂਰ ਦੇ ਹਿੰਦੂ ਰਾਜਾ ਭੀਮ ਚੰਦ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ। ਇਸ ਸਥਿਤੀ ਵਿੱਚ ਉਸ ਨੇ ਗੁਰੂ ਸਾਹਿਬ ਨੂੰ ਆਲਿਫ਼ ਖ਼ਾਨ ਵਿਰੁੱਧ ਉਸ ਦੀ ਮਦਦ ਕਰਨ ਲਈ ਬੇਨਤੀ ਕੀਤੀ। ਭਾਵੇਂ ਭੰਗਾਣੀ ਯੁੱਧ ਕਰਵਾਉਣ ਪਿੱਛੇ ਹਿੰਦੂ ਰਾਜਾ ਭੀਮ ਚੰਦ ਦੀ ਮੁੱਖ ਜ਼ਿੰਮੇਵਾਰੀ ਸੀ ਪਰ ਗੁਰੂ ਸਾਹਿਬ ਨੇ ਫ਼ਿਰ ਵੀ ਉਸ ਦੀ ਮਦਦ ਕਰਨਾ ਪ੍ਰਵਾਨ ਕਰ ਲਿਆ। ਇਹ ਲੜਾਈ ਮੌਜੂਦਾ ਹਿਮਾਚਲ ਪ੍ਰਦੇਸ਼ ਵਿੱਚ ਨਦੌਣ ਦੇ ਸਥਾਨ 'ਤੇ ਹੋਈ ਜਿਸ ਵਿੱਚ ਆਲਿਫ਼ ਬੇਗ ਦੀ ਹਾਰ ਹੋਈ।

ਸੰਨ 1696 ਈ. ਵਿੱਚ ਇੱਕ ਉੱਚ ਫ਼ੌਜੀ ਅਫ਼ਸਰ ਦਿਲਾਵਰ ਖ਼ਾਨ ਨੇ ਆਪਣੇ ਪੁੱਤਰ ਰੁਸਤਮ ਖਾਨ ਨੂੰ ਵੱਡੀ ਸੈਨਾ ਦੇ ਕੇ ਗੁਰੂ ਸਾਹਿਬ ਵਿਰੁੱਧ ਅਨੰਦਪੁਰ ਵਿਖੇ ਹਮਲਾ ਕਰਨ ਲਈ ਭੇਜਿਆ। ਇਸ ਦੀ ਇਹ ਯੋਜਨਾ ਸੀ ਕਿ ਰਾਤ ਸਮੇਂ ਅਚਾਨਕ ਹਮਲਾ ਕਰਕੇ ਅਨੰਦਪੁਰ ਸਾਹਿਬ 'ਤੇ ਕਬਜ਼ਾ ਕਰ ਲਿਆ ਜਾਵੇ। ਪ੍ਰੰਤੂ ਉਸ ਦੀ ਆਮਦ ਦੀ ਅਗਾਊਂ ਭਿਣਕ ਪੈ ਜਾਣ ਨਾਲ ਸਿੰਘਾਂ ਨੇ ਹਮਲਾਵਰ ਦੇ ਟਾਕਰੇ ਲਈ ਪਹਿਲਾਂ ਹੀ ਅੱਗੇ ਆ ਕੇ ਮੋਰਚੇ ਸੰਭਾਲ ਲਏ ਸਨ। ਇਹ ਦੇਖਦੇ ਹੋਏ ਰੁਸਤਮ ਖਾਨ ਬਿਨਾਂ ਲੜਿਆਂ ਹੀ ਵਾਪਸ ਪਰਤ ਗਿਆ।

ਤੀਜੇ ਯੁੱਧ ਦੇ ਅਸਾਰ ਉੱਦੋਂ ਬਣੇ ਜਦੋਂ ਸੰਨ 1699 ਈ. ਵਿੱਚ ਖ਼ਾਲਸੇ ਦੀ ਸਾਜਨਾ ਮਗਰੋਂ ਸਿੰਘਾਂ ਦੀ ਚੜ੍ਹਤ ਦਿਨੋ ਦਿਨ ਵਧਦੀ ਜਾ ਰਹੀ ਸੀ। ਪਹਾੜੀ ਹਿੰਦੂ ਰਾਜੇ ਇਸ ਚੜ੍ਹਤ ਤੋਂ ਖਾਰ ਖਾਂਦੇ ਸਨ। ਉਨ੍ਹਾਂ ਨੇ ਸਰਹੰਦ ਅਤੇ ਲਾਹੌਰ ਦੇ ਹਾਕਮਾਂ ਕੋਲ ਗੁਰੂ ਸਾਹਿਬ ਵਿਰੁੱਧ ਚੁਗਲੀ ਕੀਤੀ ਅਤੇ ਉਹਨਾਂ ਨੂੰ ਅਨੰਦਪੁਰ ਸਾਹਿਬ ਉੱਤੇ ਹਮਲਾ ਕਰਨ ਲਈ ਉਕਸਾਇਆ ਅਤੇ ਇਸ ਹਮਲੇ ਉੱਤੇ ਆਉਣ ਵਾਲੇ ਖਰਚ ਦੀ ਅਦਾਇਗੀ ਕਰਨਾ ਵੀ ਪ੍ਰਵਾਨ ਕੀਤਾ। ਇਸ ਦੇ ਸਿੱਟੇ ਵਜੋਂ 1701 ਈ. ਵਿੱਚ ਇਨ੍ਹਾਂ ਮੁ.ਗਲ ਸੂਬੇਦਾਰਾਂ ਵੱਲੋਂ ਪੈਂਡੇ ਖ਼ਾਨ ਅਤੇ ਦੀਨਾ ਬੇਗ ਦੀ ਅਗਵਾਈ ਵਿੱਚ ਫ਼ੌਜ ਦੀ ਇੱਕ ਵੱਡੀ ਟੁੱਕੜੀ ਅਨੰਦਪੁਰ ਸਾਹਿਬ 'ਤੇ ਚੜ੍ਹਾਈ ਕਰਨ ਲਈ ਭੇਜੀ ਗਈ। ਰੋਪੜ ਕੋਲ ਇਸ ਫ਼ੌਜ ਵਿੱਚ ਪਹਾੜੀ ਹਿੰਦੂ ਰਾਜਿਆਂ ਦੀ ਆਪਣੀ ਫ਼ੌਜ ਵੀ ਸਾਮਿਲ ਹੋ ਗਈ। ਸਿੰਘ ਭਾਵੇਂ ਗਿਣਤੀ ਵਿੱਚ ਘੱਟ ਸਨ ਪਰ ਉਨ੍ਹਾਂ ਵੱਲੋਂ ਜੰਗ ਦੇ ਮੈਦਾਨ ਵਿਚੋਂ ਇਸ ਸਾਂਝੀ ਫ਼ੌਜ ਨੂੰ ਭਜਾ ਦਿੱਤਾ ਗਿਆ।

ਚੌਥੀ ਲੜਾਈ ਲੜਨ ਲਈ ਹਿੰਦੂ ਪਹਾੜੀ ਰਾਜਿਆਂ ਅਤੇ ਮੁ.ਗਲਾਂ ਦੀ ਇਸ ਸਾਂਝੀ ਫ਼ੌਜ ਦੀ ਹਾਰ ਮਗਰੋਂ ਪਹਾੜੀ ਰਾਜਿਆਂ ਨੇ ਫ਼ਿਰ ਇਕੱਠੇ ਹੋ ਕੇ ਸਾਰੀ ਸਥਿਤੀ ਦਾ ਜਾਇਜਾ ਲਿਆ। ਇਹਨਾਂ 'ਚ ਕਹਿਲੂਰ, ਕਾਂਗੜਾ, ਕੁੱਲੂ, ਕੈਥਲ, ਮੰਡੀ, ਜੰਮੂ, ਨੂਰਪੁਰ, ਚੰਪਾਂ, ਗੁਲੇਰ, ਗੜ੍ਹਵਾਲ, ਬਿਜ਼ਰਵਾਲ, ਡਰੌਲੀ, ਡਢਵਾਲ ਦੇ ਹਿੰਦੂ ਰਾਜੇ ਸ਼ਾਮਲ ਹਨ। ਉਨ੍ਹਾਂ ਨੇ ਕੁਝ ਸਮੇਂ ਮਗਰੋਂ ਹੀ ਆਪਣੇ ਲੋੜੀਦੇ ਸਾਧਨਾਂ ਨੂੰ ਇਕੱਤਰ ਕਰਕੇ ਅਨੰਦਪੁਰ ਸਾਹਿਬ 'ਤੇ ਫ਼ਿਰ ਹਮਲਾ ਕੀਤਾ। ਪ੍ਰੰਤੂ ਹਿੰਦੂ ਰਾਜਿਆਂ ਨੂੰ ਦੁਬਾਰਾ ਹਾਰ ਖਾਣ ਤੋਂ ਇਲਾਵਾ ਕੁਝ ਪੱਲੇ ਨਾ ਪਿਆ।

ਪੰਜਵੇਂ ਯੁੱਧ ਦਾ ਪੈਂਤੜਾ ਉਦੋਂ ਘੜਿਆ ਜਦੋਂ ਚੌਥੀ ਲੜਾਈ ਵਿੱਚ ਉਨ੍ਹਾਂ ਦੀ ਕੋਈ ਪੇਸ਼ ਨਾ ਗਈ ਤਾਂ ਕਹਿਲੂਰ ਦਾ ਰਾਜਾ ਅਜਮੇਰ ਚੰਦ ਅਤੇ ਉਸ ਦੇ ਹੋਰ ਸਾਥੀ ਹਿੰਦੂ ਰਾਜੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਕੇ ਬੈਠ ਗਏ। ਇਸ ਤੋਂ ਮਗਰੋਂ ਕੋਈ ਵਾਹ ਨਾ ਚਲਦੀ ਦੇਖ ਕੇ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਅਨੰਦਪੁਰ ਸਾਹਿਬ ਤੋਂ ਬਾਹਰ ਕੱਢਣ ਲਈ ਇੱਕ ਹੋਰ ਢੰਗ ਵਰਤਿਆ। ਉਨ੍ਹਾਂ ਨੇ ਗਊ ਦੀ ਕਸਮ ਹੇਠ ਗੁਰੂ ਸਾਹਿਬ ਨੂੰ ਇੱਕ ਪੱਤਰ ਲਿਖਿਆ ਜਿਸ ਵਿੱਚ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਗਈ ਕਿ ਗੁਰੂ ਸਾਹਿਬ ਕੁਝ ਸਮੇਂ ਲਈ ਅਨੰਦਪੁਰ ਸਾਹਿਬ ਛੱਡ ਜਾਣ ਅਤੇ ਫ਼ਿਰ ਵਾਪਸ ਆ ਜਾਣ ਤਾਂ ਕਿ ਗੁਰੂ ਸਾਹਿਬ ਨੂੰ ਬਾਹਰ ਕੱਢਣ ਦੀਆਂ ਜੋ ਸੌਂਹਾਂ ਖਾ ਕੇ ਉਹ ਹਮਲਾ ਕਰਨ ਆਏ ਸਨ ਉਹ ਪੂਰੀਆਂ ਹੋ ਜਾਣ। ਗੁਰੂ ਜੀ ਨੇ ਇਹਨਾਂ ਦੇ ਇਰਾਦੇ ਜੱਗ ਸਾਹਮਣੇ ਸਾਫ਼ ਕਰਨ ਲਈ ਉਹਨਾਂ ਦੀ ਗੱਲ ਮੰਨ ਲਈ ਤਾਂ ਕਿ ਸੰਗਤ ਪਤਾ ਲੱਗ ਸਕੇ ਕਿ ਇਹ ਸੱਚਮੁਚ ਹੀ ਸੁਗੰਦਾਂ ਦੇ ਬੱਧੇ ਹੋਏ ਘੇਰਾ ਪਾਈ ਬੈਠੇ ਹਨ ਅਤੇ ਸਾਡੇ ਇੱਥੋਂ ਕੁਝ ਚਿਰ ਚਲੇ ਜਾਣ ਨਾਲ ਆਪਣੀਆਂ ਸੁਗੰਦਾਂ ਪੂਰੀਆਂ ਹੋ ਗਈਆਂ ਸਮਝ ਕੇ ਘਰੋ ਘਰੀ ਤੁਰ ਜਾਣਗੇ ਜਾਂ ਨਹੀਂ । ਇਸ ਲਈ ਗੁਰੂ ਸਾਹਿਬ ਨੇ ਉਹਨਾਂ ਦੀ ਗੱਲ ਮੰਨ ਲਈ ਅਤੇ ਅਨੰਦਪੁਰ ਸਾਹਿਬ ਛੱਡ ਕੇ ਨਿਰਮੋਹਗੜ੍ਹ ਆ ਗਏ। ਪਹਾੜੀ ਰਾਜਿਆਂ ਨੇ ਅਚਨਚੇਤੀ ਇੱਥੇ ਹਮਲਾ ਕਰ ਦਿੱਤਾ ਪਰ ਸਿੰਘਾਂ ਨੇ ਸਖ਼ਤ ਲੜਾਈ ਤੋਂ ਬਾਅਦ ਹਿੰਦੂ ਰਾਜਿਆਂ ਨੂੰ ਪਛਾੜ ਦਿੱਤਾ।

ਛੇਵੀਂ ਲੜਾਈ ਦੌਰਾਨ ਪਹਾੜੀ ਰਾਜਿਆਂ ਨੇ ਲਾਹੌਰ ਦੇ ਹਾਕਮ ਨੂੰ ਵੀ ਮਦਦ ਲਈ ਬੇਨਤੀ ਕੀਤੀ ਹੋਈ ਸੀ ਜਿਸ ਨੇ ਸਰਹੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਨੂੰ ਉਨ੍ਹਾਂ ਦੀ ਮਦਦ ਲਈ ਭੇਜਿਆ। ਇਸ ਲੜਾਈ ਵਿੱਚ ਵੀ ਪਹਾੜੀ ਹਿੰਦੂ ਰਾਜਿਆਂ ਤੇ ਵਜ਼ੀਰ ਖ਼ਾਨ ਦੀਆਂ ਫ਼ੌਜਾਂ ਨੂੰ ਸਫ਼ਲਤਾ ਨਾ ਮਿਲ ਸਕੀ।

ਸੱਤਵਾਂ ਯੁੱਧ ਉਦੋਂ ਹੋਇਆ ਜਦੋਂ ਨਿਰਮੋਹਗੜ੍ਹ ਤੋਂ ਬਾਅਦ ਗੁਰੂ ਸਾਹਿਬ ਬਸੋਲੀ ਚਲੇ ਗਏ। ਇਥੇ ਫ਼ਿਰ ਪਹਾੜੀ ਹਿੰਦੂ ਰਾਜਿਆਂ ਵੱਲੋਂ ਗੁਰੂ ਸਾਹਿਬ 'ਤੇ ਫ਼ਿਰ ਹਮਲਾ ਕੀਤਾ ਗਿਆ, ਜਿਸ ਵਿੱਚ ਹਮਲਾਵਰਾਂ ਨੂੰ ਮੂੰਹ ਦੀ ਖਾ ਕੇ ਵਾਪਸ ਪਰਤਣਾ ਪਿਆ।

ਅੱਠਵੇਂ ਯੁੱਧ ਮੌਕੇ ਸੰਨ 1702 ਵਿੱਚ ਗੁਰੂ ਸਾਹਿਬ ਕੁਰਕਸ਼ੇਤਰ ਤੋਂ ਆਉਂਦੇ ਹੋਏ ਲਗਭਗ 500 ਸਿੰਘਾਂ ਸਮੇਤ ਚਮਕੌਰ ਸਾਹਿਬ ਵਿੱਚ ਠਹਿਰੇ ਸਨ। ਉਸੇ ਸਮੇਂ ਮੁ.ਗਲ ਜਰਨੈਲ, ਆਲਿਫ਼ ਖ਼ਾਨ ਅਤੇ ਸਯਦ ਬੇਗ ਫ਼ੌਜ ਦੀ ਇੱਕ ਵੱਡੀ ਟੁਕੜੀ ਲੈ ਕੇ ਲਾਹੌਰ ਤੋਂ ਦਿੱਲੀ ਜਾ ਰਹੇ ਸਨ। ਕਹਿਲੂਰ ਦੇ ਪਹਾੜੀ ਰਾਜੇ ਅਜਮੇਰ ਚੰਦ ਅਤੇ ਕੁਝ ਹੋਰ ਪਹਾੜੀ ਰਾਜਿਆਂ ਨੇ ਚੋਖੀ ਰਕਮ ਦੇਣਾ ਪ੍ਰਵਾਨ ਕਰਕੇ ਉਨ੍ਹਾਂ ਨੂੰ ਗੁਰੂ ਸਾਹਿਬ ਉੱਤੇ ਹਮਲਾ ਕਰਨ ਲਈ ਉਕਸਾਇਆ। ਆਲਿਫ਼ ਖ਼ਾਨ ਨੂੰ ਜੰਗ ਵਿੱਚ ਹਾਰ ਖਾ ਕੇ ਉਥੋਂ ਭੱਜਣਾ ਪਿਆ।

ਨੌਂਵੇ ਯੁੱਧ ਦੇ ਅਸਾਰ ਉਂਦੋ ਬਣੇ ਜਦੋਂ ਪਿਛਲੀ ਲੜਾਈ ਦੇ ਸਿੱਟੇ ਵਜੋਂ ਪਹਾੜੀ ਹਿੰਦੂ ਰਾਜਿਆਂ ਨੂੰ ਨਾ ਕੇਵਲ ਨਿਰਾਸ਼ਤਾ ਹੋਈ ਸਗੋਂ ਉਨ੍ਹਾਂ ਨੂੰ ਆਪਣੀ ਨਕਲੀ ਦੋਸਤੀ ਦੇ ਪਾਜ ਖੁੱਲ੍ਹਣ ਉੱਤੇ ਸ਼ਰਮਿੰਦਗੀ ਵੀ ਹੋਈ । ਪ੍ਰੰਤੂ ਫ਼ਿਰ ਵੀ ਉਨ੍ਹਾਂ ਨੇ ਕੁਝ ਦਿਨਾਂ ਪਿਛੋਂ ਹੀ ਅਨੰਦਪੁਰ ਸਾਹਿਬ 'ਤੇ ਫ਼ਿਰ ਹਮਲਾ ਕਰ ਦਿੱਤਾ। ਇਸ ਵਾਰ ਫ਼ਿਰ ਸਿੰਘਾਂ, ਜੋ ਗਿਣਤੀ ਵਿੱਚ ਬਹੁਤੇ ਨਹੀਂ ਸਨ, ਨੇ ਦੁਸ਼ਮਣਾਂ ਨੂੰ ਕਰਾਰੀ ਹਾਰ ਦਿੱਤੀ ਜਿਸ ਕਾਰਨ ਪਹਾੜੀ ਹਿੰਦੂ ਰਾਜਿਆਂ ਨੂੰ ਭਾਰੀ ਜਾਨੀ ਨੁਕਸਾਨ ਉਠਾਉਣਾ ਪਿਆ।

ਦਸਵਾਂ ਯੁੱਧ : ਅਨੰਦਪੁਰ ਸਾਹਿਬ ਦੀ ਇਸ ਲੜਾਈ ਵਿੱਚ ਭਾਰੀ ਹਾਰ ਖਾਣ ਮਗਰੋਂ ਪਹਾੜੀ ਹਿੰਦੂ ਰਾਜਿਆਂ ਨੇ ਬਾਦਸ਼ਾਹ ਔਰੰਗਜੇਬ ਨੂੰ ਗੁਰੂ ਸਾਹਿਬ ਵਿਰੁੱਧ ਫ਼ੌਜ ਭੇਜਣ ਲਈ ਬੇਨਤੀ ਕੀਤੀ। ਇਸ ਲੜਾਈ 'ਤੇ ਹੋਣ ਵਾਲਾ ਸਾਰਾ ਖਰਚ ਵੀ ਪਹਾੜੀ ਰਾਜਿਆਂ ਨੇ ਦੇਣਾ ਪ੍ਰਵਾਨ ਕਰ ਲਿਆ। ਦਿੱਲੀ ਵੱਲੋਂ ਸਯਦ ਖ਼ਾਨ ਦੀ ਕਮਾਂਡ ਹੇਠ ਕਈ ਹਜ਼ਾਰ ਫ਼ੌਜ ਅਨੰਦਪੁਰ ਸਾਹਿਬ 'ਤੇ ਹਮਲਾ ਕਰਨ ਲਈ ਭੇਜੀ ਗਈ ਜਿਸ ਨਾਲ ਅੱਗੇ ਆ ਕੇ ਸਰਹੰਦ ਦੇ ਸੂਬੇਦਾਰ ਵੱਲੋਂ ਗਏ ਫ਼ੌਜੀ ਦਸਤੇ ਅਤੇ ਪਹਾੜੀ ਰਾਜਿਆਂ ਦੀ ਆਪਣੀ ਫ਼ੌਜ ਵੀ ਮਿਲ ਗਏ। ਇਸ ਜੰਗ ਦੇ ਦੌਰਾਨ ਜਦੋਂ ਗੁਰੂ ਸਾਹਿਬ ਅਤੇ ਮੁਗਲ ਜਰਨੈਲ ਸਯਦ ਖ਼ਾਨ ਆਹਮੋ-ਸਾਹਮਣੇ ਆਏ ਤਾਂ ਸਯਦ ਖ਼ਾਨ ਉਨ੍ਹਾਂ ਨੂੰ ਤਕਦਿਆਂ ਹੀ ਉਨ੍ਹਾਂ ਦਾ ਮੁਰੀਦ ਬਣ ਗਿਆ ਅਤੇ ਆਪਣੀ ਫ਼ੌਜ ਦੀ ਕਮਾਂਡ ਛੱਡ ਕੇ ਚਲਾ ਗਿਆ। ਉਸ ਤੋਂ ਬਾਅਦ ਹਮਲਾਵਰ ਸੈਨਾ ਦੀ ਕਮਾਂਡ ਰਮਜਾਨ ਖਾਨ ਨੇ ਸੰਭਾਲੀ। ਸਖ਼ਤ ਮੁਕਾਬਲੇ ਤੋਂ ਬਾਅਦ ਹਮਲਾਵਰਾਂ ਨੂੰ ਹਾਰ ਕੇ ਨੱਸਣਾ ਪਿਆ।

ਗਿਆਰਵਾਂ ਯੁੱਧ : ਇਨ੍ਹਾਂ ਸਾਰੇ ਯੁੱਧਾਂ ਵਿੱਚ ਸਿੰਘਾਂ ਦੀਆਂ ਜਿੱਤਾਂ ਬਾਰੇ ਖ਼ਬਰਾਂ ਬਾਦਸ਼ਾਹ ਔਰੰਗਜੇਬ ਨੂੰ ਉਸ ਦੇ ਆਪਣੇ ਸਰੋਤਾਂ ਰਾਹੀਂ ਲਗਾਤਾਰ ਪਹੁੰਚ ਰਹੀਆਂ ਸਨ। ਉੱਧਰ ਪਹਾੜੀ ਰਾਜੇ ਵੀ ਗੁਰੂ ਸਾਹਿਬ ਵਿਰੁੱਧ ਉਸ ਦੇ ਅਕਸਰ ਕੰਨ ਭਰਦੇ ਆ ਰਹੇ ਸਨ। ਇਨ੍ਹਾਂ ਗੱਲਾਂ ਦੇ ਮਿਲਵੇਂ ਪ੍ਰਭਾਵ ਸਦਕਾ ਔਰੰਗਜੇਬ ਨੇ ਲਾਹੌਰ, ਕਸ਼ਮੀਰ ਅਤੇ ਸਰਹੰਦ ਦੇ ਤਿੰਨ ਸੂਬੇਦਾਰਾਂ ਨੂੰ ਅਨੰਦਪੁਰ ਸਾਹਿਬ ਚੜ੍ਹਾਈ ਕਰਨ ਦਾ ਹੁਕਮ ਦਿੱਤਾ। ਰੋਪੜ ਦੇ ਲਾਗੇ ਪਹੁੰਚ ਕੇ ਪਹਾੜੀ ਹਿੰਦੂ ਰਾਜੇ ਵੀ ਆਪਣੀਆਂ ਫ਼ੌਜਾਂ ਲੈ ਕੇ ਉਨ੍ਹਾਂ ਨਾਲ ਰਲ ਗਏ। ਇਸ ਤਰ੍ਹਾਂ ਮਈ 1704 ਈ. ਨੂੰ ਅਨੰਦਪੁਰ ਸਾਹਿਬ 'ਤੇ ਵੱਡਾ ਹਮਲਾ ਕੀਤਾ ਗਿਆ ਜਿਸ ਨੂੰ ਸਿੰਘਾਂ ਵੱਲੋਂ ਭਾਰੀ ਮੁਕਾਬਲੇ ਮਗਰੋਂ ਹਮਲਾਵਰਾਂ ਨੂੰ ਪਛਾੜ ਦਿੱਤਾ ਗਿਆ।

ਬਾਰਵਾਂ ਯੁੱਧ: ਇਸ ਉਪਰੰਤ ਹਮਲਾਵਰਾਂ ਵੱਲੋਂ ਅਨੰਦਪੁਰ ਸਾਹਿਬ ਦਾ ਮੁਕੰਮਲ ਘੇਰਾ ਪਾਇਆ ਗਿਆ ਜੋ ਕਈ ਮਹੀਨੇ ਚਲਦਾ ਗਿਆ। ਬਾਹਰੋਂ ਆਉਣ-ਜਾਣ ਵਾਲੇ ਸਾਰੇ ਰਸਤੇ ਬੰਦ ਕਰ ਦਿੱਤੇ ਗਏ ਸਨ। ਇਸ ਦੇ ਨਾਲ ਹੀ ਪਹਾੜੀ ਰਾਜਿਆਂ ਵੱਲੋਂ ਗਊ ਦੀਆਂ ਸੋਹਾਂ ਅਤੇ ਮੁ.ਗਲ ਹਾਕਮਾਂ ਵੱਲੋਂ ਕੁਰਾਨ ਦੀਆਂ ਕਸਮਾਂ ਵਾਲੀਆਂ ਚਿੱਠੀਆਂ ਗੁਰੂ ਸਾਹਿਬ ਨੂੰ ਭੇਜੀਆਂ ਗਈਆਂ। ਇਨ੍ਹਾਂ ਸਭ ਪੱਤਰਾਂ ਵਿੱਚ ਕਸਮਾਂ ਹੇਠ ਇਹ ਲਿਖਿਆ ਗਿਆ ਸੀ ਕਿ ਜੇਕਰ ਗੁਰੂ ਸਾਹਿਬ ਅਨੰਦਪੁਰ ਸਾਹਿਬ ਨੂੰ ਛੱਡ ਜਾਣ ਤਾਂ ਉਨ੍ਹਾਂ 'ਤੇ ਹਮਲਾ ਨਹੀਂ ਕੀਤਾ ਜਾਵੇਗਾ। ਭਾਵੇਂ ਗੁਰੂ ਸਾਹਿਬ ਵਿਰੋਧੀਆਂ ਦੀ ਇਸ ਚਾਲ ਨੂੰ ਭਲੀ ਭਾਂਤ ਸਮਝਦੇ ਸਨ ਪਰੰਤੂ ਸਿੰਘਾਂ ਦੇ ਜ਼ੋਰ ਪਾਉਣ 'ਤੇ ਉਨ੍ਹਾਂ ਨੇ 1704 ਈ. ਵਿਖੇ ਦਸੰਬਰ ਦੇ ਤੀਜੇ ਹ.ਫ਼ਤੇ ਸਮੇਂ ਰਾਤ ਦੇ ਪਹਿਲੇ ਪਹਿਰ ਅਨੰਦਪੁਰ ਸਾਹਿਬ ਨੂੰ ਛੱਡ ਦਿੱਤਾ। ਗੁਰੂ ਸਾਹਿਬ ਅਜੇ ਅਨੰਦਪੁਰ ਸਾਹਿਬ ਤੋਂ ਕੁਝ ਦੂਰ ਹੀ ਗਏ ਸਨ ਕਿ ਦੁਸ਼ਮਣਾਂ ਨੇ ਸਭ ਕਸਮਾਂ ਅਤੇ ਲਿਖਤੀ ਵਾਅਦਿਆਂ ਨੂੰ ਛਿੱਕੇ ਟੰਗ ਕੇ ਹਮਲਾ ਕਰ ਦਿੱਤਾ। ਇਸ ਹਮਲੇ ਦਾ ਮੁਕਾਬਲਾ ਕਰਦੇ ਹੋਏ ਗੁਰੂ ਸਾਹਿਬ ਸਰਸਾ ਦਰਿਆ ਦੇ ਕੰਢੇ ਪਹੁੰਚੇ। ਉਨ੍ਹਾਂ ਦਿਨਾਂ ਵਿੱਚ ਭਾਰੀ ਬਾਰਿਸ਼ ਹੋਣ ਕਰਕੇ ਇਸ ਦਰਿਆ ਵਿੱਚ ਹੜ੍ਹ ਆਇਆ ਹੋਇਆ ਸੀ ਜਿਸ ਕਾਰਨ ਇਸ ਨੂੰ ਪਾਰ ਕਰਨਾ ਕਾਫ਼ੀ ਔਖਾ ਬਣ ਗਿਆ। ਇਸੇ ਕਾਰਨ ਸਰਸੇ ਦੇ ਉੱਤਰ ਵੱਲ ਹਮਲਾਵਰਾਂ ਨਾਲ ਭਾਰੀ ਜੰਗ ਹੋਈ ਜਿਸ ਵਿੱਚ ਦੋਹਾਂ ਧਿਰਾਂ ਨੂੰ ਭਾਰੀ ਜਾਨੀ ਨੁਕਸਾਨ ਉਠਾਉਣਾ ਪਿਆ, ਪਰ ਹਮਲਾਵਰ ਗੁਰੂ ਸਾਹਿਬ ਨੂੰ ਫ਼ੜਨ ਵਿੱਚ ਨਾਕਾਮਯਾਬ ਰਹੇ।

ਤੇਰਵੀਂ ਲੜਾਈ: ਸਰਸਾ ਦਰਿਆ ਦੇ ਕੰਡੇ ਹੋਏ ਯੁੱਧ ਤੋਂ ਬਾਅਦ ਅਗਲਾ ਜੰਗ ਚਮਕੌਰ ਸਾਹਿਬ ਵਿਖੇ ਹੋਇਆ। ਇਥੇ ਪਹੁੰਚਦੇ ਹੋਏ ਗੁਰੂ ਸਾਹਿਬ ਨਾਲ ਕੇਵਲ ਚਾਲੀ ਸਿੰਘ ਰਹਿ ਗਏ ਸਨ। ਗੁਰੂ ਸਾਹਿਬ ਨੇ ਉੱਚੀ ਥਾਂ ਸਥਿਤ ਇੱਕ ਕੱਚੀ ਗੜ੍ਹੀ ਵਿੱਚ ਬੈਠ ਕੇ ਲੱਖਾਂ ਦੀ ਗਿਣਤੀ ਵਿੱਚ ਆਏ ਹਮਲਾਵਰਾਂ ਦਾ ਭਰਪੂਰ ਮੁਕਾਬਲਾ ਕੀਤਾ। ਗੁਰੂ ਸਾਹਿਬ ਦੇ ਦੋ ਵੱਡੇ ਸਾਹਿਬਜ਼ਾਦੇ ਇਸ ਜੰਗ ਵਿੱਚ ਸ਼ਹੀਦੀ ਪਾ ਗਏ ਸਨ, ਪਰ ਗੁਰੂ ਸਾਹਿਬ ਨੂੰ ਫ਼ੜਨ ਜਾਂ ਜਾਨੀ ਨੁਕਸਾਨ ਪਹੁੰਚਾਉਣ ਵਿੱਚ ਹਮਲਾਵਰ ਫ਼ਿਰ ਨਾ ਕਾਮਯਾਬ ਰਹੇ।

ਚੌਦਵੀਂ ਲੜਾਈ: ਗੁਰੂ ਸਾਹਿਬ ਵਿਰੁੱਧ ਇੱਕ ਹੋਰ ਵੱਡਾ ਹਮਲਾ ਸਰਹੰਦ ਦੇ ਸੂਬੇਦਾਰ ਵੱਲੋਂ ਸੰਨ 1705 ਈ. ਨੂੰ ਮਈ ਦੇ ਮਹੀਨੇ ਦੇ ਦੂਜੇ ਹ.ਫ਼ਤੇ ਕੀਤਾ ਗਿਆ ਜਦੋਂ ਗੁਰੂ ਸਾਹਿਬ ਖਿਦਰਾਣੇ (ਮੁਕਤਸਰ) ਵਿਖੇ ਠਹਿਰੇ ਹੋਏ ਸਨ। ਹਮਲਾਵਰ ਫ਼ੌਜ ਦੀ ਗਿਣਤੀ 7-8 ਹਜ਼ਾਰ ਸੀ ਜੋ ਮੁਕਾਬਲੇ ਵਿੱਚ ਬੈਠੇ ਸਿੰਘਾਂ ਦੀ ਗਿਣਤੀ ਤੋਂ ਕਿਤੇ ਜਿਆਦਾ ਸੀ। ਸਖ਼ਤ ਲੜਾਈ ਤੋਂ ਮਗਰੋਂ ਮੁ.ਗਲ ਸੈਨਾ ਨੂੰ ਵਾਪਸ ਪਰਤਣ ਲਈ ਮਜ਼ਬੂਰ ਹੋਣਾ ਪਿਆ। ਇਸ ਲੜਾਈ ਵਿੱਚ ਮੁ.ਗਲਾਂ ਦਾ ਪਹਿਲਾ ਟਾਕਰਾ ਭਾਈ ਮਹਾਂ ਸਿੰਘ ਦੀ ਅਗਵਾਈ ਵਿੱਚ ਆਏ ਉਨ੍ਹਾਂ ਮਝੈਲ ਸਿੰਘਾਂ ਨਾਲ ਹੋਇਆ ਜੋ ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਨੂੰ ਬੇਦਾਵਾ ਲਿਖ ਆਏ ਸਨ।

ਗੁਰੂ ਗੋਬਿੰਦ ਸਿੰਘ ਮਹਾਰਾਜ ਨਾਲ 14 ਲੜਾਈਆਂ ਵਿਚੋਂ ਜ਼ਿਆਦਾਤਰ ਲੜਾਈਆਂ ਪਹਾੜੀ ਹਿੰਦੂ ਰਾਜਿਆਂ ਨਾਲ ਅਤੇ ਜਾਂ ਉਨ੍ਹਾਂ ਅਤੇ ਮੁਗਲਾਂ ਦੀਆਂ ਸਾਂਝੀਆਂ ਫ਼ੌਜਾਂ ਨਾਲ ਹੋਈਆਂ। ਇਕੱਲੇ ਮੁਗਲ ਹਾਕਮਾਂ ਵੱਲੋਂ ਹਮਲਾ ਤਿੰਨ ਵਾਰ ਕੀਤਾ ਗਿਆ, ਜਿਨ੍ਹਾਂ ਵਿੱਚ ਚਮਕੌਰ ਸਾਹਿਬ ਦੀ ਜੰਗ ਅਤੇ ਖਿਦਰਾਣੇ (ਮੁਕਤਸਰ) ਦੀ ਜੰਗ ਸ਼ਾਮਿਲ ਹਨ। ਇਸ ਤਰ੍ਹਾਂ ਜੇਕਰ ਸਾਰੇ ਤੱਥਾਂ ਨੂੰ ਧਿਆਨ ਨਾਲ ਵਾਚਿਆ ਜਾਏ ਤਾਂ ਗੁਰੂ ਸਾਹਿਬ ਵਿਰੁੱਧ ਯੁੱਧਾਂ ਲਈ ਪਹਾੜੀ ਹਿੰਦੂ ਰਾਜੇ ਜ਼ਿਆਦਾ ਅਤੇ ਨਾਲ ਦੀ ਨਾਲ ਮੁ.ਗਲ ਸ਼ਾਸ਼ਕ ਦੋਨੋ ਹੀ ਜ਼ਿੰਮੇਵਾਰ ਸਨ।

ਗੁਰੂ ਸਾਹਿਬ ਦੀ ਲੜਾਈ ਕਿਸੇ ਧਰਮ ਵਿਰੁੱਧ ਨਹੀਂ ਸੀ, ਸਗੋਂ ਸਮੁੱਚੀ ਇਨਸਾਨੀਅਤ ਦੀ ਭਲਾਈ ਅਤੇ ਮਨੁੱਖੀ ਹੱਕਾਂ ਲਈ ਸੀ। ਗੁਰੂ ਸਾਹਿਬ ਕਿਸੇ ਧਰਮ ਜਾਂ ਫ਼ਿਰਕੇ ਦੇ ਵਿਰੋਧ ਵਿੱਚ ਨਹੀਂ ਸਨ ਅਤੇ ਨਾ ਹੀ ਕਿਸੇ ਦੇਸ਼ ਲਈ ਲੜ ਰਹੇ ਸੀ। ਗੁਰੂ ਸਾਹਿਬ ਤਾਂ ਸਮੁੱਚੀ ਲੁਕਾਈ ਦੇ ਭਲੇ ਲਈ ਦੁਨੀਆਂ 'ਤੇ ਆਏ ਸਨ, ਉਹਨਾਂ ਨੂੰ ਹੱਦਾਂ, ਸਰਹੱਦਾਂ ਤੱਕ ਸੀਮਤ ਕਰਕੇ ਦੇਸ਼-ਭਗਤ ਸਾਬਤ ਕਰਨਾ ਗੁਰੂ ਸਾਹਿਬ ਦਾ ਅਪਮਾਨ ਹੈ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

# ਰਾਜ-ਜੋਗੀ ਤੇ ਸਰਬੱਤ ਦੇ ਭਲੇ ਦਾ ਸਿੱਖ ਸੱਭਿਆਚਾਰ

**ਡਾ. ਪੁਸ਼ਪਿੰਦਰ ਸਿੰਘ**

ਸੱਭਿਆਚਾਰ ਜਾਂ ਸੰਸਕ੍ਰਿਤੀ ਵਧੀਆ ਸੰਤੁਲਿਤ ਸੁਘੜ ਜੀਵਨ-ਜਾਚ ਹੈ, ਜੋ ਸਾਨੂੰ ਮਨ, ਬਾਣੀ, ਕਰਮ ਕਰ ਕੇ ਸਹੀ ਤੇ ਸੋਹਣਾ ਕੰਮ ਸੁਚੱਜੇ ਤਰੀਕੇ ਨਾਲ ਕਰਨਾ ਸਿਖਾਉਂਦੀ ਹੈ। ਇਹ ਬਾਣੀ ਦੇ ਬਗੀਚੇ ਵਿੱਚੋਂ ਉੱਠੀ ਟਹਿਕ-ਮਹਿਕ ਹੀ ਹੈ, ਜਿਸ ਨੇ ਸਿੱਖੀ ਨੂੰ ਰਸਰੰਗ-ਰੱਤਾ ਤੇ ਮਾਣ-ਮੱਤਾ ਬਣਾਇਆ ਹੈ। ਇਸ ਨੇ ਸਾਨੂੰ ਖ਼ਾਸ ਰਹਿਣੀ-ਬਹਿਣੀ, ਚਾਲ-ਢਾਲ, ਰਸਮਾਂ-ਰੀਤਾਂ, ਖਾਣ-ਪਹਿਨਣ ਤੇ ਬੋਲ-ਬਾਣੀ ਵੀ ਬਖ਼ਸ਼ੀ ਹੈ, ਜੋ ਨਿਰਾਲੇ ਹੋਣ ਦੀ ਝਲਕ ਦਿਖਾਉਂਦੀ ਹੈ। ਸਿੱਖ ਸੱਭਿਆਚਾਰ ਕੇਸਾਧਾਰੀ, ਦਸਤਾਰਧਾਰੀ, ਸਿਮਰਨ-ਸੇਵਾਧਾਰੀ, ਖੜਗਧਾਰੀ, ਰਾਜ-ਜੋਗੀ ਸਭਿਆਚਾਰ ਹੈ, ਜੋ ਚੜ੍ਹਦੀਕਲਾ ਤੇ ਸਰਬੱਤ ਦੇ ਭਲੇ ਜਿਹੇ ਉਚੇਰੇ ਨਿਸ਼ਾਨੇ ਰੱਖਦਾ ਹੈ। ਰੂਹਾਨੀ ਚੜ੍ਹਦੀਕਲਾ ਇਸ ਲਈ ਮੰਗੀ ਗਈ ਹੈ ਤਾਂ ਕਿ ਪਦਾਰਥਕ ਮਾਰੂਥਲ ਦੀ ਮਾਰ ਤੋਂ ਬਚਿਆ ਜਾ ਸਕੇ ਤੇ 'ਸਰਬੱਤ ਦਾ ਭਲਾ' ਇਸ ਲਈ ਨਿਸ਼ਾਨਾ ਬਣਾਇਆ ਹੈ ਤਾਂ ਕਿ ਮਨੁੱਖ ਹਉਮੈਂ ਤੇ ਸਵਾਰਥ ਦਾ ਸ਼ਿਕਾਰ ਹੋ ਕੇ, ਸੀਮਤ ਹੋ ਕੇ ਨਾ ਰਹਿ ਜਾਵੇ। ਇਸ ਲਈ ਬੁਰੀਆਂ ਆਦਤਾਂ ਦਾ ਤਿਆਗ ਜ਼ਰੂਰ ਕਰਨਾ ਹੀ ਹੈ ਅਤੇ ਸੰਸਾਰ ਤੇ ਪਰਿਵਾਰ ਮਾਤਰ ਦਾ ਤਿਆਗ ਕਰ ਕੇ ਭਗੌੜੇ ਨਹੀਂ ਹੋਣਾ, ਸਗੋਂ "ਅੰਜਨ ਮਾਹਿ ਨਿਰੰਜਨਿ" ਦੀ ਜੀਵਨ-ਜਾਚ ਇਉਂ ਅਪਣਾਉਣੀ ਹੈ; ਜਿਵੇਂ ਕਿ ਪਾਣੀ ਵਿੱਚ ਕਮਲ ਅਲੇਪ ਰਹਿ ਕੇ ਖਿੜਦਾ-ਵਿਗਸਦਾ ਹੈ। ਸੰਸਾਰੀ ਹਾਸ-ਬਿਲਾਸ ਜ਼ਿੰਦਗੀ ਦੀ ਰਾਸ ਹਨ, ਇਨ੍ਹਾਂ ਤੋਂ ਬੇਮੁੱਖ ਜਾਂ ਉਦਾਸ ਹੋ ਕੇ ਬਨਵਾਸ ਨਹੀਂ ਲੈਣਾ। ਯਤਨ ਅਜਿਹਾ ਕਰਨਾ ਹੈ ਕਿ ਸਤਿਗੁਰੂ ਦੀ ਦੱਸੀ ਜੀਵਨ ਜੁਗਤਿ ਨੂੰ ਅਪਣਾਅ ਕੇ ਗ੍ਰਹਿਸਤ ਵਿੱਚ ਨਿਰਲੇਪ ਰਹਿ ਕੇ ਰਾਜ-ਯੋਗ ਦੋਹਾਂ ਦਾ ਆਨੰਦ ਮਾਣਿਆ ਜਾ ਸਕੇ।

ਇਹ ਕੰਮ ਔਖਾ ਜ਼ਰੂਰ ਹੈ ਪਰ ਗੁਰੂ ਸਾਹਿਬਾਨ ਨੇ ਲੰਮੀ ਘਾਲਣਾ ਭਰਪੂਰ ਜ਼ਿੰਦਗੀ ਜੀਅ ਕੇ ਸਮਝਾ ਦਿੱਤਾ ਹੈ ਕਿ ਮਨੁੱਖ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਔਗੁਣ ਤਿਆਗ ਦੇਣਾ ਅਤੇ ਧਰਮ ਦੀ ਕਮਾਈ ਕਰ ਕੇ ਵੰਡ ਛੱਕਣ ਦੀ ਰੀਤ ਪਾਉਣੀ ਹੈ ਤਾਂ ਕਿ ਕੋਈ ਭੁੱਖਾ-ਨੰਗਾ ਨਾ ਰਹੇ।

"ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥" (ਆਸਾ ਕੀ ਵਾਰ, ਮ: ੧, ਪੰਨਾ ੪੭੪) ਸੁਨਹਿਰੀ ਸਿਧਾਂਤ ਹੈ ਤੇ "ਘਾਲਿ ਖਾਇ ਕਿਛੁ ਹਥਹੁ ਦੇਇ ॥" (ਸਾਰੰਗ ਕੀ ਵਾਰ, ਮ: ੧, ਪੰਨਾ ੧੨੪੫) ਦੀ ਸਿੱਖਿਆ ਇਸ ਵਿੱਚ ਸੋਨੇ ਤੇ ਸੁਹਾਗੇ ਦਾ ਕੰਮ ਕਰਦਿਆਂ ਹੋਇਆਂ ਆਪਣੇ ਜੀਵਨ ਤੇ ਸਮਾਜ ਵਿੱਚ ਸੁਗੰਧੀ ਭਰਨ ਵਾਲੀ ਹੈ।

ਲੇਕਿਨ ਫ਼ਿਰ ਇਹ ਵੀ ਸਮਝਾਇਆ ਗਿਆ ਹੈ ਕਿ ਸਰਬੱਤ ਦਾ ਭਲਾ ਕਰ ਕੇ ਵੀ ਇਸ ਉੱਤੇ ਹੰਕਾਰ ਨਹੀਂ ਕਰਨਾ। ਦੇਗ਼ ਨਾਲ ਤੇਗ਼ ਦੀ ਫ਼ਤਿਹ ਦੀ ਮੰਗ ਅਰਦਾਸ ਵਿੱਚ ਇਸ ਲਈ ਕੀਤੀ ਜਾਂਦੀ ਹੈ ਕਿਉਂਕਿ ਅੰਨ-ਪਾਣੀ ਤਾਂ ਸਭ ਦੀ ਜ਼ਰੂਰਤ ਹੈ। ਧੱਕਾ-ਖੋਰ ਲੋਕ, ਸਭ ਨੂੰ ਬਰਾਬਰ ਦਾ ਵਰਤਾਰਾ ਲੈਣ ਨਹੀਂ ਦਿੰਦੇ। ਵੱਡੇ ਸਾਮਰਾਜ, ਛੋਟੇ-ਛੋਟੇ ਦੇਸ਼ਾਂ ਜਾਂ ਕੌਮਾਂ ਨੂੰ ਸਦਾ ਦਬੇਲ ਬਣਾਉਣ ਵਿੱਚ ਲੱਗੇ ਰਹਿੰਦੇ ਹਨ। ਇਸ ਲਈ ਤੇਗ ਦੀ ਫ਼ਤਿਹ ਵੀ ਮੰਗੀ ਗਈ ਹੈ ਤਾਂ ਕਿ ਕੋਈ ਕਿਤੇ ਧੱਕਾ ਨਾ ਹੋਵੇ, ਸਭ ਦਾ ਆਤਮ-ਸਨਮਾਨ ਕਾਇਮ ਰਹੇ। ਖ਼ਾਲਸੇ ਨੂੰ ਦੇਗ਼-ਤੇਗ਼ ਦਾ ਵਰਦਾਨ ਅਤੇ ਪੰਥ ਕੀ ਜੀਤ ਦੀ ਅਸੀਸ ਇਸੇ ਲਈ ਦਿੱਤੀ ਗਈ ਹੈ ਤਾਂ ਕਿ ਉਹ ਸਰਬੱਤ ਦੇ ਭਲੇ ਦਾ ਮਿਸ਼ਨ ਲੈ ਕੇ ਹਰ ਕਿਸਮ ਦੇ ਅਨਿਆਂ ਵਿਰੁੱਧ ਸੰਗਰਾਮ ਰਚਾਵੇ ਤੇ ਇਸ ਧਰਤੀ ਨੂੰ ਬੈਕੁੰਠ ਰੂਪ ਬਣਾਵੇ। ਕੇਸਰੀ ਨਿਸ਼ਾਨ ਸਾਹਿਬ (ਝੰਡਾ) ਇਸੇ ਖੇੜੇ ਦਾ ਪ੍ਰਤੀਕ ਹੈ। ਅੱਜ ਸਾਡੀ ਆਪਣੀ ਮਾਤ-ਭੂਮੀ, ਪੁੰਨ-ਭੂਮੀ ਪੰਜਾਬ,



ਅਜਿਹੀਆਂ ਬੇਇਨਸਾਫ਼ੀਆਂ ਦਾ ਸ਼ਿਕਾਰ ਹੈ ਕਿ ਲੋਕ-ਰਾਜ ਹੋਣ ਦੇ ਬਾਵਜੂਦ ਲੋਕਰਾਜੀ ਪਰੰਪਰਾਵਾਂ ਗ਼ਾਇਬ ਹਨ, ਲੋਕਾਂ ਨੂੰ ਆਪਣਾ ਸਨਮਾਨ, ਸੁਤੰਤਰਤਾ ਅਤੇ ਸਮਾਜਿਕ ਨਿਆਂ ਪ੍ਰਾਪਤ ਨਹੀਂ। ਬਹੁ ਗਿਣਤੀ ਆਪਣੇ ਅਧਿਕਾਰਾਂ ਤੋਂ ਤਾਂ ਵਾਕਫ਼ ਹੈ ਪਰ ਜ਼ਿੰਮੇਵਾਰੀਆਂ ਭਾਵ ਕਰਤੱਵਾਂ ਤੋਂ ਗ਼ਾਫ਼ਲ ਹੈ, ਜਿਸ ਕਰ ਕੇ ਸਾਰੇ ਦੇਸ਼ ਵਿੱਚ ਬੇਚੈਨੀ, ਅਸੰਤੁਸ਼ਟਤਾ ਤੇ ਅਨਿਆਂ ਦੀ ਹਨੇਰ-ਗਰਦੀ ਮੱਚੀ ਹੋਈ ਹੈ ਤੇ ਪਿਛਲੇ ਸਮੇਂ 'ਚ ਪੰਜਾਬ ਸਭ ਤੋਂ ਵੱਧ ਸੰਤਾਪ ਦਾ ਸ਼ਿਕਾਰ ਰਿਹਾ ਹੈ। ਇਸ ਵਿਰੁੱਧ ਸੰਗਠਿਤ ਹੋ ਕੇ ਸਿਆਸੀ ਸੂਝ-ਬੂਝ ਨਾਲ ਸਭ ਪਾਸਿਆਂ ਤੋਂ ਜੂਝਣ ਦੀ ਲੋੜ ਹੈ। ਕੇਵਲ ਮਾਰੂ ਹਥਿਆਰ ਹੀ ਵਿਗੜੀ ਨਹੀਂ ਸੰਵਾਰ ਸਕਦੇ। ਇਹ ਵੀ ਧਿਆਨ ਗੋਚਰੇ ਕਰਨ ਵਾਲੀ ਗੱਲ ਹੈ ਕਿ ਸਾਡਾ ਸ਼ਾਨਦਾਰ ਸਭਿਆਚਾਰ, ਕੇਵਲ ਰਾਜਨੀਤੀ ਅਤਿਆਚਾਰ ਦੀ ਮਾਰ ਹੇਠ ਹੀ ਨਹੀਂ ਸਗੋਂ ਇਹ ਪਦਾਰਥਵਾਦ, ਕੱਟੜਵਾਦ, ਅਗਿਆਨਵਾਦ, ਦੰਭ-ਪ੍ਰਪੰਚਵਾਦ ਤੇ ਫ਼ੈਸ਼ਨਵਾਦ ਦਾ ਵੀ ਸ਼ਿਕਾਰ ਹੈ। ਇਸ ਕਰ ਕੇ ਸਾਰੇ ਪਾਸਿਆਂ ਤੋਂ ਸਾਵਧਾਨੀ ਵਰਤਣ ਦੀ ਲੋੜ ਹੈ, ਤਾਂ ਹੀ ਇਸ ਸ੍ਰੇਸ਼ਟ ਸਭਿਆਚਾਰ ਨੂੰ ਬਚਾਇਆ ਜਾ ਸਕਦਾ ਹੈ।

ਸੱਭਿਆਚਾਰ ਵਿੱਚ ਜਿਊਂਦਾ ਮਨੁੱਖ ਦੁਨਿਆਵੀ ਜੀਵਨ ਵਿੱਚ ਕੋਈ ਵਾਧ ਘਾਟ ਆਵੇ ਜਾਂ ਅਣਭਾਉਂਦੀ ਗੱਲ ਵਾਪਰੇ ਤਾਂ ਉਹ ਉਸ ਨੂੰ ਰੱਬ ਦਾ ਭਾਣਾ ਜਾਂ ਗੁਰੂ ਦੀ ਖੇਡ ਕਹਿ ਕੇ ਝੱਲਦਾ ਜਾਂਦਾ ਹੈ ਪਰ ਉਸ ਦਾ ਨਿਸ਼ਚਾ ਹੈ ਕਿ ਗੁਰੂ ਘਰ ਵਿੱਚ ਆ ਕੇ ਸੱਚੀ ਬਾਣੀ ਸੁਣ ਕੇ ਸੁੱਖਾਂ ਭਰੀ ਸੰਗਤ ਦੇ ਦੀਦਾਰ ਪਾ ਕੇ ਖ਼ੁਸ਼ੀਆਂ ਮਿਲਦੀਆਂ ਹਨ, ਕੋਈ ਦੁੱਖ ਕਲੇਸ਼ ਰਹਿ ਹੀ ਨਹੀਂ ਜਾਂਦਾ। ਇਹ ਬੜਾ ਆਸ਼ਾਵਾਦੀ ਦ੍ਰਿਸ਼ਟੀਕੋਣ ਹੈ। ਕ੍ਰਿਤੱਗਤਾ (ਕੀਤੇ ਨੂੰ ਨਾ ਭੁੱਲਣਾ) ਤਾਂ ਐਸਾ ਇੱਕ ਹੀ ਹੋਰ ਗੁਣ ਹੈ ਕਿ ਉਹ ਮਾਲਕ ਨੂੰ ਸਦਾ ਸਲਾਹੁੰਦਾ ਨਹੀਂ ਥੱਕਦਾ। ਜੇ ਨਵਾਬ ਮਲੇਰ ਕੋਟਲਾ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ ਹਾਅ ਦਾ ਨਾਅਰਾ ਮਾਰਿਆ ਗਿਆ ਤਾਂ ਦਲ ਖ਼ਾਲਸਾ ਦੀ ਖ਼ੂਬੀ ਇਹ ਰਹੀ ਕਿ ਕਦੀ ਉਨ੍ਹਾਂ ਕੋਟਲੇ 'ਤੇ ਚੜ੍ਹਾਈ ਨਹੀਂ ਕੀਤੀ। ਇਹ ਸਿੱਖਾਂ ਦੇ ਕੌਮੀ ਕਿਰਦਾਰ ਦੀ ਖ਼ੂਬਸੂਰਤੀ ਹੈ। ਉਹ ਚੜ੍ਹਦੀ ਕਲਾ ਦੇ ਨਾਲ ਸਰਬੱਤ ਦਾ ਭਲਾ ਵੀ ਮੰਗਦਾ ਹੈ, 'ਨਾ ਕੋ ਬੈਰੀ ਨਾਹਿ ਬਿਗਾਨਾ' ਇਹ ਬਚਨ ਕੇਵਲ ਗਾਉਣ ਲਈ ਹੀ ਨਹੀਂ, ਸਗੋਂ ਹਰ ਘੜੀ ਕਮਾਉਣ ਲਈ ਹਨ। ਇਸੇ ਕਰ ਕੇ ਅਨੰਦਪੁਰ ਦੀ ਬਿਖੜੀ ਜੰਗ ਵਿੱਚ ਭਾਈ ਘਨ੍ਹੱਈਏ ਨੇ ਆਪਣੀ ਮਸ਼ਕ ਦਾ ਅੰਮ੍ਰਿਤ ਜਲ, ਹਰ ਜ਼ਖ਼ਮੀ ਦੇ ਬੁੱਲ੍ਹਾਂ ਨੂੰ ਛੁਹਾਇਆ-ਚਾਹੇ ਉਹ ਤੁਰਕ ਸੀ, ਚਾਹੇ ਸਿੱਖ ਭਾਈ। ਕੀਰਤਪੁਰ ਇੱਕ ਨਿਹੰਗ ਸਿੰਘ, ਸੰਗਤ ਦੇ ਲੰਘਣ ਲਈ ਇੱਧਰੋਂ ਉੱਧਰੋਂ ਮਿੱਟੀ ਪੱਧਰ ਕਰ ਕੇ ਕਿਤੇ ਕੱਚਾ ਰਸਤਾ ਤਿਆਰ ਕਰ ਰਿਹਾ ਸੀ ਤਾਂ ਅਚਾਨਕ ਅੰਗ੍ਰੇਜ਼ ਅਫ਼ਸਰ ਆ ਗਿਆ, ਉਸ ਨੇ ਆਉਂਦਿਆਂ ਹੀ ਸਵਾਲ ਕੀਤਾ "ਸਿੰਘ ਜੀ ! ਇਸ ਕੰਮ 'ਤੇ ਤੁਹਾਨੂੰ ਕਿਸ ਨੇ ਲਾਇਆ ਹੈ ਤੇ ਕਿੰਨੀ ਮਜ਼ੂਰੀ ਮਿਲੇਗੀ ?" ਨਿਹੰਗ ਸਿੰਘ ਸੁਣ ਕੇ ਜੋਸ਼ ਵਿੱਚ ਆ ਗਿਆ, ਕਹਿਣ ਲੱਗਾ, "ਖ਼ਾਲਸਾ ਖ਼ੁਦ ਬਾਦਸ਼ਾਹ ਹੈ, ਇਸ ਨੂੰ ਮਜ਼ੂਰੀ ਦੀ ਕੀ ਲੋੜ ਹੈ, ਮੈਂ ਤਾਂ ਆਉਣ ਵਾਲੀਆਂ ਸੰਗਤਾਂ ਦੇ ਲੰਘਣ ਲਈ ਇਹ ਸੇਵਾ ਕਰ ਰਿਹਾ ਹਾਂ ਤੇ ਬਸ।" ਸੋ ਸਿੱਖ ਸੱਭਿਆਚਾਰ ਨੇ ਸਦਾ-ਸਦਾ ਸੇਵਕ ਬਣ ਕੇ ਸੇਵਾ-ਟਹਿਲ ਕਰ ਕੇ ਅਨੰਦਿਤ ਰਹਿਣ ਦੀ ਜੀਵਨ-ਜਾਚ ਸਿਖਾਈ ਹੈ ਇਸ ਕਰ ਕੇ ਮਨ ਕਦੀ ਢਹਿੰਦੀ ਕਲਾ ਵੱਲ ਜਾਂਦਾ ਹੀ ਨਹੀਂ। ਫ਼ਿਰ ਇਹ ਅਵਸਥਾ ਆਪਣੇ-ਆਪ ਹੀ ਨਹੀਂ ਆ ਜਾਂਦੀ, ਇਸ ਲਈ ਇੱਕ ਖ਼ਾਸ ਕਿਸਮ ਦੇ ਅਭਿਆਸ ਵਿੱਚੋਂ ਲੰਘਣਾ ਪੈਂਦਾ ਹੈ। ਜਿਸ ਨੂੰ ਅਸੀਂ ਗੁਰਮਤਿ ਦਾ ਤ੍ਰੈ-ਨੁਕਤੀਆ ਪ੍ਰੋਗਰਾਮ "ਗੁਰਮਤਿ ਨਾਮੁ ਦਾਨੁ ਇਸ਼ਨਾਨੁ" ਕਰ ਕੇ ਆਖਦੇ ਹਾਂ, ਜਿਸ ਦਾ ਭਾਵ ਹੈ-ਆਤਮਕ ਪਵਿਤ੍ਰਤਾ, ਸੱਭ ਨਾਲ ਵੰਡਣ ਦੀ ਬਿਰਤੀ ਦੇ ਧਾਰਨੀ ਹੋਣਾ ਅਤੇ ਮਾਨਸਿਕ ਸ਼ੁੱਧਤਾ, ਸਰੀਰਕ ਸੂਛੱਤਾ। ਸੋ ਸਿੱਖ ਆਪਣਾ ਦਿਨ ਇਸ਼ਨਾਨ ਤੇ ਰੱਬੀ ਧਿਆਨ ਨਾਲ ਅਰੰਭ ਕਰਦਾ ਹੈ, ਤਾਂ ਉਹ "ਜੀਅਹੁ ਨਿਰਮਲ ਬਾਹਰਹੁ ਨਿਰਮਲ" ਹੁੰਦਾ ਹੋਇਆ ਪੂਰੀ ਤਰ੍ਹਾਂ ਤਿਆਰ-ਬਰ ਤਿਆਰ ਹੋ ਜਾਂਦਾ ਹੈ। ਇਹ ਧਿਆਨ-ਯੋਗ ਨੁਕਤਾ ਹੈ ਕਿ ਸੱਭਿਆਚਾਰ ਕੇਵਲ ਧਾਰਮਿਕ ਸਿੱਖਿਆ 'ਤੇ ਹੀ ਨਿਰਭਰ ਨਹੀਂ ਬਲਕਿ ਇਸ ਨੂੰ ਕਲਾ ਦੇ ਪੱਖ ਤੋਂ ਵੀ ਨਿਪੁੰਨਤਾ ਤੇ ਮਹਾਰਤ ਮਿਲਣੀ ਚਾਹੀਦੀ ਹੈ। ਇਸ ਪੱਖ ਤੋਂ ਗੁਰਬਾਣੀ ਦੀ ਸਾਹਿਤਕਾਰੀ, ਸੰਗੀਤਕਾਰੀ ਦਾ ਵਿਰਸਾ ਇੰਨਾ ਭਰਪੂਰ ਤੇ ਵਿਸ਼ਾਲ ਹੈ, ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਨੇ ਆਚਰਣ ਦੇ ਨਿਰਮਾਣ ਵਿੱਚ ਬਹੁਤ ਵੱਡਾ ਹਿੱਸਾ ਪਾਇਆ ਹੈ। ਚਿੱਤਰਕਾਰੀ ਦਾ ਯੋਗਦਾਨ ਵੀ ਅਣਡਿੱਠ ਕਰਨ ਵਾਲਾ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਹੱਥ ਲਿਖਤ ਬੀੜਾਂ ਦਾ ਹਰ ਸਫ਼ਾ ਭਾਂਤ-ਭਾਂਤ ਦੇ ਫ਼ੁੱਲ ਬੂਟਿਆਂ ਨਾਲ ਸ਼ਿੰਗਾਰਿਆ ਹੁੰਦਾ ਸੀ ਤੇ ਸਿੱਖ ਸਰਦਾਰ ਇਸ ਦੀ ਕਦਰ ਕਰਦੇ ਸਨ। ਇਸ ਤਰ੍ਹਾਂ ਗੁਰਧਾਮਾਂ ਦੀ ਚਿੱਤਰਕਾਰੀ ਤੇ ਹਰਿਮੰਦਰ ਦੀ ਉੱਚ-ਪੱਧਰੀ ਕਾਰੀਗਰੀ ਦੁਨੀਆਂ ਦੇ ਕ੍ਰਿਸ਼ਮਿਆਂ ਵਿੱਚੋਂ ਗਿਣੀ ਜਾਂਦੀ ਹੈ। ਇਸੇ ਤਰ੍ਹਾਂ ਸਿੱਖ ਦਾ ਜਿਹੜਾ ਬਾਹਰਲਾ ਸਰੂਪ ਹੈ, ਉਹ ਵੀ ਵਿਲੱਖਣ ਹੋਣ ਕਰ ਕੇ ਹਰੇਕ ਲਈ ਆਕਰਸ਼ਣ ਦਾ ਕਾਰਨ ਹੈ। **(ਬਾਕੀ ਸਫ਼ਾ 31 'ਤੇ)**

DIAMOND TRANSPORTATION
DIAMOND Transportation Logistics, Inc.
Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ 209.487.3699
ਹਰਨੇਕ ਸਿੰਘ ਅਟਵਾਲ 209.351.5965
2850 Loomis Rd, Stockton, CA 95205



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਖ਼ਾਲਸਾ ਪੰਥ ਦੇ ਸਿਰਜਣਹਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਗੁਰੂ ਗੋਬਿੰਦ ਸਿੰਘ ਜੀ ਇੱਕ ਇਲਾਹੀ ਦੂਤ, ਇੱਕ ਯੋਧਾ ਅਤੇ ਇੱਕ ਦਾਰਸ਼ਨਿਕ ਵਜੋਂ ਜਾਣੇ ਜਾਂਦੇ ਹਨ। ਆਪ ਜੀ ਨੇ ਸਮਾਜ ਨੂੰ ਨਿਡਰਤਾ, ਸਵੈ ਮਾਣ, ਸੰਜਮ ਤੇ ਵਿਸ਼ਵਾਸ ਦੀ ਜੀਵਨ ਜਾਚ ਸਿਖਾਈ। ਸਿੱਖ ਧਰਮ ਵਿੱਚ ਆਪ ਦਸਵੀਂ ਪਾਤਸ਼ਾਹੀ ਵਜੋਂ ਯਾਦ ਕੀਤੇ ਜਾਂਦੇ ਹਨ। ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਿਧਾਂਤ ਅਨੁਸਾਰ ਪਰਮਾਤਮਾ ਦੇ ਪ੍ਰੇਮ ਵਿੱਚ ਯੋਧਿਆਂ ਵਾਂਗ ਵਿਚਰਨ ਦਾ ਉਪਦੇਸ਼ ਹੈ। ਸਤਿ ਨੇ ਨਿਆਂ ਦੀ ਹਰ ਹਾਲਤ ਵਿੱਚ ਪਾਲਣਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਖ਼ਾਲਸਾ ਸਾਜਿਆ ਕਿ ਇੱਕ ਪਰਮਾਤਮਾ ਤੋਂ ਬਿਨਾਂ ਕਿਸੇ ਅੱਗੇ ਸਿਰ ਨਾ ਝੁਕਾਵੇ। ਗੁਰੂ ਗਰੰਥ ਸਾਹਿਬ ਜੀ ਵਿੱਚ ਵਿਸ਼ਵਾਸ ਰੱਖੇ ਅਤੇ ਗੁਰੂ ਮੰਨੇ। ਆਪਣੇ ਸਿੱਖਾਂ ਨੂੰ ਉਪਦੇਸ਼ ਦਿੱਤਾ ਕਿ ਜਬਰ ਅਤੇ ਅਨਿਆਇ ਅੱਗੇ ਝੁਕਣਾ ਆਧਰਮ ਹੈ। ਸਿੱਖ ਕੌਮ ਵਿੱਚ ਅਜਿਹਾ ਜੋਸ਼ ਭਰਿਆ ਕਿ ਨਿਮਾਣੇ, ਨਿਤਾਣੇ, ਦੱਬੇ ਕੁਚਲੇ ਨਿਕੰਮੇ ਸਮਝੇ ਜਾਣ ਵਾਲਿਆਂ ਨੂੰ ਸੰਤ ਸਿਪਾਹੀ ਬਣਨ ਵੱਲ ਤੋਰਿਆ। ਜਿੰਨਾਂ ਦੀਆਂ ਕੁਰਬਾਨੀਆਂ ਹਮੇਸ਼ਾ ਅਮਰ ਹਨ। ਅਧਿਆਤਮਕ ਤੇ ਭੌਤਿਕ, ਆਤਮਿਕ ਤੇ ਸੰਸਾਰਕ ਨੂੰ ਇੱਕ ਕਲਾਵੇ ਵਿੱਚ ਲੈ ਲਿਆ। ਦੇਗ, ਤੇਗ, ਫ਼ਤਹਿ ਦੀ ਦਾਤ ਖ਼ਾਲਸੇ ਨੂੰ ਬਖਸ਼ੀ। ਗੁਰੂ ਸਾਹਿਬ ਜੀ ਨੇ ਨਿਰੋਏ ਸਮਾਜ ਦੀ ਉਸਾਰੀ ਕਰਦਿਆਂ ਸਿੱਖ ਧਰਮ ਦੀ ਅਗਵਾਈ ਕੀਤੀ।

ਗੁਰੂ ਕਾਲ ਦੇ ਚੱਲਦੇ ਸਮੇਂ ਵਿੱਚ ਆਪ ਜੀ ਦਾ ਜਨਮ ਹਰਿਮੰਦਰ ਸਾਹਿਬ ਪਟਨਾ ਬਿਹਾਰ ਵਿੱਚ 22 ਦਸੰਬਰ 1666 ਨੂੰ ਮਾਤਾ ਗੁਜ਼ਰੀ ਜੀ ਦੀ ਕੁੱਖੋਂ ਹੋਇਆ। ਉਸ ਵੇਲੇ ਆਪ ਜੀ ਦੇ ਗੁਰਦੇਵ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਧਾਰਮਿਕ ਉਦੇਸ਼ ਲਈ ਬੰਗਾਲ ਅਤੇ ਅਸਾਮ ਦੀ ਯਾਤਰਾ 'ਤੇ ਸਨ। ਸਾਹਿਬਜ਼ਾਦੇ ਦਾ ਨਾਉਂ ਗੋਬਿੰਦ ਦਾਸ ਰੱਖਣ ਦਾ ਸੁਨੇਹਾ ਭੇਜਿਆ। ਬਾਅਦ ਵਿੱਚ 30 ਮਾਰਚ 1699 ਵੈਸਾਖ਼ੀ ਵਾਲੇ ਦਿਨ ਆਪ ਜੀ ਨੇ ਪੰਜਾ ਪਿਆਰਿਆਂ ਪਾਸੋਂ ਅੰਮ੍ਰਿਤ ਛਕਿਆ ਤਾਂ ਆਪ ਜੀ ਦਾ ਨਾਉਂ ਗੁਰੂ ਗੋਬਿੰਦ ਸਿੰਘ ਜੀ ਹੋ ਗਿਆ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 1670 ਵਿੱਚ ਪਟਨਾ ਵਾਪਿਸ ਆਉਣ 'ਤੇ ਆਪ ਜੀ ਦਾ ਪਰਿਵਾਰ ਕੁਝ ਚਿਰ ਪਟਨਾ ਸਾਹਿਬ ਰਿਹਾ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੀਵਨ ਦੇ ਪਹਿਲੇ ਪੰਜ ਸਾਲ ਪਟਨਾ ਸਾਹਿਬ ਵਿਖੇ ਗੁਜ਼ਰੇ ਸਨ। ਆਪ ਜੀ ਨੇ ਗੁਰਮੁਖੀ ਅਤੇ ਗੁਰਬਾਣੀ ਦੀ ਸਿੱਖਿਆ ਸ਼ੁਰੂ ਕਰ ਲਈ ਸੀ। ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਆਪ ਜੀ ਦੇ ਸ਼ਰਧਾਲੂ ਬਣ ਗਏ ਸਨ। ਤਦ ਹੀ ਪਰਿਵਾਰ ਦੀ ਪੰਜਾਬ ਜਾਣ ਦੀ ਤਿਆਰੀ ਹੋ ਗਈ। ਪਰਿਵਾਰ ਦਾਨਾਪੁਰ, ਬਕਸਰ, ਆਰਾ, ਛੋਟਾ ਮਿਰਾਜ਼ਪੁਰ, ਬਨਾਰਸ, ਪਰਾਗ, ਲਖਨਊ, ਮਥਰਾ, ਥਾਨੇਸਰ, ਸਹਾਰਨਪੁਰ ਤੋਂ ਹੁੰਦਾ ਹੋਇਆ ਲਖਨੌਰ (ਅੰਬਾਲਾ) ਕੁਝ ਚਿਰ ਠਹਿਰਿਆ। ਫ਼ਿਰ ਕੀਰਤਪੁਰ ਪਹੁੰਚੇ। ਅਖੀਰ ਮਾਰਚ,1672 ਨੂੰ ਸ਼ਿਵਾਲਕ ਦੀ ਤਲਹਟੀ ਆਨੰਦਪੁਰ ਸਾਹਿਬ ਪਹੁੰਚੇ। ਜਿਥੇ ਆਪ ਜੀ ਦੀ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ। ਪੰਜਾਬੀ, ਬ੍ਰਿਜ, ਸੰਸਕ੍ਰਿਤ ਅਤੇ ਫ਼ਾਰਸੀ ਪੜ੍ਹਨਾ ਸੀ। ਸ਼ਸਤਰ ਵਿਦਿਆ ਵਿੱਚ ਤਲਵਾਰ, ਖੰਡਾ, ਬੰਦੂਕ ਆਦਿ ਦੀ ਵਰਤੋਂ, ਤੀਰੰਦਾਜੀ, ਸਵਾਰੀ, ਕੁਸ਼ਤੀ ਆਦਿ ਦੀ ਸਿਖਲਾਈ ਪ੍ਰਾਪਤ ਕੀਤੀ। ਆਪ ਜੀ ਦੀਆਂ ਖੇਡਾਂ ਵਿੱਚ ਸਾਥੀਆਂ ਨੂੰ ਦੋ ਟੋਲੀਆਂ ਵਿੱਚ ਵੰਡ ਲੈਂਦੇ ਸਨ। ਫ਼ਰਜ਼ੀ ਲੜਾਈਆਂ ਲੜੀਆਂ ਜਾਂਦੀਆਂ, ਆਪ ਜਥੇਦਾਰ ਬਣਦੇ ਸਨ।

ਜਦ ਔਰੰਗਜ਼ੇਬ ਨੇ ਸਾਰੇ ਹਿੰਦੂਆਂ ਨੂੰ ਜਬਰੀ ਇਸਲਾਮ ਕਬੂਲਣ ਦਾ ਹੁਕਮ ਦਿੱਤਾ ਤਾਂ ਕਸ਼ਮੀਰੀ ਪੰਡਤਾਂ ਨੇ 1675 ਵਿੱਚ ਆਨੰਦਪੁਰ ਸਾਹਿਬ ਪਹੁੰਚ ਕੇ ਕ੍ਰਿਪਾ ਰਾਮ ਦੀ ਅਗਵਾਈ ਹੇਠ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਧਰਮ ਦੀ ਰੱਖਿਆ ਲਈ ਪੁਕਾਰ ਕੀਤੀ। ਤਦ ਨੌਂ ਸਾਲ ਦੇ ਗੋਬਿੰਦ ਦਾਸ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਧਰਮ ਦੀ ਰੱਖਿਆ ਲਈ ਕੁਰਬਾਨੀ ਦੇਣ ਲਈ ਭੇਜਿਆ। ਗੁਰੂ ਤੇਗ ਬਹਾਦਰ ਸਾਹਿਬ ਜੀ ਦਿੱਲੀ ਵਿੱਚ ਸ਼ਹੀਦ ਹੋਣ ਤੋਂ ਪਹਿਲਾਂ ਕਹਿ ਗਏ ਸਨ ਕਿ ਸਾਡੇ ਤੋਂ ਬਾਅਦ ਗੁਰਗੱਦੀ ਦੀ ਜਿੰਮੇਵਾਰੀ ਸਾਡਾ ਸਾਹਿਬਜ਼ਾਦਾ ਸੰਭਾਲੇਗਾ। ਆਪ ਜੀ ਦੀ ਗੁਰਿਆਈ ਦਾ ਸਮਾਂ 11 ਨਵੰਬਰ 1675 ਤੋਂ ਸ਼ੁਰੂ ਹੁੰਦਾ ਹੈ।

ਗੁਰੂ ਸਾਹਿਬ ਜੀ ਨੇ ਸਰੀਰਕ ਬਲ ਅਤੇ ਸ਼ਸਤਰ ਵਿਦਿਆ ਦੇ ਹੁਨਰ ਨਾਲ ਸਾਹਿਤਕ ਉੱਨਤੀ ਵੱਲ ਧਿਆਨ ਦਿੱਤਾ। ਆਪ ਜੀ ਦੇ ਕੋਲ ਕਾਵਿਕ ਰਚਨਾ ਵਾਸਤੇ ਇੱਕ ਕੁਦਰਤੀ ਪ੍ਰਤਿਭਾ ਸੀ। ਕੌਮ ਦੀ ਉਸਾਰੀ ਦੇ ਕੰਮਾਂ ਦੀ ਵਿਉਂਤ ਬਣਾਈ ਕਿ ਜਿਸ ਵਿੱਚ ਕਵਿਤਾ ਸਾਹਿਤ ਗੁਣਕਾਰੀ ਹੈ। ਇਸ ਵਿੱਚ ਖੋਜ ਆਰੰਭੀ। ਗੁਰਬਾਣੀ ਦੀ ਰਚਨਾ ਕੀਤੀ। ਆਪਣੇ ਅਨੁਯਾਈਆਂ ਨੂੰ ਜੰਗੀ ਪੱਧਰ 'ਤੇ ਤਿਆਰ ਕਰਨ ਅਤੇ ਉਹਨਾਂ ਨੂੰ ਬੇਇਨਸਾਫ਼ੀ ਅਤੇ ਜ਼ੁਲਮ ਵਿਰੁੱਧ ਖੜੇ ਹੋਣ ਲਈ ਪ੍ਰੇਰਿਆ। ਆਪਣੇ ਜੀਵਨ ਦੇ ਪਹਿਲੇ 20 ਸਾਲ ਤੋਂ ਵੱਧ ਆਪਣੇ ਆਪ ਨੂੰ ਇੱਕ ਸਿਪਾਹੀ ਦੀ ਸਿਖਲਾਈ ਹੇਠ ਹਥਿਆਰਾਂ ਦਾ ਅਭਿਆਸ ਕਰਦੇ ਆਨੰਦਪੁਰ ਸਾਹਿਬ ਵਿਖੇ ਸ਼ਾਂਤੀ ਪੂਰਵਕ ਰਹੇ। ਆਪ ਜੀ ਨੇ ਗ੍ਰੰਥਾਂ ਦਾ ਅਧਿਐਨ ਕੀਤਾ। ਬੀਰ ਰਸੀ ਕਵਿਤਾ ਪਾਠ ਦੇ ਨਾਲ ਸੰਗਤਾਂ ਵਿੱਚ ਧਾਰਮਿਕ ਵਾਰਤਾਲਾਪ ਚੱਲਦੀ। ਆਪ ਜੀ ਨੇ ਗੁਰਬਾਣੀ ਰਚਨਾ ਵੀ ਕੀਤੀ। ਪੁਰਾਤਨ ਸਾਹਿਤ ਦਾ ਅਨੁਵਾਦ ਕੀਤਾ ਗਿਆ। ਜੋ ਸਿੱਖਾਂ ਵਿੱਚ ਜੰਗੀ ਭਾਵਨਾ ਪੈਦਾ ਕੀਤੀ ਜਾ ਸਕੇ।

ਗੁਰੂ ਸਾਹਿਬ ਜੀ ਨੇ ਯਮੁਨਾ ਨਦੀ ਦੇ ਕੰਢੇ ਪਾਉਂਟਾ ਸਾਹਿਬ ਵਿਖੇ ਗੁਰਦੁਆਰਾ ਸਥਾਪਤ ਕੀਤਾ। ਗੁਰੂ ਸਾਹਿਬ ਜੀ ਦਾ ਜ਼ਿਆਦਾਤਰ ਰਚਨਾਤਮਕ ਸਾਹਿਤਕ ਕਾਰਜ ਪਾਉਂਟਾ ਸਾਹਿਬ ਵਿਖੇ ਹੋਇਆ। ਅਪ੍ਰੈਲ 1685 ਵਿੱਚ ਆਪ ਪਾਉਂਟਾ ਸਾਹਿਬ ਠਹਿਰੇ ਸਨ। ਆਪਣੀ ਕਵਿਤਾ ਦੁਆਰਾ ਪਿਆਰ, ਸਮਾਨਤਾ ਤੇ ਨੈਤਿਕ ਆਚਰਣ ਦਾ ਪ੍ਰਚਾਰ ਕੀਤਾ। ਉਹਨਾਂ ਨੇ ਮੂਰਤੀ ਪੂਜਾ ਅਤੇ ਅੰਧਵਿਸ਼ਵਾਸ ਅਤੇ ਰੀਤੀ ਰਿਵਾਜਾਂ ਦੀ ਨਿਖੇਧੀ ਕਰਦੇ ਹੋਏ ਇੱਕ ਸਰਵ ਉੱਚ ਵਿੱਚ ਵਿਸ਼ਵਾਸ ਦਾ ਉਪਦੇਸ਼ ਦਿੱਤਾ। ਤਲਵਾਰ ਦੀ ਮਹਿਮਾ ਦੱਸਦਿਆਂ ਕਿਹਾ ਕਿ ਉਹ ਪਰਮਾਤਮਾ ਵੱਲੋਂ ਨਿਆਂ ਦੀ ਪੂਰਤੀ ਵਾਸਤੇ ਹੈ। ਹਮਲਾਵਰ ਪ੍ਰਤੀਕ ਵਜੋਂ ਨਹੀਂ। ਇਸ ਦੀ ਵਰਤੋਂ ਕਦੇ ਨਿਜ ਸ਼ਕਤੀ ਵਧਾਉਣ ਲਈ ਨਹੀਂ ਕਰਨੀ ਚਾਹੀਦੀ। ਇਹ ਮਰਦਾਨਗੀ ਅਤੇ ਸਵੈ ਮਾਣ ਦਾ ਪ੍ਰਤੀਕ ਹੈ। ਇਸ ਦੀ ਵਰਤੋਂ ਸਿਰਫ਼ ਰੱਖਿਆ ਵਾਸਤੇ ਕੀਤੀ ਜਾਣੀ। ਆਖਰੀ ਉਪਾਅ ਵਜੋਂ ਜਦੋਂ ਹੋਰ ਸਾਰੇ ਯਤਨ ਅਸਫ਼ਲ ਹੋ ਜਾਂਦੇ ਹਨ ਤਾਂ ਤਲਵਾਰ ਚੁੱਕਣਾ ਜਾਇਜ਼ ਹੈ। ਪਾਉਂਟਾ ਸਾਹਿਬ ਵਿਖੇ ਗੁਰੂ ਜੀ ਦੇ ਦਰਬਾਰ ਵਿੱਚ ਕਲਮਕਾਰ, ਕਲਾਕਾਰ, ਗੁਣੀ ਫ਼ਨਕਾਰ ਸਨ। ਜਿਨ੍ਹਾਂ ਦਾ ਸਮੇਂ ਸਮੇਂ ਤਾਂਤਾ ਲੱਗਾ ਰਹਿੰਦਾ ਸੀ ਪਰ 52 ਕਵੀ ਪੱਕੇ ਤੌਰ 'ਤੇ ਗੁਰੂ ਦਰਬਾਰ ਵਿੱਚ ਦਰਬਾਰੀ ਰਤਨ ਕਵੀ ਬਣ ਕੇ ਰਹੇ। ਗੁਰੂ ਜੀ ਕਲਾਕਾਰਾਂ ਦਾ ਬੜਾ ਸਤਿਕਾਰ ਕਰਦੇ ਸਨ, ਜਿਨ੍ਹਾਂ ਨੇ ਆਪਣੀਆਂ ਵਡਮੁੱਲੀਆਂ ਰਚਨਾਵਾਂ ਨਾਲ ਗੁਰੂ ਸਾਹਿਬ ਜੀ ਦੇ ਧਰਮ ਪ੍ਰਚਾਰ ਵਿੱਚ ਯੋਗਦਾਨ ਪਾਇਆ। ਪਾਉਂਟਾ ਧਰਮ ਪ੍ਰਚਾਰ, ਸਾਹਿਤ ਰਚਨਾ, ਵਿਦਿਆ ਅਤੇ ਫ਼ੌਜੀ ਸਿਖਲਾਈ ਦਾ ਕੇਂਦਰ ਬਣ ਗਿਆ। ਇਸ ਤਰਾਂ ਪਾਉਂਦਾ ਸਾਹਿਬ ਰਹਿੰਦੇ ਸਮੇਂ ਗੁਰੂ ਜੀ ਆਪਣੇ ਮਨੋਰਥ ਦੀ ਪੂਰਤੀ ਦੇ ਯਤਨਾਂ, ਸਾਧਨਾਂ ਵੱਲ ਟਿੱਕ ਕੇ ਧਿਆਨ ਦੇ ਸਕੇ।

ਗੁਰੂ ਸਾਹਿਬ ਜੀ ਦੀ ਵੱਧਦੀ ਤਾਕਤ ਅਤੇ ਲੋਕਾਂ ਵਿੱਚ ਵਧਦੇ ਪ੍ਰਭਾਵ ਤੋਂ ਗੁਆਢੀਂ ਰਾਜਪੂਤ ਪਹਾੜੀ ਸ਼ਾਸਕਾਂ ਦੀ ਈਰਖਾ ਵਧਣ ਲੱਗੀ। ਤਦ ਗੁਰੂ ਸਾਹਿਬ ਜੀ ਨੂੰ ਜੰਗਾਂ ਸਹੇੜਨੀਆਂ ਪਈਆਂ। ਕੁਝ ਖ਼ਾਲਸਾ ਸਾਜਣਾ ਤੋਂ ਪਹਿਲਾਂ ਤੇ ਕੁਝ ਖ਼ਾਲਸਾ ਸਾਜਣਾ ਤੋਂ ਬਾਅਦ। ਆਨੰਦਪੁਰ ਸਾਹਿਬ ਦੀ ਪਹਿਲੀ ਜੰਗ, ਨਿਰਮੋਹ ਦੀ ਜੰਗ, ਸਤਲੁਜ ਦੀ ਜੰਗ, ਬਸੌਲੀ ਦੀ ਜੰਗ, ਅਨੰਦਪੁਰ ਸਾਹਿਬ ਦੀ ਦੂਜੀ ਜੰਗ, ਸ਼ਾਹੀ ਟਿੱਬੇ ਦੀ ਜੰਗ, ਸਿਰਸਾ ਦੀ ਜੰਗ, ਚਮਕੌਰ ਸਾਹਿਬ ਦੀ ਜੰਗ, ਖਿਦਰਾਣਾਂ ਦੀ ਜੰਗ। ਸੰਨ 1694 ਨੂੰ ਸ਼ਹਿਜ਼ਾਦਾ ਮੁਅੱਜ਼ਮ ਬਾਅਦ ਵਿੱਚ ਬਾਦਸ਼ਾਹ ਬਹਾਦਰ ਸ਼ਾਹ ਜਾਣਿਆ ਜਾਣ ਲੱਗਿਆ, ਦੇ ਸਮੇਂ ਥੋੜੀ ਜਿਹੀ ਰਾਹਤ ਮਿਲੀ। ਸੰਨ 1699 ਵਿੱਚ ਵੱਖ ਵੱਖ ਹਿਸਿਆ ਵਿੱਚ ਸਿੱਖ ਸੰਗਤਾਂ ਤੇ ਭਾਈਚਾਰੇ ਵੱਲੋਂ ਮਸੰਦਾ ਵਿਰੁੱਧ ਸ਼ਿਕਾਇਤਾਂ ਸੁਣੀਆਂ ਸਨ। ਗੁਰੂ ਸਾਹਿਬ ਜੀ ਨੇ ਸੰਗਤਾਂ ਨੂੰ ਨਿਰਦੇਸ਼ ਦਿੱਤਾ ਕਿ ਉਹ ਆਪਣੀਆਂ ਭੇਟਾਂ ਸਿੱਧੇ ਆਨੰਦਪੁਰ ਸਾਹਿਬ ਭੇਜਣ। ਗੁਰੂ ਸਾਹਿਬ ਜੀ ਨੇ ਖ਼ਾਲਸਾ ਪੰਥ ਸਾਜਣ ਦਾ ਫ਼ੈਸਲਾ ਕਰ ਲਿਆ। ਗੁਰੂ ਜੀ ਨੇ 1699 ਦੀ ਵਿਸਾਖ਼ੀ ਦਾ ਦਿਨ ਨੀਅਤ ਕੀਤਾ। ਚਾਰ ਚੁਫੇਰੇ ਸੰਗਤਾਂ ਨੂੰ ਹੁਕਮ ਭੇਜੇ ਕਿ ਵਿਸਾਖ਼ੀ ਤੇ ਵੱਡਾ ਜੋੜ ਮੇਲਾ ਹੋਵੇਗਾ। ਸੰਗਤਾਂ ਵੱਧ ਤੋਂ ਵੱਧ ਗਿਣਤੀ ਵਿੱਚ ਹਾਜ਼ਰ ਹੋਣ। ਕੇਸਗੜ੍ਹ ਸਾਹਿਬ ਆਨੰਦਪੁਰ ਵਿਖੇ ਪੰਜ ਪਿਆਰਿਆਂ ਦੀ ਚੋਣ ਕਰਕੇ ਖ਼ਾਲਸਾ ਪੰਥ ਸਾਜਿਆ। ਗੁਰੂ ਜੀ ਨੇ ਆਪਣੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਣ ਦੀ ਬੇਨਤੀ ਕੀਤੀ। ਜਿਵੇਂ ਉਹਨਾਂ ਨੇ ਉਹਨਾਂ ਨੂੰ ਅੰਮ੍ਰਿਤ ਛਕਾਇਆ ਸੀ, ਉਹ ਆਪ ਉਹਨਾਂ ਦਾ ਚੇਲਾ ਬਣ ਗਿਆ। 'ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।' ਹੁਣ ਤੋਂ ਸਿੰਘ ਖ਼ਾਲਸਾ ਵਜੋਂ ਜਾਣੇ ਜਾਣਗੇ। ਉਦੋਂ ਗੁਰੂ ਜੀ ਦਾ ਨਾਉਂ ਗੋਬਿੰਦ ਦਾਸ ਤੋਂ ਗੋਬਿੰਦ ਸਿੰਘ ਰੱਖਿਆ ਗਿਆ। ਕੁਝ ਹੀ ਦਿਨਾਂ ਵਿੱਚ 80,000 ਮਰਦਾਂ ਅਤੇ ਔਰਤਾਂ ਆਨੰਦਪੁਰ ਵਿਖੇ ਅੰਮ੍ਰਿਤ ਛਕਿਆ। ਗੁਰੂ ਸਾਹਿਬ ਜੀ ਦਾ ਸੰਘਰਸ਼ ਮੁਗਲਾਂ ਨਾਲ ਜੰਗਾਂ ਵਿੱਚ ਚਲਦਾ ਰਿਹਾ।

ਜੰਗਾਂ ਤੋਂ ਬਾਅਦ 20 ਜਨਵਰੀ 1706 ਨੂੰ ਤਲਵੰਡੀ ਸਾਬੋ, ਹੁਣ ਦਮਦਮਾ ਸਾਹਿਬ ਕਿਹਾ ਜਾਂਦਾ ਹੈ, ਪਹੁੰਚੇ। ਉੱਥੇ 9 ਮਹੀਨਿਆਂ ਤੋਂ ਵੱਧ ਸਮਾਂ ਰਹਿਣ 'ਤੇ ਬਹੁਤ ਸਾਰੇ ਸਿੱਖ ਗੁਰੂ ਜੀ ਨੂੰ ਦੁਬਾਰਾ ਮਿਲ ਗਏ। ਉਹਨਾਂ ਨੇ ਗੁਰੂ ਜੀ ਦੀ ਬਾਣੀ ਲਿਖਣ ਵਾਲੇ ਪ੍ਰਸਿੱਧ ਵਿਦਵਾਨ ਭਾਈ ਮਨੀ ਸਿੰਘ ਜੀ ਨਾਲ ਮਿਲ ਕੇ ਸਿੱਖ ਧਰਮ ਗ੍ਰੰਥ , ਗੁਰੂ ਗ੍ਰੰਥ ਸਾਹਿਬ ਜੀ ਤਿਆਰ ਕੀਤਾ। ਗੁਰੂ ਸਾਹਿਬ ਜੀ ਕੋਲ ਵਿਦਵਾਨਾਂ ਦਾ ਇੱਕਠ ਹੋਣ ਕਰਕੇ ਸਾਹਿਤਕ ਗਤੀਵਿਧੀਆਂ ਤੋਂ ਇਸ ਸਥਾਨ ਨੂੰ ਗੁਰੂ ਕੀ ਕਾਸ਼ੀ ਜਾਂ ਵਾਰਾਨਸੀ ("ਉੱਤਰੀ ਪੂਰਬੀ ਮੱਧ ਭਾਰਤ") ਵਰਗਾ ਵਿਦਿਆ ਦਾ ਕੇਂਦਰ ਵਜੋਂ ਜਾਣਿਆ ਜਾਂਦਾ ਹੈ।

ਦੀਨਾ ਨਗਰ ਰਹਿੰਦਿਆਂ ਗੁਰੂ ਸਾਹਿਬ ਜੀ ਨੂੰ ਔਰੰਗਜ਼ੇਬ ਦਾ ਇੱਕ ਪੱਤਰ ਮਿਲਿਆ, ਜਿਸ ਵਿੱਚ ਉਸ ਨੇ ਗੁਰੂ ਸਾਹਿਬ ਜੀ ਨੂੰ ਮਿਲਣ ਦੀ ਬੇਨਤੀ ਕੀਤੀ ਸੀ ਕਿ ਆਪ ਦੱਖਣ ਵਿੱਚ ਆ ਕੇ ਉਸ ਨੂੰ ਮਿਲਣ। ਇਹ ਪੱਤਰ ਉਸ ਪੱਤਰ ਦੇ ਉੱਤਰ ਵਿੱਚ ਸੀ, ਜਿਹੜਾ ਗੁਰੂ ਸਾਹਿਬ ਜੀ ਨੇ ਚਮਕੌਰ ਦੀ ਜੰਗ ਤੋਂ ਬਾਅਦ ਉਸ ਨੂੰ ਲਿਖਿਆ ਸੀ। ਦੂਜਾ ਪੱਤਰ ਗੁਰੂ ਸਾਹਿਬ ਜੀ ਨੇ ਬਾਦਸ਼ਾਹ ਦੀ ਚਿੱਠੀ ਆਉਣ 'ਤੇ ਲਿਖਿਆ। ਇਹ ਪੱਤਰ ਫ਼ਾਰਸੀ ਕਵਿਤਾ ਵਿੱਚ ਹੈ। ਇਸ ਦੀ ਸ਼ੈਲੀ ਅਤੇ ਸੰਵਾਦ ਪਹਿਲੇ ਵਰਗੀ ਹੀ ਪ੍ਰਭਾਵ ਸ਼ੈਲੀ ਅਤੇ ਚੜ੍ਹਦੀਕਲਾ ਵਾਲੀ ਹੈ। ਗੁਰੂ ਸਾਹਿਬ ਜੀ ਨੇ ਇਸ ਪੱਤਰ ਦਾ ਨਾਂਉਂ ਜ਼ਫ਼ਰ ਨਾਮਾਹ ਜਾਂ ਵਿਜੈਗੀਤ ਰੱਖਿਆ। ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਜੀ ਨੂੰ ਇਹ ਪੱਤਰ ਦੇ ਕੇ ਬਾਦਸ਼ਾਹ ਤੱਕ ਪਹੁੰਚਾਉਣ ਲਈ ਭੇਜਿਆ। ਉਹਨਾਂ ਨੇ ਅਹਿਮਦਨਗਰ (ਦੱਖਣ) ਪਹੁੰਚ ਕੇ ਜ਼ਫ਼ਰ ਨਾਮਾਹ ਔਰੰਗਜ਼ੇਬ ਦੇ ਹੱਥ ਫੜਾਇਆ। ਗੁਰੂ ਸਾਹਿਬ ਜੀ 30 ਅਕਤੂਬਰ 1706 ਨੂੰ ਪਹਿਲਾਂ ਹੀ ਦੱਖਣ ਵੱਲ ਰਵਾਨਾ ਹੋ ਗਏ ਸਨ। ਉਹ ਰਾਜਸਥਾਨ ਦੇ ਬਘੌਰ ਦੇ ਨੇੜਲੇ ਇਲਾਕੇ ਵਿੱਚ ਸਨ। ਜਦੋਂ ਫ਼ਰਵਰੀ 1707 ਨੂੰ ਅਹਿਮਦਨਗਰ ਬਾਦਸ਼ਾਹ ਦੀ ਮੌਤ ਦੀ ਖ਼ਬਰ ਆਈ। ਸ਼ਾਹਜਹਾਨ ਬਾਦ ਦਿੱਲੀ ਰਾਹੀਂ ਪੰਜਾਬ ਵਾਪਿਸ ਆਉਣ ਤਕ ਬਾਦਸ਼ਾਹ ਦੇ ਪੁੱਤਰ ਉਤਰਾਧਿਕਾਰੀ ਲੜਨ ਦੀ ਤਿਆਰੀ ਕਰ ਰਹੇ ਸਨ।

ਗੁਰੂ ਸਾਹਿਬ ਜੀ ਨੇ ਬਹਾਦਰ ਸ਼ਾਹ ਦੀ ਮਦਦ ਕੀਤੀ। ਫ਼ਿਰ ਦੋਵਾਂ ਦੀ ਇਕੱਤਰਤਾ 23 ਜੁਲਾਈ 1707 ਨੂੰ ਆਗਰਾ ਵਿਖੇ ਹੋਈ। ਦੋਵੇਂ ਜੂਨ 1708 ਵਿੱਚ ਤਾਪਦੀ ਨਦੀ ਅਤੇ ਅਗਸਤ ਵਿੱਚ ਗੰਗਾ ਨੂੰ ਪਾਰ ਕਰਕੇ ਹੋਏ ਅਗਸਤ ਦੇ ਅੰਤ ਵਿੱਚ ਨਾਂਦੇੜ ਪਹੁੰਚੇ। ਜਦੋਂ ਬਹਾਦਰ ਸ਼ਾਹ ਦੱਖਣ ਵੱਲ ਵਧਿਆ ਤਾਂ ਗੁਰੂ ਸਾਹਿਬ ਜੀ ਨੇ ਨਾਂਦੇੜ ਰੁਕਣ ਦਾ ਫ਼ੈਸਲਾ ਕੀਤਾ। ਇਥੋਂ ਹੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੱਖ ਕੌਮ ਦਾ ਜਥੇਦਾਰ ਥਾਪ ਕੇ ਪੰਜਾਬ ਵੱਲ ਸੂਬਾਈ ਹਾਕਮਾਂ ਵਿਰੁੱਧ ਮੁਹਿੰਮ ਜਾਰੀ ਰੱਖਣ ਲਈ ਕਿਹਾ।

ਸਰਹਿੰਦ ਦੇ ਨਵਾਬ ਵਜ਼ੀਰ ਖਾਂ ਨੂੰ ਗੁਰੂ ਸਾਹਿਬ ਜੀ ਦੀ ਬਹਾਦਰ ਸ਼ਾਹ ਨਾਲ ਦੋਸਤੀ ਤੇ ਈਰਖਾ ਹੋਈ। ਉਸ ਨੇ ਗੁਰੂ ਸਾਹਿਬ ਜੀ ਨੂੰ ਖਤਮ ਕਰਨ ਲਈ ਦੋ ਪਠਾਣ ਭੇਜੇ। ਲੇਖਕ ਸੈਨਾਪਤੀ ਅਨੁਸਾਰ ਇੱਕ ਪਠਾਣ ਨੇ ਗੁਰੂ ਸਾਹਬਿ ਜੀ ਨੂੰ ਦਿਲ ਦੇ ਹੇਠਾਂ ਛੁਰਾ ਮਾਰਿਆ। ਇਸ ਤੋਂ ਪਹਿਲਾਂ ਕਿ ਉਹ ਹੋਰ ਵਾਰ ਕਰਦਾ, ਗੁਰੂ ਸਾਹਿਬ ਜੀ ਸੰਭਲ ਗਏ ਸਨ। ਤਦ ਤਕ ਸਿੰਘਾਂ ਨੇ ਉਸ ਨੂੰ ਡੇਗ ਲਿਆ। ਬਹਾਦਰ ਸ਼ਾਹ ਨੇ ਗੁਰੂ ਸਾਹਿਬ ਜੀ ਦੇ ਇਲਾਜ ਲਈ ਯੂਰਪੀਨ ਮਾਹਿਰ ਡਾਕਟਰਾਂ ਨੂੰ ਭੇਜਿਆ। ਤੁਰੰਤ ਜ਼ਖਮ ਤੇ ਟਾਂਕੇ ਲਗਾਏ ਗਏ। ਕੁਝ ਦਿਨਾਂ ਵਿੱਚ ਜ਼ਖ਼ਮ ਠੀਕ ਹੋ ਰਿਹਾ ਸੀ। ਜਦ ਗੁਰੂ ਸਾਹਿਬ ਜੀ ਨੇ ਇੱਕ ਮਜ਼ਬੂਤ ਧਨੁਸ਼ ਨੂੰ ਖਿੱਚਿਆ ਤਾਂ ਅੱਲਾ ਜ਼ਖ਼ਮ ਫ਼ਿਰ ਖੁੱਲ ਗਿਆ। ਬਹੁਤ ਸਾਰਾ ਖ਼ੂਨ ਵਹਿ ਗਿਆ। ਦੁਬਾਰਾ ਇਲਾਜ ਕੀਤਾ ਪਰ ਗੁਰੂ ਸਾਹਿਬ ਜੀ ਨੇ ਸਪਸ਼ਟ ਕੀਤਾ ਕਿ ਸੱਚਖੰਡ ਵਾਪਸੀ ਦਾ ਸਮਾਂ ਆ ਗਿਆ ਹੈ। ਉਹਨਾਂ ਖ਼ਾਲਸੇ ਨੂੰ ਆਖਰੀ ਸੰਦੇਸ਼ ਦਿੱਤਾ ਕਿ ਅੱਗੇ ਤੋਂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਗੁਰੂ ਹਨ। "ਆਗਿਆ ਭਈ ਅਕਾਲ ਕੀ, ਤਬੀ ਚਲਾਯੋ ਪੰਥ॥ ਸਭ ਸਿੱਖਿਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥" ਅਰਥਾਤ ਅਬਿਨਾਸੀ ਪੁਰਖ ਦੇ ਹੁਕਮ ਨਾਲ ਪੰਥ ਦੀ ਸਿਰਜਣਾ ਕੀਤੀ ਗਈ ਹੈ। ਸਾਰੇ ਸਿੱਖਾਂ ਨੂੰ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨਣ ਦਾ ਹੁਕਮ ਹੈ। ਗੁਰੂ ਗ੍ਰੰਥ ਨੂੰ ਗੁਰੂਆਂ ਦਾ ਸਰੂਪ ਸਮਝੋ। ਜੋ ਪਰਮਾਤਮਾ ਨੂੰ ਮਿਲਣਾ ਚਾਹੁੰਦੇ ਹਨ, ਉਹ ਉਸ ਦੀ ਬਾਣੀ ਵਿੱਚ ਪਾ ਸਕਦੇ ਹਨ। ਸ਼ੁੱਧ ਰਾਜ ਕਰੇਗਾ ਅਤੇ ਅਪਵਿੱਤਰ ਨਹੀਂ ਰਹੇਗਾ। ਜੋ ਵਿੱਛੜੇ ਹਨ, ਉਹ ਇਕੱਠੇ ਹੋ ਜਾਣਗੇ ਅਤੇ ਸਾਰੇ ਸ਼ਰਧਾਲੂ ਬਚ ਜਾਣਗੇ। ਇਹ ਘਟਨਾ ਅਕਤੂਬਰ 1708 ਦੀ ਹੈ।

ਇਤਿਹਾਸਕਾਰਾਂ ਨੇ ਆਪਣੀ ਯਥਾ ਸ਼ਕਤੀਆਂ ਅਤੇ ਸੂਝ ਨਾਲ ਗੁਰੂ ਸਾਹਿਬ ਜੀ ਬਾਰੇ ਲਿਖਿਆ ਹੈ। ਅੱਲ੍ਹਾ ਯਾਰ ਖਾਂ ਜੋਗੀ ਨੇ ਗੰਜ ਏ ਸ਼ਹੀਦਾਂ ਵਿੱਚ ਲਿਖਿਆ ਹੈ ਕਿ :

ਕਰਤਾਰ ਦੀ ਸੋਗੰਦ ਹੈ, ਨਾਨਕ ਦੀ ਕਸਮ ਹੈ।

ਜਿਤਨੀ ਭੀ ਹੋ, ਗੋਬਿੰਦ ਕੀ ਤਾਰੀਫ਼ ਵੁਹ ਕਮ ਹੈ।



TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




# ਕਈ ਬਿਮਾਰੀਆਂ ਦਾ ਕਾਰਨ ਬਣਦੈ ਮੋਟਾਪਾ



ਇੱਕ ਪਾਸੇ ਤਾਂ ਲੋਕ ਭੋਜਨ ਦੀ ਘਾਟ ਕਾਰਨ ਆਪਣੀ ਜਾਨ ਗੁਆ ਰਹੇ ਹਨ ਅਤੇ ਦੂਜੇ ਪਾਸੇ ਗਲਤ ਭੋਜਨ ਖਾ ਕੇ ਵੀ ਲੋਕ ਆਪਣੀ ਜਾਨ ਗੁਆ ਰਹੇ ਹਨ। ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਮੋਟਾਪਾ ਕੁਪੋਸ਼ਣ ਦਾ ਇੱਕ ਰੂਪ ਹੈ। ਕੁਪੋਸ਼ਣ ਦਾ ਮਤਲਬ ਹੈ ਸਰੀਰ ਨੂੰ ਸਹੀ ਪੋਸ਼ਣ ਨਾ ਮਿਲਣਾ। ਜੋ ਮੋਟਾਪੇ ਦੇ ਮਾਮਲਿਆਂ ਵਿੱਚ ਵੀ ਹੋ ਸਕਦਾ ਹੈ।

ਹੈਰਾਨੀ ਦੀ ਗੱਲ ਹੈ ਕਿ ਜ਼ਿਆਦਾ ਖਾਣ ਨਾਲ ਵੀ ਲੋਕ ਕੁਪੋਸ਼ਣ ਦਾ ਸ਼ਿਕਾਰ ਹੋ ਸਕਦੇ ਹਨ? ਇਸ ਪਿੱਛੇ ਵੀ ਵਿਗਿਆਨ ਹੈ। ਅਸਲ ਵਿੱਚ ਸਾਡੇ ਸਰੀਰ ਨੂੰ ਸਿਰਫ਼ ਕੈਲੋਰੀ ਜਾਂ ਊਰਜਾ ਦੀ ਲੋੜ ਨਹੀਂ ਹੁੰਦੀ ਹੈ। ਸਾਨੂੰ ਹਰ ਕਿਸਮ ਦੇ ਖਣਿਜ, ਵਿਟਾਮਿਨ, ਚਰਬੀ, ਪ੍ਰੋਟੀਨ ਆਦਿ ਦੇ ਸੰਤੁਲਿਤ ਪੋਸ਼ਣ ਦੀ ਵੀ ਲੋੜ ਹੈ। ਅਤੇ ਜੇਕਰ ਇਨ੍ਹਾਂ ਜ਼ਰੂਰੀ ਪੌਸ਼ਟਿਕ ਤੱਤਾਂ ਨੂੰ ਖੁਰਾਕ ਵਿੱਚ ਸ਼ਾਮਲ ਨਾ ਕੀਤਾ ਜਾਵੇ ਤਾਂ ਮੋਟੇ ਲੋਕ ਵੀ ਕੁਪੋਸ਼ਣ ਦਾ ਸ਼ਿਕਾਰ ਹੋ ਸਕਦੇ ਹਨ।

ਅੱਜ ਦੁਨੀਆਂ ਦੇ ਜ਼ਿਆਦਾਤਰ ਦੇਸ਼ਾਂ ਵਿੱਚ ਘੱਟ ਭਾਰ ਵਾਲੇ ਲੋਕਾਂ ਨਾਲੋਂ ਮੋਟੇ ਲੋਕ ਜ਼ਿਆਦਾ ਹਨ। ਇਹ ਵੀ ਖ਼ਤਰਨਾਕ ਹੈ। ਯੂਰੋਪੀਅਨ ਐਸੋਸੀਏਸ਼ਨ ਫਾਰ ਦ ਸਟੱਡੀ ਆਫ਼ ਓਬੇਸਿਟੀ ਦੇ ਅਨੁਸਾਰ, 44% ਸ਼ੂਗਰ, 23% ਦਿਲ ਦੀ ਬਿਮਾਰੀ, 7% ਅਤੇ 41% ਕੁਝ ਕਿਸਮਾਂ ਦੇ ਕੈਂਸਰ ਮੋਟਾਪੇ ਨਾਲ ਜੁੜੇ ਹੋਏ ਹਨ।

ਮੋਟਾਪੇ ਦੇ ਇਨ੍ਹਾਂ ਖ਼ਤਰਿਆਂ ਦੇ ਮੱਦੇਨਜ਼ਰ, ਭਾਰ ਘਟਾਉਣ ਦੇ ਪ੍ਰਭਾਵਸ਼ਾਲੀ ਅਤੇ ਸਿਹਤਮੰਦ ਤਰੀਕਿਆਂ 'ਤੇ ਦੁਨੀਆ ਭਰ ਵਿੱਚ ਖੋਜ ਚੱਲ ਰਹੀ ਹੈ। ਇਸ ਸੰਦਰਭ ਵਿੱਚ, ਹਾਲ ਹੀ ਵਿੱਚ ਮੈਡੀਕਲ ਜਰਨਲ ਜਾਮਾ ਵਿੱਚ ਇੱਕ ਖੋਜ ਪ੍ਰਕਾਸ਼ਿਤ ਹੋਈ ਹੈ, ਜਿਸ ਵਿੱਚ ਭਾਰ ਘਟਾਉਣ ਦੇ ਤਰੀਕਿਆਂ ਬਾਰੇ ਦੱਸਿਆ ਗਿਆ ਹੈ।

ਡਾਇਟੀਸ਼ੀਅਨ ਅੰਜੂ ਦਾ ਕਹਿਣਾ ਹੈ ਕਿ ਭਾਰ ਘਟਾਉਣ ਲਈ ਸਿਰਫ਼ ਭੋਜਨ ਦੀ ਮਾਤਰਾ ਘੱਟ ਕਰਨ ਨਾਲ ਕੰਮ ਨਹੀਂ ਚੱਲੇਗਾ। ਇਸ ਦੇ ਲਈ ਕੈਲੋਰੀ ਘੱਟ ਕਰਨ ਦੇ ਨਾਲ-ਨਾਲ ਪੋਸ਼ਣ ਦਾ ਵੀ ਖਾਸ ਧਿਆਨ ਰੱਖਣਾ ਹੋਵੇਗਾ। ਭੋਜਨ ਦੀ ਮਾਤਰਾ ਘਟਾਉਣ ਨਾਲੋਂ ਆਪਣੀ ਖੁਰਾਕ ਵਿੱਚ ਸਹੀ ਭੋਜਨ ਸ਼ਾਮਲ ਕਰਨਾ ਵਧੇਰੇ ਮਹੱਤਵਪੂਰਨ ਹੈ।

ਉਹ ਇਹ ਵੀ ਦੱਸਦੀ ਹੈ ਕਿ ਵੱਡੇ ਟੀਚੇ ਨਾਲ ਸ਼ੁਰੂਆਤ ਨਾ ਕਰੋ ਜਿਵੇਂ ਮੈਂ 2 ਮਹੀਨਿਆਂ ਵਿੱਚ 10 ਕਿਲੋ ਭਾਰ ਘਟਾਉਣਾ ਹੈ। ਜੇਕਰ ਤੁਸੀਂ 10 ਕਿਲੋ ਭਾਰ ਘਟਾਉਣਾ ਚਾਹੁੰਦੇ ਹੋ, ਤਾਂ ਛੋਟੇ ਟੀਚਿਆਂ ਨਾਲ ਸ਼ੁਰੂਆਤ ਕਰੋ। ਜਿਵੇਂ ਕਿ ਮੈਂ 1 ਮਹੀਨੇ ਵਿੱਚ 2 ਕਿਲੋ ਭਾਰ ਘਟਾਵਾਂਗਾ।

ਇਸ ਤੋਂ ਇਲਾਵਾ ਖੁਰਾਕ 'ਤੇ ਵੀ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਇਸਦੇ ਲਈ ਤੁਸੀਂ ਹੇਠਾਂ ਦਿੱਤੇ ਗਏ ਰਚਨਾਤਮਕ ਦੀ ਮਦਦ ਲੈ ਸਕਦੇ ਹੋ।



# ਬੱਚਿਆਂ ਦੇ ਇਨ.ਫੈਕਸ਼ਨ 'ਚ ਅਸਰਦਾਰ ਨਹੀਂ ਰਹੀਆਂ ਐਂਟੀਬਾਇਓਟਿਕ ਦਵਾਈਆਂ



ਐਂਟੀਬਾਇਓਟਿਕ ਦਵਾਈਆਂ ਹੁਣ ਓਨੀਆਂ ਕਾਰਗਰ ਨਹੀਂ ਰਹਿ ਗਈਆਂ। ਇਕ ਤਾਜ਼ਾ ਖੋਜ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਸਮੇਤ ਦੁਨੀਆਂ ਦੇ ਕਈ ਹਿੱਸਿਆਂ ਵਿੱਚ ਬੱਚਿਆਂ ਦੇ ਇਨਫੈਕਸ਼ਨ ਦੌਰਾਨ ਦਿੱਤੀਆਂ ਜਾਣ ਵਾਲੀਆਂ ਆਮ ਐਂਟੀਬਾਇਓਟਿਕ ਦਵਾਈਆਂ ਦੀ ਪ੍ਰਭਾਵਸ਼ੀਲਤਾ ਉੱਚ ਐਂਟੀਬਾਇਓਟਿਕ ਪ੍ਰਤੀਰੋਧ ਦਰ ਕਾਰਨ ਅੱਧੀ ਰਹਿ ਗਈ ਹੈ। ਖੋਜਕਰਤਾਵਾਂ ਨੇ ਇਨ੍ਹਾਂ ਨੂੰ ਹੁਣ ਅਪਡੇਟ ਕਰਨ ਦੀ ਲੋੜ ਦੱਸੀ ਹੈ।

ਆਸਟ੍ਰੇਲੀਆ 'ਚ ਸਿਡਨੀ ਯੂਨੀਵਰਸਿਟੀ ਦੇ ਖੋਜਕਰਤਾਵਾਂ ਦੀ ਅਗਵਾਈ ਵਿਚ ਕੀਤੇ ਗਏ ਅਧਿਐਨ ਦਾ ਸਿੱਟਾ 'ਦਿ ਲੈਂਸੇਟ ਰੀਜਨਲ ਹੈਲਥ ਸਾਊਥਈਸਟ ਏਸ਼ੀਆ' ਜਰਨਲ ਵਿੱਚ ਛਾਪਿਆ ਹੈ। ਅਧਿਐਨ 'ਚ ਕਿਹਾ ਗਿਆ ਹੈ ਕਿ ਐਂਟੀਬਾਇਓਟਿਕ ਦੀ ਵਰਤੋਂ ਨੂੰ ਲੈ ਕੇ ਡਬਲਯੂਐੱਚਓ ਦੇ 2013 ਦੇ ਵਿਸ਼ਵ ਦਿਸ਼ਾ-ਨਿਰਦੇਸ਼ ਪੁਰਾਣੇ ਹਨ ਤੇ ਉਨ੍ਹਾਂ ਨੂੰ ਅਪਡੇਟ ਕਰਨ ਦੀ ਲੋੜ ਹੈ। ਵਿਸ਼ਵ ਸਿਹਤ ਸੰਗਠਨ ਵੱਲੋਂ ਕਈ ਐਂਟੀਬਾਇਓਟਿਕ ਦਵਾਈਆਂ ਨਿਮੋਨੀਆ, ਸੈਪਸਿਸ ਤੇ ਮੈਨਨਜਾਇਟਿਸ ਵਰਗੇ ਬਚਪਨ ਦੇ ਇਨਫੈਕਸ਼ਨਾਂ ਦੇ ਇਲਾਜ ਵਿੱਚ 50 ਫ਼ੀਸਦੀ ਹੀ ਅਸਰਦਾਰ ਰਹਿ ਗਈਆਂ ਹਨ। ਖੋਜਕਰਤਾਵਾਂ ਨੇ ਕਿਹਾ ਕਿ ਸਭ ਤੋਂ ਗੰਭੀਰ ਰੂਪ ਨਾਲ ਪ੍ਰਭਾਵਿਤ ਦੱਖਣੀ-ਪੂਰਬੀ ਏਸ਼ੀਆ ਤੇ ਪ੍ਰਸ਼ਾਂਤ ਖੇਤਰ ਹੈ, ਜਿੱਥੇ ਹਰ ਸਾਲ ਐਂਟੀਬਾਇਓਟਿਕ ਪ੍ਰਤੀਰੋਧ ਕਾਰਨ ਹਜ਼ਾਰਾਂ ਬੱਚਿਆਂ ਦੀ ਮੌਤ ਹੋ ਜਾਂਦੀ ਹੈ।

ਸਿਹਤ ਬੀਮੇ ਦਾ ਦਾਅਵਾ ਕਰਨ ਲਈ 24 ਘੰਟੇ ਹਸਪਤਾਲ 'ਚ ਦਾਖਲ ਹੋਣਾ ਜ਼ਰੂਰੀ ਨਹੀਂ, ਇਹਨਾਂ ਸਥਿਤੀਆਂ ਵਿੱਚ ਆਸਾਨੀ ਨਾਲ ਕਰ ਸਕਦੇ ਹੋ ਦਾਅਵਾ

ਡਬਲਯੂ.ਐੱਚ.ਓ. ਨੇ ਐਲਾਨ ਕੀਤਾ ਹੈ ਕਿ ਰੋਗਾਣੂ ਰੋਕੂ ਪ੍ਰਤੀਰੋਧ ਮਨੁੱਖਤਾ ਦੇ ਸਾਹਮਣੇ ਆਉਣ ਵਾਲੇ ਪ੍ਰਮੁੱਖ 10 ਵਿਸ਼ਵ ਜਨਤਕ ਸਿਹਤ ਖ਼ਤਰਿਆਂ ਵਿਚੋਂ ਇੱਕ ਹੈ। ਨਵਜੰਮੇ ਬੱਚਿਆਂ ਵਿੱਚ ਹਰ ਸਾਲ ਵਿਸ਼ਵ ਪੱਧਰ 'ਤੇ ਸੈਪਸਿਸ ਦੇ ਅੰਦਾਜ਼ਨ 30 ਲੱਖ ਮਾਮਲੇ ਸਾਹਮਣੇ ਆਉਂਦੇ ਹਨ ਜਿਸ ਵਿੱਚ 5.7 ਲੱਖ ਮੌਤਾਂ ਹੁੰਦੀਆਂ ਹਨ। ਇਨ੍ਹਾਂ 'ਚੋਂ ਕਈ ਪ੍ਰਤੀਰੋਧੀ ਬੈਕਟੀਰੀਆ ਦੇ ਇਲਾਜ ਲਈ ਅਸਰਦਾਰ ਐਂਟੀਬਾਇਓਟਿਕ ਦਵਾਈਆਂ ਦੀ ਕਮੀ ਦੇ ਕਾਰਨ ਹਨ। ਅਧਿਐਨ ਨਾਲ ਇਸ ਗੱਲ ਦੇ ਸਬੂਤ ਵੱਧ ਗਏ ਹਨ ਕਿ ਬੱਚਿਆਂ ਵਿੱਚ ਸੈਪਸਿਸ ਤੇ ਮੈਨਿਨਜਾਇਟਿਸ ਲਈ ਜ਼ਿੰਮੇਵਾਰ ਸਾਧਾਰਨ ਬੈਕਟੀਰੀਆ ਅਕਸਰ ਨਿਰਧਾਰਤ ਐਂਟੀਬਾਇਓਟਿਕ ਦਵਾਈਆਂ ਪ੍ਰਤੀ ਪ੍ਰਤੀਰੋਧੀ ਹੁੰਦੇ ਹਨ।

# ਕਦੇ ਵੀ ਨਜ਼ਰਅੰਦਾਜ਼ ਨਾ ਕਰੋ ਪੈਰਾਂ 'ਚ ਸੋਜ ਨੂੰ



ਪੈਰਾਂ ਵਿੱਚ ਸੋਜ ਸਰੀਰ ਵਿੱਚ ਕਿਸੇ ਬਿਮਾਰੀ ਦੇ ਪੈਦਾ ਹੋਣ ਦਾ ਸੰਕੇਤ ਹੋ ਸਕਦੀ ਹੈ। ਇਸ ਨੂੰ ਨਜ਼ਰਅੰਦਾਜ਼ ਕਰਨਾ ਖ਼ਤਰੇ ਤੋਂ ਮੁਕਤ ਨਹੀਂ ਹੈ। ਕਈ ਵਾਰ ਜਿਗਰ ਐਲਬਿਊਮਿਨ ਨਾਮਕ ਪ੍ਰੋਟੀਨ ਪੈਦਾ ਕਰਨਾ ਬੰਦ ਕਰ ਦਿੰਦਾ ਹੈ। ਇਹ ਇੱਕ ਪ੍ਰੋਟੀਨ ਹੈ ਜੋ ਖੂਨ ਦੀਆਂ ਨਾੜੀਆਂ ਵਿੱਚੋਂ ਖੂਨ ਦੇ ਰਿਸਾਅ ਨੂੰ ਰੋਕਦਾ ਹੈ। ਜੇਕਰ ਖੂਨ ਵਗਣਾ ਸ਼ੁਰੂ ਹੋ ਜਾਵੇ ਤਾਂ ਲੱਤਾਂ ਵਿੱਚ ਤਰਲ ਪਦਾਰਥ ਇਕੱਠਾ ਹੋ ਜਾਂਦਾ ਹੈ ਅਤੇ ਲੱਤਾਂ ਸੁੱਜ ਜਾਂਦੀਆਂ ਹਨ।

ਇਸੇ ਤਰ੍ਹਾਂ ਜੇਕਰ ਸਰੀਰ ਦੇ ਉਪਰਲੇ ਹਿੱਸੇ 'ਚ ਤਰਲ ਪਦਾਰਥ ਜਮ੍ਹਾ ਹੋਣ ਲੱਗੇ ਤਾਂ ਸਮਝ ਲਓ ਕਿ ਗੁਰਦੇ ਠੀਕ ਤਰ੍ਹਾਂ ਕੰਮ ਨਹੀਂ ਕਰ ਰਹੇ ਹਨ। ਇਹ ਉਦੋਂ ਪਤਾ ਲੱਗ ਜਾਂਦਾ ਹੈ ਜਦੋਂ ਆਦਮੀ ਨੂੰ ਸਾਹ ਲੈਣ ਵਿੱਚ ਤਕਲੀਫ਼ ਹੋਣ ਲੱਗਦੀ ਹੈ ਜਾਂ ਬਹੁਤ ਘੱਟ ਪਿਸ਼ਾਬ ਆਉਂਦਾ ਹੈ ਅਤੇ ਲੱਤਾਂ ਦੇ ਨਾਲ-ਨਾਲ ਪੂਰੇ ਸਰੀਰ ਵਿੱਚ ਸੋਜ ਵਧਣ ਲੱਗਦੀ ਹੈ।

ਕਈ ਵਾਰ ਲੱਤਾਂ ਵੀ ਸੁੱਜ ਜਾਂਦੀਆਂ ਹਨ ਕਿਉਂਕਿ ਦਿਲ ਦਾ ਕੁਝ ਹਿੱਸਾ ਜਾਂ ਤਾਂ ਖਰਾਬ ਹੋ ਗਿਆ ਹੈ ਜਾਂ ਖੂਨ ਦਾ ਸੰਚਾਰ ਸਹੀ ਢੰਗ ਨਾਲ ਨਹੀਂ ਕਰ ਪਾ ਰਿਹਾ ਹੈ। ਲਿੰਫੈਟਿਕ ਸਿਸਟਮ ਸਾਡੇ ਸਰੀਰ ਵਿੱਚੋਂ ਜ਼ਹਿਰੀਲੇ ਤੱਤ ਅਤੇ ਬੈਕਟੀਰੀਆ ਆਦਿ ਨੂੰ ਬਾਹਰ ਕੱਢਣ ਦਾ ਕੰਮ ਕਰਦਾ ਹੈ। ਜੇਕਰ ਇਹ ਕੰਮ ਕਰਨਾ ਬੰਦ ਕਰ ਦੇਵੇ ਤਾਂ ਇਹ ਪਦਾਰਥ ਸਰੀਰ ਵਿੱਚ ਜਮ੍ਹਾ ਹੋਣ ਲੱਗਦੇ ਹਨ। ਇਸ ਕਾਰਨ ਉੱਥੇ ਇਨਫੈਕਸ਼ਨ ਜਾਂ ਸੋਜ ਆਉਣ ਲੱਗਦੀ ਹੈ। ਹਾਲਾਂਕਿ ਗਰਭ ਅਵਸਥਾ ਦੌਰਾਨ ਜ਼ਿਆਦਾਤਰ ਔਰਤਾਂ ਆਪਣੇ ਪੈਰਾਂ 'ਚ ਸੋਜ ਦੀ ਸ਼ਿਕਾਇਤ ਕਰਦੀਆਂ ਹਨ।

ਇਹ ਦਵਾਈਆਂ ਦੇ ਮਾੜੇ ਪ੍ਰਭਾਵਾਂ ਕਾਰਨ ਕੁਝ ਲੋਕਾਂ ਨੂੰ ਵੀ ਹੋ ਸਕਦਾ ਹੈ। ਪੈਰ ਜਾਂ ਗਿੱਟੇ 'ਤੇ ਕੋਈ ਵੀ ਸੱਟ ਜਿਵੇਂ ਮੋਚ, ਸੱਟ, ਫੋੜਾ ਆਦਿ ਵੀ ਇਨਫੈਕਸ਼ਨ ਕਾਰਨ ਪੈਰ ਸੁੱਜ ਸਕਦੇ ਹਨ। ਇਹ ਸਮੱਸਿਆ ਆਮ ਤੌਰ 'ਤੇ ਲੰਬੇ ਸਮੇਂ ਤੱਕ ਖੜ੍ਹੇ ਰਹਿਣ ਜਾਂ ਤੁਰਨ ਕਾਰਨ ਹੁੰਦੀ ਹੈ। ਪਰ ਜੇਕਰ ਬਿਨਾਂ ਕਿਸੇ ਬਾਹਰੀ ਕਾਰਨ ਦੇ ਪੈਰਾਂ ਵਿੱਚ ਸੋਜ ਆ ਜਾਵੇ ਤਾਂ ਇਹ ਇੱਕ ਗੰਭੀਰ ਬਿਮਾਰੀ ਹੋ ਸਕਦੀ ਹੈ।

ਦਰਦ ਰਹਿਤ ਸੋਜ ਆਮ ਤੌਰ 'ਤੇ ਆਪਣੇ ਆਪ ਹੱਲ ਹੋ ਜਾਂਦੀ ਹੈ, ਕੁਝ ਘਰੇਲੂ ਉਪਚਾਰ ਸੋਜ ਨੂੰ ਹੋਰ ਤੇਜ਼ੀ ਨਾਲ ਘਟਾ ਸਕਦੇ ਹਨ। ਇਸ ਦੇ ਲਈ ਦਿਨ 'ਚ 8 ਤੋਂ 10 ਗਲਾਸ ਪਾਣੀ ਪੀਓ।

ਜੁੱਤੀਆਂ ਅਤੇ ਜੁਰਾਬਾਂ ਬਦਲੋ। ਕਰੀਬ 15 ਤੋਂ 20 ਮਿੰਟ ਤੱਕ ਆਪਣੇ ਪੈਰਾਂ ਨੂੰ ਨਮਕ ਵਾਲੇ ਪਾਣੀ ਵਿੱਚ ਰੱਖੋ। ਸੌਂਦੇ ਸਮੇਂ ਆਪਣੀਆਂ ਲੱਤਾਂ ਨੂੰ ਕੁਸ਼ਨਿਆਂ 'ਤੇ ਚੁੱਕੋ। ਮੈਗਨੀਸ਼ੀਅਮ, ਪੋਟਾਸ਼ੀਅਮ ਅਤੇ ਸੋਡੀਅਮ ਨਾਲ ਭਰਪੂਰ ਭੋਜਨ ਖਾਣਾ ਵੀ ਮਦਦ ਕਰ ਸਕਦਾ ਹੈ।

ਖਾਸ ਤੌਰ 'ਤੇ ਆਪਣੇ ਭਾਰ ਨੂੰ ਕੰਟਰੋਲ ਕਰੋ। ਸੁੱਜੇ ਹੋਏ ਪੈਰਾਂ ਦੀ ਮਾਲਿਸ਼ ਕਰਨ ਨਾਲ ਆਰਾਮ ਮਿਲਦਾ ਹੈ। ਇਸ ਦੇ ਬਾਵਜੂਦ ਜੇਕਰ ਸੋਜ ਦੂਰ ਨਹੀਂ ਹੋ ਰਹੀ ਹੈ ਤਾਂ ਇਹ ਕਿਡਨੀ ਨਾਲ ਸਬੰਧਤ ਬਿਮਾਰੀਆਂ ਦਾ ਸੰਕੇਤ ਹੋ ਸਕਦਾ ਹੈ। ਲਗਭਗ



30 ਪ੍ਰਤੀਸ਼ਤ ਕਿਡਨੀ ਮਰੀਜ਼ ਡਾਕਟਰ ਕੋਲ ਉਦੋਂ ਜਾਂਦੇ ਹਨ ਜਦੋਂ ਬਹੁਤ ਦੇਰ ਹੋ ਜਾਂਦੀ ਹੈ ਅਤੇ ਉਸ ਸਮੇਂ ਸਿਰਫ ਦੋ ਇਲਾਜ ਦੇ ਵਿਕਲਪ ਬਚਦੇ ਹਨ, ਡਾਇਲਸਿਸ ਅਤੇ ਦੂਜਾ, ਕਿਡਨੀ ਟ੍ਰਾਂਸਪਲਾਂਟ।

ਡਾਕਟਰੀ ਜਾਂਚ ਤੋਂ ਹੀ ਪਤਾ ਲੱਗ ਸਕਦਾ ਹੈ ਕਿ ਪੈਰਾਂ ਅਤੇ ਗਿੱਟਿਆਂ ਵਿਚ ਸੋਜ ਕਿਉਂ ਹੈ। ਇਸ ਤੋਂ ਬਾਅਦ ਹੀ ਇਲਾਜ ਸ਼ੁਰੂ ਕੀਤਾ ਜਾਂਦਾ ਹੈ। ਇਸਦੇ ਲਈ, ਖੂਨ ਦੀ ਜਾਂਚ ਯਾਨੀ 323 ਸਭ ਤੋਂ ਆਮ ਟੈਸਟ ਹੈ। ਇਸ ਤੋਂ ਇਲਾਵਾ ਡਾਕਟਰ ਛਾਤੀ ਦਾ ਐਕਸਰੇ ਕਰਵਾਉਣ ਦੀ ਵੀ ਸਲਾਹ ਦਿੰਦੇ ਹਨ। ਜੇਕਰ ਸੋਜ ਜੀਵਨਸ਼ੈਲੀ ਦੀਆਂ ਆਦਤਾਂ ਜਾਂ ਮਾਮੂਲੀ ਸੱਟ ਕਾਰਨ ਹੁੰਦੀ ਹੈ, ਤਾਂ ਡਾਕਟਰ ਘਰੇਲੂ ਉਪਚਾਰਾਂ ਦੀ ਸਿਫ਼ਾਰਸ਼ ਕਰਦੇ ਹਨ ਅਤੇ ਜੇਕਰ ਸੋਜ ਕਿਸੇ ਅੰਦਰੂਨੀ ਸਿਹਤ ਸਥਿਤੀ ਕਾਰਨ ਹੁੰਦੀ ਹੈ, ਤਾਂ ਉਸ ਅਨੁਸਾਰ ਇਲਾਜ ਸ਼ੁਰੂ ਕੀਤਾ ਜਾਂਦਾ ਹੈ।

ਕਹਾਣੀ

ਸੰਤ ਸਿੰਘ ਸੇਖੋਂ

# ਸ਼ਾਹਜ਼ਾਦਾ



ਅੰਮ੍ਰਿਤਸਰ ਸਟੇਸ਼ਨ ਤੋਂ ਕਲਕੱਤਾ ਮੇਲ ਸ਼ਾਮ ਦੇ ਸੱਤ ਵਜ ਕੇ ਪੰਦਰਾਂ ਵੀਹ ਮਿੰਟ ਵਿੱਚ ਚਲਣ ਲਈ ਤਿਆਰ ਖੜੀ ਸੀ। ਪਿਛਲੇ ਡੱਬਿਆਂ ਵਿੱਚੋਂ ਸੈਕਿੰਡ ਕਲਾਸ ਦੇ ਇਕ ਡੱਬੇ ਵਿੱਚ ਕੇਵਲ ਦੋ ਹੀ ਸਵਾਰੀਆਂ ਬੈਠੀਆਂ ਸਨ। ਇੱਕ ਕੋਈ ਉੱਤਰ-ਪ੍ਰਦੇਸ਼ ਦਾ ਮੁਸਲਮਾਨ, ਜੋ ਪਾਕਿਸਤਾਨ ਵਿਚੋਂ ਆਪਣੇ ਸਬੰਧੀਆਂ ਨੂੰ ਮਿਲ ਕੇ ਆ ਰਿਹਾ ਸੀ, ਜਿਸ ਦੀ ਉਮਰ ਕੋਈ ਸੱਠ ਸਾਲ ਤੋਂ ਉਪਰ ਟੱਪੀ ਹੋਈ ਜਾਪਦੀ ਸੀ ਅਤੇ ਇਕ ਪੰਜ ਛੇ ਸਾਲ ਦਾ ਮੁੰਡਾ। ਇਹ ਬੁੱਢਾ ਪਲੇਟਫ਼ਾਰਮ ਵਲ ਦੇ ਗੱਦੇ ਉੱਤੇ ਬੈਠਾ ਸੀ ਤੇ ਮੁੰਡਾ ਦੂਸਰੇ ਬੰਨੇ ਦੇ ਬਾਰੀਆਂ ਨਾਲ ਦੇ ਗੱਦੇ ਉੱਤੇ। ਮੈਂ ਮੋਕਲੀ ਥਾਂ ਵੇਖ ਕੇ ਉਸ ਡੱਬੇ ਨੂੰ ਅਹੁਲਿਆ ਸਾਂ। ਪਰ ਜਦੋਂ ਮੈਂ ਇੱਕ ਮੰਗਤਾ ਵੀ ਦਰਵਾਜ਼ੇ ਵਿੱਚ ਫ਼ਰਸ਼ 'ਤੇ ਬੈਠਾ ਦੇਖਿਆ, ਤਾਂ ਮੇਰਾ ਚਿਤ ਭੈੜਾ ਜਿਹਾ ਪੈ ਗਿਆ।

ਖ਼ੈਰ ਮੈਂ ਉਸ ਬਜ਼ੁਰਗ ਵਾਲੇ ਗੱਦੇ ਉਤੇ ਇੱਕ ਪਾਸੇ ਕਰ ਕੇ ਬੈਠ ਗਿਆ। ਪਹਿਲਾਂ ਮੇਰਾ ਖ਼ਿਆਲ ਸੀ ਕਿ ਉਹ ਮੁੰਡਾ ਇਸ ਬਜ਼ੁਰਗ ਨਾਲ ਦਾ ਸੀ। ਪਰ ਪੁੱਛਣ ਉਤੇ ਉਸ ਬਜ਼ੁਰਗ ਨੇ ਨਾਂਹ ਕੀਤੀ। ਤੇ ਮੈਂ ਸੋਚਿਆ ਕੋਈ ਹੋਰ ਸਵਾਰੀ ਉਸ ਦੇ ਨਾਲ ਹੋਵੇਗੀ, ਜੋ ਕਿਧਰੇ ਪਲੇਟਫ਼ਾਰਮ 'ਤੇ ਘੁੰਮ ਰਹੀ ਹੋਵੇਗੀ। ਮੁੰਡੇ ਦਾ ਰੰਗ ਗੋਰਾ ਤੇ ਨਕਸ਼ ਬੜੇ ਤਿੱਖੇ ਸਨ। ਤੇ ਉਹ ਮੈਨੂੰ ਆਪਣੇ ਲੜਕੇ ਨਾਲ, ਜੋ ਉਸ ਵੇਲੇ ਚਾਰ ਕੁ ਸਾਲਾਂ ਦਾ ਸੀ, ਸ਼ਕਲ ਸ਼ਬਾਹਤ ਵਿੱਚ ਮਿਲਦਾ ਜਿਹਾ ਲਗਿਆ।

ਮੈਂ ਉਸ ਬਜ਼ੁਰਗ ਨਾਲ ਪਾਕਿਸਤਾਨ ਬਾਰੇ ਕੁਝ ਗੱਲਾਂ ਕੀਤੀਆਂ, ਪਰ ਓਪਰੀਆਂ ਓਪਰੀਆਂ। ਇੱਕ ਕਾਰਨ ਇਨ੍ਹਾਂ ਗੱਲਾਂ ਦੇ ਓਪਰੀਆਂ ਹੋਣ ਦਾ ਇਹ ਸੀ ਕਿ ਮੈਂ ਪਾਕਿਸਤਾਨ ਦੀ ਬਹੁਤ ਨਿੰਦਾ ਸੁਣ ਕੇ ਪ੍ਰਸੰਨ ਨਹੀਂ ਹੁੰਦਾ, ਜਿਸ ਆਸ ਨਾਲ ਬਹੁਤੇ ਲੱਗ ਕਿਸੇ ਬਦੇਸ਼ ਵਿਚੋਂ ਆ ਰਹੇ ਲੋਕਾਂ ਪਾਸੋਂ ਗਲਾਂ ਪੁਛਿਆ ਕਰਦੇ ਹਨ। ਮੈਨੂੰ ਯਕੀਨ ਹੈ ਕਿ ਪਾਕਿਸਤਾਨ ਦੇ ਲੋਕ ਸਾਡੇ ਜਿਹੇ ਹੀ ਗਰੀਬ, ਕਈ ਭਰਮਾਂ ਭੁਲੇਖਿਆਂ ਦਾ ਸ਼ਿਕਾਰ, ਪਰ ਆਪਣੇ ਮੂਲ ਵਿੱਚ ਅਸਾਡੇ ਲੋਕਾਂ ਵਰਗੇ ਹੀ ਸ਼ੁਭ ਭਾਵਨਾ ਰੱਖਣ ਵਾਲੇ ਹਨ। ਸ਼ਾਇਦ ਕੁਝ ਕਾਰਨਾਂ ਕਰਕੇ, ਜਿਨ੍ਹਾਂ ਉਤੇ ਉਹਨਾਂ ਲੋਕਾਂ ਦੇ ਸਾਡੇ ਲੋਕਾਂ ਵਾਂਗ ਹੀ ਬਹੁਤ ਅਧਿਕਾਰ ਨਹੀਂ, ਉਥੇ ਕੁਝ ਜੀਵਨ ਦੀਆਂ ਲੋੜੀਂਦੀਆਂ ਵਸਤਾਂ ਸਾਡੇ ਦੇਸ਼ ਨਾਲੋਂ ਮਹਿੰਗੀਆਂ ਤੇ ਔਖੀਆਂ ਪ੍ਰਾਪਤ ਹੁੰਦੀਆਂ ਹਨ, ਜੋ ਸਾਧਾਰਣ ਲੋਕਾਂ ਨੇ ਖ਼ਰੀਦਣੀਆਂ ਹੁੰਦੀਆਂ ਹਨ। ਤੇ ਸਸਤੀਆਂ ਤੇ ਸੌਖੀਆਂ ਪ੍ਰਾਪਤ ਹੋਣ ਵਾਲੀਆਂ ਉਹ, ਜੋ ਉਨ੍ਹਾਂ ਪਾਸ ਹਾੜੀ ਸਾਉਣੀ ਵੇਚਣ ਨੂੰ ਥੋੜੀਆਂ ਬਹੁਤੀਆਂ ਹੋ ਜਾਂਦੀਆਂ ਹਨ।

ਤੇ ਨਾ ਹੀ ਉਹ ਬਜ਼ੁਰਗ ਮੈਨੂੰ ਪਾਕਿਸਤਾਨ ਬਾਰੇ ਦਸਣ ਲਈ ਬਹੁਤਾ ਉਤਾਵਲਾ ਸੀ।

ਪਰ ਇੱਕ ਹੋਰ ਕਾਰਨ ਇਸ ਓਪਰੇ-ਮਨ ਦਾ ਇਹ ਸੀ ਕਿ ਇਹ ਗੱਲਾਂ ਕਰਦੇ ਸਮੇਂ ਮੇਰਾ ਮਨ ਉਸ ਮੁੰਡੇ ਬਾਰੇ ਸੋਚਣ ਤੋਂ ਹਟ ਨਹੀਂ ਸੀ ਸਕਦਾ। ਉਸ ਮੁੰਡੇ ਨੇ ਘਸਮੈਲੇ ਕਪੜੇ ਪਾਏ ਹੋਏ ਸਨ, ਜਿਨ੍ਹਾਂ ਬਾਰੇ ਸਿਆਲ ਦੇ ਸੱਤ ਵਜੇ ਦੇ ਨਿੰਮ੍ਹੇ ਜਿਹੇ ਚਾਨਣ ਵਿੱਚ ਇਹ ਕਹਿਣਾ ਔਖਾ ਸੀ, ਕਿ ਉਹ ਮੈਲੇ ਸਨ ਕਿ ਗਰਮ। ਏਥੋਂ ਤਕ ਕਿ ਮੇਰੇ ਲਈ ਇਹ ਨਿਸ਼ਚਿਤ ਕਰਨਾ ਵੀ ਔਖਾ ਸੀ ਕਿ ਉਸ ਗਲ ਤੇੜ ਦੇ ਕਪੜੇ ਕੋਟ ਪਤਲੂਨ ਸਨ ਕਿ ਝੱਗਾ ਪਜਾਮਾ। ਤੇ ਇਸ ਅਨਿਸ਼ਚੇ ਦਾ ਕਾਰਣ ਸ਼ਾਇਦ ਮੇਰੀ ਘਟ ਰਹੀ ਨਜ਼ਰ ਵੀ ਸੀ। ਉਹ ਮੁੰਡਾ ਇੱਕ ਚਮੜੇ ਦੀ ਚਮਕ ਜਿਹੀ ਪੇਟੀ ਨਾਲ ਖੇਡ ਰਿਹਾ ਸੀ, ਜੋ ਸ਼ਾਇਦ ਉਸ ਦਾ ਵਾਲੀ ਜੋ ਸ਼ਾਇਦ ਪਲੇਟ ਫ਼ਾਰਮ ਉਤੇ ਕਿਸੇ ਨਾਲ ਕੋਈ ਗਲ-ਬਾਤ ਕਰ ਰਿਹਾ ਸੀ, ਉਸ ਦੇ ਮਨ ਪ੍ਰਚਾਵੇ ਲਈ ਛਡ ਗਿਆ ਸੀ।

ਗੱਡੀ ਨੇ ਪੰਜ ਮਿੰਟ ਪਹਿਲਾਂ ਦੀ ਕੂਕ ਮਾਰੀ ਤਾਂ ਇਸ ਡੱਬੇ ਵਿੱਚ ਦੋ ਤਿੰਨ ਸਵਾਰ ਹੋਰ ਆ ਗਏ। ਇਨ੍ਹਾਂ ਵਿੱਚ ਇੱਕ ਤਾਂ ਉਸ ਬਜ਼ੁਰਗ ਮੁਸਲਮਾਨ ਦਾ ਹੀ ਸੰਗੀ ਨੌਜਵਾਨ, ਉਸ ਦਾ ਕੋਈ ਪੁੱਤਰ ਭਤੀਜਾ ਸੀ। ਉਹ ਸੁਭਾਵਕ ਹੀ ਉਸ ਬਜ਼ੁਰਗ ਦੇ ਤੇ ਮੇਰੇ ਵਿਚਕਾਰ ਆ ਕੇ ਬੈਠ ਗਿਆ। ਦੂਜੇ ਦੋ ਵਿਚਕਾਰਲੇ ਗੱਦੇ 'ਤੇ ਬੈਠ ਗਏ। ਪਰ ਜਦੋਂ ਉਹ ਅੰਦਰ ਆਏ ਤਾਂ ਉਸ ਮੰਗਤੇ ਨੇ ਮੁੰਡੇ ਨੂੰ ਗੱਦੇ ਤੋਂ ਉਤਰ ਜਾਣ ਦਾ ਜਿਵੇਂ ਇਸ਼ਾਰਾ ਕੀਤਾ, ਉਹ ਮੈਨੂੰ ਚੰਗਾ ਨਾ ਲਗਾ। ਉਸ ਮੰਗਤੇ ਨੂੰ, ਕੀ ਲੋੜ ਜਾਂ ਅਧਿਕਾਰ ਸੀ, ਨਵੀਆਂ ਆਈਆਂ ਸਵਾਰੀਆਂ ਦੀ ਖ਼ੁਸ਼ਾਮਦ ਵਿੱਚ, ਉਸ ਬਾਲੜੇ ਨੂੰ ਉਸ ਦੀ ਥਾਂ ਤੋਂ ਉਤਾਰਨ ਦਾ। ਕਈ ਆਦਮੀਆਂ ਨੂੰ ਆਦਤ ਹੁੰਦੀ ਹੈ, ਸੋਫ਼ੀਆ ਸਫ਼ੈਦ-ਪੋਸ਼ ਲੋਕਾਂ ਦੀ ਝੋਲੀ ਚੁੱਕਣ ਦੀ, ਤੇ ਇਸ ਤਰ੍ਹਾਂ ਕਰਨ ਵਿੱਚ ਬਹੁਤ ਵਾਰੀ ਉਹ ਆਪਣੇ ਜਿਹੇ ਗ਼ਰੀਬਾਂ ਜਾਂ ਸਾਧਾਰਣ ਲੋਕਾਂ ਜਾਂ ਨਿਰਬਲ ਬਚਿਆਂ ਨਾਲ ਇੱਕ ਤਰ੍ਹਾਂ ਦੀ ਜ਼ਬਰਦਸਤੀ ਕਰਨ ਤੋਂ ਨਹੀਂ ਝਿਜਕਦੇ। ਪਰ ਜਦੋਂ ਗੱਡੀ ਚਲਣ ਲਗੀ ਤਾਂ ਦੋ ਤਿੰਨ ਸਵਾਰੀਆਂ ਹੋਰ ਅੰਦਰ ਆ ਵੜੀਆਂ, ਜਿਨ੍ਹਾਂ ਵਿੱਚ ਉਸ ਮੁੰਡੇ ਦਾ ਵਾਲੀ ਕੋਈ ਨਹੀਂ ਸੀ। ਉਹ ਸਵਾਰੀਆਂ ਹਾਲੀ ਉਸ ਮੁੰਡੇ ਬਾਰੇ ਕੁਝ ਝਿਜਕ ਹੀ ਰਹੀਆਂ ਸਨ ਕਿ ਉਸ ਮੰਗਤੇ ਨੇ ਝਟ ਨਾਲ ਉਠ ਕੇ ਮੁੰਡੇ ਨੂੰ ਪਕੜ ਕੇ ਗੱਦੇ ਤੋਂ ਲਾਹ ਲਿਆ।

ਮੁੰਡੇ ਨੇ ਕੁਝ ਮਜ਼ਾਹਮਤ ਕੀਤੀ, ਪਰ ਨਿਸਫ਼ਲ। ਮੰਗਤਾ ਉਸ ਨੂੰ ਚੁਕ ਕੇ ਆਪਣੇ ਕੋਲ ਦਰਵਾਜ਼ੇ ਤੇ ਲੈ ਆਇਆ। ਮੁੰਡਾ ਉਸ ਤੋਂ ਛੁੱਟਣ ਲਈ ਜ਼ੋਰ ਲਾ ਰਿਹਾ ਸੀ। ਪਰ ਉਹ ਮੰਗਤਾ ਉਸ ਨੂੰ ਇਉਂ ਘੁੱਟੀ ਬੈਠਾ ਸੀ, ਜਿਵੇਂ ਉਹ ਉਸਦਾ ਆਪਣਾ ਪੁੱਤਰ ਹੁੰਦਾ ਹੈ।

ਮੈਂ ਵੇਖਿਆ ਮੁੰਡੇ ਦੇ ਗਲ ਇੱਕ ਪੁਰਾਣਾਂ ਕੋਟ ਸੀ ਤੇ ਹੇਠਾਂ ਤਨ ਉਤੇ ਕਮੀਜ਼ ਕੁੜਤਾ ਕੋਈ ਨਹੀਂ ਸੀ। ਉਸਦੇ ਤੇੜ ਵੀ ਇੱਕ ਪੁਰਾਣੀ ਪਤਲੂਨ ਸੀ, ਜਿਸ ਦੀ ਇੱਕ ਲਤ ਧੁਰ ਧੁਰਾਉਂ ਛੱਟੀ ਜਾਂ ਉਧੜੀ ਹੋਈ ਸੀ, ਮੁੰਡਾ ਮੰਗਤੇ ਤੋਂ ਛੁੱਟਣ ਲਈ ਤਰਲੇ ਮਾਰ ਰਿਹਾ ਸੀ। ਕੁਝ ਚੂੰ ਚੂੰ ਵੀ ਕਰਦਾ ਸੀ, ਪਰ ਬੋਲਦਾ ਕੁਝ ਨਹੀਂ ਸੀ। ਮੇਰਾ ਜੀ ਕਰੇ, ਉਸ ਮੰਗਤੇ ਨੂੰ ਕਹਿਣ ਲਈ ਕਿ ਉਹ ਮੁੰਡੇ ਨੂੰ ਮੇਰੇ ਕੋਲ ਗੱਦੇ ਉਤੇ ਬੈਠ ਜਾਣ ਦੇਵੇ। ਪਰ ਇਤਨਾ ਹੌਸਲਾ ਨਾ ਹੋਇਆ। ਸ਼ਾਇਦ ਮੇਰੀ ਅੰਦਰਲੀ ਬੁੱਧੀ ਨੇ ਮੈਨੂੰ ਨਿਸਚਾ ਕਰਵਾ ਦਿਤਾ ਕਿ ਇਸ ਤਰ੍ਹਾਂ ਦੀ ਖੁਲ੍ਹ-ਦਿਲੀ ਦਿਖਾਣ ਦਾ ਕਿਸੇ ਨੂੰ ਲਾਭ ਨਹੀਂ ਸੀ ਹੋ ਸਕਦਾ।

ਜਦ ਮੁੰਡਾ ਉਸ ਮੰਗਤੇ ਪਾਸੋਂ ਹੋਰ ਤਰ੍ਹਾਂ ਸ਼ਾਂਤ ਨਾ ਹੋਇਆ ਤਾਂ ਉਸ ਨੇ ਆਪਣੇ ਉਸ ਦੇ ਕੋਲ ਜਿਹੇ ਹੀ ਫ਼ਟੇ ਪੁਰਾਣੇ ਕੋਟ ਵਿਚੋਂ ਕੁਝ ਰੋਟੀਆਂ ਕੱਢ ਲਈਆਂ, ਜਿਨ੍ਹਾਂ ਵਿਚੋਂ ਇੱਕ ਟੁਕੜਾ ਤੋੜ ਕੇ ਉਸ ਨੇ ਮੁੰਡੇ ਨੂੰ ਦੇ ਦਿੱਤਾ। ਇਸ ਨਾਲ ਮੁੰਡਾ ਟਿਕ ਗਿਆ ਤੇ ਦੋਵੇਂ ਜਣੇ ਰੋਟੀ ਖਾਣ ਲਗ ਪਏ।

ਹੁਣ ਉਹ ਮੁੰਡਾ ਰੋਟੀ ਖਾ ਰਿਹਾ ਸੀ, ਹਸ ਰਿਹਾ ਸੀ ਤੇ ਲਾਚੜ ਕੇ ਮੰਗਤੇ ਨੂੰ ਕਦੀ ਕਦੀ ਧੱਫ਼ਾ ਜਾਂ ਬੈਠਾ ਬੈਠਾ ਲਤ ਦੀ ਹੁਝ ਵੀ ਮਾਰ ਦਿੰਦਾ ਜੋ ਉਹ ਮੰਗਤਾ ਬੜੇ ਪਿਆਰ ਨਾਲ ਬਰਦਾਸ਼ਤ ਕਰ ਰਿਹਾ ਸੀ। ਹੁਣ ਉਹ ਦੋ ਮੰਗਤੇ ਨਹੀਂ ਸਨ, ਦੋ ਪਿਉ-ਪੁੱਤਰ ਸਨ, ਜੋ ਬੜੇ ਪਿਆਰ ਨਾਲ ਇਕੱਠੇ ਰੋਟੀ ਖਾ ਰਹੇ ਸਨ। ਪਰ ਮੇਰੇ ਮਨ ਵਿਚੋਂ ਉਕਾ ਨਹੀਂ ਨਿਕਲਦਾ ਸੀ ਕਿ ਇਹ ਮੁੰਡਾ ਉਸ ਮੰਗਤੇ ਨੇ ਕਿਧਰੋਂ ਚੁਕਿਆ ਹੋਇਆ ਸੀ। ਹੈਰਾਨੀ ਦੀ ਗਲ ਇਹ ਸੀ ਕਿ ਇਸ ਸਾਰੇ ਲਾਡ ਮਲ੍ਹਾਰ ਵਿੱਚ ਉਹ ਮੁੰਡਾ ਹੱਸਣ ਤੇ ਪਸ਼ੂਆਂ ਵਾਕਰ ਸਾਧਾਰਣ ਵਾਜਾਂ ਕਢਣ ਤੋਂ ਬਿਨਾਂ ਬੋਲ-ਚਾਲ ਕੁਝ ਨਹੀਂ ਸੀ ਰਿਹਾ। ਉਹ ਬੋਲਾ ਨਹੀਂ ਸੀ ਜਾਪਦਾ ਤੇ ਮੈਨੂੰ ਇਹ ਸ਼ਕ ਗੁਜ਼ਰ ਰਹਿਆ ਸੀ ਜਿਵੇਂ ਉਸ ਮੰਗਤੇ ਨੇ ਉਸ ਨੂੰ ਜਾਣ ਬੁਝ ਕੇ ਬੋਲਣਾ ਨਹੀਂ ਸੀ ਸਿਖਾਇਆ। ਜਿਹੜਾ ਸ਼ੱਕ ਸ਼ਾਇਦ ਵਿਗਿਆਨਕ ਦ੍ਰਿਸ਼ਟੀ ਤੋਂ ਨਿਰਮੂਲ ਹੋਵੇ।

ਇਹ ਤੇਰਾ ਪੁਤਰ ਹੈ ? ਮੈਂ ਉਸ ਮੰਗਤੇ ਨੂੰ ਪੁਛਿਆ।

ਹਾਂ, ਮੇਰਾ ਬੇਟਾ ਹੈ। ਉਸ ਨੇ ਹਿੰਦੁਸਤਾਨੀ ਵਿੱਚ ਉਤਰ ਦਿਤਾ।

ਇਸ ਦੀ ਮਾਂ ਕਿਥੇ ਹੈ ? ਮੈਂ ਫ਼ਿਰ ਉਸਨੂੰ ਪੰਜਾਬੀ ਵਿੱਚ ਹੀ ਪੁਛਿਆ, ਕਿਉਂਕਿ ਮੈਨੂੰ ਪਤਾ ਸੀ ਕਿ ਪੰਜਾਬ ਵਿੱਚ ਆਪਣੇ ਦਿਨ ਲੰਘਾ ਰਿਹਾ, ਉਹ ਪੰਜਾਬੀ ਸਮਝ ਸਕਦਾ ਹੋਵੇਗਾ।

ਦੌੜ ਗਈ ਉਸਦਾ ਉੱਤਰ ਸੀ।

ਇਸ ਉੱਤਰ ਤੋਂ ਮੈਨੂੰ ਉਸ ਉਤੇ ਤਰਸ ਵੀ ਆਇਆ, ਪਰ ਨਾਲ ਮੇਰੇ ਇਸ ਸ਼ੰਕੇ ਨੂੰ ਵੀ ਕੁਝ ਅਧਾਰ ਮਿਲ ਗਿਆ ਕਿ ਸ਼ਾਇਦ ਇਹ ਮੁੰਡਾ ਉਸ ਮੰਗਤੇ ਨੇ ਚੁਕਿਆ ਹੀ ਹੋਇਆ ਸੀ।

ਇਕ ਪੰਜ ਛੇ ਸਾਲ ਦਾ ਮੁੰਡਾ, ਜੋ ਮੇਰੇ ਆਪਣੇ ਚਾਰ ਕੁ ਸਾਲ ਦੇ ਪੁੱਤਰ ਨਾਲ ਸ਼ਕਲ ਸ਼ਬਾਹਤ ਵਿੱਚ ਮਿਲਦਾ ਜੁਲਦਾ ਸੀ ਤੇ ਜਿਸ ਨੂੰ ਮੈਂ ਸ਼ਾਮ ਦੇ ਅਧ-ਚਾਨਣ ਦਾ ਸਦਕਾ ਤੇ ਉਸਦੇ ਫ਼ਟੇ ਪੁਰਾਣੇ ਕਪੜਿਆਂ ਦਾ ਸਦਕਾ, ਜੋ ਕਿਸੇ ਸ਼ਰੀਫ਼ਜ਼ਾਦੇ ਦਾ ਉਤਾਰ ਸਨ, ਤੇ ਸੈਕਿੰਡ ਕਲਾਸ ਦੇ ਗੱਦੇ 'ਤੇ ਬੈਠਾ ਵੇਖ ਕੇ ਇਕ ਸ਼ਰੀਫ਼ਜ਼ਾਦਾ ਸਮਝੀ ਬੈਠਾ ਸਾਂ, ਹੁਣ ਇਕ ਮੰਗਤੇ ਦਾ ਪੁੱਤਰ, ਅਸਲੀ ਜਾਂ ਚੁਕਿਆ ਹੋਇਆ, ਬਣਿਆ ਬੈਠਾ ਸੀ। ਉਸ ਨੂੰ ਛੱਡ ਕੇ ਜਿਸਦੀ ਮਾਂ ਕਿਸੇ ਹੋਰ ਮੰਗਤੇ ਜਾਂ ਮੰਗਤੇ ਜਿਹੇ ਹੀ ਮਜ਼ਦੂਰ ਨਾਲ ਨਸ ਗਈ ਸੀ ਤੇ ਮੇਰੇ ਮਨ ਉਤੇ ਕਰੁਣਾ ਦਾ ਜਾਣੋ ਇਕ ਬੱਦਲ ਉਲਰਿਆ ਖਲੋਤਾ ਸੀ। ਉਹ ਅੱਧ-ਖੜ ਉਮਰ ਦਾ ਮੰਗਤਾ ਆਪਣੀ ਉਮਰ ਦੇ ਪੈਂਤੀ ਚਾਲੀ ਸਾਲ ਕਿਸ ਆਸ ਦੇ ਸਹਾਰੇ ਜੀਉਂਦਾ ਰਿਹਾ ਸੀ। ਤੇ ਅਗਲੇ ਤੀਹ, ਪੈਂਤੀ ਸਾਲ ਕਿਸ ਆਸ ਦੇ ਸਹਾਰੇ ਜੀਵੇਗਾ ? ਕਹਿੰਦੇ ਹਨ ਆਸ ਨਾਲ ਜਹਾਨ ਕਾਇਮ ਹੈ। ਪਰ ਜਿਨ੍ਹਾਂ ਦਾ ਜਹਾਨ ਆਸ ਤੋਂ ਬਿਨਾਂ ਵੀ ਚਲ ਰਿਹਾ ਹੈ, ਉਨ੍ਹਾਂ ਨੂੰ ਤੁਸੀਂ ਕੀ ਆਖੋਗੇ ? ਮਹਾਂ ਕਵੀ ਗਾਲਿਬ ਨੇ ਇਕ ਥਾਂ ਕਿਹਾ ਹੈ :--

ਮੁਨਹਸਰ ਮਰਨੇ ਪਰ ਹੈ ਜਿਸ ਕੀ ਉਮੀਦ,<br>ਨਾ-ਉਮੀਦੀ ਉਸ ਕੀ ਦੇਖਾ ਚਾਹੀਏ।

ਤੇ ਜਿਸ ਦਾ ਜਹਾਨ ਭਿਖਿਆ ਉਤੇ, ਉਸ ਭਿਖਿਆ ਉਤੇ, ਜੋ ਉਸ ਨੂੰ ਫ਼ਟੇ ਪੁਰਾਣੇ ਤੇ ਘਸਮੈਲੇ ਕਪੜੇ ਤੇ ਰੋਟੀ ਦੇ ਚਾਰ ਟੁਕੜੇ ਹੀ ਮਸਾਂ ਦਿੰਦੀ ਹੈ, ਕਾਇਮ ਹੈ, ਉਸ ਲਈ ਮੌਤ ਦੇ ਕੀ ਅਰਥ ਹਨ। ਇਹ ਗਲ ਗਾਲਿਬ ਦੀ ਕਥੀ ਨਾ-ਉਮੀਦੀ ਨਾਲੋਂ ਵੀ ਵਧੇਰੇ ਦੇਖਣ ਵਾਲੀ ਗੱਲ ਨਹੀਂ।

ਪਰ ਨਹੀਂ, ਸ਼ਾਇਦ ਇਸ ਮੰਗਤੇ ਦਾ ਨਿਰਾਸ ਜਹਾਨ ਇਸ ਮੁੰਡੇ ਦੇ ਸਹਾਰੇ ਕਾਇਮ ਸੀ। ਕੀ ਇਸ ਮੰਗਤੇ ਨੂੰ ਤੇ ਇਸ ਮੁੰਡੇ ਨੂੰ ਆਸ ਦੇ ਜਹਾਨ ਵਿੱਚ ਲਿਆਉਣ ਦਾ ਕੋਈ ਸਾਧਨ ਨਹੀਂ ? ਮੈਂ ਪੁਛ ਰਿਹਾ ਸਾਂ, ਉਨ੍ਹਾਂ ਸ਼ਕਤੀਆਂ ਪਾਸੋਂ, ਜਿਨ੍ਹਾਂ ਦੇ ਅਧਿਕਾਰ ਵਿੱਚ ਇਸ ਨਾਲੋਂ ਭੀ ਵਧੇਰੇ ਔਖੀਆਂ ਸੈਂਕੜੇ ਸਮੱਸਿਆਵਾਂ ਦੇ ਸੁਲਝਾਉ ਹਨ।

ਇਹ ਪੈਂਤੀ ਚਾਲੀ ਸਾਲ ਦਾ ਮੰਗਤਾ ਕਿਸੇ ਕਾਰਖ਼ਾਨੇ ਵਿੱਚ ਕੰਮ ਕਰਨ ਵਾਲਾ ਮਜ਼ਦੂਰ ਬਣ ਰਿਹਾ ਸੀ। ਮੇਰੀ ਕਲਪਨਾ ਵਿੱਚ ਜਿਸ ਪਾਸੇ ਉਸਦੀ ਇਸਤਰੀ ਨੂੰ ਨਸ ਜਾਣ ਦੀ ਲੋੜ ਨਹੀਂ ਸੀ, ਕਿਉਂਕਿ ਉਹ ਕਾਰਖ਼ਾਨੇ ਵਿੱਚ ਅੱਠ ਘੰਟੇ ਕੰਮ ਕਰ ਕੇ ਘਰ ਆਉਂਦਾ ਸੀ ਤੇ ਇਸ ਦੇ ਸੀਨੇ ਵਿੱਚ ਉਹ ਤਾਣ ਮਾਣ ਹੁੰਦਾ ਸੀ, ਜਿਸ ਨੂੰ ਇਸਤਰੀਆਂ ਪਿਆਰ ਕਰਦੀਆਂ ਹਨ ਤੇ ਜਿਸ ਦਿਨ ਦੀ ਥਕਾਵਟ ਨੂੰ ਆਪਣੇ ਨਿੱਘੇ ਪ੍ਰੇਮ ਨਾਲ ਦੂਰ ਕਰਨ ਦਾ ਉਨ੍ਹਾਂ ਨੂੰ ਮਾਣ ਹੈ। ਜਿਸ ਦੂਜੇ ਮੰਗਤੇ ਜਾਂ ਮੰਗਤੇ ਜਿਹੇ ਮਜ਼ਦੂਰ ਨਾਲ ਇਸ ਆਦਮੀ ਦੀ ਇਸਤਰੀ ਨਸ ਗਈ ਸੀ, ਉਸਨੇ ਮੇਰੀ ਕਲਪਨਾ ਵਿੱਚ ਜਦੋਂ ਉਸ ਇਸਤਰੀ ਨੂੰ ਪਹਿਲਾਂ ਕਾਮ ਨਾਲ ਲੀਨ ਮਖ਼ੌਲ ਕੀਤਾ ਸੀ ਤਾਂ ਉਸਨੇ ਬੜੇ ਠਰ੍ਹੰਮੇ ਨਾਲ ਆਖ ਦਿਤਾ ਸੀ ਵੀਰ ! ਜਿਹਾ ਮਖ਼ੌਲ ਤੂੰ ਕਿਸੇ ਹੋਰ ਨਾਲ ਕਰ, ਜਿਸ ਤੋਂ ਤੈਨੂੰ ਤੇਰਾ ਮਨ-ਵਾਂਛਿਆ ਪਿਆਰ ਮਿਲ ਸਕੇ। ਮੈਂ ਤਾਂ ਪਿਆਰ ਤੇਰੇ ਜਿਹੇ ਕਿਸੇ ਨੂੰ ਦੇ ਚੁੱਕੀ ਹਾਂ ਅਤੇ ਇਸ ਦੇ ਚੁਕਣ ਵਿਚ ਮੈਂ ਖ਼ੁਸ਼ ਹਾਂ।

ਪਰ ਨਹੀਂ ਇਹ ਮੰਗਤਾ ਮੇਰੀ ਕਲਪਨਾ ਦੇ ਉਪਰੋਕਤ ਜਹਾਨ ਵਿਚੋਂ ਸ਼ਾਇਦ ਅਜਿਹਾ ਗੁਜ਼ਰ ਚੁਕਾ ਸੀ, ਕਿ ਇਸ ਦੇ ਫ਼ਿਰ ਉਸ ਵਿੱਚ ਆਉਣ ਦੀ ਆਸ ਨਹੀਂ ਸੀ। ਹਾਂ ਉਹ ਮੁੰਡਾ ! ਉਸ ਲਈ ਮੇਰੀ ਕਲਪਨਾ ਦੇ ਜਹਾਨ ਵਿੱਚ, ਜੋ ਇਹਨਾਂ ਮੰਗਤਿਆਂ ਦੇ ਜਹਾਨ ਨਾਲੋਂ ਵਖਰਾ ਵਾਸਤਵ ਦਾ ਜਹਾਨ ਵੀ ਹੈ, ਬੜੀ ਥਾਉਂਸੀ। ਸ਼ਾਇਦ ਦੇਸ਼ ਦੀ ਤੀਜੀ ਪੰਜ-ਸਾਲਾ ਯੋਜਨਾ ਇਸ ਮੁੰਡੇ ਨੂੰ ਉਸਦੇ ਨਿਮਨ-ਵਾਸਤਵ ਦੇ ਜਹਾਨ ਵਿਚੋਂ, ਜਿਸ ਵਿਚ ਹੀ ਨਰਕ ਦੇ ਠੀਕ ਅਰਥ ਅੰਕਤ ਹਨ, ਉਠਾ ਕੇ ਵਾਸਤਵ ਦੇ ਜਹਾਨ ਵਿਚ, ਜਿਸ ਨੂੰ ਕਈ ਕਲਪਨਾ ਜਹਾਨ ਕਹਿ ਦਿੰਦੇ ਹਨ, ਲਿਆ ਕੇ ਸ਼ਰੀਫ਼ਜ਼ਾਦਾ ਬਣਾ ਦੇਵੇ।

ਮੈਂ ਇਸ ਤਰ੍ਹਾਂ ਸੋਚ ਰਿਹਾ ਸੀ, ਕਿ ਉਸ ਮੁੰਡੇ ਦੇ ਫ਼ੱਟੇ ਪੁਰਾਣੇ ਕੋਟ ਪਤਲੂਣ, ਇੱਕ ਨਵਾਂ ਨਕੋਰ ਟਵੀਡ ਦਾ ਸੂਟ ਬਣ ਗਏ। ਜਿਨ੍ਹਾਂ ਦੇ ਹੇਠ ਉਸ ਮੁੰਡੇ ਦੇ ਤਨ ਉਤੇ ਇੱਕ ਕਮੀਜ਼ ਤੇ ਇਸ ਉਤੇ ਕਿਸੇ ਦੇ ਪਿਆਰ ਦਾ ਸੋਹਣਾ ਉਣਿਆ ਹੋਇਆ ਸਵੈਟਰ ਸੀ। ਤੇ ਉਹ ਮੁੰਡਾ ਸੈਕਿੰਡ ਕਲਾਸ 'ਤੇ ਉਸ ਡੱਬੇ ਵਿੱਚ ਬੈਠਾ ਗੱਦੇ ਉਤੇ ਬੈਠਾ ਇੱਕ ਸੋਹਣੀਆਂ ਤਸਵੀਰਾਂ ਵਾਲੀ ਪੁਸਤਕ ਦੇ ਵਰਕੇ ਪਲਟ ਰਿਹਾ ਸੀ। ਇਸ ਰੂਪ ਵਿੱਚ ਉਹ ਮੈਨੂੰ ਆਪਣੇ ਚਾਰ ਕੁ ਸਾਲ ਦੇ ਪੁੱਤਰ ਜਿੰਨਾ ਹੀ ਸੋਹਣਾ ਲਗਦਾ ਸੀ, ਜੋ ਸ਼ਕਲ ਸ਼ਬਾਹਤ ਵਿੱਚ ਇੱਕ ਸ਼ਾਹਜ਼ਾਦਾ ਹੀ ਤਾਂ ਸੀ। ਉਹ ਮੰਗਤਾ ਉਸ ਡੱਬੇ ਵਿੱਚ ਕੋਈ ਨਹੀਂ ਸੀ।

# ਮਿੰਨੀ ਕਹਾਣੀਆਂ

## ਦੁੱਗਣੀ ਪੀੜ

ਪਾਲੋ ਚੌਕੇ ਵਿੱਚ ਚੁੱਲੇ ਤੇ ਪਾਣੀ ਦਾ ਪਤੀਲਾ ਗਰਮ ਕਰ ਰਹੀ ਸੀ। ਕੋਲ ਹੀ ਉਸਦੀ ਨਨਾਣ ਰਾਣੀ ਅੱਗ ਸੇਕ ਰਹੀ ਸੀ। ਉਸਦੀ ਸੱਸ ਬਾਹਰ ਬੈਠੀ ਅਪਣੇ ਪੋਤੇ ਨੂੰ ਖਿਡਾ ਰਹੀ ਸੀ। ਜਦ ਪਾਲੋ ਬਾਲਟੀ ਵਿੱਚ ਗਰਮ ਪਾਣੀ ਦਾ ਪਤੀਲਾ ਉਲਟਾਉਣ ਲੱਗੀ ਤਾਂ ਗਰਮ ਪਾਣੀ ਦੀ ਛੱਲ ਉਸਦੇ ਪੈਰਾਂ 'ਤੇ ਪੈ ਗਈ। ਉਸਨੇ ਚੀਕ ਕੇ ਕਿਹਾ, ਹਾਏ ਮਾਂ! ਮਰ ਗਈ! ਗਰਮ ਪਾਣੀ ਪੈਰਾਂ 'ਤੇ ਪੈ ਗਿਆ। ਇਹ ਸੁਣਕੇ ਉਸਦੀ ਸੱਸ ਰਸੋਈ ਵਿੱਚ ਭੱਜੀ- ਭੱਜੀ ਆਈ ਤੇ ਕਹਿਣ ਲੱਗੀ, ਕੁੜੇ ਕੀ ਹੋ ਗਿਆ, ਪਾਣੀ ਕੀਹਦੇ 'ਤੇ ਪੈ ਗਿਆ ? ਉਸਨੂੰ ਦੇਖਕੇ ਪਾਲੋ ਨੇ ਕਿਹਾ, ਇਹ ਤਾਂ ਬੇਬੇ ਮੈ ਆਂ, ਮੇਰੇ ਪੈਰਾਂ 'ਤੇ ਗਰਮ ਪਾਣੀ ਪੈ...

ਗਿਆ। ਉਸਦੀ ਗੱਲ ਸੁਣਕੇ ਬੇਬੇ ਨੇ ਸਿਰਫ ਇੰਨਾਂ ਹੀ ਕਿਹਾ, ਅੱਛਾ! ਮੈ ਤਾਂ ਕਿਹਾ ਕਿਤੇ ਰਾਣੀ ਐ। ਤੇ ਰਸੋਈ ਵਿੱਚੋਂ ਬਾਹਰ ਆ ਗਈ।

ਪਾਲੋ ਨੂੰ ਪੈਰ ਜਲ ਜਾਣ ਕਾਰਨ ਬਹੁਤ ਪੀੜ ਹੋ ਰਹੀ ਸੀ, ਪਰ ਅਪਣੀ ਸੱਸ ਦੇ ਇਹ ਬੋਲ ਸੁਣਕੇ ਉਸਦੀ ਪੀੜ ਦੁੱਗਣੀ ਹੋ ਗਈ।

-ਰਾਜ ਕੌਰ ਕਮਾਲਪੁਰ

***

## ਨੀਲਾ ਗਿੱਦੜ

ਪੁਰਾਣੇ ਸਮੇਂ ਦੀ ਗੱਲ ਹੈ। ਇੱਕ ਗਿੱਦੜ ਘੁੰਮਦਾ ਹੋਇਆ ਸ਼ਹਿਰ ਵਿੱਚ ਆ ਵੜਿਆ। ਉੱਥੇ ਉਸ ਨੂੰ ਘੁੰਮਦੇ ਨੂੰ ਦੇਖ ਕੇ ਸ਼ਹਿਰ ਦੇ ਕੁੱਤੇ ਭੌਂਕਣ ਲੱਗੇ ਅਤੇ ਉਸ ਦੇ ਮਗਰ ਦੌੜ ਪਏ। ਦੌੜਦਾ ਹੋਇਆ ਗਿੱਦੜ ਲਲਾਰੀ ਦੇ ਰੰਗ ਵਾਲੇ ਮੱਟ ਵਿੱਚ ਡਿੱਗ ਪਿਆ। ਜਦੋਂ ਗਿੱਦੜ ਮੱਟ ਵਿੱਚੋਂ ਬਾਹਰ ਨਿਕਲਿਆ ਤਾਂ ਉਸ ਦਾ ਸਰੀਰ ਰੰਗ ਚੜ੍ਹਨ ਨਾਲ ਨੀਲਾ ਹੋ ਗਿਆ ਸੀ।

ਉਹ ਦੌੜਦਾ-ਦੌੜਦਾ ਜੰਗਲ ਵਿੱਚ ਚਲਾ ਗਿਆ। ਜੰਗਲ ਵਿੱਚ ਪਹੁੰਚ ਕੇ ਗਿੱਦੜ ਨੇ ਜੰਗਲ ਦੇ ਜੀਵ-ਜੰਤੂਆਂ ਅਤੇ ਪੰਛੀਆਂ ਦਾ ਇਕੱਠ ਸੱਦਿਆ। ਜੰਗਲ ਦੇ ਵਾਸੀਆਂ ਨੂੰ ਸੰਬੋਧਨ ਹੁੰਦਾ ਉਹ ਆਖਣ ਲੱਗਾ, "ਜੰਗਲ ਵਾਸੀਓ, ਮੈਂ ਰੱਬੀ ਫਰਿਸ਼ਤਾ ਹਾਂ, ਮੈਨੂੰ ਰੱਬ ਨੇ ਤੁਹਾਡੀ ਸੇਵਾ ਲਈ ਭੇਜਿਆ ਹੈ। ਇਸ ਲਈ ਅੱਜ ਤੋਂ ਮੈਂ ਤੁਹਾਡਾ ਰਾਜਾ ਹੋਵਾਂਗਾ।" ਜੰਗਲ ਦੇ ਸਭ ਵਾਸੀਆਂ ਨੇ ਉਸ ਨੂੰ ਆਪਣਾ ਰਾਜਾ ਮੰਨ ਲਿਆ ਸੀ।

ਦਿਨ ਲੰਘਦੇ ਗਏ, ਗਿੱਦੜ ਝੂਠ ਬੋਲ ਕੇ ਜੰਗਲ ਦਾ ਰਾਜਾ ਬਣ ਗਿਆ ਸੀ। ਇਸ ਤਰ੍ਹਾਂ ਝੂਠ ਅਤੇ ਚਲਾਕੀ ਨਾਲ ਉਹ ਆਪਣਾ ਰਾਜ-ਪ੍ਰਬੰਧ ਚਲਾਉਣ ਲੱਗਾ। ਇੱਕ ਦਿਨ ਉਹ ਆਪਣੇ ਅੰਗ-ਰੱਖਿਅਕਾਂ ਅਤੇ ਸਲਾਹਕਾਰਾਂ ਨਾਲ ਕਿਧਰੇ ਜਾ ਰਿਹਾ ਸੀ ਕਿ ਉਸ ਦੇ ਕੰਨੀਂ ਗਿੱਦੜਾਂ ਦੇ ਹੁਆਂਕਣ ਦੀ ਆਵਾਜ਼ ਪਈ। ਉਸ ਤੋਂ ਰਿਹਾ ਨਾ ਗਿਆ, ਉਹ ਵੀ ਉਨ੍ਹਾਂ ਦੀ ਰੀਸੇ ਉੱਚੀ-ਉੱਚੀ ਹੁਆਂਕਣ ਲੱਗ ਪਿਆ। ਅੰਗ ਰੱਖਿਅਕਾਂ ਜਿਨ੍ਹਾਂ ਵਿੱਚ ਚੀਤਾ ਅਤੇ ਬਘਿਆੜ ਵੀ ਸੀ, ਨੂੰ ਗਿੱਦੜ ਦੇ ਝੂਠ ਅਤੇ ਚਲਾਕੀ 'ਤੇ ਬਹੁਤ ਗੁੱਸਾ ਆ ਗਿਆ ਕਿ ਕਿਸ ਤਰ੍ਹਾਂ ਉਹ ਝੂਠ ਬੋਲ ਕੇ ਉਨ੍ਹਾਂ ਦਾ ਰਾਜਾ ਬਣ ਗਿਆ ਸੀ। ਉਨ੍ਹਾਂ ਨੇ ਝਪਟ ਕੇ ਗਿੱਦੜ ਨੂੰ ਮਾਰ ਦਿੱਤਾ।

ਬੱਚਿਓ, ਇਸ ਤੋਂ ਸਾਨੂੰ ਸਿੱਖਿਆ ਮਿਲਦੀ ਹੈ ਕਿ ਸਾਨੂੰ ਝੂਠ ਨਹੀਂ ਬੋਲਣਾ ਚਾਹੀਦਾ ਤੇ ਸਦਾ ਸੱਚ ਬੋਲਣਾ ਚਾਹੀਦਾ ਹੈ।

***

## ਸ਼ੇਰ ਅਤੇ ਚੂਹੇ ਦੀ ਕਹਾਣੀ

ਇੱਕ ਵਾਰ ਇੱਕ ਸ਼ੇਰ ਜੰਗਲ ਵਿੱਚ ਸੌਂ ਰਿਹਾ ਸੀ, ਉੱਥੇ ਇੱਕ ਚੂਹਾ ਘੁੰਮਦੇ ਹੋਏ ਆ ਗਿਆ ਅਤੇ ਸ਼ੇਰ ਨਾਲ ਖੇਡਣ ਲੱਗਾ। ਉਸ ਦੀ ਆਵਾਜ਼ ਸੁਣ ਕੇ ਸ਼ੇਰ ਜਾਗ ਪਿਆ ਅਤੇ ਉਸ ਨੇ ਚੂਹੇ ਨੂੰ ਫੜ ਲਿਆ।

ਸ਼ੇਰ ਨੇ ਉਸ ਨੂੰ ਕਿਹਾ ਕਿ ਤੈਨੂੰ ਇਸ ਦੀ ਸਜ਼ਾ ਮਿਲ਼ੂਗੀ ,ਮੈਂ ਤੈਨੂੰ ਖਾ ਜਾਵਾਂਗਾ। ਜਦੋਂ ਸ਼ੇਰ ਨੇ ਉਸ ਨੂੰ ਖਾਣਾ ਚਾਹਿਆ ਤਾਂ ਚੂਹੇ ਨੇ ਸ਼ੇਰ ਤੋਂ ਮੁਆਫੀ ਮੰਗੀ ਅਤੇ ਕਿਹਾ, ਮੈਨੂੰ ਮਾਫ ਕਰ ਦਿਓ, ਲੋੜ ਪੈਣ 'ਤੇ ਮੈਂ ਵੀ ਤੁਹਾਡੇ ਕਿਸੇ ਕੰਮ ਆਵਾਂਗਾ।



ਸ਼ੇਰ ਬਹੁਤ ਉੱਚੀ-ਉੱਚੀ ਹੱਸਿਆ ਅਤੇ ਬੋਲਿਆ, ਹਾਂ, ਹਾਂ, ਤੁਹਾਡੇ ਜਿਹਾ ਇੱਕ ਛੋਟਾ ਚੂਹਾ ਮੇਰੀ ਕੀ ਮਦਦ ਕਰੇਗਾ, ਚਲੋ ਫਿਰ ਵੀ ਮੈਂ ਤੁਹਾਨੂੰ ਮਾਫ਼ ਕਰ ਦਿੰਦਾ ਹਾਂ, ਪਰ ਇੱਥੇ ਦੁਬਾਰਾ ਕਦੇ ਨਹੀਂ ਆਉਣਾ। ਚੂਹੇ ਨੇ ਸ਼ੇਰ ਦਾ ਧੰਨਵਾਦ ਕੀਤਾ ਅਤੇ ਉਥੋਂ ਚਲਾ ਗਿਆ।

ਕੁਝ ਦਿਨਾਂ ਬਾਅਦ ਕੁਝ ਸ਼ਿਕਾਰੀ ਸ਼ਿਕਾਰ ਕਰਨ ਲਈ ਜੰਗਲ ਵਿੱਚ ਆਏ ਅਤੇ ਉਨ੍ਹਾਂ ਨੇ ਸ਼ੇਰ ਨੂੰ ਫੜ ਲਿਆ ਅਤੇ ਰੱਸੀਆਂ ਨਾਲ ਜਾਲ ਵਿੱਚ ਬੰਨ੍ਹ ਦਿੱਤਾ।

ਚੂਹੇ ਨੇ ਇਹ ਸਭ ਦੇਖਿਆ ਅਤੇ ਜਿਵੇਂ ਹੀ ਰਾਤ ਨੂੰ ਸ਼ਿਕਾਰੀ ਸੌਂ ਗਿਆ, ਚੂਹੇ ਨੇ ਆਪਣੇ ਤਿੱਖੇ ਦੰਦਾਂ ਨਾਲ ਜਾਲ ਕੱਟ ਕੇ ਸ਼ੇਰ ਨੂੰ ਬਚਾਇਆ, ਹੁਣ ਸ਼ੇਰ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਅਤੇ ਉਸ ਨੇ ਚੂਹੇ ਦਾ ਧੰਨਵਾਦ ਕੀਤਾ ਅਤੇ ਦੋਵੇਂ ਦੋਸਤਾਂ ਵਾਂਗ ਰਹਿਣ ਲੱਗ ਪਏ।

# ਮੇਰੀ ਕਲਮ

## ਕੁਦਰਤ ਦੀਆਂ ਸੌਗ਼ਾਤਾਂ

ਓਮਕਾਰ ਸੂਦ ਬਹੋਨਾ



ਚੰਨ-ਸਿਤਾਰੇ ਬੜੇ ਪਿਆਰੇ,
ਬੱਦਲ, ਰੁੱਖ, ਪ੍ਰਭਾਤਾਂ।
ਆਪਣੇ ਆਪ ਨੇ ਬਦਲੀ ਜਾਂਦੇ,
ਸੁੰਦਰ ਦਿਨ ਤੇ ਰਾਤਾਂ।
ਫੁੱਲ, ਤਿਤਲੀਆਂ, ਮਧੂ ਮੱਖੀਆਂ,
ਜੰਗਲ ਅਤੇ ਪਹਾੜ!
ਕਿਧਰੇ ਉੱਗੀ ਹਰਿਆਲੀ-
ਤੇ ਕਿਧਰੇ ਘੋਰ ਉਜਾੜ।
ਨਦੀਆਂ, ਪੰਛੀ, ਪਸ਼ੂ, ਪਰਿੰਦੇ,
ਬੜਾ ਵਿਸ਼ਾਲ ਸਮੁੰਦਰ!
ਕਿਧਰੇ ਨੇਰ੍ਹਾ, ਕਿਧਰੇ ਚਾਨਣ,
ਸੂਰਜ ਬੜਾ ਕਲੰਦਰ!
ਸੋਨ-ਸੁਨਹਿਰੀ ਕਿਰਨਾ ਲੈ ਕੇ,
ਇਹੇ ਆਉਂਦਾ ਜਾਂਦਾ!
ਨਾਚ ਕਰੇ ਫਿਰ ਸਾਰੀ ਦੁਨੀਆਂ,
ਜਿੱਦਾਂ ਉਹੋ ਨਚਾਂਦਾ।
ਹਵਨ ਕੁੰਡ ਦੇ ਵਿਚੋਂ ਨਿਕਲੇ,
ਜੀਕਣ ਗਹਿਰਾ ਧੂੰਆਂ!
ਉਵੇਂ ਹੀ ਧੁੰਦ ਸਰਦੀ ਦੇ ਵਿੱਚ,
ਮੱਲੇ ਆਣ ਬਰੂਹਾਂ।
ਗਰਮੀਂ-ਸਰਦੀ ਮੌਸਮ ਬਦਲੀ,
ਜਾਂਦੇ ਅੱਖ ਝਪੱਕੇ!
ਕੁਦਰਤ ਗੇੜੇ ਲਾਉਂਦੀ-ਲਾਉਂਦੀ,
ਨਾ ਅੱਕੇ, ਨਾ ਥੱਕੇ।
ਕਿਧਰੇ ਫੁੱਲਾਂ ਮਹਿਕਾਂ ਲਾਈਆਂ,
ਕਿਧਰੇ ਰੰਗ ਬਖੇਰੇ!
ਕਿਧਰੇ ਰੌਣਕ ਥੋੜ੍ਹੀ-ਥੋੜ੍ਹੀ,
ਕਿਧਰੇ ਰਤਾ ਵਧੇਰੇ।
ਅੱਖਾਂ ਖੋਲ੍ਹੋ-ਵੇਖੋ ਮਾਣੋ,
ਮਾਰ ਚੁਫੇਰੇ ਝਾਤਾਂ!
ਮਨ ਨੂੰ ਖੇੜਾ ਮਿਲ ਜਾਂਦਾ,
ਤੱਕ ਕੁਦਰਤ ਦੀਆਂ ਸੌਗ਼ਾਤਾਂ।

## ਚੁੱਪ ਚੁੱਪ ਰਾਤ

ਡਾ. ਅਮਰਜੀਤ ਟਾਂਡਾ

ਚੁੱਪ ਚੁੱਪ ਰਾਤ ਭਰੀ ਹੈ ਸੁਗੰਧੀਆਂ ਦੀ
ਕਿੱਡੀ ਸੋਹਣੀ ਤਾਰਿਆਂ ਦੀ ਲੋਅ

ਇੱਕ ਤੇਰਾ ਮੁੱਖ ਗਜ਼ਲ਼ ਦੀ ਤਰਨਮ ਜੇਹਾ
ਸੁਰ 'ਚ ਲਿਆ ਹੱਸਦਾ ਪਰੋਅ

ਕੋਸਾ ਕੋਸਾ ਸੇਕ ਤੇਰੇ ਅੰਗਾਂ ਵੱਲੋਂ ਆਇਆ
ਅਸੀਂ ਸਾਹਾਂ ਵਿੱਚ ਲਿਆ ਹੈ ਲੁਕੋ

ਚਿੱਟੇ ਚਿੱਟੇ ਦੰਦਾਂ ਵਿਚੋਂ ਉੱਡਦਿਆਂ ਹਾਸਿਆਂ ਨੂੰ
ਹੋਟਾਂ ਦੀ ਪੈ ਜਾਵੇ ਕਦੇ ਖੋਅ

ਡੁੱਲਦੀ ਜਵਾਨੀ ਕੁਆਰੇ ਜੇਹੇ ਅੰਗਾਂ ਵਿਚੋਂ
ਮੱਲੋ ਮੱਲੀ ਪੈਂਦੀ ਝੱਟ ਚੋਅ

ਕਿਹੋ ਜੇਹੇ ਆਏ ਦਿਨ ਚੰਦਰੀਆਂ ਵੰਗਾਂ ਉੱਤੇ
ਲੱਭਦੇ ਨੇ ਚੰਨੜੇ ਦੀ ਛੁਹ

ਪਾਇਆ ਭੋਰਾ ਨਖ਼ਰਾ ਸੀ ਨਜ਼ਰਾਂ ਨਿਮਾਣੀਆਂ 'ਚ
ਹੰਝੂਆਂ ਨੇ ਦਿਤਾ ਸਾਰਾ ਧੋਅ

ਕਿੱਦਾਂ ਕੋਈ ਹਰਾ ਕਰੇ ਫੁੱਲ ਨੀ ਕਿਤਾਬ ਵਾਲਾ
ਪਾਰਕ ਦੀਆਂ ਯਾਦਾਂ ਦਾ ਮੋਹ

ਤੇਰੇ ਵੇ ਖਿਆਲ ਵਿੱਚ ਚੀਰੇ ਦੇ ਜਲਾਲ ਵਿੱਚ
ਚੌਦਵੀਂ ਦੇ ਚੰਨਾਂ ਦੀ ਨਾ ਖੋਹ

ਏਧਰ ਨੂੰ ਮੁੱਖ ਕਰ ਬਾਹਵਾਂ ਦਾ ਜਰਾ ਸੁੱਖ ਕਰ
ਉਰਾਂ ਹੋ ਕੇ ਜ਼ਰਾ ਤੂੰ ਖਲੋਅ

ਰਹਿਣ ਦੇ ਵੇ ਦੇਖਦਾ ਜਹਾਨ ਭੈੜਾ ਚੰਦਰਾ
ਤੂੰ ਇਸ਼ਕ ਦੇ ਬੂਹੇ ਨਾ ਵੇ ਢੋਅ

ਕਿੰਜ਼ ਕੋਈ ਲੰਘਾਵੇ ਰਾਤਾਂ
ਉਨੀਂਦਰੀਆਂ ਸਵਾਵੇ ਬਾਤਾਂ
ਬੰਸਰੀ ਦੇ ਛੇਕ ਪੈਣ ਰੋਅ

## ਪੈਣ ਭੁਲੇਖੇ ਸਰਘੀ ਦੇ

ਸੁਰਜੀਤ ਸਖੀ

ਪੈਣ ਭੁਲੇਖੇ ਸਰਘੀ ਦੇ ਪਰ ਦੂਰ ਅਜੇ ਪ੍ਰਭਾਤ ਕਿਤੇ।
ਚਲੋ ਦੀਵਿਉ ਰਲ਼ ਕੇ ਬਲ਼ੀਏ, ਬੜੀ ਹਨ੍ਹੇਰੀ ਰਾਤ ਅਜੇ।
ਖ਼ਬਰਾਂ ਦੀ ਇੱਕ ਸੁਰਖ਼ੀ ਪੜ੍ਹ ਕੇ, ਕਿਉਂ ਏਨਾ ਘਬਰਾਉਂਦੇ ਹੋ,
ਜ਼ਹਿਰ ਬਥੇਰਾ, ਸ਼ਹਿਰ ਮਿਰੇ ਵਿੱਚ, ਘਰ ਘਰ ਨੇ ਸੁਕਰਾਤ ਅਜੇ।
ਡਰ ਡਰ ਕੇ ਕੀ ਜੀਣਾ ਹੋਇਆ,ਐਨੀ ਵੀ ਤੇ ਦੂਰੀ ਨਹੀਂ,
ਹੋਠਾਂ ਉੱਤੇ ਕਿਉਂ ਨਹੀਂ ਔਂਦੀ,ਅੱਖਾਂ ਵਿਚਲੀ ਬਾਤ ਅਜੇ।
ਰੁੱਤਾਂ ਸੰਗ ਯਾਰਾਨਾ ਹੈ ਤਾਂ, ਕਮਰੇ ਦੀ ਪਾਬੰਦੀ ਕਿਉਂ,
ਕੀ ਹੋਇਆ ਜੇ ਨਹੀਂ ਸੁਖਾਵੇਂ , ਬਾਹਰ ਦੇ ਹਾਲਾਤ ਅਜੇ।
ਹੰਝੂਆਂ ਦੀ ਇਹ ਬੂੰਦਾ ਬਾਂਦੀ,ਤੁਪਕਾ ਤੁਪਕਾ ਮੁੜ੍ਹਕੇ ਦਾ,
ਇਸ ਨਗਰੀ ਦੀ ਕਿਸਮਤ ਵਿੱਚ ਹੈ,ਐਸੀ ਹੀ ਬਰਸਾਤ ਅਜੇ

## ਪਰਦੇਸੀਆ

ਕੁਲਜੀਤ ਕੌਰ ਗ਼ਜ਼ਲ

ਪਰਦੇਸੀਆ, ਪਰਦੇਸੀਆ, ਪਰਦੇਸੀਆ, ਵੇ ਪਰਦੇਸੀਆ
ਹੋਰ ਸਤਾ, ਹੋਰ ਸਤਾ, ਹੋਰ ਸਤਾ, ਵੇ ਮੈਨੂੰ ਹੋਰ ਸਤਾ,

ਮਜਬੂਰ ਹਾਂ, ਮੈਂ ਚੂਰ ਹਾਂ, ਕੋਈ ਬਿਰਹਾ ਦੀ ਹੀ ਮਾਰ ਹਾਂ,
ਉਸ ਪਾਰ ਤੂੰ ਦਰਿਆਵਾਂ ਦੇ, ਮੈਂ ਤੜਫਦੀ ਇਸ ਪਾਰ ਹਾਂ
ਵੈਰੀਆ, ਵੈਰੀਆ, ਵੈਰੀਆ ਵੇ ਸੁਣ ਵੈਰੀਆ
ਨਾ ਹੋਰ ਰੁਆ, ਹੋਰ ਰੁਆ, ਹੋਰ ਰੁਆ, ਨਾ ਹੋਰ ਰੁਆ

ਜੋ ਲਿਖਣਾ ਸੀ ਮੈਂ ਚਿਠੀਆਂ ਵਿੱਚ, ਮੈਥੋਂ ਨਹੀਂ ਲਿਖ ਹੁੰਦਾ ਵੇ
ਜੋ ਜੋ ਦਸਣਾ ਸੀ ਬਸ ਤੈਨੂੰ ਹੀ, ਮੈਥੋਂ ਨਹੀਂ ਦੱਸ ਹੁੰਦਾ ਵੇ
ਹਾਰੀ ਆਂ, ਹਾਰੀ ਆਂ, ਹਾਰੀ ਆਂ, ਵੇ ਮੈਂ ਹਾਰੀ ਆਂ
ਕੀ ਕਰਾਂ, ਕੀ ਕਰਾਂ, ਕੀ ਕਰਾਂ, ਵੇ ਦੱਸ ਕੀ ਕਰਾਂ ?

ਹੁਣ ਹੋ ਗਿਆ ਤੂੰ ਗੈਰਾਂ ਦਾ ਤੇ ਗੈਰ ਤੇਰੇ ਬਣ ਗਏ
ਜਾਗਾਂ ਮੈਂ ਰਾਤਾਂ ਰੋਜ਼ ਵੇ, ਨੀਂਦਾਂ ਤੇ ਸੁਪਨੇ ਖੋ ਗਏ
ਦੁਖ ਦੇਣਿਆਂ, ਭੁੱਲ ਜਾਣਿਆਂ, ਦੁਖ ਦੇਣਿਆਂ, ਵੇ ਭੁੱਲ ਜਾਣਿਆਂ
ਸਦਾ ਤੇਰੀ ਹੀ, ਬਸ ਤੇਰੀ ਹੀ ਕੁਲਜੀਤ ਹਾਂ, ਮੈਂ ਕੁਲਜੀਤ ਹਾਂ
ਪਰਦੇਸੀਆ ...

## ਮੇਰੇ 'ਚੋਂ ਮੈਂ

ਸਿਮਬਰਨ ਕੌਰ ਸਾਬਰੀ

ਇੰਝ ਕਿਤੇ ਹੋਵੇ ਨਾ ਕਿ
ਚੇਤਿਆਂ 'ਚ ਵਿਸਾਰ ਤੈਨੂੰ
ਮੇਰੀਆਂ ਰਗਾਂ ਵਿੱਚ ਵਹਿੰਦੀ
ਸਾਹਾਂ ਵਾਲੀ ਡੋਰ ਮੁੱਕ ਜੇ
ਕੁੱਝ ਇਸ ਤਰਾਂ ਮਿਲੀ, ਮਹਿਰਮਾ
ਤੂੰ ਮੇਰੇ 'ਚ ਰਹੇਂ ਤੇ,ਮੇਰੇ 'ਚੋਂ ਮੈਂ ਮੁੱਕ ਜੇ
ਤੈਥੋਂ ਉਹਲਾ ਨਾ ਕੋਈ
ਸੁਣ ਮੇਰੀ ਅਰਜ਼ੋਈ
ਨਵੇਂ ਫੁੱਟੇ ਫੁੱਲ ਜਿਹੀਆਂ
ਹਰੀਆਂ ਉਮੀਦਾਂ ਮੇਰੀਆਂ
ਝੜੇ ਪੱਤਿਆਂ ਦੇ ਵਾਂਗ
ਨਾ ਜਾਣ ਸੁੱਕ ਵੇ
ਕੁੱਝ ਇਸ ਤਰਾਂ ਮਿਲੀ ਮਹਿਰਮਾ
ਤੂੰ ਮੇਰੇ 'ਚ ਰਹੇਂ ਤੇ, ਮੇਰੇ ਚੋਂ ਮੈਂ ਮੁੱਕ ਜੇ
ਨਾ ਸੋਚਾਂ ਕੁਝ ਹੋਰ ਬਸ
ਤੇਰੇ ਬਾਰੇ ਸੋਚਦੀ ਹਾਂ
ਤੇਰੇ ਮਿਲਾਪ ਵਾਲੀ ਘੜੀ
ਮੈਂ ਹਰ ਪਲ ਲੋਚਦੀ ਹਾਂ
ਤੇਰੇ ਬਿਨਾਂ ਸੁੱਕੀ ਜੜ ਵਾਲਾ
ਨਿਪੱਤਰਾ ਮੈਂ ਰੁੱਖ ਵੇ
ਕੁੱਝ ਇਸ ਤਰਾਂ ਮਿਲੀ ਮਹਿਰਮਾ
ਤੂੰ ਮੇਰੇ 'ਚ ਰਹੇਂ ਤੇ, ਮੇਰੇ 'ਚੋਂ ਮੈਂ ਮੁੱਕ ਜੇ
ਮੇਰੇ ਦਿਲ ਦੀਆਂ ਰਮਜ਼ਾਂ ਨੂੰ
ਤੂੰ ਹੀ ਬਸ ਜਾਣਦਾ ਹੈਂ
ਮੈਥੋਂ ਵੱਧ ਪਤਾ ਤੈਨੂੰ
ਤੂੰ ਮੈਨੂੰ ਤਾਂ ਪਛਾਣਦਾ ਹੈਂ
ਇੰਝ ਕਿਤੇ ਹੋਵੇ ਨਾ ਕਿ
ਤੇਰੇ ਆਉਣ ਵਾਲੀ ਘੜੀ ਰੁਕ ਜੇ
ਕੁੱਝ ਇਸ ਤਰਾਂ ਮਿਲੀ ਮਹਿਰਮਾ
ਤੂੰ ਮੇਰੇ 'ਚ ਰਹੇਂ ਤੇ, ਮੇਰੇ 'ਚੋਂ ਮੈਂ ਮੁੱਕ ਜੇ

## ਨਵੇਂ ਸਾਲ ਦੀਆਂ ਵਧਾਈਆਂ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308






ਨਵੇਂ ਸਾਲ ਦੀਆਂ ਵਧਾਈਆਂ, ਤਾਂ ਹੁਣ ਸਾਂਭ ਨੀਂ ਹੁੰਦੀਆਂ,
ਇੱਕ ਦੀਆਂ ਦੂਜੀ ਨਾਲ਼ ਨੇ, ਫਸੀਆਂ ਰੱਜ ਕੇ ਕੁੰਡੀਆਂ।
ਕੋਈ ਕਹਿੰਦਾ ਹੈ ਰੱਬ, ਤੈਨੂੰ ਹੋਰ ਬਹੁਤਾ ਦੇਵੇ,
ਗਿਣਦਾ ਗਿਣਦਾ ਥੱਕ ਜਾਵੇਂ, ਪਰ ਨਾ ਮੁੱਕਣ ਹੁੰਡੀਆਂ।
ਕੋਈ ਚਾਹੁੰਦਾ ਹੈ ਮੈਂ ਜੀਵਾਂ, ਰਹਿੰਦੀ ਦੁਨੀਆ ਤੱਕ,
ਜਵਾਨੀ ਚੜ੍ਹੀ ਰਹੇ ਸਦਾ, ਮੁੱਛਾਂ ਰਹਿਣ ਕੁੰਢੀਆਂ।
ਸ਼ੁਭਕਾਮਨਾਵਾਂ ਦਾ ਹੜ੍ਹ ਹੈ, ਸਮਝੋ ਇੰਨਾ ਆਇਆ,
ਇੰਝ ਜਾਪੇ ਜਿਵੇਂ ਹਰ ਪਾਸੇ, ਗੱਲਾਂ ਮੇਰੀਆਂ ਹੁੰਦੀਆਂ।
ਕਈਆਂ ਨੇ ਤਾਂ ਸਾਲ ਭਰ, ਮੇਰੀ ਬਾਤ ਨਹੀਂ ਪੁੱਛੀ,
ਹੁਣ ਕਹਿੰਦੇ ਨੇ ਤੇਰੇ ਨਾਲ, ਵਸੇ ਸਾਡੀ ਦੁਨੀਆ।
ਪਤਾ ਨਹੀਂ ਇਹ ਪਿਆਰੇ, ਕਿਉਂ ਸਾਲ ਭਰ ਨਹੀਂ ਜਾਗੇ,
ਸਾਰਾ ਸਾਲ ਕਿਉਂ ਨਹੀਂ, ਕਿਸੇ ਦੀਆਂ ਅੱਖਾਂ ਖੁੱਲ੍ਹੀਆਂ।
ਧੂਮ ਧੜੱਕਾ ਹੱਲਾ ਗੁੱਲਾ, ਚਲਾ ਚਲਾ ਪਟਾਕੇ,
ਪਲੀਤ ਕੀਤਾ ਅਸਮਾਨ, ਛੱਡ ਛੱਡ ਕਈ ਛੁਰਲੀਆਂ।
ਧੌਂਸ ਜਮਾਉਂਦੇ ਇੱਦਾਂ, ਜਿੱਦਾਂ ਸਭ ਮੇਰੇ ਲਈ ਕਰਦੇ,
ਇਸ ਚਕਾਚੌਂਧ ਨੇ ਕੀਤੀਆਂ, ਮੇਰੀਆਂ ਅੱਖਾਂ ਚੁੰਨ੍ਹੀਆਂ।
ਕਿਸ ਨੂੰ ਕੀ ਸਮਝਾਵਾਂ, ਇਹ ਸਭ ਵਹਿਮ ਨੇ ਸਾਰੇ,
ਫੋਕੀਆਂ ਨੇ ਸਭ ਗੱਲਾਂ, ਜਿਹੜੀਆਂ ਕਿਸੇ ਨੀਂ ਭੁੱਲੀਆਂ।
ਨਾ ਹੁੰਦੀਆਂ ਮਨ ਕਤੀਆਂ, ਨਾ ਲੱਗਦੇ ਭਾਗ ਪਰਾਏ,
ਮੇਰੀਆਂ ਤੰਦਾਂ ਉਹ ਰਹਿਣੀਆਂ, ਜੋ ਮੈਂ ਖੁਦ ਹੀ ਬੁਣੀਆਂ।

## ਇੱਕ ਦਿਨ

ਸੁਰਜੀਤ ਪਾਤਰ

ਓ ਖੁਸ਼ਦਿਲ ਸੋਹਣੀਓਂ ਰੂਹੋ,
ਰੁਮਝੁਮ ਰੁਮਕਦੇ ਖੂਹੋ,
ਮੇਰੇ ਪਿੰਡ ਦੀਓ ਜੂਹੋ,
ਤੁਸੀਂ ਹਰਗਿਜ਼ ਨਾ ਕੁਮਲਾਇਉ,
ਮੈਂ ਇੱਕ ਦਿਨ ਫੇਰ ਆਉਣਾ ਹੈ

ਨੀ ਕਿੱਕਰੋ ਟਾਹਲੀਉ ਡੇਕੋ,
ਨੀ ਨਿੰਮੋ, ਸਾਫ਼ ਦਿਲ ਨੇਕੋ,
ਤੇ ਪਿੱਪਲ਼ੋ, ਬਾਬਿਉ ਵੇਖੋ,
ਤੁਸੀਂ ਧੋਖਾ ਨਾ ਦੇ ਜਾਇਉ,
ਮੈਂ ਛਾਵੇਂ ਬਹਿਣ ਆਉਣਾ ਹੈ
ਮੈਂ ਇੱਕ ਦਿਨ ਫੇਰ ਆਉਣਾ ਹੈ

ਇਹਨਾਂ ਹਾੜ੍ਹਾਂ ਤੇ ਚੇਤਾਂ ਨੂੰ,
ਲੁਕੇ ਕੁਦਰਤ ਦੇ ਭੇਤਾਂ ਨੂੰ
ਇਹਨਾਂ ਰਮਣੀਕ ਖੇਤਾਂ ਨੂੰ
ਮੇਰਾ ਪ੍ਰਣਾਮ ਪਹੁੰਚਾਇਉ
ਮੈਂ ਇੱਕ ਦਿਨ ਫੇਰ ਆਉਣਾ ਹੈ

ਜੋ ਚੱਕ ਘੁੰਮੇ ਘੁਮਾਰਾਂ ਦਾ,
ਤਪੇ ਲੋਹਾ ਲੁਹਾਰਾਂ ਦਾ,
ਮੇਰਾ ਸੰਦੇਸ਼ ਪਿਆਰਾਂ ਦਾ,
ਉਹਨਾਂ ਤੀਕਰ ਵੀ ਪਹੁੰਚਾਇਉ,
ਮੈਂ ਇੱਕ ਦਿਨ ਫੇਰ ਆਉਣਾ ਹੈ

ਕਿਸੇ ਵੰਝਲੀ ਦਿਉ ਛੇਕੋ,
ਮੇਰੇ ਮਿਰਜ਼ੇ ਦੀਉ ਹੇਕੋ,
ਮੇਰੇ ਸੀਨੇ ਦਿਉ ਸੇਕੋ,
ਕਿਤੇ ਮੱਠੇ ਨਾ ਪੈ ਜਾਇਉ,
ਮੈਂ ਇੱਕ ਦਿਨ ਫੇਰ ਆਉਣਾ ਹੈ

ਇਹਨਾਂ ਦੋ-ਚਾਰ ਸਾਲਾਂ ਵਿੱਚ,
ਕਿ ਬੱਸ ਆਉਂਦੇ ਸਿਆਲ਼ਾਂ ਵਿੱਚ,
ਕਿ ਜਾਂ ਸ਼ਾਇਦ ਖਿਆਲਾਂ ਵਿੱਚ,
ਤੁਸੀਂ ਦਿਲ ਤੋਂ ਨਾ ਵਿਸਰਾਇਉ,
ਮੈਂ ਇੱਕ ਦਿਨ ਫੇਰ ਆਉਣਾ ਹੈ

ਸਮੁੰਦਰ ਭਾਫ ਬਣ ਉੱਡਦਾ,
ਬਰਫ਼ ਬਣ ਪਰਬਤੀਂ ਚੜ੍ਹਦਾ,
ਇਹ ਨਦੀਆਂ ਬਣ ਕੇ ਫਿਰ ਮੁੜਦਾ,
ਮੇਰਾ ਇਕਰਾਰ ਪਰਤਾਇਉ,
ਮੈਂ ਇੱਕ ਦਿਨ ਫੇਰ ਆਉਣਾ ਹੈ।

## ਬੇਲਿਹਾਜ਼ ਵਕਤ

ਪ੍ਰੋ. ਕਰਮਜੀਤ ਕੌਰ ਕਿਸ਼ਾਂਵਲ

ਵਕਤ ਤਾਂ
ਗਿੜ ਹੀ ਰਿਹਾ ਹੈ
ਖੂਹ ਦੀਆਂ ਟਿੰਡਾਂ ਵਾਂਗੂੰ
ਤੇ ਜ਼ਿੰਦਗੀ
ਗੁਜ਼ਰ ਰਹੀ ਐ
ਖੂਹ ਦੀ ਸਤਹ ਤੋਂ
ਖੂਹ ਦੀ ਮੌਣ ਤੱਕ
ਵਗਦੇ ਪਾਣੀ ਦੀ ਤਰ੍ਹਾਂ!
ਫਰਕ ਡਾਹਢਾ ਹੁੰਦਾ ਏ
ਜ਼ਿੰਦਗੀ ਬੀਤ ਜਾਣ
ਤੇ
ਜ਼ਿੰਦਗੀ ਜਿਉਣ ਵਿੱਚ!
ਵਕਤ ਗਿੜ ਹੀ ਰਿਹਾ ਤਾਂ
ਜ਼ਿੰਦਗੀ ਬੀਤ ਜਾਏਗੀ
ਜ਼ਿੰਦਗੀ ਜਿਉਣ ਲਈ ਤਾਂ
ਵਕਤ ਗੇੜਨਾ ਪੈਣਾ!



# ਫ਼ਸਲਾਂ ਦੀ ਮਹਿਕ ਖਿਲਾਰਦੇ ਨੇ ਪੰਜਾਬੀ ਦੇ ਕਈ ਗੀਤ

## ਫ਼ਿਲਮਾਂ 'ਚ ਵੀ ਬਾਖ਼ੂਬੀ ਹੋਇਆ ਖੇਤਾਂ ਦਾ ਜ਼ਿਕਰ





ਪੰਜਾਬ ਦੀ ਧਰਤੀ ਨੂੰ ਲੋਕ ਗੀਤਾਂ ਦੀ ਧਰਤੀ ਵੀ ਆਖਿਆ ਜਾਂਦਾ ਹੈ। ਪੰਜਾਬ ਦੇ ਲੋਕ ਗੀਤ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਹੋਏ ਸਮੂਹ ਸੰਸਾਰ ਦੇ ਵਿਅਕਤੀਆਂ ਲਈ ਪੁਰਾਤਨ ਸਮੇਂ ਤੋਂ ਹੀ ਇੱਕ ਸੀਸ਼ੇ ਦਾ ਰੋਲ ਨਿਭਾਉਂਦੇ ਆ ਰਹੇ ਹਨ। ਲੋਕ ਗਾਇਕੀ ਕਿਸੇ ਵੀ ਖਿੱਤੇ 'ਚ ਵਸਣ ਵਾਲੇ ਲੋਕਾਂ ਦੀ ਰੂਹ ਦੀ ਖ਼ੁਰਾਕ ਹੁੰਦੀ ਹੈ। ਲੋਕ ਗਾਇਕੀ ਉਨ੍ਹਾਂ ਦੇ ਦਿਲਾਂ ਦੀ ਤਰਜਮਾਨੀ ਕਰਦੀ ਹੈ। ਇਹ ਉਨ੍ਹਾਂ ਦੇ ਪਹਿਰਾਵੇ, ਖਾਣ-ਪੀਣ, ਰਹਿਣ-ਸਹਿਣ, ਸੱਭਿਆਚਾਰ ਤੇ ਵਿਰਸੇ ਦੀ ਬਾਤ ਪਾਉਂਦੀ ਅਤੇ ਸੱਭਿਆਚਾਰ ਦੀ ਮਹਿਕ ਨੂੰ ਕਾਇਮ ਰੱਖਦੀ ਹੋਈ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਂਦੀ ਹੈ। ਇਹ ਦਿਲਾਂ 'ਚ ਪੈਦਾ ਹੋਣ ਵਾਲੀ ਧੁਨ ਹੈ, ਜਿਹੜੀ ਗੱਲ ਲੋਕਾਂ ਦੇ ਦਿਲਾਂ ਦੇ ਨੇੜੇ ਹੁੰਦੀ ਹੈ, ਉਹ ਸਹਿਜੇ ਹੀ ਬੁੱਲ੍ਹਾਂ 'ਤੇ ਚੜ੍ਹ ਜਾਂਦੀ ਹੈ। ਲੋਕ ਗਾਇਕੀ ਉਹ ਸਤਰੰਗੀ ਪੀਂਘ ਹੈ, ਜਿਸ 'ਤੇ ਉਸ ਕਬੀਲੇ ਜਾਂ ਦੇਸ਼ ਦੇ ਲੋਕ ਆਨੰਦ ਮਾਣਦੇ ਹੋਏ ਆਪਣੇ ਸੱਭਿਆਚਾਰ 'ਤੇ ਮਾਣ ਕਰਦੇ ਹਨ। ਇਹ ਮਨੁੱਖ ਦੀ ਰੁਝੇਵਿਆਂ ਭਰੀ ਜ਼ਿੰਦਗੀ 'ਚ ਨਵਾਂ ਰੰਗ ਤੇ ਜੋਸ਼ ਭਰਦੀ ਹੈ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਇਸ ਦੀ ਉਪਜਾਊ ਮਿੱਟੀ 'ਤੇ ਹਰੇਕ ਫ਼ਸਲ ਦੀ ਪੈਦਾਵਾਰ ਹੁੰਦੀ ਹੈ ਜਿਵੇਂ ਕਿ ਕਣਕ, ਝੋਨਾ, ਮੱਕੀ, ਬਾਜਰਾ, ਸਰ੍ਹੋਂ, ਤੋਰੀਆ, ਛੋਲੇ, ਜੌਂ, ਕਮਾਦ, ਤਾਰਾਮੀਰਾ ਆਦਿ। ਪੰਜਾਬ ਦੇ ਲੋਕ ਗੀਤਾਂ ਨਾਲ ਸਾਡੀਆਂ ਇਨ੍ਹਾਂ ਫ਼ਸਲਾਂ ਦਾ ਗੂੜ੍ਹਾ ਰਿਸ਼ਤਾ ਹੈ। ਪੰਜਾਬ ਦੀਆਂ ਸਿਰਮੌਰ ਕਲਮਾਂ ਦੇ ਧਨੀ ਗੀਤਕਾਰਾਂ ਨੇ ਫ਼ਸਲਾਂ ਨੂੰ ਠੇਠ ਪੰਜਾਬੀ ਮਾਂ-ਬੋਲੀ ਦੇ ਮੋਤੀਆਂ ਵਰਗੇ ਸ਼ਬਦਾਂ ਨਾਲ ਲੋਕ ਗੀਤਾਂ 'ਚ ਪਰੋਇਆ ਹੈ। ਉਸ ਤੋਂ ਅੱਗੇ ਵਧ ਕੇ ਸਾਡੇ ਸੁਰੀਲੇ ਗਾਇਕਾਂ ਤੇ ਗਾਇਕਾਵਾਂ ਨੇ ਰੂਹ ਨਾਲ ਗੀਤਾਂ ਨੂੰ ਰਿਕਾਰਡ ਕਰਵਾ ਕੇ ਮਕਬੂਲ ਕੀਤਾ ਹੈ। ਹਥਲੇ ਲੇਖ ਰਾਹੀਂ ਅੱਜ ਗੱਲ ਕਰਦੇ ਹਾਂ ਲੋਕ ਗੀਤਾਂ ਦਾ ਸ਼ਿੰਗਾਰ ਖੇਤੀ ਫ਼ਸਲਾਂ ਦੇ ਗੀਤਾਂ ਵਿਚਲੇ ਸ਼ਬਦਾਂ ਵਾਲੀ ਮਹਿਕ ਦੀ।

**ਲਾਲ ਚੰਦ ਯਮਲਾ ਜੱਟ**

ਲੋਕ ਗਾਇਕ ਲਾਲ ਚੰਦ ਯਮਲਾ ਜੱਟ ਨੇ ਤੁਰਲੇ ਵਾਲੀ ਪੱਗ ਤੇ ਤੂੰਬੀ ਨੂੰ ਪੂਰੀ ਦੁਨੀਆ 'ਚ ਪਛਾਣ ਦਿਵਾਈ। ਪੰਜਾਬੀ ਗਾਇਕੀ ਦੇ ਬਾਬਾ ਬੋਹੜ ਨੂੰ ਉਨ੍ਹਾਂ ਦੀ ਦੇਣ ਲਈ ਹਮੇਸ਼ਾਂ ਚੇਤੇ ਰੱਖਿਆ ਜਾਵੇਗਾ। ਉਨ੍ਹਾਂ ਦਾ ਪਹਿਲਾ ਤਵਾ ਐੱਚ.ਐੱਮ.ਵੀ. ਕੰਪਨੀ 'ਚ 'ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆ' ਨਾਲ ਮਕਬੂਲੀਅਤ ਖੱਟੀ। ਉਨ੍ਹਾਂ ਨੇ ਲੋਕ ਗਾਥਾਵਾਂ, ਲੋਕ ਗੀਤ, ਦੋਗਾਣੇ ਵੀ ਰਿਕਾਰਡ ਕਰਵਾਏ। ਉਨ੍ਹਾਂ ਦੇ ਤਮਾਮ ਮਕਬੂਲ ਹੋਏ ਗੀਤ ਅੱਜ ਵੀ ਕਰੋੜਾਂ ਦਿਲਾਂ 'ਚ ਵਸਦੇ ਹਨ। ਉਨ੍ਹਾਂ ਨੇ ਆਪਣੇ ਗੀਤਾਂ 'ਚ ਕਿਸਾਨ ਨੂੰ ਖੇਤਾਂ ਦਾ ਰਾਜਾ ਕਹਿ ਵੱਡਾ ਮਾਣ ਬਖ਼ਸ਼ਿਆ ਹੈ, ਉੱਥੇ ਹੀ ਉਨ੍ਹਾਂ ਦਾ ਦਰਦ ਵੀ ਬਿਆਨ ਕੀਤਾ ਹੈ। ਫ਼ਸਲਾਂ ਦੀ ਗੱਲ ਹੋਵੇ ਤਾਂ ਕਣਕ, ਮੱਕੀ, ਛੋਲੇ, ਜੌਂ ਆਦਿ ਫ਼ਸਲਾਂ ਦਾ ਜ਼ਿਕਰ ਬਹੁਤ ਹੀ ਸੋਹਣੇ ਢੰਗ ਨਾਲ ਕੀਤਾ ਹੈ :

ਕਣਕਾਂ ਜੰਮੀਆਂ ਗਿੱਠ-ਗਿੱਠ ਲੰਮੀਆਂ
ਆ ਜਾ ਢੋਲ ਸਿਪਾਹੀਆ ਵੇ

ਇਸ ਹੀ ਤਰ੍ਹਾਂ ਦਾ ਉਸਤਾਦ ਗਾਇਕ ਲਾਲ ਚੰਦ ਯਮਲਾ ਜੱਟ ਦਾ ਇੱਕ ਹੋਰ ਗੀਤ ਪੁਰਾਤਨ ਵਿਰਾਸਤ ਸਾਡੇ ਖੂਹਾਂ ਦੀ ਯਾਦ ਤਾਜ਼ਾ ਕਰਵਾਉਂਦਾ ਹੈ :

ਅੰਨ ਵਾਝੋਂ ਜਾਪਦਾ
ਹੁਣ ਸਾਲ ਔਖਾ ਲੰਘਣਾ,
ਔੜ ਮੱਕੀ ਮਾਰ ਗਈ
ਚੱਬਾਂਗੇ ਕਿੱਥੋਂ ਛੱਲੀਆਂ।
ਆਉਣ ਕੂੰਜਾਂ ਦੇਣ ਬੱਚੇ
ਨਦੀ ਨਾਵਣ ਚੱਲੀਆਂ

**ਕੇ.ਦੀਪ ਤੇ ਜਗਮੋਹਣ ਕੌਰ**

ਗਾਇਕ ਜੋੜੀ ਕੇ.ਦੀਪ ਅਤੇ ਜਗਮੋਹਣ ਕੌਰ ਦੀ ਜੋੜੀ ਪੋਸਤੀ- ਮਾਈ ਮੋਹਣੋ ਦੀਆਂ ਅੱਜ ਵੀ ਸੱਥਾਂ ਅਤੇ ਹੱਟੀਆਂ ਉੱਤੇ ਗੱਲਾਂ ਹੁੰਦੀਆਂ ਨੇ। ਆਪਣੀ ਬਾਕਮਾਲ ਕਾਮੇਡੀ ਨਾਲ ਲੋਕਾਂ ਦੇ ਢਿੱਡੀਂ ਪੀੜਾਂ ਪਾਉਣ ਵਾਲੀ ਪੰਜਾਬੀਆਂ ਦੀ ਹਰਮਨ ਪਿਆਰੀ ਦੋਗਾਣਾ ਜੋੜੀ ਨੇ ਪੰਜਾਬੀ ਸੰਗੀਤ ਜਗਤ ਨੂੰ ਅਨੇਕਾਂ ਹੀ ਹਿੱਟ ਗੀਤ ਦਿੱਤੇ ਹਨ। ਉਨ੍ਹਾਂ ਦਾ ਇੱਕ ਗੀਤ ਹੈ ਜਿਸ 'ਚ ਅਮਲੀ ਆਪਣੀ ਪਤਨੀ ਨੂੰ ਕੀ ਕਹਿੰਦਾ ਹੈ ਤੇ ਪਤਨੀ ਅੱਗਿਓਂ ਕੀ ਜਵਾਬ ਦਿੰਦੀ ਹੈ :

ਛੱਡ ਕਣਕ ਬੀਜ 'ਤੇ ਡੋਡੇ,
ਨਾਲੇ ਐਸ਼ ਕਰਨਗੇ ਰੋਡੇ,
ਨਾਲੇ ਵੇਚਾਂਗੇ
ਨਾਲੇ ਪੀਵਾਂਗੇ,
ਛੱਡ ਕਣਕ ਬੀਜ ਲਏ ਤੂੰ ਡੋਡੇ,
ਜਦੋਂ ਪਏ ਪੁਲਿਸ ਦੇ ਗੋਡੇ,
ਫੇਰ ਹਾਲ ਪੁੱਛੂਗੀ ਤੇਰਾ ਵੇ,
ਪੁੱਤ ਮੇਰਿਆ ਬਣਾਉਣਗੇ
ਬਟੇਰਾ ਵੇ।

**ਦੀਦਾਰ ਸੰਧੂ ਤੇ ਸੁਰਿੰਦਰ ਕੌਰ**

ਲੰਘੇ ਵੇਲੇ ਨੂੰ ਯਾਦ ਕਰਦਿਆਂ ਉਹ ਦਿਨ ਅੱਜ ਵੀ ਚੇਤਿਆਂ 'ਚ ਵੱਸਦੇ ਹਨ। ਗੰਨੇ ਚੂਪਣ ਦਾ ਆਨੰਦ ਹੀ ਕੁਝ ਵੱਖਰਾ ਹੁੰਦਾ ਸੀ। ਮਾਡਰਨ ਜ਼ਮਾਨੇ ਅੰਦਰ ਗੰਨੇ ਦਾ ਰਸ ਪੀਣ ਨੂੰ ਤਰਜੀਹ ਦਿੱਤੀ ਜਾਂਦੀ ਹੈ। ਗੰਨੇ ਚੂਪਣ ਦੇ ਸ਼ੌਕੀਨ ਗੱਭਰੂਆਂ ਤੇ ਮੁਟਿਆਰਾਂ ਦੇ ਦਿਲ ਦੀ ਗੱਲ ਕਰਦਾ ਪੰਜਾਬੀਆਂ ਦੀ ਹਰਮਨ ਪਿਆਰੀ ਜੋੜੀ ਦੀਦਾਰ ਸੰਧੂ ਤੇ ਸੁਰਿੰਦਰ ਕੌਰ ਦੇ ਦੋਗਾਣੇ ਦੇ ਬੋਲ ਕੁਝ ਇਸ ਤਰ੍ਹਾਂ ਕਹਿੰਦੇ ਹਨ। ਗੀਤ ਨੂੰ ਲਿਖਿਆ ਵੀ ਦੀਦਾਰ ਸੰਧੂ ਨੇ ਹੈ :

ਖੇਤਾਂ ਦੇ ਬੰਨੇ ਚੰਨੇ,
ਚੂਪਦੀ ਫਿਰਦੀ ਗੰਨੇ,
ਕਾਹਨੂੰ ਬਚਦਾ ਫਿਰੇਂ ਸਰਦਾਰਾ,
ਬੁੱਲ੍ਹੀਆਂ 'ਤੇ ਚੀਰ ਆ ਗਿਆ
ਪੋਰੀ ਛਿੱਲ ਕੇ ਚੂਪ ਜਾ ਯਾਰਾ..

**ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ**

ਲੋਕ ਗਾਇਕਾ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਦੋਵੇਂ ਭੈਣਾਂ ਨੇ ਆਪਣੀ ਮਿੱਠੀ ਤੇ ਬੁਲੰਦ ਆਵਾਜ਼ 'ਚ ਤਮਾਮ ਗੀਤ ਪੰਜਾਬੀਆਂ ਦੀ ਝੋਲੀ ਪਾਏ ਹਨ। ਉਨ੍ਹਾਂ ਵੱਲੋਂ ਗਾਏ ਵਿਆਹਾਂ 'ਚ ਗਾਉਣ ਵਾਲੇ ਗੀਤ, ਸਿੱਠਣੀਆਂ, ਲੋਕ ਬੋਲੀਆਂ ਆਦਿ ਫ਼ਿਜ਼ਾ 'ਚ ਮਹਿਕ ਖਿਲਾਰਦੇ ਹਨ। ਬਾਜਰੇ ਦੀ ਫ਼ਸਲ ਨੂੰ ਜਿੰਨਾ ਵਧੀਆ ਗੀਤਕਾਰ ਨੇ ਲਿਖਿਆ ਹੈ, ਉਸ ਤੋਂ ਕਿਤੇ ਵਧ ਕੇ ਪਹਿਲਾਂ ਇਸ ਗੀਤ ਨੂੰ ਸੁਰਿੰਦਰ ਕੌਰ ਨੇ ਰਿਕਾਰਡ ਕਰਵਾਇਆ ਤੇ ਫ਼ਿਰ ਦੋਵੇਂ ਭੈਣਾਂ ਸੁਰਿੰਦਰ ਕੌਰ ਤੇ ਲੋਕ ਗੀਤਾਂ ਦਾ ਪ੍ਰਕਾਸ਼ ਵੰਡਦੀ ਆਵਾਜ਼ ਪ੍ਰਕਾਸ਼ ਕੌਰ ਨੇ ਰਿਕਾਰਡ ਕਰਵਾਇਆ। ਪਤੀ-ਪਤਨੀ ਦੇ ਰਿਸ਼ਤੇ ਵਿਚਲੀ ਰੁੱਸਣ-ਰੁਸਾਉਣ ਵਿਚਲੀ ਨੋਕ-ਝੋਕ ਨੂੰ ਬਿਆਨ ਕਰਦੇ ਗੀਤ ਦੀਆਂ ਸਤਰਾਂ ਹਨ :

ਬਾਜਰੇ ਦਾ ਸਿੱਟਾ ਵੇ,
ਅਸਾਂ ਤਲੀ 'ਤੇ ਮਰੋੜਿਆ,
ਰੁੱਠੜਾ ਜਾਂਦਾ ਮਾਹੀਆ,
ਅਸਾਂ ਗਲੀ ਵਿੱਚੋਂ ਮੋੜਿਆ

**ਧਨੀ ਰਾਮ ਚਾਤ੍ਰਿਕ**

ਪੰਜਾਬੀ ਕਵਿਤਾ ਦੇ ਮੋਢੀਆਂ 'ਚੋਂ ਇੱਕ ਸਨ ਸ਼ਾਇਰ ਧਨੀ ਰਾਮ ਚਾਤ੍ਰਿਕ। ਉਨ੍ਹਾਂ ਨੇ ਕਵਿਤਾਵਾਂ 'ਚ ਪੰਜਾਬ ਦੇ ਮੇਲੇ, ਖੇਤੀ, ਅਮੀਰ ਪੰਜਾਬੀ ਸੱਭਿਆਰ ਤੋਂ ਇਲਾਵਾ ਲੋਕਾਂ ਦੀ ਆਵਾਜ਼ ਨੂੰ ਉੱਚਾ ਚੁੱਕਿਆ ਹੈ। ਉਨ੍ਹਾਂ ਦੀਆਂ ਕਵਿਤਾਵਾਂ 'ਚ ਪੰਜਾਬ ਦੀ ਤਸਵੀਰ ਨਜ਼ਰ ਆਉਂਦੀ ਹੈ। ਪੰਜਾਬੀਆਂ ਦੇ ਇਸ ਮਹਾਨ ਕਵੀ ਦੀ ਰਚਨਾ 'ਵਿਸਾਖੀ ਦਾ ਮੇਲਾ' ਨੂੰ ਪੜ੍ਹਦੇ ਹਾਂ:

ਪੱਕ ਪਈਆਂ ਕਣਕਾਂ,
ਲੁਕਾਠ ਰੱਸਿਆ,
ਬੂਰ ਪਿਆ ਅੰਬਾਂ ਨੂੰ,
ਗੁਲਾਬ ਹੱਸਿਆ।
ਬਾਗ਼ਾਂ ਉੱਤੇ ਰੰਗ
ਫ਼ੇਰਿਆ ਬਹਾਰ ਨੇ,
ਬੇਰੀਆਂ ਲਿਫ਼ਾਈਆਂ
ਟਹਿਣੀਆਂ ਦੇ ਭਾਰ ਨੇ।
ਪੁੰਗਰੀਆਂ ਵੱਲਾਂ,
ਵੇਲਾਂ ਰੁੱਖੀਂ ਚੜ੍ਹੀਆਂ,
ਫੁੱਲਾਂ ਹੇਠੋਂ ਫ਼ਲਾਂ ਨੇ
ਪਰੋਈਆ ਲੜੀਆਂ।
ਸਾਈਂ ਦੀ ਨਿਗਾਹ
ਜੱਗ 'ਤੇ ਸਵੱਲੀ ਏ,
ਚੱਲ ਨੀ ਪਰੇਮੀਏ
ਵਿਸਾਖੀ ਚੱਲੀਏ।

**ਨਰਿੰਦਰ ਬੀਬਾ**

ਲੋਕ ਗਾਇਕਾ ਨਰਿੰਦਰ ਬੀਬਾ ਨੇ ਆਪਣੇ ਗੀਤਾਂ ਤੇ ਲੋਕ ਬੋਲੀਆਂ 'ਚ ਪਰਿਵਾਰਕ ਰਿਸ਼ਤਿਆਂ ਦੀ ਗੱਲ ਕਰਦਿਆਂ ਫ਼ਸਲਾਂ ਦਾ ਵੀ ਜ਼ਿਕਰ ਕੀਤਾ ਹੈ।ਮਕਬੂਲ ਗੀਤਕਾਰ ਬਾਬੂ ਸਿੰਘ ਮਾਨ ਦੀ ਰਚਨਾ 'ਚ ਕਪਾਹ ਦੀ ਖਿੜ-ਖਿੜ ਹੱਸਦੀ ਫ਼ਸਲ ਦੀ ਸਿਫ਼ਤ ਨੂੰ ਆਪਣੀ ਕਲਮ ਨਾਲ ਸ਼ਿੰਗਾਰਿਆ ਹੈ :

ਚਿੱਟੀਆਂ ਕਪਾਹ ਦੀਆਂ ਫੁੱਟੀਆਂ, ਹਾਏ ਨੀਂ ਪੱਤ ਹਰੇ ਹਰੇ।
ਆਖ ਨੀਂ ਨਨਾਣੇ ਤੇਰੇ ਵੀਰ ਨੂੰ , ਕਦੇ ਤਾਂ ਭੈੜਾ ਹੱਸਿਆ ਕਰੇ।

(ਬਾਕੀ ਸਫ਼ਾ 30 'ਤੇ)

# ਮਾਰਸ਼ਲ ਆਰਟ 'ਤੇ ਬਣੀ ਫ਼ਿਲਮ 'ਜੱਟਾ ਡੋਲੀਂ ਨਾ'

**ਜਿੰਦ ਜਵੰਦਾ**




ਪੰਜਾਬੀ ਸਿਨਮਾ ਲਈ ਇਹ ਸਾਲ ਬੇਹੱਦ ਖ਼ਾਸ ਰਿਹਾ ਹੈ। ਹੁਣ ਅਗਲੇ ਸਾਲ ਦੀ ਸ਼ੁਰੂਆਤ ਵੀ ਇਸ ਸ਼ਾਨਦਾਰ ਤੇ ਮੋਟੀਵੇਸ਼ਨਲ ਫ਼ਿਲਮ ਜੱਟਾ ਡੋਲੀਂ ਨਾ ਨਾਲ ਹੋ ਰਹੀ ਹੈ। ਨਵੇਂ ਸਾਲ ਦੀ ਇਹ ਪਹਿਲੀ ਫ਼ਿਲਮ 5 ਜਨਵਰੀ ਨੂੰ ਰਿਲੀਜ਼ ਹੋ ਜਾਵੇਗੀ। ਫ਼ਿਲਮ ਦਾ ਟ੍ਰੇਲਰ ਸੋਸ਼ਲ ਮੀਡੀਆ 'ਤੇ ਦਰਸ਼ਕਾਂ ਦੀ ਪਸੰਦ ਬਣਿਆ ਹੋਇਆ ਹੈ। ਨਾਮਵਰ ਗਾਇਕ ਦਲੇਰ ਮਹਿੰਦੀ ਦਾ ਗਾਇਆ ਫ਼ਿਲਮ ਦਾ ਟਾਈਟਲ ਗੀਤ ਜੱਟਾ ਡੋਲੀਂ ਨਾ ਨੌਜਵਾਨ ਪੀੜੀ ਨੂੰ ਜ਼ਿੰਦਗੀ 'ਚ ਅੱਗੇ ਵਧਣ ਲਈ ਉਤਸ਼ਾਹਿਤ ਕਰ ਰਿਹਾ ਹੈ।

BMP Films ਦੇ ਬੈਨਰ ਹੇਠ ਬਣੀ ਨਿਰਮਾਤਾ ਨਰਿੰਦਰ ਸਿੰਘ ਦੀ ਇਸ ਫ਼ਿਲਮ ਨੂੰ ਭੁਪਿੰਦਰ ਸਿੰਘ ਬਮਰਾ ਨੇ ਡਾਇਰੈਕਟ ਕੀਤਾ ਹੈ। ਪੰਜਾਬੀ ਫ਼ਿਲਮ ਜਿੰਦਰਾ ਅਤੇ ਸੌਹ ਮਿੱਟੀ ਦੀ ਜ਼ਰੀਏ ਇੱਕ ਕਾਬਿਲ ਅਦਾਕਾਰ ਹੋਣ ਦਾ ਅਹਿਸਾਸ ਕਰਵਾ ਚੁੱਕਾ ਅਦਾਕਾਰ ਕਿਰਨਦੀਪ ਰਾਇਤ ਇਸ ਫ਼ਿਲਮ ਜ਼ਰੀਏ ਪਹਿਲੀ ਵਾਰ ਇੱਕ ਵੱਖਰੇ ਅੰਦਾਜ਼ 'ਚ ਵੱਡੇ ਪਰਦੇ 'ਤੇ ਨਜ਼ਰ ਆਵੇਗਾ। ਇਸ ਫ਼ਿਲਮ ਦੀ ਹੀਰੋਇਨ ਪ੍ਰਭ ਗਰੇਵਾਲ ਹੈ। ਫ਼ਿਲਮ 'ਚ ਜਰਨੈਲ ਸਿੰਘ, ਨਰਿੰਦਰ ਨੀਨਾ, ਸਵਿੰਦਰ ਮਾਹਲ, ਪਰਮਿੰਦਰ ਗਿੱਲ, ਸੰਤੋਸ਼ ਮਲਹੋਤਰਾ, ਗੁਰਪ੍ਰੀਤ BMP, ਸਨੀ ਗਿੱਲ, ਗੁਰਿੰਦਰ ਸਰਾਂ, ਸਿਮਰਜੀਤ ਸਿੰਘ ਅਤੇ ਸੁਗਲੀ-ਜੁਗਲੀ ਨੇ ਸ਼ਾਨਦਾਰ ਭੂਮਿਕਾਵਾਂ ਅਦਾ ਕੀਤੀਆਂ ਹਨ। ਨੈਸ਼ਨਲ ਖੇਡਾਂ 'ਚ ਸ਼ੁਮਾਰ ਕੀਤੀ ਜਾਂਦੀ ਖੇਡ ਅਤੇ ਮਾਰਸ਼ਲ ਆਰਟ ਗਤਕਾ 'ਤੇ ਆਧਾਰਿਤ ਇਹ ਫ਼ਿਲਮ ਲੀਹ ਤੋਂ ਲੱਥੇ ਇੱਕ ਨੌਜਵਾਨ ਦੀ ਮੁੜ ਤੋਂ ਲੀਹ 'ਤੇ ਆਉਣ ਦੀ ਕਹਾਣੀ ਹੈ ਜੋ ਦਰਸ਼ਕਾਂ ਨੂੰ ਕਾਫ਼ੀ ਪ੍ਰਭਾਵਿਤ ਕਰੇਗੀ ਅਤੇ ਉਤਸ਼ਾਹਿਤ ਵੀ। ਇਹ ਮਨੋਰੰਜਨ ਭਰਪੂਰ ਇੱਕ ਡਰਾਮਾ ਫ਼ਿਲਮ ਹੈ ਜੋ ਹਰ ਵਰਗ ਦੇ ਦਰਸ਼ਕਾਂ ਨੂੰ ਧਿਆਨ 'ਚ ਰੱਖ ਕੇ ਬਣਾਈ ਗਈ ਹੈ। ਫ਼ਿਲਮ ਦੇ ਟ੍ਰੇਲਰ ਮੁਤਾਬਿਕ ਇਸ ਫ਼ਿਲਮ 'ਚ ਇੱਕ ਖ਼ੂਬਸੂਰਤ ਪ੍ਰੇਮ ਕਹਾਣੀ ਵੀ ਹੈ। ਫ਼ਿਲਮ ਦੇ ਨਿਰਦੇਸ਼ਕ ਭੁਪਿੰਦਰ ਸਿੰਘ ਮੁਤਾਬਿਕ ਇਹ ਪੰਜਾਬੀ ਦੀ ਪਹਿਲੀ ਫ਼ਿਲਮ ਹੋਵੇਗੀ ਜੋ ਮਾਰਸ਼ਲ ਆਰਟ ਨੂੰ ਉਤਸ਼ਾਹਿਤ ਕਰਦੀ ਹੈ। ਹੁਣ ਇਹ ਖੇਡ ਸਿਰਫ਼ ਨਿਹੰਗ-ਸਿੰਘਾਂ ਦੀ ਹੀ ਨਹੀਂ ਬਲਕਿ ਨੈਸ਼ਨਲ ਖੇਡਾਂ 'ਚ ਸ਼ਾਮਿਲ ਹੋਣ ਨਾਲ ਕੋਈ ਵੀ ਨੌਜਵਾਨ ਮਾਰਸ਼ਲ ਆਰਟ ਗਤਕਾ ਸਿੱਖ ਕੇ ਕੌਮੀ ਖੇਡਾਂ 'ਚ ਭਾਗ ਲੈ ਸਕਦਾ ਹੈ। ਫ਼ਿਲਮ 'ਚ ਦਿਖਾਇਆ ਗਿਆ ਹੈ ਕਿ ਕਿਵੇਂ ਇੱਕ ਆਮ ਨੌਜਵਾਨ ਆਪਣੀ ਜ਼ਿੰਦਗੀ ਦੀ ਮੰਜ਼ਿਲ ਹਾਸਿਲ ਕਰਨ ਲਈ ਮਾਰਸ਼ਲ ਆਰਟ ਸਿੱਖਦਾ ਹੈ। ਡਾਇਰੈਕਟਰ ਮੁਤਾਬਿਕ ਇਸ ਫ਼ਿਲਮ ਦਾ ਹੀਰੋ ਇੱਕ ਸਿੱਖ ਨੌਜਵਾਨ ਕਿਰਨਦੀਪ ਰਾਇਤ ਹੈ। ਇਸ ਫ਼ਿਲਮ ਤੋਂ ਬਾਅਦ ਉਸ ਦਾ ਸ਼ੁਮਾਰ ਪੰਜਾਬੀ ਦੇ ਸਫ਼ਲ ਅਤੇ ਕਾਬਿਲ ਕਲਾਕਾਰਾਂ 'ਚ ਹੋਵੇਗਾ।

ਫ਼ਿਲਮ ਦੇ ਨਾਇਕ ਕਿਰਨਦੀਪ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਫ਼ਿਲਮ ਲਈ ਉਸ ਨੇ ਕਾਫ਼ੀ ਮਿਹਨਤ ਕੀਤੀ ਹੈ। ਉਹ ਸਿੱਖ ਪਰਿਵਾਰ ਨਾਲ ਸਬੰਧਿਤ ਹੈ, ਅਤੇ ਇਸ ਲਈ ਗਤਕੇ ਦੀ ਉਸ ਨੂੰ ਆਮ ਤੌਰ 'ਤੇ ਮੋਟੀ-ਮੋਟੀ ਜਾਣਕਾਰੀ ਤਾਂ ਸੀ, ਪਰ ਇਸ ਫ਼ਿਲਮ ਲਈ ਉਸ ਨੇ ਬਕਾਇਦਾ ਗਤਕੇ ਦੀ ਟਰੇਨਿੰਗ ਲਈ। ਕਿਰਨਦੀਪ ਮੁਤਾਬਿਕ ਇਹ ਉਸ ਦੀ ਖ਼ੁਸ਼ਕਿਸਮਤੀ ਹੈ ਕਿ ਉਸ ਨੂੰ ਇਸ ਕਿਸਮ ਦੀ ਸ਼ਾਨਦਾਰ ਫ਼ਿਲਮ ਦਾ ਹਿੱਸਾ ਬਣਨ ਦਾ ਮਾਣ ਹਾਸਿਲ ਹੋਇਆ ਹੈ। ਬਿਨਾਂ ਸ਼ੱਕ ਇਹ ਫ਼ਿਲਮ ਦਰਸ਼ਕਾਂ ਦੀ ਕਸਵੱਟੀ 'ਤੇ ਵੀ ਖਰਾ ਉਤਰੇਗੀ। ਕਈ ਮਿਊਜ਼ਿਕ ਵੀਡੀਓਜ਼ ਅਤੇ ਫ਼ਿਲਮਾਂ 'ਚ ਆਪਣੀ ਅਦਾਕਾਰੀ ਦਾ ਲੋਹਾ ਮੰਨਵਾ ਚੁੱਕੀ

(ਬਾਕੀ ਸਫ਼ਾ 30 'ਤੇ)

# ਕੀ ਭਾਰਤੀ ਮਹਿਲਾ ਹਾਕੀ ਟੀਮ ਪੈਰਿਸ ਉਲੰਪਿਕ ’ਚ ਤਗ਼ਮਾ ਜਿੱਤ ਸਕੇਗੀ ?







ਭਾਰਤੀ ਮਹਿਲਾ ਹਾਕੀ ਟੀਮ ਇਹ ਸਾਬਤ ਕਰਨ ਵਿੱਚ ਸਫਲ ਰਹੀ ਹੈ ਕਿ ਉਹ ਏਸ਼ੀਆ ਵਿੱਚ ਸਰਵੋਤਮ ਹੈ। ਕੁਝ ਦਿਨ ਪਹਿਲਾਂ ਹਾਂਗਜ਼ੂ ਏਸ਼ਿਆਈ ਖੇਡਾਂ ਵਿੱਚ ਉਸ ਦੀ ਤਸਵੀਰ ਨੂੰ ਝਟਕਾ ਲੱਗਾ ਸੀ। ਉਹ ਸੈਮੀਫਾਈਨਲ ਵਿੱਚ ਚੀਨ ਤੋਂ ਹਾਰ ਗਈ ਅਤੇ ਬਾਅਦ ਵਿੱਚ ਜਾਪਾਨ ਨੂੰ ਹਰਾ ਕੇ ਕਾਂਸੀ ਦਾ ਤਗਮਾ ਹੀ ਜਿੱਤ ਸਕੀ। ਇਸ ਤਰ੍ਹਾਂ ਉਹ ਅਗਲੇ ਸਾਲ ਪੈਰਿਸ ਉਲੰਪਿਕ ਵਿੱਚ ਹਿੱਸਾ ਲੈਣ ਦੀ ਟਿਕਟ ਗੁਆ ਬੈਠੀ। ਪਰ ਭਾਰਤੀ ਟੀਮ ਰਾਂਚੀ ਵਿੱਚ ਹੋਈ ਏਸ਼ੀਅਨ ਚੈਂਪੀਅਨਜ਼ ਟਰਾਫੀ ਮਹਿਲਾ ਹਾਕੀ ਚੈਂਪੀਅਨਸ਼ਿਪ ਵਿੱਚ ਖਿਤਾਬ ਜਿੱਤ ਕੇ ਆਪਣੀ ਉੱਤਮਤਾ ਸਾਬਤ ਕਰਨ ਵਿੱਚ ਕਾਮਯਾਬ ਰਹੀ ਹੈ। ਉਸ ਨੇ ਖੇਡੇ ਗਏ ਸਾਰੇ ਮੈਚ ਜਿੱਤ ਕੇ ਇਹ ਉੱਤਮਤਾ ਹਾਸਲ ਕੀਤੀ ਹੈ ਪਰ ਉਹ ਅਜੇ ਤੱਕ ਪੂਰੇ ਟੀਚੇ ਨੂੰ ਹਾਸਲ ਨਹੀਂ ਕਰ ਸਕੀ ਕਿਉਂਕਿ ਉਸ ਨੇ ਅਜੇ ਪੈਰਿਸ ਉਲੰਪਿਕ ਲਈ ਕੁਆਲੀਫਾਈ ਕਰਨਾ ਹੈ। ਇਸ ਚੈਂਪੀਅਨਸ਼ਿਪ ’ਚ ਖਿਤਾਬ ਜਿੱਤਣ ਦੌਰਾਨ ਭਾਰਤੀ ਟੀਮ ਦੇ ਪ੍ਰਦਰਸ਼ਨ ਨੇ ਯਕੀਨੀ ਤੌਰ ’ਤੇ ਜਨਵਰੀ ’ਚ ਹੋਣ ਵਾਲੇ ਉਲੰਪਿਕ ਕੁਆਲੀਫਾਇਰ ਲਈ ਉਮੀਦਾਂ ਜਗਾ ਦਿੱਤੀਆਂ ਹਨ। ਭਾਰਤ ਨੇ ਦੂਜੀ ਵਾਰ ਏਸ਼ੀਅਨ ਮਹਿਲਾ ਚੈਂਪੀਅਨਸ ਟਰਾਫੀ ਦਾ ਖਿਤਾਬ ਜਿੱਤਿਆ ਹੈ। ਇਸ ਤੋਂ ਪਹਿਲਾਂ ਉਹ 2016 ’ਚ ਚੈਂਪੀਅਨ ਬਣਿਆ ਸੀ। ਭਾਰਤੀ ਟੀਮ ਨੇ ਜਾਪਾਨ ਦੇ ਖਿਲਾਫ ਫਾਈਨਲ ਵਿੱਚ ਚੈਂਪੀਅਨਸ਼ਿਪ ਦੀ ਸ਼ੁਰੂਆਤ ਤੋਂ ਹੀ ਆਪਣਾ ਦਬਦਬਾ ਪ੍ਰਦਰਸ਼ਨ ਜਾਰੀ ਰੱਖਿਆ ਅਤੇ 4-0 ਨਾਲ ਜਿੱਤ ਦਰਜ ਕੀਤੀ। ਹਾਲਾਂਕਿ, ਇਹ ਸਕੋਰ ਮੈਚ ਵਿੱਚ ਹੋਏ ਸੰਘਰਸ਼ ਦਾ ਸਹੀ ਪ੍ਰਤੀਬਿੰਬ ਨਹੀਂ ਦਿੰਦਾ ਹੈ। ਪਰ ਅਜਿਹਾ ਨਹੀਂ ਸੀ। ਭਾਰਤ ਨੇ ਸੰਗੀਤਾ ਕੁਮਾਰੀ ਦੇ ਗੋਲ ਨਾਲ ਦੂਜੇ ਕੁਆਰਟਰ ਦੀ ਸ਼ੁਰੂਆਤ ਵਿੱਚ ਹੀ ਬੜ੍ਹਤ ਬਣਾ ਲਈ ਸੀ ਪਰ ਜਾਪਾਨ ਬਰਾਬਰੀ ਲਈ ਜ਼ੋਰ ਪਾਉਂਦਾ ਰਿਹਾ ਅਤੇ ਕਈ ਵਾਰ ਤਾਂ ਅਜਿਹਾ ਵੀ ਲੱਗਦਾ ਸੀ ਕਿ ਉਹ ਬਰਾਬਰੀ ਕਰ ਸਕਦਾ ਹੈ ਪਰ ਜਾਪਾਨ ਦੀ ਟੀਮ ਮੈਚ ਬਰਾਬਰ ਨਾ ਕਰ ਸਕੀ। ਇਸ ’ਚ ਭਾਰਤੀ ਡਿਫੈਂਸ ਦੇ ਨਾਲ-ਨਾਲ ਭਾਰਤੀ ਕਪਤਾਨ ਅਤੇ ਗੋਲਕੀਪਰ ਸਵਿਤਾ ਪੂਨੀਆ ਦੀ ਭੂਮਿਕਾ ਅਹਿਮ ਰਹੀ। ਉਸ ਨੇ ਨਾ ਸਿਰਫ਼ ਪੈਨਲਟੀ ਕਾਰਨਰ ਬਚਾਏ ਸਗੋਂ ਖੱਬੇ ਪੈਰ ਨਾਲ ਪੂਰੀ ਲੰਬਾਈ ਲੈ ਕੇ ਪੈਨਲਟੀ ਸਟਰੋਕ ਨੂੰ ਵੀ ਰੋਕਿਆ। ਇਸ ਸਮੇਂ ਭਾਰਤ ਕੋਲ ਦੋ ਗੋਲਾਂ ਦੀ ਬੜ੍ਹਤ ਸੀ। ਜੇਕਰ ਉਸ ਦਾ ਗੋਲ ਮੰਨ ਲਿਆ ਜਾਂਦਾ ਤਾਂ ਜਾਪਾਨੀ ਟੀਮ ਬਰਾਬਰੀ ਲਈ ਦਬਾਅ ਪਾ ਸਕਦੀ ਸੀ। ਏਸ਼ਿਆਈ ਖੇਡਾਂ ਵਿੱਚ ਸੋਨ ਤਗ਼ਮਾ ਨਾ ਜਿੱਤਣ ਕਾਰਨ ਭਾਰਤ ਬੇਸ਼ੱਕ ਓਲੰਪਿਕ ਟਿਕਟ ਤੋਂ ਵਾਂਝਾ ਰਹਿ ਗਿਆ ਸੀ, ਪਰ ਅਗਲੇ ਸਾਲ 13-19 ਜਨਵਰੀ ਤੱਕ ਉਲੰਪਿਕ ਕੁਆਲੀਫਾਇਰ ਦੇ ਆਯੋਜਨ ਦਾ ਅਧਿਕਾਰ ਪ੍ਰਾਪਤ ਕਰਕੇ ਉਸ ਨੇ ਕੁਝ ਹੱਦ ਤੱਕ ਇਸ ਦੀ ਭਰਪਾਈ ਕੀਤੀ। ਦਰਅਸਲ, ਪਹਿਲਾਂ ਇਹ ਕੁਆਲੀਫਾਇਰ ਇਸ ਸਾਲ ਚੀਨ ਵਿੱਚ ਆਯੋਜਿਤ ਕੀਤਾ ਜਾਣਾ ਸੀ। ਪਰ ਚੀਨ ਦੇ ਪੈਰਿਸ ਉਲੰਪਿਕ ਲਈ ਕੁਆਲੀਫਾਈ ਕਰਨ ਨਾਲ ਹੁਣ ਇਹ ਜ਼ਿੰਮੇਵਾਰੀ ਹਾਕੀ ਇੰਡੀਆ ਨੂੰ ਸੌਂਪ ਦਿੱਤੀ ਗਈ ਹੈ।



ਭਾਰਤ ਲਈ ਚੰਗੀ ਗੱਲ ਇਹ ਹੈ ਕਿ ਉਲੰਪਿਕ ਕੁਆਲੀਫਾਇਰ ਦਾ ਆਯੋਜਨ ਵੀ ਰਾਂਚੀ ਦੇ ਜੈਪਾਲ ਸਿੰਘ ਐਸਟਰੋ ਟਰਫ ਹਾਕੀ ਸਟੇਡੀਅਮ ’ਚ ਕੀਤਾ ਜਾਵੇਗਾ, ਜਿੱਥੇ ਇਸ ਨੇ ਸ਼ਾਨਦਾਰ ਪ੍ਰਦਰਸ਼ਨ ਨਾਲ ਚੈਂਪੀਅਨਸ ਟਰਾਫੀ ਜਿੱਤੀ ਸੀ।

ਭਾਰਤੀ ਪੁਰਸ਼ ਹਾਕੀ ਟੀਮ ਵਾਂਗ ਮਹਿਲਾ ਟੀਮ ਵਿੱਚ ਵੀ ਨਿਰਸਵਾਰਥ ਹੋ ਕੇ ਖੇਡਣ ਦਾ ਜਜ਼ਬਾ ਪੈਦਾ ਹੋਇਆ ਹੈ। ਕਈ ਮੌਕਿਆਂ ’ਤੇ ਇਹ ਦੇਖਿਆ ਗਿਆ ਕਿ ਵਿਰੋਧੀ ਦੇ ਦਾਇਰੇ ’ਚ ਪਹੁੰਚਣ ਤੋਂ ਬਾਅਦ ਖਿਡਾਰੀ ਖੁਦ ਹੀ ਸ਼ਾਟ ਲੈਣ ਦੀ ਬਜਾਏ ਗੋਲ ਕਰਨ ਲਈ ਬਿਹਤਰ ਸਥਿਤੀ ’ਚ ਗੇਂਦ ਨੂੰ ਖਿਡਾਰੀ ਨੂੰ ਦੇ ਦਿੰਦੇ ਹਨ। ਇਸ ਦਾ ਨਤੀਜਾ ਹੈ ਕਿ ਭਾਰਤ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੀਆਂ ਟੀਮਾਂ ਵਿੱਚੋਂ ਸਭ ਤੋਂ ਵੱਧ 27 ਗੋਲ ਕਰਨ ਵਿੱਚ ਸਫਲ ਰਿਹਾ। ਇਸ ਚੈਂਪੀਅਨਸ਼ਿਪ ਵਿੱਚ ਭਾਰਤ ਲਈ ਸੰਗੀਤਾ ਕੁਮਾਰੀ ਛੇ ਗੋਲ ਕਰਕੇ ਸਭ ਤੋਂ ਵੱਧ ਸਕੋਰਰ ਰਹੀ। ਗੋਲ ਕਰਨ ਦੇ ਮਾਮਲੇ ’ਚ ਉਹ ਚੀਨ ਦੀ ਝੋਂਗ ਜਿਯਾਕੀ (7) ਤੋਂ ਬਾਅਦ ਦੂਜੇ ਸਥਾਨ ’ਤੇ ਰਹੀ। ਸਲੀਮਾ ਨਾਲ ਸੰਗੀਤਾ ਕੁਮਾਰੀ ਦੇ ਜੋੜਨ ਨਾਲ ਸਹੀ ਅਰਥਾਂ ਵਿੱਚ ਭਾਰਤੀ ਹਮਲੇ ਤੇਜ਼ ਹੋ ਗਏ ਹਨ। ਇਸ ਦਾ ਕਾਰਨ ਇਹ ਹੈ ਕਿ ਦੋਵਾਂ ਕੋਲ ਸ਼ਾਨਦਾਰ ਸਪੀਡ ਦੇ ਨਾਲ-ਨਾਲ ਗੇਂਦ ’ਤੇ ਵਧੀਆ ਕੰਟਰੋਲ ਹੈ ਅਤੇ ਦੋਵੇਂ ਮੌਕਿਆਂ ਦਾ ਫਾਇਦਾ ਉਠਾਉਣਾ ਜਾਣਦੇ ਹਨ। ਭਾਰਤ ਟੋਕੀਓ ਉਲੰਪਿਕ ’ਚ ਸ਼ਾਨਦਾਰ ਪ੍ਰਦਰਸ਼ਨ ਦੇ ਬਾਵਜੂਦ ਪੋਡੀਅਮ ’ਤੇ ਨਹੀਂ ਚੜ੍ਹ ਸਕਿਆ ਪਰ ਜੇਕਰ ਉਹ ਇਸੇ ਤਰ੍ਹਾਂ ਖੇਡਦਾ ਰਿਹਾ ਤਾਂ ਪੈਰਿਸ ’ਚ ਤਗਮਾ ਜ਼ਰੂਰ ਹਾਸਲ ਕਰੇਗਾ।

## ਸਖ਼ਤ ਮਿਹਨਤ ਤੇ ਜਜ਼ਬੇ ਨਾਲ ਜਿੱਤੋ ਖੇਡ ਮੁਕਾਬਲੇ

ਅੱਜ ਕੱਲ੍ਹ ਖਿਡਾਰੀਆਂ ਵਿੱਚ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਦਿਨ-ਬ-ਦਿਨ ਵੱਧਦੀ ਜਾ ਰਹੀ ਹੈ। ਹਕੀਕਤ ਤਾਂ ਇਹ ਹੈ ਕਿ ਖੇਡ ਮੁਕਾਬਲਿਆਂ ਨੂੰ ਆਪਣੇ ਦਮ ’ਤੇ ਜਿੱਤਿਆ ਜਾਵੇ ਅਤੇ ਜਿੱਤਣ ਲਈ ਸਖ਼ਤ ਮਿਹਨਤ ਕੀਤੀ ਜਾਵੇ। ਸਾਡੇ ਖ਼ਿਡਾਰੀਆਂ ਨੂੰ ਉੱਡਣਾ ਸਿੱਖ ਮਿਲਖਾ ਸਿੰਘ ਵਰਗੇ ਖਿਡਾਰੀਆਂ ਦੇ ਜੀਵਨ ਦੀ ਘਾਲਣਾ ਨੂੰ ਆਪਣੇ ਚੇਤਿਆਂ ਵਿੱਚ ਵਸਾਉਣ ਦੀ ਲੋੜ ਏ ਜਿਨ੍ਹਾਂ ਨੇ ਗ਼ਰੀਬੀ ਤੇ ਔਖੇ ਹਾਲਾਤ ਵਿੱਚ ਰਹਿ ਕੇ ਵੀ ਮਿਹਨਤ ਨਾਲ ਹਰ ਮੁਕਾਬਲਾ ਜਿੱਤਿਆ ਪਰ ਪਤਾ ਨਹੀਂ ਕਿਉਂ ਅਜੋਕਾ ਖਿਡਾਰੀ ਜਾਅਲੀ ਜ਼ਿੰਦਗੀ ਜਿਊਣ ਲਈ ਬਹੁਤ ਜ਼ਿਆਦਾ ਕਾਹਲਾ ਏ ਜਿਸ ਦਾ ਅੰਤ ਮਾੜਾ ਹੁੰਦੈ। ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਕਈ ਖਿਡਾਰੀ ਪਾਬੰਦੀਸ਼ੁਦਾ ਦਵਾਈਆਂ ਦੀ ਵਰਤੋਂ ਟੀਕੇ ਜਾਂ ਗੋਲੀ ਦੇ ਰੂਪ ਵਿੱਚ ਕਰਦੇ ਹਨ, ਦਵਾਈਆਂ ਨਾਲ ਖਿਡਾਰੀਆਂ ਦੇ ਮਾਸ ਪੱਠਿਆਂ ਵਿੱਚ ਬੇਥਾਹ ਵਾਧੂ ਤਾਕਤ ਆ ਜਾਂਦੀ ਹੈ, ਜਿਸ ਨਾਲ ਉਹ ਆਪਣੀ ਮਨੁੱਖੀ ਸ਼ਕਤੀ ਨਾਲੋਂ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਦਰਸ਼ਕਾਂ ਦੀ ਨਜ਼ਰ ਵਿੱਚ ਹੀਰੋ ਬਣ ਜਾਂਦਾ ਹੈ। ਨਸ਼ੀਲੀਆਂ ਦਵਾਈਆਂ ਦੀ ਗਿਣਤੀ ਇੱਕ ਅੰਦਾਜ਼ੇ ਮੁਤਾਬਕ 100 ਤੋਂ ਵੀ ਵੱਧ ਹੈ। ਭਾਵੇਂ ਇਨ੍ਹਾਂ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਕਰਨੀ ਖਿਡਾਰੀਆਂ ਲਈ ਜੁਰਮ ਹੈ ਪਰ ਫ਼ਿਰ ਵੀ ਇਨ੍ਹਾਂ ਦੀ ਵਰਤੋਂ ਸੰਸਾਰ ਖੇਡਾਂ, ਓਲੰਪਿਕ, ਏਸ਼ੀਆਈ, ਨੈਸ਼ਨਲ, ਸਟੇਟ ਪੱਧਰ ਤੇ ਪਿੰਡਾਂ ਦੇ ਟੂਰਨਾਮੈਂਟ ਤੱਕ ਹੋਣ ਲੱਗ ਪਈ ਹੈ ਜੋ ਕਿ ਖ਼ਤਰਨਾਕ ਰੁਝਾਨ ਹੈ। ਪਹਿਲਾਂ-ਪਹਿਲਾਂ ਉਲੰਪਿਕ ਦੇ ਮੁਕਾਬਲਿਆਂ ਵਿੱਚ ਖਿਡਾਰੀ ਦਵਾਈਆਂ ਦੀ ਵਰਤੋਂ ਕਰਦੇ ਸਨ। ਹੁਣ ਪੇਂਡੂ ਟੂਰਨਾਮੈਂਟ ਤੇ ਵੀ ਨਸ਼ਿਆਂ ਦੀ ਵਰਤੋਂ ਹੋਣ ਲੱਗ ਪਈ ਹੈ। ਛੋਟੇ ਵਜ਼ਨ ਦੇ ਖਿਡਾਰੀ ਵੀ ਇਨ੍ਹਾਂ ਦੀ ਗ੍ਰਿਫ਼ਤ ਵਿੱਚ ਆ ਚੁੱਕੇ ਹਨ। ਖਿਡਾਰੀਆਂ ਨੂੰ ਚਾਹੀਦਾ ਹੈ ਕਿ ਉਹ ਖੇਡਾਂ ਵਿੱਚ ਚੰਗੀ ਸ਼ੋਹਰਤ ਖੱਟਣ ਲਈ ਜ਼ੋਰ, ਦਮ, ਚੁਸਤੀ, ਫ਼ੁਰਤੀ ਤੇ ਸਹਿਣਸ਼ੀਲਤਾ ਤੇ ਸਖ਼ਤ ਅਭਿਆਸ ਤੋਂ ਕੰਮ ਲੈਣ ਤੇ ਵਿਗਿਆਨਕ ਤਰੀਕਿਆਂ ਨਾਲ ਆਪਣੇ ਆਪ ਨੂੰ ਤਿਆਰ ਕਰਨ। ਨਸ਼ਿਆਂ ਨਾਲ ਜਿੱਤਾਂ ਹਾਸਲ ਕਰਨਾ ਚੰਗੇ ਖਿਡਾਰੀਆਂ ਦਾ ਕੰਮ ਨਹੀਂ। ਅਸਲ ਜਿੱਤ ਤਾਂ ਉਹੀ ਹੁੰਦੀ ਹੈ, ਜੋ ਆਪਣੀ ਮਨੁੱਖੀ ਸ਼ਕਤੀ ਨਾਲ ਪੂਰਾ ਟਿੱਲ ਲਗਾ ਕੇ ਹੀ ਜਿੱਤੀ ਜਾਵੇ। ਇਨ੍ਹਾਂ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਦੇ ਨਿਕਲਦੇ ਨਤੀਜੇ ਬਾਰੇ ਸਭ ਜਾਣੂੰ ਹਨ। ਕਿੰਨੇ ਹੀ ਖਿਡਾਰੀਆਂ ਨੂੰ ਅਜਿਹੀਆਂ ਦਵਾਈਆਂ ਦੀ ਵਰਤੋਂ ਕਰਕੇ ਅਰਸ਼ ਤੋਂ ਫ਼ਰਸ਼ ’ਤੇ ਡਿੱਗਣਾ ਪਿਆ ਹੈ। ਦਵਾਈਆਂ ਦੀ ਵਰਤੋਂ ਕਰਕੇ ਜਿੱਤਿਆ ਮੈਡਲ ਵਾਪਸ ਲੈਣ ਤੱਕ ਹੀ ਗੱਲ ਨਹੀਂ ਮੁੱਕਦੀ, ਸਗੋਂ ਇਹ ਦਵਾਈਆਂ ਖਿਡਾਰੀਆਂ ਨੂੰ ਸਰੀਰਕ ਤੌਰ ’ਤੇ ਵੀ ਬਿਲਕੁਲ ਬਰਬਾਦ ਕਰਕੇ ਰੱਖ ਦਿੰਦੀਆਂ ਹਨ। ਜਿੱਥੇ ਜਵਾਨੀ ਵਿੱਚ ਖਿਡਾਰੀ ਰੱਜ ਕੇ ਇਨ੍ਹਾਂ ਦਾ ਸੇਵਨ ਕਰਦਾ ਹੈ, ਉਥੇ ਛੇਤੀ ਹੀ ਬੁੱਢਾ ਹੋ ਕੇ ਬਹੁਤ ਕਸ਼ਟ ਸਹਿੰਦਾ ਹੈ ਤੇ ਬੀਤੇ ਵੇਲੇ ਨੂੰ ਝੁਰਦਾ ਵੀ ਹੈ ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। (ਬਾਕੀ ਸਫ਼ਾ 31 ’ਤੇ)

## ਪੈਰਿਸ ਉਲੰਪਿਕ 2024 ’ਚ ਭਾਰਤ ਨੂੰ ਤੀਰਅੰਦਾਜ਼ੀ ’ਚੋਂ ਤਗ਼ਮੇ ਦੀ ਉਮੀਦ

ਪੈਰਿਸ ਉਲੰਪਿਕ 2024 ਦੀਆਂ ਤਿਆਰੀਆਂ ਜ਼ੋਰਾਂ ’ਤੇ ਹਨ। ਸਾਰੇ ਦੇਸ਼ਾਂ ਦੇ ਖਿਡਾਰੀ ਉਲੰਪਿਕ ਦੀਆਂ ਤਿਆਰੀਆਂ ’ਚ ਰੁੱਝੇ ਹੋਏ ਹਨ। ਇਸ ਸੀਰੀਜ਼ ’ਚ ਵੀ ਦੇਸ਼ ਨੂੰ ਭਾਰਤੀ ਖਿਡਾਰੀਆਂ ਤੋਂ ਮੈਡਲ ਦੀ ਉਮੀਦ ਹੈ। ਤੀਰਅੰਦਾਜ਼ੀ ਸਭ ਤੋਂ ਪੁਰਾਣੀਆਂ ਖੇਡਾਂ ਵਿੱਚੋਂ ਇੱਕ ਹੈ ਜੋ ਅੱਜ ਵੀ ਬਹੁਤ ਮਸ਼ਹੂਰ ਹੈ।

ਇਸ ਦੀਆਂ ਤਾਰਾਂ ਸਭਿਅਤਾ ਦੇ ਵਿਕਾਸ ਨਾਲ ਵੀ ਨੇੜਿਓਂ ਜੁੜੀਆਂ ਹੋਈਆਂ ਹਨ। ਧਨੁਸ਼ ਅਤੇ ਤੀਰ ਨਾਲ ਖੇਡੀ ਜਾਣ ਵਾਲੀ ਇਸ ਖੇਡ ਦਾ ਇਤਿਹਾਸ ਹਜ਼ਾਰਾਂ ਸਾਲ ਪੁਰਾਣਾ ਹੈ। ਇੱਕ ਸੱਭਿਆਚਾਰਕ ਤਰੱਕੀ ਦੇ ਰੂਪ ਵਿੱਚ, ਇਸਨੂੰ ਅੱਗ ਦੀ ਖੋਜ ਅਤੇ ਪਹੀਏ ਦੀ ਖੋਜ ਦੇ ਬਰਾਬਰ ਮੰਨਿਆ ਜਾਂਦਾ ਸੀ।





ਇਸ ਖੇਡ ਨੂੰ ਪਹਿਲੀ ਵਾਰ 1900 ਵਿੱਚ ਉਲੰਪਿਕ ਵਿੱਚ ਸ਼ਾਮਲ ਕੀਤਾ ਗਿਆ ਸੀ। ਇਸ ਤੋਂ ਬਾਅਦ ਇਹ 1904, 1908 ਅਤੇ 1920 ਵਿੱਚ ਵੀ ਉਲੰਪਿਕ ਮੁਕਾਬਲਿਆਂ ਦਾ ਹਿੱਸਾ ਰਿਹਾ। ਪਰ ਇਹ ਖੇਡ 52 ਸਾਲਾਂ ਤੱਕ ਉਲੰਪਿਕ ਤੋਂ ਦੂਰ ਰਹੀ, ਜਿਸ ਤੋਂ ਬਾਅਦ ਇਹ 1972 ਵਿੱਚ ਵਾਪਸ ਪਰਤ ਆਈ ਅਤੇ ਉਦੋਂ ਤੋਂ ਹੁਣ ਤੱਕ ਤੀਰਅੰਦਾਜ਼ੀ ਨੂੰ ਲਗਾਤਾਰ ਉਲੰਪਿਕ ਪ੍ਰੋਗਰਾਮ ਵਿੱਚ ਸ਼ਾਮਲ ਕੀਤਾ ਗਿਆ ਹੈ।

ਇਹ ਇੱਕ ਖੇਡ ਦੇ ਰੂਪ ਵਿੱਚ ਤੀਰਅੰਦਾਜ਼ੀ ਦੀ ਕਿਸਮ ’ਤੇ ਨਿਰਭਰ ਕਰਦਾ ਹੈ। ਵੱਖ-ਵੱਖ ਅਨੁਸ਼ਾਸਨਾਂ ਦੇ ਵੱਖੋ-ਵੱਖਰੇ ਨਿਯਮ ਹਨ ਜੋ ਇਹ ਦਰਸਾਉਂਦੇ ਹਨ ਕਿ ਕਿਸ ਕਿਸਮ ਦਾ ਧਨੁਸ਼ ਵਰਤਿਆ ਜਾ ਸਕਦਾ ਹੈ। ਉਲੰਪਿਕ ਵਿੱਚ ਰਿਕਰਵ ਕਮਾਨ ਦੇ ਨਾਲ ਨਿਸ਼ਾਨਾ ਤੀਰਅੰਦਾਜ਼ੀ ਦੇਖੀ ਜਾਂਦੀ ਹੈ। ਇਸ ਵਿੱਚ, ਅਥਲੀਟ 70 ਮੀਟਰ ਦੀ ਦੂਰੀ ’ਤੇ ਰੱਖੇ ਗਏ ਟੀਚੇ ਨੂੰ ਨਿਸ਼ਾਨਾ ਬਣਾਉਂਦੇ ਹਨ, ਜਿਸ ਵਿੱਚ ਹਰੇਕ ਪ੍ਰਤੀਯੋਗੀ ਇੱਕ ਸੈੱਟ ਪੁਆਇੰਟ ਜਿੱਤਣ ਲਈ ਮੁਕਾਬਲਾ ਕਰਦਾ ਹੈ। ਇੱਕ ਸੈੱਟ ਜਿੱਤਣ ਲਈ, 2 ਅੰਕਾਂ ਦੀ ਲੋੜ ਹੁੰਦੀ ਹੈ ਜਦੋਂ ਕਿ ਇੱਕ ਸੈੱਟ ਨੂੰ ਟਾਈ ਕਰਨ ਲਈ, 1 ਅੰਕ ਦੀ ਲੋੜ ਹੁੰਦੀ ਹੈ। ਜੋ ਵੀ ਪ੍ਰਤੀਯੋਗੀ ਪਹਿਲਾਂ 6 ਸੈੱਟ ਪੁਆਇੰਟ ਹਾਸਿਲ ਕਰਦਾ ਹੈ ਉਸਨੂੰ ਜੇਤੂ ਘੋਸ਼ਿਤ ਕੀਤਾ ਜਾਂਦਾ ਹੈ। ਇਸ ਖੇਡ ਵਿੱਚ ਤੀਰਅੰਦਾਜ਼ੀ ਦੀਆਂ ਹੋਰ ਕਿਸਮਾਂ ਵਿੱਚ ਫੀਲਡ ਤੀਰਅੰਦਾਜ਼ੀ, ਅੰਦਰੂਨੀ ਤੀਰਅੰਦਾਜ਼ੀ ਅਤੇ ਪੈਰਾ ਤੀਰਅੰਦਾਜ਼ੀ ਸ਼ਾਮਲ ਹਨ। ਹੋਰ ਧਨੁਸ਼ ਜੋ ਵਰਤੇ ਜਾ ਸਕਦੇ ਹਨ ਇੱਕ ਮਿਸ਼ਰਿਤ ਧਨੁਸ਼ ਜਾਂ ਨੰਗੇ ਕਮਾਨ ਸ਼ਾਮਲ ਹਨ।

ਭਾਰਤ ਨੂੰ 2024 ਪੈਰਿਸ ਓਲੰਪਿਕ ’ਚ ਤੀਰਅੰਦਾਜ਼ੀ ’ਚ ਤਗਮੇ ਦੀ ਉਮੀਦ ਹੈ। ਜਦੋਂ ਕਿ ਪੁਰਸ਼ਾਂ ਦੀ ਰਿਕਰਵ ਤੀਰਅੰਦਾਜ਼ੀ ਵਿੱਚ, ਧੀਰਜ ਬੋਮਾਦੇਵਰਾ ਨੇ ਏਸ਼ੀਅਨ ਮਹਾਂਦੀਪੀ ਕੁਆਲੀਫਾਇਰ ਟੂਰਨਾਮੈਂਟ 2023 ਵਿੱਚ ਉਲੰਪਿਕ ਲਈ ਕੋਟਾ ਪੱਕਾ ਕੀਤਾ ਸੀ।

ਤੁਹਾਨੂੰ ਦੱਸ ਦੇਈਏ ਕਿ ਧੀਰਜ ਨੇ ਏਸ਼ੀਆਈ ਖੇਡਾਂ 2023 ਵਿੱਚ ਚਾਂਦੀ ਦਾ ਤਗਮਾ ਜਿੱਤਿਆ ਸੀ। ਜਿਸ ਕਾਰਨ ਦੇਸ਼ ਨੂੰ ਇੱਕ ਵਾਰ ਫਿਰ ਪੈਰਿਸ ਉਲੰਪਿਕ 2024 ਵਿੱਚ ਉਸ ਤੋਂ ਤਗਮੇ ਦੀ ਉਮੀਦ ਹੈ।

## ਵਿਆਹ ਬਨਾਮ ਠੱਗੀਆਂ

ਠੱਗ ਲਾੜੇ ਤੇ ਠੱਗ ਲਾੜੀਆਂ ਅਕਸਰ ਵਿਆਹਾਂ ਦੇ ਨਾਂਅ ’ਤੇ ਠੱਗੀ ਮਾਰ ਕੇ ਭੋਲੇ ਭਾਲੇ ਲੋਕਾਂ ਦੀ ਜਿੰਦਗੀ ਖ਼ਰਾਬ ਕਰ ਦਿੰਦੇ ਹਨ। ਅਜਿਹੀ ਠੱਗੀ ਦਾ ਸ਼ਿਕਾਰ ਹੋਏ ਲੋਕ ਫ਼ਿਰ ਕਿਸੇ ਨੂੰ ਮੂੰਹ ਦਿਖਾਉਣ ਜੋਗੇ ਨਹੀਂ ਰਹਿੰਦੇ ਅਤੇ ਅਜਿਹੇ ਲੋਕਾਂ ਦਾ ਅਕਸਰ ਦੁਨੀਆਂ ਮਜਾਕ ਉਡਾਉਂਦੀ ਹੈ। ਇਸ ਲਈ ਆਮ ਲੋਕਾਂ ਨੂੰ ਆਪਣੇ ਬੱਚਿਆਂ ਦੇ ਵਿਆਹ ਕਰਨ ਮੌਕੇ ਬਹੁਤ ਸਾਵਧਾਨੀ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਠੱਗ ਲਾੜੇ ਲਾੜੀਆਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਇਸ ਤੋਂ ਇਲਾਵਾ ਤਲਾਕਸ਼ੁਦਾ ਅਤੇ ਵਿਧਵਾ ਔਰਤਾਂ ਨੂੰ ਵੀ ਮਿੱਠਾ ਬੋਲਣ ਵਾਲੇ ਸ਼ਾਤਿਰ ਲੋਕਾਂ ਤੋਂ ਬੱਚ ਕੇ ਰਹਿਣਾ ਚਾਹੀਦਾ ਹੈ ਤਾਂ ਕਿ ਉਹ ਠੱਗੀ ਦਾ ਸ਼ਿਕਾਰ ਨਾ ਹੋ ਸਕਣ। ਤਲਾਕਸ਼ੁਦਾ ਅਤੇ ਵਿਧਵਾ ਮਹਿਲਾਵਾਂ ਨੂੰ ਸ਼ੋਸਲ ਮੀਡੀਆ ਰਾਹੀਂ ਜੀਵਨ ਸਾਥੀ ਲੱਭਣ ਦੀ ਥਾਂ ਆਪਣੇ ਮਾਪਿਆਂ ਦੀ ਇੱਛਾ ਅਨੁਸਾਰ ਵਿਆਹ ਕਰਵਾਉਣਾ ਚਾਹੀਦਾ ਹੈ ਤਾਂ ਕਿ ਉਹਨਾਂ ਨਾਲ ਠੱਗੀ ਨਾ ਹੋ ਸਕੇ।

***

## ਪਾਕਿ ’ਚ ਸੈਲਾਨੀਆਂ ਦੀ

ਪੰਜਾਬ ਦੇ ਯਾਦਗਾਰ ਅਤੇ ਪੁਰਾਤੱਤਵ ਡਾਇਰੈਕਟੋਰੇਟ ਨੇ ਬਹਾਵਲਪੁਰ ’ਚ ਬੀਬੀ ਜੀਵਿੰਦੀ ਮਕਬਰੇ, ਰਹੀਮ ਯਾਰ ਖਾਨ ’ਚ ਚਿੱਟੀ ਮਸਜਿਦ, ਜੇਹਲਮ ਵਿੱਚ ਖੈਰ ਅਲ-ਨਿਸਾ ਦੇ ਮਕਬਰੇ ਅਤੇ ਮੀਆਂਵਾਲੀ ’ਚ ਸ਼ੇਰ ਸ਼ਾਹ ਸੂਰੀ ਕੀ ਬਾਉਲੀ ਸਮੇਤ ਪ੍ਰਮੁੱਖ ਵਿਰਾਸਤੀ ਥਾਵਾਂ ਦੀ ਬਹਾਲੀ ਦੇ ਪ੍ਰਾਜੈਕਟਾਂ ਨੂੰ ਸਫ਼ਲਤਾਪੂਰਵਕ ਪੂਰਾ ਕੀਤਾ ਹੈ। ਇਨ੍ਹਾਂ ਯਤਨਾਂ ਨੂੰ ਸੰਯੁਕਤ ਰਾਸ਼ਟਰ ਵਿਸ਼ਵ ਸੈਰ-ਸਪਾਟਾ ਸੰਗਠਨ ਨੇ ਆਪਣੀ 2023 ਦੀ ਰਿਪੋਰਟ ’ਚ ਮਾਨਤਾ ਦਿੱਤੀ ਹੈ, ਜਿਸ ਨਾਲ ਪਾਕਿਸਤਾਨ ਦੀ ਸੈਰ-ਸਪਾਟੇ ਤੋਂ ਹੋਣ ਵਾਲੀ ਆਮਦਨ ’ਚ ਵਾਧਾ ਹੋਵੇਗਾ।

***

## ਭਾਈ ਰਾਜੋਆਣਾ ਨੇ ਗ੍ਰਹਿ ਮੰਤਰੀ ਸ਼ਾਹ ਨੂੰ ਲਿਖੀ ਚਿੱਠੀ

ਤੱਕ ਲਾਗੂ ਹੀ ਨਹੀਂ ਹੋਏ ਹਨ । ਫ਼ਿਰ ਵੀ ਮੈਂ ਤੁਹਾਨੂੰ ਸਾਫ਼ ਕਰਨਾ ਚਾਹੁੰਦਾ ਹਾਂ ਕਿ ਮੈਂ ਗੁਨਾਹ ਕੀਤਾ ਹੀ ਨਹੀਂ ਤਾਂ ਮੁਆਫ਼ੀ ਕਿਸ ਗੱਲ ਦੀ ? ਭਾਈ ਰਾਜੋਆਣਾ ਨੇ ਕਿਹਾ ਕਿ ਮੈਂ ਤੁਹਾਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਤੁਹਾਡੀ ਪਾਰਟੀ ਦੇ ਸਿਰਮੌਰ ਆਗੂ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਾਰਲੀਮੈਂਟ ਵਿੱਚ ਖੜਕੇ ਕਿਹਾ ਸੀ ਕਿ 1984 ਵਿੱਚ ਕਾਂਗਰਸੀ ਸਰਕਾਰ ਨੇ ਸਿੱਖਾਂ ਦੇ ਸਰਬ ਉੱਚ ਧਾਰਮਿਕ ਅਸਥਾਨ ਰੂਹਾਨੀਅਤ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ ਨੂੰ ਟੈਂਕਾਂ ਅਤੇ ਤੋਪਾ ਨਾਲ ਹਮਲਾ ਕੀਤਾ ਸੀ। ਹਜ਼ਾਰਾਂ ਨਿਰਦੋਸ਼ ਮਾਰੇ ਗਏ ਸਨ। ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਸੀਨੇ ਵਿੱਚ ਖੋਭਿਆ ਹੋਇਆ ਖ਼ੰਜਰ ਹੈ। ਕਾਂਗਰਸ ਵੱਲੋਂ ਕੀਤੇ ਗਏ ਗੁਨਾਹ ਪਾਪ ਹਨ। ਹੁਣ ਤੁਸੀਂ ਦੱਸੋਂ ਕਿ ਦੇਸ਼ ਦੀ ਅਖੰਡਤਾ ਅਤੇ ਏਕਤਾ ਦੇ ਸੀਨੇ ਵਿੱਚ ਖੰਜਰ ਖੋਭਣ ਵਾਲਿਆਂ ਦੇ ਨਾਲ ਖੜਨਾ ਅਤੇ ਉਨ੍ਹਾਂ ਦੀ ਪੁਸ਼ਪੁਨਾਹੀ ਕਰਨਾ ਗੁਨਾਹ ਹੈ ਜਾਂ ਪਾਪੀਆਂ ਖ਼ਿਲਾਫ਼ ਲੜਨਾ ਗੁਨਾਹ ਹੈ ?

ਅਮਿਤ ਸ਼ਾਹ ਵੱਲੋਂ ਦਿੱਤਾ ਗਿਆ ਬਿਆਨ ਕਾਂਗਰਸੀ ਜ਼ੁਲਮਾਂ ਨਾਲ ਜ਼ਖ਼ਮੀ ਹੋਈ ਸਿੱਖ ਭਾਵਨਾਵਾਂ ਦਾ ਅਤੇ ਮੋਦੀ ਜੀ ਵੱਲੋਂ ਪ੍ਰਗਟ ਕੀਤੀਆਂ ਭਾਵਨਾਵਾਂ ਦਾ ਅਪਮਾਨ ਹੈ। ਅਮਿਤ ਸ਼ਾਹ ਜੀ ਜਿੱਥੇ ਤੱਕ ਦੇਸ਼ ਦੇ ਸੰਵਿਧਾਨ ਨੂੰ ਮੰਨਣ ਦੀ ਗੱਲ ਹੈ ਤਾਂ ਮੈਂ ਅਦਾਲਤ ਵਿੱਚ ਸੱਚ ਬੋਲਿਆ ਹੈ। ਮੈਂ ਜੋ ਵੀ ਕੀਤਾ ਹੈ ਉਸ ਨੂੰ ਅਦਾਲਤ ਵਿੱਚ ਸਵੀਕਾਰ ਕੀਤਾ ਹੈ। ਮੈਂ ਇਹ ਵੀ ਦੱਸਿਆ ਹੈ ਕਿ ਮੈਂ ਅਜਿਹਾ ਕਦਮ ਕਿਉਂ ਚੁੱਕਿਆ ਹੈ, ਮੈਂ ਅਦਾਲਤ ਵਿੱਚ ਝੂਠੀ ਕਾਰਵਾਈ ਦਾ ਹਿੱਸਾ ਨਹੀਂ ਬਣਿਆ ਹਾਂ।

ਰਾਜੋਆਣਾ ਨੇ ਕਿਹਾ ਕਿ ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹੈ ਕਿ ਦਿੱਲੀ ਦੀਆਂ ਗਲੀਆਂ ਵਿੱਚ ਹਜ਼ਾਰਾਂ ਸਿੱਖ ਦੇ ਕਤਲ ਕਰਨ ਵਾਲੇ ਬਿਲਕਿਸ ਬਾਨੋ ਦੇ ਗੁਨਾਹਗਾਰ ਕੀ ਸੰਵਿਧਾਨ ਨੂੰ ਮੰਨਣ ਵਾਲੇ ਹਨ। ਕੀ ਸੰਵਿਧਾਨ ਉਨ੍ਹਾਂ ਨੂੰ ਇਹ ਘਿਨੌਣਾ ਅਪਰਾਧ ਕਰਨ ਦੀ ਇਜਾਜ਼ਤ ਦਿੰਦਾ ਹੈ ? ਜੇਕਰ ਹਾਂ ਤਾਂ ਅਜਬ ਹੈ ਤੁਹਾਡਾ ਸੰਵਿਧਾਨ ਨੂੰ ਮੰਨਣ ਦਾ ਫ਼ਲਸਫ਼ਾ, ਜਿੰਨੇ ਵੀ ਗੁਨਾਹ ਕਰੋ ਫ਼ਿਰ ਅਦਾਲਤ ਵਿੱਚ ਆਕੇ ਮੁਕਰ ਜਾਉ। ਇਸ ਝੂਠ ਦੇ ਚੱਲ ਰਹੇ ਕਾਰੋਬਾਰ ਵਿੱਚ ਚੰਗੇ ਸਮਾਜ ਦੀ ਕਰਪਨਾ ਕਿਵੇਂ ਹੋ ਸਕਦੀ ਹੈ ?

ਜਦੋਂ ਮੈਂ ਅਦਾਲਤ ਵਿੱਚ ਆਪਣੇ ਕੀਤੇ ਨੂੰ ਸਵੀਕਾਰ ਕਰ ਲਿਆ ਹੈ ਅਤੇ ਉਸ ਦੇ ਬਦਲੇ ਵਿੱਚ ਮਿਲੀ ਸਜ਼ਾ ਹੱਸਦੇ ਸਵੀਕਾਰ ਕਰ ਲਈ ਫ਼ਿਰ ਅੱਗੇ ਅਪੀਲ ਕਰਨ ਜਾਂ ਫ਼ਿਰ ਰਹਿਮ ਮੰਗਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ ਹੈ। ਇਹ ਅਪੀਲ ਸਿੱਖ ਕੌਮ ਦੀ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਤੇ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਗਈ ਹੈ ਜਿਸ ਨੂੰ ਰਾਸ਼ਟਰਪਤੀ ਨੇ ਸਵੀਕਾਰ ਕੀਤਾ ਹੈ। ਚਿੱਠੀ ਵਿੱਚ ਰਾਜੋਆਣਾ ਨੇ ਸ਼੍ਰੀ ਗੁਰੂ ਨਾਨਕ ਦੇਵ ਦੀ ਦੇ 550 ਸਾਲ ਵੇਂ ਪ੍ਰਕਾਸ਼ ਦਿਹਾੜੇ ’ਤੇ ਕੇਂਦਰ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦੇ ਨੋਟੀਫ਼ਿਕੇਸ਼ਨ ਦੀ ਵੀ ਯਾਦ ਦਿਵਾਈ। ਭਾਈ ਰਾਜੋਆਣਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਪਿਛਲੇ ਦਿਨਾਂ ਵਿੱਚ ਵੀਰ ਬਾਲ ਦਿਵਸ ਮੌਕੇ ਕਿਹਾ ਸੀ ਕਿ ਸਾਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਪ੍ਰੇਰਨਾ ਮਿਲਦੀ ਹੈ । ਇਹ ਪ੍ਰੇਰਨਾ ਜ਼ੁਲਮ ਦੇ ਖਿਲਾਫ਼ ਲੜਨ ਦੀ ਹੈ ਰਹਿਮ ਦੀ ਅਪੀਲ ਦੀ ਨਹੀਂ ਹੈ। ਤੁਸੀਂ ਮੈਨੂੰ ਸਿੱਖਾਂ ਦੇ ਕਾਤਲਾਂ ਨੂੰ ਮਾਰਨ ਲਈ ਮੁਆਫ਼ੀ ਮੰਗਣ ਲਈ ਕਹਿੰਦੇ ਹੋਏ ਇਹ ਕਦੇ ਨਹੀਂ ਹੋ ਸਕਦਾ ਹੈ । ਤੁਸੀਂ ਗੱਲਾਂ ਧਰਮ ਦੀਆਂ ਕਰ ਰਹੇ ਹੋ ਪਰ ਪੁਸ਼ਤਪਨਾਹੀ ਪਾਪੀਆਂ ਦੀ ਕਰ ਰਹੇ ਹੋ,ਤੁਹਾਡੀ ਕਹਿਣੀ ਅਤੇ ਕਥਨੀ ਵਿੱਚ ਬਹੁਤ ਫ਼ਰਕ ਹੈ। ਰਾਜੋਆਣਾ ਨੇ ਕਿਹਾ ਕਿ ਤੁਸੀਂ ਪਾਰਲੀਮੈਂਟ ਵਿੱਚ ਖੜੇ ਹੋਕੇ ਔਰਤਾਂ ਦੇ ਸਨਮਾਨ ਦੀ ਗੱਲ ਕਰਦੇ ਹੋ ਪਰ ਹਕੀਕਤ ਵਿੱਚ ਦੇਸ਼ ਵਲੋਂ ਉਲੰਪਿਕ ਵਿੱਚ ਮੈਡਲ ਜੇਤੂ ਖਿਡਾਰਨਾਂ ਦੇ ਸਰੀਰਕ ਸ਼ੋਸ਼ਣ ਕਰਨ ਵਾਲਾ ਬ੍ਰਿਜ ਭੂਸ਼ਣ ਤੁਹਾਡੇ ਨਾਲ ਖੜਾ ਹੋਇਆ ਨਜ਼ਰ ਆਉਂਦਾ ਹੈ। ਤੁਸੀਂ ਸੌਦਾ ਸਾਧ ਰਾਮ ਰਹੀਮ ਨੂੰ ਹਰ ਚੋਣਾਂ ਤੋਂ ਪਹਿਲਾਂ ਪੈਰੋਲ ਦਿੰਦੇ ਹੋ। ਤੁਹਾਡੇ ਇਨਸਾਫ਼ ਦਾ ਤਰਾਜੂ ਪੱਖਪਾਤੀ ਹੈ । ਤੁਸੀਂ ਚਲਾਕੀ ਨਾਲ ਸਮਝੌਤਾ ਐਕਸਪ੍ਰੈੱਸ ਵਿੱਚ ਧਮਾਕਾ ਕਰਵਾਉਣ ਵਾਲਿਆਂ ਨੂੰ ਬਰੀ ਕੀਤਾ। ਤੁਹਾਨੂੰ ਆਪਣੇ ਅੰਦਰ ਝਾਤੀ ਮਾਰ ਕੇ ਇਨਸਾਫ਼ ਦੇ ਤਰਾਜ਼ੂ ਨੂੰ ਠੀਕ ਕਰਨ ਦੀ ਜ਼ਰੂਰਤ ਹੈ। ਤੁਸੀਂ ਪਿਛਲੇ 12 ਸਾਲ ਤੋਂ ਫ਼ੈਸਲਾ ਕਰਨ ਤੋਂ ਭੱਜ ਰਹੇ ਹੋ। ਤੁਸੀਂ ਦੇਸ਼ ਨੂੰ ਕਿਹੜੇ ਸੰਸਕਾਰ ਦੇਣਾ ਚਾਹੁੰਦੇ ਹੋ ਇਹ ਤੁਹਾਡੇ ਕਦਮਾਂ ’ਤੇ ਹੀ ਨਿਰਭਰ ਹੈ ।

***

## ਬਾਦਲ ਦਲ ਨਾਲ ਗਠਜੋੜ

ਸ਼ਰਤ ਗਠਜੋੜ ਦੇ ਮੁੜ ਬਣਨ ਦੇ ਰਾਹ ਵਿੱਚ ਵੱਡੀ ਰੁਕਾਵਟ ਹੈ। ਇਹ ਸ਼ਰਤ ਬਾਦਲ ਦਲ ਦੇ ਬਹੁਤੇ ਆਗੂ ਮੰਨਣ ਲਈ ਤਿਆਰ ਨਹੀਂ। ਭਾਜਪਾ ਵੀ ਚਾਹੁੰਦੀ ਹੈ ਕਿ ਜੇਕਰ ਅਕਾਲੀ ਦਲ ਨਾਲ ਗਠਜੋੜ ਹੋਵੇ ਤਾਂ ਸੁਖਬੀਰ ਦੀ ਥਾਂ ਕੋਈ ਹੋਰ ਪ੍ਰਧਾਨ ਹੋਵੇ।

**ਬਸਪਾ ਬਾਦਲ ਦਲ ਤੋਂ ਔਖੀ** :ਜ਼ਿਕਰਯੋਗ ਹੈ ਕਿ ਜੇਕਰ ਅਕਾਲੀ ਦਲ ਦਾ ਭਾਜਪਾ ਨਾਲ ਗਠਜੋੜ ਹੋ ਜਾਂਦਾ ਹੈ ਤਾਂ ਬਸਪਾ ਨਾਲ ਤੋੜ ਵਿਛੋੜਾ ਤੈਅ ਹੈ। ਅਕਾਲੀ ਦਲ ਦੀ ਭਾਜਪਾ ਨਾਲ ਚਲ ਰਹੀ ਅੰਦਰਖਾਤੇ ਗੱਲਬਾਤ ਤੋਂ ਬਸਪਾ ਪੰਜਾਬ ਦੀ ਲੀਡਰਸ਼ਿਪ ਵੀ ਔਖੀ ਹੈ। ਬਸਪਾ ਆਗੂਆਂ ਦੀ ਸਥਿਤੀ ਉੱਪਰ ਲਗਾਤਾਰ ਨਜ਼ਰ ਹੈ। ਬਸਪਾ ਜੇ ਅਕਾਲੀ ਦਲ ਤੋਂ ਵੱਖ ਹੋ ਜਾਂਦੀ ਹੈ ਤਾਂ ਐਸ.ਸੀ. ਵਰਗ ਨਾਲ ਸਬੰਧਿਤ ਵੋਟ ਬੈਂਕ ਦਾ ਅਕਾਲੀ ਦਲ ਨੂੰ ਵੱਡਾ ਨੁਕਸਾਨ ਹੋਵੇਗਾ। ਅਕਾਲੀ ਦਲ ਅੰਦਰ ਵੀ ਇਸ ਮਾਮਲੇ ਨੂੰ ਲੈ ਕੇ ਮਤਭੇਦ ਹਨ। ਕਈ ਪ੍ਰਮੁੱਖ ਆਗੂ ਬਸਪਾ ਨਾਲ ਗਠਜੋੜ ਕਾਇਮ ਰੱਖਣ ਅਤੇ ਭਾਜਪਾ ਤੋਂ ਦੂਰ ਰਹਿਣ ਦੇ ਹੀ ਹੱਕ ਵਿੱਚ ਹਨ ਪਰ ਬਾਦਲ ਪ੍ਰਵਾਰ ਭਾਜਪਾ ਨਾਲ ਗਠਜੋੜ ਲਈ ਕਾਹਲਾ ਹੈ।

***

## ਬਾਦਲ ਦਲ ਦੀ ਵਧੀ ਸਰਗਰਮੀ

ਦੇਸ਼ ਵਿੱਚ ਇਸ ਸਮੇਂ ਜੋ ਫ਼ਿਰਕੂ ਧਰੁਵੀਕਰਨ ਦੀ ਰਾਜਨੀਤੀ ਚੱਲ ਰਹੀ ਹੈ, ਉਸ ਨਾਲ ਘੱਟ-ਗਿਣਤੀਆਂ, ਦਲਿਤ ਅਤੇ ਹੋਰ ਕਮਜ਼ੋਰ ਵਰਗ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਜੇਕਰ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਗੱਲ ਕਰੀਏ ਤਾਂ ਇਨ੍ਹਾਂ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦਾ ਮਸਲਾ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਕੋਲ ਉਠਾਇਆ ਜਾ ਰਿਹਾ ਹੈ ਪਰ ਨਾ ਤਾਂ ਪੰਜਾਬ ਸਰਕਾਰ ਅਤੇ ਨਾ ਹੀ ਕੇਂਦਰ ਸਰਕਾਰ ਨੇ ਇਸ ਸੰਬੰਧੀ ਕੋਈ ਹਾਂ-ਪੱਖੀ ਹੁੰਗਾਰਾ ਭਰਿਆ ਹੈ। ਇਸ ਤੋਂ ਇਲਾਵਾ ਓਡੀਸ਼ਾ, ਸਿੱਕਮ ਅਤੇ ਉਤਰਾਖੰਡ ਵਿੱਚ ਕੁਝ ਸਿੱਖ ਗੁਰਧਾਮਾਂ ਦੇ ਮਸਲੇ ਵੀ ਉਲਝੇ ਹੋਏ ਹਨ।

ਪੰਜਾਬ ਸਿੱਖ ਪੰਥ ਦੀ ਜਨਮ ਭੂਮੀ ਅਤੇ ਕਰਮ ਭੂਮੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਹੋਂਦ ਵਿੱਚ ਆਉਣ ਤੋਂ ਲੈ ਹੁਣ ਤੱਕ ਪੰਜਾਬ ਦੇ ਹੱਕਾਂ ਹਿੱਤਾਂ ਲਈ ਬੇਮਿਸਾਲ ਸੰਘਰਸ਼ ਕੀਤਾ ਹੈ। ਰਾਜ ਦੀ ਕਿਸੇ ਵੀ ਹੋਰ ਸਿਆਸੀ ਪਾਰਟੀ ਨੇ ਪੰਜਾਬ ਦੇ ਹਿਤਾਂ ਲਈ ਕੋਈ ਅੰਦੋਲਨ ਨਹੀਂ ਲੜਿਆ। ਚਾਹੇ ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿੱਚ ਸ਼ਾਮਿਲ ਕਰਵਾਉਣ ਦਾ ਮੁੱਦਾ ਹੋਵੇ, ਦਰਿਆਈ ਪਾਣੀਆਂ ਸੰਬੰਧੀ ਇਨਸਾਫ਼ ਹਾਸਿਲ ਕਰਨ ਦੀ ਗੱਲ ਹੋਵੇ ਜਾਂ ਪੰਜਾਬ ਦੇ ਵਿਕਾਸ ਦੀ ਗੱਲ ਹੋਵੇ ਹਮੇਸ਼ਾ ਅਕਾਲੀ ਦਲ ਨੇ ਅੱਗੇ ਹੋ ਕੇ ਰੋਲ ਨਿਭਾਇਆ ਹੈ। ਬਿਨਾਂ ਸ਼ੱਕ ਇਸ ਸਮੇਂ ਦੌਰਾਨ ਅਕਾਲੀ ਦਲ ਦੀ ਲੀਡਰਸ਼ਿਪ ਨੇ ਕੁਝ ਵੱਡੀਆਂ ਗ਼ਲਤੀਆਂ ਵੀ ਕੀਤੀਆਂ ਹਨ। ਅਕਾਲੀ ਦਲ ਦੀਆਂ ਰਾਜਨੀਤਕ, ਆਰਥਿਕ ਅਤੇ ਧਾਰਮਿਕ ਨੀਤੀਆਂ ਤੇ ਇਨ੍ਹਾਂ ਖ਼ੇਤਰਾਂ ਵਿੱਚ ਕਾਰਗੁਜ਼ਾਰੀ ਸੰਬੰਧੀ ਵੀ ਲੋਕਾਂ ਦੇ ਵੱਖ-ਵੱਖ ਵਰਗਾਂ ਦੀ ਆਪਣੀ-ਆਪਣੀ ਰਾਇ ਹੋ ਸਕਦੀ ਹੈ ਪਰ ਇਸ ਗੱਲ ਸੰਬੰਧੀ ਪੰਜਾਬ ਪੱਖੀ ਕੁਝ ਬੁੱਧੀਜੀਵੀਆਂ ਦੀ ਰਾਇ ਹੈ ਕਿ ਅਕਾਲੀ ਦਲ ਨੇ ਪੰਜਾਬ ਲਈ ਸਭ ਤੋਂ ਵੱਧ ਸੰਘਰਸ਼ ਕੀਤੇ ਹਨ ਅਤੇ ਪੰਜਾਬ ਦੇ ਵਿਕਾਸ ਵਿੱਚ ਵੀ ਸਭ ਤੋਂ ਵੱਧ ਹਿੱਸਾ ਪਾਇਆ। ਜਿਥੋਂ ਤੱਕ 2015 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਬੇਅਦਬੀ ਦੀਆਂ ਘਟਨਾਵਾਂ ਦਾ ਸੰਬੰਧ ਹੈ, ਬਿਨਾਂ ਸ਼ੱਕ ਇਸ ਦੇ ਪਿੱਛੇ ਕੰਮ ਕਰ ਰਹੀਆਂ ਸ਼ਕਤੀਆਂ ਅਤੇ ਸਾਜਿਸ਼ਾਂ ਨੂੰ ਉਸ ਸਮੇਂ ਦੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਸਿਰ ਸਮਝਣ ਵਿੱਚ ਅਸਫ਼ਲ ਰਹੀ। ਉਹ ਸਮੇਂ ਸਿਰ ਦੋਸ਼ੀਆਂ ਦੀ ਸ਼ਨਾਖ਼ਤ ਕਰਕੇ ਉਨ੍ਹਾਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਖੜ੍ਹਾ ਵੀ ਨਹੀਂ ਸੀ ਕਰ ਸਕੀ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਸੀ ਉਸ ਸਮੇਂ ਦੇ ਪੁਲਿਸ ਅਧਿਕਾਰੀ ਜਾਂਚ ਨੂੰ ਸਹੀ ਦਿਸ਼ਾ ਵਿੱਚ ਲੈ ਕੇ ਨਹੀਂ ਜਾ ਸਕੇ ਜਾਂ ਵੋਟ ਬੈਂਕ ਰਾਜਨੀਤੀ ਦੇ ਪ੍ਰਭਾਵ ਅਧੀਨ ਵੀ ਅਕਾਲੀ ਸਰਕਾਰ ਦੀ ਇਸ ਸੰਬੰਧੀ ਕਾਰਵਾਈ ਕਮਜ਼ੋਰ ਰਹੀ ਹੋ ਸਕਦੀ ਹੈ। ਪਰ ਜਿਸ ਤਰ੍ਹਾਂ ਕਿ ਵਿਰੋਧੀ ਸਿਆਸੀ ਪਾਰਟੀਆਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ’ਤੇ ਇਹ ਦੋਸ਼ ਲਾਉਂਦੀਆਂ ਰਹੀਆਂ ਹਨ ਕਿ ਬੇਅਦਬੀ ਦੀਆਂ ਘਟਨਾਵਾਂ ਕਰਵਾਉਣ ਪਿੱਛੇ ਸ਼੍ਰੋਮਣੀ ਅਕਾਲੀ ਦਲ ਦਾ ਹੱਥ ਹੈ, ਇਨ੍ਹਾਂ ਦੋਸ਼ਾਂ ਨੂੰ ਸਹੀ ਨਹੀਂ ਮੰਨਿਆ ਜਾ ਸਕਦਾ।ਹਾਂ ਉਨ੍ਹਾਂ ਦੀ ਰਾਜਨੀਤਕ ਕਮਜ਼ੋਰੀ ਕਹੀ ਜਾ ਸਕਦੀ ਹੈ।ਬਾਕੀ ਇਹ ਕੇਸ ਹੁਣ ਅਦਾਲਤ ਵਿੱਚ ਹੈ, ਇਸ ਸੰਬੰਧੀ ਅੰਤਿਮ ਫ਼ੈਸਲਾ ਉਥੋਂ ਆ ਹੀ ਜਾਵੇਗਾ। ਬਿਨਾਂ ਸ਼ੱਕ ਪਹਿਲਾਂ ਕਾਂਗਰਸ ਅਤੇ ਬਾਅਦ ਵਿੱਚ ਆਮ ਆਦਮੀ ਪਾਰਟੀ ਨੇ ਅਜਿਹੀ ਦੂਸ਼ਣਬਾਜ਼ੀ ਕਰਕੇ ਚੋਖਾ ਸਿਆਸੀ ਲਾਭ ਹਾਸਿਲ ਕੀਤਾ ਹੈ।

ਹੁਣ ਜਦੋਂ ਕਿ ਲੋਕ 2017 ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ, ਉਸ ਤੋਂ ਬਾਅਦ ਕੁਝ ਮਹੀਨਿਆਂ ਲਈ ਚਰਨਜੀਤ ਸਿੰਘ ਚੰਨੀ ਦਾ ਅਤੇ 2022 ਦੀਆਂ ਚੋਣਾਂ ਤੋਂ ਬਾਅਦ ਲਗਭਗ 2 ਸਾਲ ਤੱਕ ਦਾ ਮੁੱਖ ਮੰਤਰੀ ਭਗਵੰਤ ਮਾਨ ਦਾ ਰਾਜਕਾਜ ਅਤੇ ਕਾਰਜਸ਼ੈਲੀ ਦੇਖ ਚੁੱਕੇ ਹਨ, ਤਾਂ ਰਾਜ ਦੇ ਲੋਕਾਂ ਦੇ ਇੱਕ ਵੱਡੇ ਹਿੱਸੇ ਵਿੱਚ ਇਹ ਅਹਿਸਾਸ ਮੁੜ ਪਨਪਣ ਲੱਗਾ ਹੈ ਕਿ ਪੰਥ ਅਤੇ ਪੰਜਾਬ ਦੇ ਹੱਕਾਂ-ਹਿਤਾਂ ਦੀ ਰਾਖੀ ਲਈ ਸ਼੍ਰੋਮਣੀ ਅਕਾਲੀ ਦਾ ਪ੍ਰਸੰਗਿਕ ਅਤੇ ਮਜ਼ਬੂਤ ਹੋਣਾ ਬੇਹੱਦ ਜ਼ਰੂਰੀ ਹੈ। ਆਪ ਸਰਕਾਰ ਦੀ ਦੋ ਸਾਲਾਂ ਦੀ ਕਾਰਗੁਜ਼ਾਰੀ ਨੇ ਵੀ ਪੰਜਾਬੀਆਂ ਨੂੰ ਨਿਰਾਸ਼ ਹੀ ਕੀਤਾ ਹੈ। ਇਸ ਸਰਕਾਰ ਨੇ ਸਿੱਖਿਆ, ਸਿਹਤ ਸੇਵਾਵਾਂ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਨ ਸੰਬੰਧੀ ਆਪਣੀਆਂ ਤਰਜੀਹਾਂ ਦਾ ਪ੍ਰਚਾਰ ਤਾਂ ਦਿਨ-ਰਾਤ ਕੀਤਾ ਹੈ ਪਰ ਇਸ ਸੰਬੰਧੀ ਠੋਸ ਪ੍ਰਾਪਤੀਆਂ ਕਰਨ ਵਿੱਚ ਇਹ ਅਸਫ਼ਲ ਰਹੀ ਹੈ। ਇਸੇ ਤਰ੍ਹਾਂ ਰਾਜ ਵਿੱਚ ਅਮਨ ਕਾਨੂੰਨ ਦੀ ਹਾਲਤ ਨੂੰ ਸੁਧਾਰਨ ਵਿੱਚ ਵੀ ਉਸ ਦੀ ਕਾਰਵਾਈ ਪ੍ਰਭਾਵਸ਼ਾਲੀ ਸਿੱਧ ਨਹੀਂ ਹੋ ਸਕੀ। ਦੇਸ਼ ਭਰ ਵਿੱਚ ਪਾਰਟੀ ਦੇ ਪ੍ਰਚਾਰ ਲਈ ਪੰਜਾਬ ਦੇ ਵਿੱਤੀ ਸਾਧਨਾਂ ਦੀ ਦਿਨ-ਰਾਤ ਦੁਰਵਰਤੋਂ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਪੰਜਾਬ ਦੇ ਬੁਨਿਆਦੀ ਮਸਲਿਆਂ ਚੰਡੀਗੜ੍ਹ, ਦਰਿਆਈ ਪਾਣੀਆਂ ਅਤੇ ਭਾਖੜਾ ਮੈਨੇਜਮੈਂਟ ਬੋਰਡ ਵਿਚ ਪੰਜਾਬ ਦੀ ਨੁਮਾਇੰਦਗੀ ਮੁੜ ਬਹਾਲ ਕਰਵਾਉਣ ਆਦਿ ਸੰਬੰਧੀ ਵੀ ਇਸ ਸਰਕਾਰ ਦੀ ਪ੍ਰਤੀਬੱਧਤਾ ਦੇਖਣ ਨੂੰ ਨਹੀਂ ਮਿਲ ਰਹੀ। ਸਗੋਂ ਇਸ ਸਰਕਾਰ ਦੇ ਕੁਝ ਆਗੂ ਤਾਂ ਹਰਿਆਣਾ ਅਤੇ ਰਾਜਸਥਾਨ ਨੂੰ ਪਾਣੀ ਦੇਣ ਦੀ ਸ਼ਰ੍ਹੇਆਮ ਵਕਾਲਤ ਕਰ ਰਹੇ ਹਨ।

ਜੇਕਰ ਦੇਸ਼ ਦੀ ਅਜੋਕੀ ਰਾਜਨੀਤਕ ਸਥਿਤੀ ਨੂੰ ਵੀ ਦੇਖੀਏ ਤਾਂ ਉਸ ਵਿੱਚ ਵੀ ਪੰਥ ਅਤੇ ਪੰਜਾਬ ਦੇ ਹਿਤਾਂ ਦੀ ਪਹਿਰੇਦਾਰੀ ਕਰਨ ਅਤੇ ਕੌਮੀ ਪੱਧਰ ’ਤੇ ਸਿੱਖ ਪੰਥ ਦੀ ਢੁਕਵੀਂ ਨੁਮਾਇੰਦਗੀ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਇਕਮੁੱਠ ਹੋਣ ਦੀ ਜ਼ਰੂਰਤ ਹੈ। ਪੰਥਕ ਮਾਹਿਰਾਂ ਦੀ ਰਾਇ ਹੈ ਕਿ ਇਸ ਮਕਸਦ ਲਈ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਏਕਤਾ ਕਰਨ ਦੀ ਵੀ ਲੋੜ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਕਾਰਜਸ਼ੈਲੀ ਵਿੱਚ ਜਮਹੂਰੀਅਤ ਅਤੇ ਪਾਰਦਰਸ਼ਤਾ ਲਿਆਉਣ ਦੀ ਵੀ ਬੇਹੱਦ ਜ਼ਰੂਰਤ ਹੈ। ਜੇਕਰ ਸ਼੍ਰੋਮਣੀ ਅਕਾਲੀ ਦਲ ਦੀ ਅਜੋਕੀ ਲੀਡਰਸ਼ਿਪ ਪੰਥ ਤੇ ਪੰਜਾਬ ਦੇ ਹਿਤਾਂ ਦੀ ਰਾਖੀ ਲਈ ਢੁੱਕਵਾਂ ਏਜੰਡਾ ਲੈ ਕੇ ਅੱਗੇ ਆਉਂਦੀ ਹੈ, ਪਾਰਟੀ ਸੰਬੰਧੀ ਅਹਿਮ ਫ਼ੈਸਲੇ ਸਮੂਹਿਕ ਵਿਚਾਰ-ਵਟਾਂਦਰੇ ਨਾਲ ਲੈਂਦੀ ਹੈ, ਹੇਠਾਂ ਤੱਕ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਦਾ ਮਾਣ-ਸਨਮਾਨ ਬਹਾਲ ਕਰਦੀ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਇੱਕ ਵਾਰ ਫ਼ਿਰ ਮਜ਼ਬੂਤੀ ਨਾਲ ਖੜ੍ਹਾ ਹੋ ਸਕਦਾ ਹੈ।

***

## ਪੰਜਾਬ ਵਿੱਚ ਨਸ਼ਾ ਪੀੜ੍ਹਤਾਂ ਦੀ

ਹਰ ਸਿਆਸੀ ਪਾਰਟੀ ਨਸ਼ਿਆਂ ਦਾ ਮੁੱਦਾ ਚੁੱਕ ਰਹੀ ਹੈ ਪਰ ਸੂਬੇ ਅੰਦਰ ਚਿੱਟੇ ਦੇ ਨਸ਼ੇ ਦੀ ਖਪਤ ਵਧਣ ਦੀ ਸੱਤਾਧਾਰੀ ਧਿਰ ਸਮੇਤ ਕਿਸੇ ਵੀ ਰਾਜਸੀ ਪਾਰਟੀ ਨੂੰ ਕੋਈ ਚਿੰਤਾ ਨਹੀਂ ਜਾਪਦੀ। ਚੋਣਾਂ ਨੇੜੇ ਵੇਖਦਿਆਂ ਪੰਜਾਬ ਦੀ ਸਿਆਸਤ ਗਰਮਾਈ ਗਈ ਹੈ ਅਤੇ ਤਾਜ਼ਾ ਹਾਲਾਤ ਵਿੱਚ ਪੰਜਾਬ ਪੁਲਿਸ ਵੱਲੋਂ ਵੱਡੇ ਵੱਡੇ ਮਗਰਮੱਛ ਫੜਨ ਦੇ ਦਾਅਵੇ ਪੇਸ਼ ਕੀਤੇ ਜਾ ਰਹੇ ਹਨ। ਉਕਤ ਹਾਲਾਤ ਦੇ ਚਲਦਿਆਂ ਮਾਪੇ ਜਿੱਥੇ ਆਪਣੇ ਬੱਚਿਆਂ ਦੀ ਜ਼ਿੰਦਗੀ ਲਈ ਅਰਦਾਸਾਂ ਕਰ ਰਹੇ ਹਨ, ਉੱਥੇ ਉਨ੍ਹਾਂ ਦੀ ਉਕਤ ਕਾਰਨਾਂ ਦੇ ਚਲਦਿਆਂ ਆਰਥਿਕਤਾ ਵੀ ਲੜਖੜਾ ਗਈ ਹੈ। ਰੁਜ਼ਗਾਰ ਦੇ ਵਸੀਲਿਆਂ ਦੀ ਘਾਟ ਅਤੇ ਨਸ਼ਿਆਂ ਦੇ ਡਰ ਦੇ ਸਤਾਏ ਮਾਪੇ ਆਪਣੀਆਂ ਜ਼ਮੀਨਾਂ ਵੇਚ ਕੇ ਆਪਣੇ ਪੁੱਤਰਾਂ ਨੂੰ ਵਿਦੇਸ਼ਾਂ ਵਿੱਚ ਗੋਰਿਆਂ ਦੀ ਚਾਕਰੀ ਲਈ ਭੇਜਣ ਲਈ ਮਜਬੂਰ ਹਨ। ਜਾਣਕਾਰੀ ਅਨੁਸਾਰ ਪੰਜਾਬ ਅੰਦਰ ਪਿਛਲੇ ਸਮੇਂ ਉਕਤ ਕੇਂਦਰਾਂ ਵਿੱਚ 7.4 ਲੱਖ ਨਸ਼ਾ ਪੀੜ੍ਹਤ ਇਲਾਜ਼ ਲਈ ਰਜਿਸਟਰਡ ਸਨ, ਜਿਸ ਦੀ ਗਿਣਤੀ ਵੱਧ ਕੇ ਹੁਣ 9.50 ਲੱਖ ’ਤੇ ਅੱਪੜ ਗਈ ਹੈ। ਇਹ ਅੰਕੜੇ ਹੈਰਾਨੀਜਨਕ ਹਨ ਕਿਉਂ ਜੋ ਹਰ ਸਾਲ 20 ਹਜ਼ਾਰ ਤੋਂ ਵੱਧ ਨਸ਼ਾ ਪੀੜ੍ਹਤ ਕੇਂਦਰਾਂ ’ਚ ਇਲਾਜ ਲਈ ਪੁੱਜੇ ਹਨ। ਪ੍ਰਾਪਤ ਅੰਕੜਿਆਂ ਅਨੁਸਾਰ 2 ਲੱਖ 77 ਹਜ਼ਾਰ ਦੇ ਕਰੀਬ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਅਤੇ 6.50 ਲੱਖ ਤੋਂ ਵੱਧ ਨਿੱਜੀ ਕੇਂਦਰਾਂ ਵਿੱਚ ਇਲਾਜ ਕਰਵਾਏ ਜਾਣ ਦਾ ਪਤਾ ਲੱਗਿਆ ਹੈ। ਸੂਤਰਾਂ ਦਾ ਤਾਂ ਇਹ ਵੀ ਕਹਿਣਾ ਹੈ ਕਿ ਪੰਜਾਬ ਵਿੱਚ ਹਰ ਸਾਲ 6500 ਕਰੋੜ ਦੀ ਹੈਰੋਇਨ ਅਤੇ 7500 ਕਰੋੜ ਦੇ ਓਪੀਓਇਡਜ਼ ਦੀ ਖਪਤ ਹੈ । ਇਹ ਵੀ ਕਿ ਨਸ਼ਾ ਛਡਾਉਣ ਲਈ ਨਸ਼ੇ ਦੀ ਕਾਟ ਲਈ ਹਸਪਤਾਲਾਂ ਵਿਚੋਂ ਦਿੱਤੀ ਜਾਂਦੀ ਬਿਊਪ੍ਰੇਨੋਰਫਿਨ ਗੋਲੀ ਨੂੰ ਲੈਣ ਲਈ ਹਸਪਤਾਲਾਂ ਅੰਦਰ ਨਸ਼ੇੜੀਆਂ ਦੀਆਂ ਲੰਬੀਆਂ ਕਤਾਰਾਂ ਲੱਗਦੀਆਂ ਹਨ। ਇਹ ਵੀ ਕਿ ਨਸ਼ੇ ਦੀ ਤਲਬ ਦੇ ਚਲਦਿਆਂ ਨਸ਼ੇੜੀਆਂ ਨੂੰ ਇਹ ਗੋਲੀ 100-100 ਰੁਪਏ ਵਿੱਚ ਵੀ ਖ਼ਰੀਦਣੀ ਪੈਂਦੀ ਹੈ। ਇਥੇ ਜ਼ਿਕਰਯੋਗ ਹੈ ਕਿ ਪੰਜਾਬ ਪੁਲਿਸ ਨੇ ਸਾਲ 2023 ਵਿੱਚ ਹੁਣ ਤੱਕ ਦੀ ਸਭ ਤੋਂ ਵੱਧ 1161 ਕਿੱਲੋਗਰਾਮ ਹੈਰੋਇਨ, 795 ਕਿੱਲੋਗਰਾਮ ਅਫ਼ੀਮ, 403 ਕੁਇੰਟਲ ਭੁੱਕੀ ਅਤੇ ਫਾਰਮਾ ਓਪੀਓਡਜ ਦੀਆਂ 83.17 ਲੱਖ ਗੋਲੀਆਂ ਆਦਿ ਦੇ ਨਾਲ ਨਾਲ ਨਸ਼ਾ ਤਸਕਰਾਂ ਕੋਲੋਂ 13 ਕਰੋੜ ਤੋਂ ਵੱਧ ਡਰੱਗ ਮਨੀ ਵੀ ਬਰਾਮਦ ਕੀਤੀ ਸੀ। ਸਾਲ 2023 ਵਿੱਚ ਪੰਜਾਬ ਪੁਲਿਸ ਨੇ 10,786 ਮੁਕੱਦਮੇ ਦਰਜ ਕਰ ਕੇ 14,951 ਨਸ਼ਾ ਤਸਕਰਾਂ ਸਪਲਾਇਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਬੀਤੇ ਸਾਲ ਨਸ਼ਾ ਤਸਕਰਾਂ ਦੀਆਂ 127 ਕਰੋੜ ਰੁਪਏ ਦੀਆਂ 294 ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਸਨ।

***

## ਮਾਰਸ਼ਲ ਆਰਟ ’ਤੇ ਬਣੀ ਫ਼ਿਲਮ ‘ਜੱਟਾ ਡੋਲੀਂ ਨਾ’

ਨਾਇਕਾ ਪ੍ਰਭ ਗਰੇਵਾਲ ਮੁਤਾਬਿਕ ਇਸ ਫ਼ਿਲਮ ’ਚ ਦਰਸ਼ਕ ਉਸ ਨੂੰ ਇੱਕ ਵੱਖਰੇ ਹੀ ਅੰਦਾਜ਼ ’ਚ ਦੇਖਣਗੇ। ਇਹ ਫ਼ਿਲਮ ਉਸ ਦੇ ਫ਼ਿਲਮੀ ਕਰੀਅਰ ਲਈ ਬੇਹੱਦ ਅਹਿਮ ਹੈ। ਇਸ ਫ਼ਿਲਮ ਤੋਂ ਉਸ ਨੂੰ ਵੱਡੀਆਂ ਉਮੀਦਾਂ ਹਨ। ਫ਼ਿਲਮ ਦੀ ਟੀਮ ਮੁਤਾਬਿਕ ਫ਼ਿਲਮ ਦਾ ਮਿਊਜ਼ਿਕ ਵੀ ਦਰਸ਼ਕਾਂ ਨੂੰ ਪਸੰਦ ਆ ਰਿਹਾ ਹੈ। ਫ਼ਿਲਮ ਦੇ ਗੀਤ ਮਾਹੀ, ਵਿਸ਼ਾਲ ਸੱਚਦੇਵਾ, ਬਲਜੀਤ ਬੱਬਰ ਅਤੇ ਕੰਨਵ ਨੇ ਲਿਖੇ ਹਨ ਜਿੰਨ੍ਹਾਂ ਨੂੰ ਆਵਾਜ਼ਾਂ ਦਲੇਰ ਮਹਿੰਦੀ, ਸ਼ਿਪਰਾ ਗੋਇਲ, ਰੌਸ਼ਨ ਪ੍ਰਿੰਸ, ਨਛੱਤਰ ਗਿੱਲ, ਜੇ. ਐੱਸ. ਐੱਲ. ਅਤੇ ਫ਼ਿਰੋਜ ਖ਼ਾਨ ਨੇ ਦਿੱਤੀਆਂ ਹਨ। ਫ਼ਿਲਮ ਦਾ ਸੰਗੀਤ ਗੁਰਪ੍ਰੀਤ BMP ਨੇ ਤਿਆਰ ਕੀਤਾ ਹੈ। ਪੰਜਾਬੀ ਸਿਨਮਾ ਨੂੰ ਚਾਰ ਚੰਨ ਲਾਉਣ ਜਾ ਰਹੀ ਇਸ ਫ਼ਿਲਮ ਨੂੰ ਸੋਸ਼ਲ ਮੀਡੀਆ ’ਤੇ ਮਿਲ ਰਿਹਾ ਹੁੰਗਾਰਾ ਦੱਸਦਾ ਹੈ ਕਿ ਇਹ ਫ਼ਿਲਮ ਦਰਸ਼ਕਾਂ ਨੂੰ ਪਸੰਦ ਆਵੇਗੀ।

***

## ਫ਼ਸਲਾਂ ਦੀ ਮਹਿਕ ਖਿਲਾਰਦੇ

ਨਰਿੰਦਰ ਬੀਬਾ ਵੱਲੋਂ ਗਾਈਆਂ ਲੋਕ ਬੋਲੀਆਂ ’ਚ ਇੱਕ ਬੋਲੀ ਇਸ ਤਰ੍ਹਾਂ ਹੈ :

ਆ ਗਿਆ ਵੈਸਾਖ,ਚੇਤ ਗਿਆ ਲੰਘ ਵੇ।
ਕਣਕਾਂ ਦਾ ਹੋ ਗਿਆ ਸੁਨਹਿਰੀ ਰੰਗ ਵੇ।
ਬਾਗਾਂ ਉੱਤੇ ਰੰਗ ਫ਼ੇਰਿਆ ਬਹਾਰ ਨੇ।
ਬੇਰੀਆਂ ਲੁਫ਼ਾਈਆਂ ਟਹਿਣੀਆਂ ਦੇ ਭਾਰ ਨੇ।

ਹਮੇਸ਼ਾ ਖ਼ੁਸ਼ੀ ’ਚ ਝੂਮਦੀਆਂ ਰਹਿਣ ਫ਼ਸਲਾਂ ਦੁਨੀਆਂ ਦੇ ਕਿਸੇ ਵੀ ਖੇਤਰ ਦੀ ਪਛਾਣ ਉਸ ਦੇ ਸੱਭਿਆਚਾਰਕ ਪਿਛੋਕੜ ਤੋਂ ਹੁੰਦੀ ਹੈ। ਪੰਜਾਬ ਰੁੱਤਾਂ, ਤਿਉਹਾਰਾਂ ਤੇ ਮੇਲਿਆਂ ਦਾ ਦੇਸ਼ ਹੈ। ਪੰਜਾਬ ਦੀ ਧਰਤੀ ਲੋਕ ਗੀਤਾਂ ਦੀ ਧਰਤੀ ਹੈ। ਖੇਤੀ ਅਤੇ ਫ਼ਸਲਾਂ ’ਤੇ ਹੋਰ ਵੀ ਬਹੁਤ ਸਾਰੇ ਨਿੱਗਰ ਤੇ ਮਿਆਰੀ ਸੋਚ ਦੇ ਮਾਲਕ ਕਲਮਾਂ ਦੇ ਧਨੀ ਗੀਤਕਾਰਾਂ ਦੇ ਲਿਖੇ ਗੀਤਾਂ ਨੂੰ ਗਾਇਕਾਂ ਤੇ ਗਾਇਕਾਵਾਂ ਨੇ ਆਪਣੀ ਬੁਲੰਦ ਆਵਾਜ਼ ’ਚ ਰਿਕਾਰਡ ਗੀਤ ਸੰਗੀਤ ਜਗਤ ਨੂੰ ਦਿੱਤੇ ਹਨ। ਲੋਕ ਗੀਤਾਂ ਦਾ ਸ਼ਿੰਗਾਰ ਖੇਤੀ ਫ਼ਸਲਾਂ ਖੇਤਾਂ ’ਚ ਖ਼ੁਸ਼ੀ ’ਚ ਝੂਮਦੀਆਂ ਰਹਿਣ। ਲੋਕ ਮਨਾਂ ਅੰਦਰ ਖ਼ੁਸ਼ੀ ਵਾਲੀ ਸਤਰੰਗੀ ਪੀਂਘ ਸਦਾ ਹੀ ਚੜ੍ਹੀ ਰਹੇ।

***

## ਪੰਜਾਬ ਕਾਂਗਰਸ ਵਿੱਚ ਅੰਦਰੂਨੀ ਫ਼ੁੱਟ

ਸਾਬਕਾ ਕਾਂਗਰਸੀ ਵਿਧਾਇਕਾਂ ਨੇ ਹਾਜ਼ਰੀ ਭਰੀ ਸੀ, ਉੱਥੇ ਪੰਜਾਬ ਕਾਂਗਰਸ ’ਚ ਨਵੀਂ ਨੌਜਵਾਨ ਲੀਡਰਸ਼ਿਪ ਉੱਭਰਨ ਦੇ ਵੀ ਸੰਕੇਤ ਖੜ੍ਹੇ ਹੋ ਗਏ ਹਨ। ਪਿਛਲੇ ਦਿਨੀਂ ਪੰਜਾਬ ਦੇ ਕੁਝ ਸੀਨੀਅਰ ਕਾਂਗਰਸੀ ਆਗੂਆਂ ਵੱਲੋਂ ਸਿੱਧੂ ਦੀ ਕਾਂਗਰਸ ਹਾਈਕਮਾਨ ਕੋਲ ਅਸਿੱਧੇ ਤੌਰ ’ਤੇ ਕੀਤੀ ਗਈ ਮੁਖ਼ਾਲਫ਼ਤ ਬਾਅਦ ਸਿੱਧੂ ਠੰਢੇ ਪੈਣ ਦੀ ਬਜਾਏ ਹੋਰ ਗਰਮਜੋਸ਼ੀ ਨਾਲ ਅੱਗੇ ਵਧ ਰਹੇ ਹਨ, ਜਿਸ ਤੋਂ ਅੰਦਾਜ਼ੇ ਲਗਾਏ ਜਾ ਰਹੇ ਹਨ ਕਿ ਉਨ੍ਹਾਂ ਨੂੰ ਅੰਦਰੂਨੀ ਤੌਰ ’ਤੇ ਕਿਤੇ ਨਾ ਕਿਤੇ ਹਾਈਕਮਾਨ ਦਾ ਥਾਪੜਾ ਪ੍ਰਾਪਤ ਹੈ। ਜਦਕਿ ਸਿੱਧੂ ਦੀ ਗਾਂਧੀ ਪਰਿਵਾਰ ’ਚੋਂ ਪ੍ਰਿਅੰਕਾ ਗਾਂਧੀ ਨਾਲ ਨੇੜਤਾ ਕੋਈ ਲੁਕੀ-ਛੁਪੀ ਨਹੀਂ ਹੈ। ਦੂਜੇ ਪਾਸੇ ਬਦਲਾਅ ਦਾ ਝੂਠਾ ਨਾਅਰਾ ਦੇ ਕੇ ਪੰਜਾਬ ਦੀ ਸੱਤਾ ’ਤੇ ਕਾਬਜ਼ ਹੋਈ ‘ਆਪ’ ਸਰਕਾਰ ਤੋਂ ਮਹਿਜ਼ ਦੋ ਕੁ ਸਾਲਾਂ ਦੇ ਵਕਫ਼ੇ ਦੌਰਾਨ ਪੂਰੀ ਤਰ੍ਹਾਂ ਅੱਕ ਚੁੱਕੇ ਲੋਕ ਵਿਰੋਧੀ ਧਿਰ ਕਾਂਗਰਸ ਤੋਂ ਆਪਣੀ ਆਵਾਜ਼ ਉਠਾਉਣ ਦੀ ਆਸ ਰੱਖਦੇ ਹਨ ਪਰ ਕਾਂਗਰਸ ’ਤੇ ਵਿਰੋਧੀ ਭੂਮਿਕਾ ਨਿਭਾਉਣ ਦੀ ਬਜਾਏ ਸੂਬਾ ਸਰਕਾਰ ਨਾਲ ਦੋਸਤਾਨਾ ਮੈਚ ਖੇਡਣ ਦੇ ਦੋਸ਼ ਮੜ੍ਹੇ ਜਾ ਰਹੇ ਹਨ। ਇਸ ਸਾਰੇ ਘਟਨਾਕ੍ਰਮ ਦੌਰਾਨ ਸਿੱਧੂ ਵੱਲੋਂ ਪੰਜਾਬ ਸਰਕਾਰ ਖ਼ਾਸਕਰ ਮੁੱਖ ਮੰਤਰੀ ਭਗਵੰਤ ਮਾਨ ਨੂੰ ਲਗਾਏ ਜਾ ਰਹੇ ਸਿਆਸੀ ਰਗੜੇ ਸਿੱਧੂ ਦੀ ਲੋਕਾਂ ’ਚ ਖਿੱਚ ਦਾ ਕੇਂਦਰ ਬਣ ਰਹੇ ਹਨ, ਜਿਸ ਦੇ ਚਲਦਿਆਂ ਉਨ੍ਹਾਂ ‘ਜਿੱਤੇਗਾ ਪੰਜਾਬ’ ਦੇ ਬੈਨਰ ਹੇਠ ਲੋਕਾਂ ਦੀ ਆਵਾਜ਼ ਬਣਨ ਦਾ ਤਹੱਈਆ ਕੀਤਾ ਹੈ ਪਰ ਹੁਣ ਦੇਖਣਾ ਹੋਵੇਗਾ ਕਿ ਸਿੱਧੂ ਵੱਲੋਂ ਪੰਜਾਬ ਦੇ ਹੱਕ ’ਚ ਵਧਾਏ ਜਾ ਰਹੇ ਕਦਮਾਂ ਦਾ ਲਾਹਾ ਕਾਂਗਰਸ ਪਾਰਟੀ ਨੂੰ ਮਿਲਦਾ ਹੈ ਜਾਂ ਨਹੀਂ।

## ਰੁਜ਼ਗਾਰ ਦਾ ਪ੍ਰਬੰਧ ਕਰਕੇ

ਅਤੇ ਪੰਜਾਬ ਦੀਆਂ ਸਰਕਾਰੀ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਇਸ ਪੱਧਰ ਦਾ ਬਣਾਇਆ ਜਾਵੇ ਕਿ ਆਪਣੇ ਵਿਦਿਆਰਥੀ ਵੀ ਬਾਹਰ ਨਾ ਜਾਣ ਅਤੇ ਵਿਦੇਸ਼ਾਂ ਤੋਂ ਆ ਕੇ ਵਿਦਿਆਰਥੀ ਇੱਥੇ ਪੜ੍ਹਨ। ਵਿਕਸਿਤ ਦੇਸ਼ਾਂ ਵਿੱਚ ਮਿਲਣ ਵਾਲੀ ਸਮਾਜਿਕ ਸੁਰੱਖਿਆ ਜਿਵੇਂ ਪੈਨਸ਼ਨ, +2 ਤੱਕ ਮੁਫ਼ਤ ਵਿੱਦਿਆ, ਵਧੀਆ ਅਤੇ ਮੁਫ਼ਤ ਇਲਾਜ ਪੰਜਾਬੀ ਪ੍ਰਵਾਸੀਆਂ ਲਈ ਆਕਰਸ਼ਿਤ ਦੀਆਂ ਮੱਦਾਂ ਹਨ। ਉਹੋ ਜਿਹੀ ਸਮਾਜਿਕ ਸੁਰੱਖਿਆ ਵਧਾਉਣ ਵੱਲ ਵਧਣਾ ਚਾਹੀਦਾ ਹੈ। ਉਨ੍ਹਾਂ ਦੇਸ਼ਾਂ ਵਿਚ ਜਾ ਕੇ ਰਹਿਣ ਵਾਲੇ ਪ੍ਰਵਾਸੀਆਂ ਲਈ ਵੀ ਪੂਰੇ ਮਨੁੱਖੀ ਅਧਿਕਾਰ ਹਨ, ਜਿਨ੍ਹਾਂ ਨੂੰ ਪ੍ਰਾਪਤ ਕਰਨ ਲੱਗਿਆਂ ਉਹ ਭਾਰਤ ਵਿਚ ਮੁਸ਼ਕਿਲ ਮਹਿਸੂਸ ਕਰਦੇ ਹਨ, ਉਸ ਤਰ੍ਹਾਂ ਦੇ ਮਨੁੱਖੀ ਅਧਿਕਾਰ ਕਿਸੇ ਖ਼ਰਚ ਤੋਂ ਬਗ਼ੈਰ ਅਤੇ ਥੋੜ੍ਹੇ ਸਮੇਂ ਵਿੱਚ ਹਰ ਇੱਕ ਨੂੰ ਮਿਲਣ ਨਾਲ ਵਿਦੇਸ਼ਾਂ ਦੀ ਉਹ ਖਿੱਚ ਘਟ ਜਾਵੇਗੀ, ਜਿਹੜੀ ਅੱਜ ਕੱਲ੍ਹ ਨਾ ਸਿਰਫ਼ ਨੌਜਵਾਨਾਂ, ਸਗੋਂ ਬਜ਼ੁਰਗਾਂ ਨੂੰ ਵੀ ਆਕਰਸ਼ਿਤ ਕਰਦੀ ਹੈ।

ਸਿਰਫ਼ ਸਟੇਜਾਂ 'ਤੇ ਭਾਸ਼ਨ ਕਰਨ ਨਾਲ ਜਾਂ ਅਪੀਲਾਂ ਕਰਨ ਨਾਲ ਪੰਜਾਬ ਤੋਂ ਹੋਣ ਵਾਲਾ ਪ੍ਰਵਾਸ ਖ਼ਾਸ ਕਰਕੇ ਵਿਦਿਆਰਥੀਆਂ ਦਾ ਪ੍ਰਵਾਸ ਨਹੀਂ ਰੁਕ ਸਕਦਾ, ਉਹ ਪ੍ਰਵਾਸ ਤਾਂ ਹੀ ਰੁਕ ਸਕਦਾ ਹੈ, ਜੇ ਉਹੋ ਜਿਹਾ ਢਾਂਚਾ ਜਿਸ ਵਿੱਚ ਉਨ੍ਹਾਂ ਦੀ ਵਿੱਦਿਆ ਪੂਰੀ ਕਰਨ ਤੋਂ ਬਾਅਦ ਆਪਣੇ ਘਰ ਦੇ ਕੋਲ ਹੀ ਉਨ੍ਹਾਂ ਦੀ ਯੋਗਤਾ ਦੇ ਅਨੁਸਾਰ ਰੁਜ਼ਗਾਰ ਮਿਲ ਸਕਦਾ ਹੋਵੇ, ਉਹ ਮਿਲੇ। ਇਸ ਲਈ ਉਦਯੋਗਾਂ ਅਤੇ ਵਿੱਦਿਅਕ ਸੰਸਥਾਵਾਂ ਵਿੱਚ ਸੰਪਰਕ ਬਣਨਾ ਚਾਹੀਦਾ ਹੈ।

ਵਿਦਿਆਰਥੀਆਂ ਦੀ ਯੋਗਤਾ ਅਨੁਸਾਰ ਉਦਯੋਗ ਲੱਗਣ ਜਾਂ ਉਦਯੋਗਾਂ ਦੀ ਲੋੜ ਅਨੁਸਾਰ ਵਿੱਦਿਅਕ ਸਿਲੇਬਸ ਬਣੇ, ਜਿਸ ਨਾਲ ਉਹੋ ਜਿਹੀ ਖ਼ੁਸ਼ਹਾਲੀ ਦੇ ਅਵਸਰ ਪੈਦਾ ਹੋਣ, ਜਿਨ੍ਹਾਂ ਲਈ ਉਹ ਬਾਹਰ ਜਾਂਦੇ ਹਨ, ਪਰ ਇਹ ਸ਼ੁਰੂ ਕਦੋਂ ਹੋਵੇਗਾ ਇਹ ਵੱਡਾ ਪ੍ਰਸ਼ਨ ਚਿੰਨ੍ਹ ਹੈ।

***

## ਕੈਨੇਡਾ ਰਹਿੰਦੇ ਪੰਜਾਬੀਆਂ

ਕੈਨੇਡਾ ਵਿੱਚ ਬਾਹਰੋਂ ਆਉਣ ਵਾਲਿਆਂ ਲਈ ਹੁਣ ਹਾਲਾਤ ਪਹਿਲਾਂ ਜਿੰਨੇ ਸੁਖਾਵੇਂ ਨਹੀਂ ਰਹੇ ਹਨ। ਕੈਨੇਡਾ ਦੀ ਆਪਣੀ ਵਿੱਤੀ ਹਾਲਤ ਪਤਲੀ ਪੈ ਚੁੱਕੀ ਹੈ। ਇੱਥੋਂ ਤਕ ਕਿ ਮੁਢਲਾ ਆਧਾਰੀ ਢਾਂਚਾ ਵੀ ਲੜਖੜਾ ਕੇ ਰਹਿ ਗਿਆ ਹੈ। ?ਸਿਹਤ ਸੇਵਾਵਾਂ ਬਿਮਾਰ ਹੋ ਚੁੱਕੀਆਂ ਹਨ। ਕੈਨੇਡਾ ਨੇ ਵਿਦਿਆਰਥੀਆਂ ਲਈ ਬੂਹੇ ਭੇੜਨੇ ਬੰਦ ਕਰ ਦਿੱਤੇ ਹਨ। ਕੈਨੇਡਾ ਵਸਦੇ ਵਿਦਿਆਰਥੀ ਦੁਚਿੱਤੀ ਵਿੱਚ ਪੈ ਚੁੱਕੇ ਹਨ ਪਰ ਉਹਨਾਂ ਨੂੰ ਕੋਈ ਕਿਨਾਰਾ ਨਜ਼ਰ ਨਹੀਂ ਆ ਰਿਹਾ ਹੈ। ਭਾਰਤ ਦੇ ਵਿਦਿਆਰਥੀਆਂ ਨੂੰ ਜੇ ਆਪਣੇ ਮੁਲਕ ਵਿੱਚ ਹੀ ਰੌਸ਼ਨ ਭਵਿੱਖ ਨਜ਼ਰ ਆਉਂਦਾ ਹੁੰਦਾ ਤਾਂ ਉਹ ਕਰਜ਼ਾ ਚੁੱਕ ਕੇ ਵਿਦੇਸ਼ ਲਈ ਪੈਰ ਨਾ ਪੁੱਟਦੇ। ਦੇਸ਼ ਵਿਦੇਸ਼ ਦੀਆਂ ਸਰਕਾਰਾਂ ਨੂੰ ਭਵਿੱਖ ਦੀ ਘੁੰਮਣਘੇਰੀ ਵਿੱਚ ਫ਼ਸੇ ਵਿਦਿਆਰਥੀਆਂ ਦੀ ਬਾਂਹ ਫ਼ੜਨੀ ਚਾਹੀਦੀ ਹੈ। ਸਿਰਫ਼ ਦਾਅਵਿਆਂ ਅਤੇ ਵਾਅਦਿਆਂ ਨਾਲ ਨਹੀਂ ਸਰਨਾ ਹੈ। ਵਿਦੇਸ਼ੀ ਧਰਤੀ 'ਤੇ ਰਹਿ ਰਹੇ ਵਿਦਿਆਰਥੀਆਂ ਨੂੰ ਇਸ ਔਖੀ ਘੜੀ ਵਿੱਚ ਕੌਂਸਲਿੰਗ ਦੀ ਲੋੜ ਹੈ।

***

## ਭਾਰਤ ਦੀਆਂ ਦਵਾਈਆਂ ਦੇ

ਥੋੜੇ ਸਾਲਾਂ ਵਿੱਚ ਹੀ ਲੋਕਾਂ ਨੂੰ ਇਸ ਦਵਾਈ ਦੀ ਇੰਨੀ ਤੋੜ ਲਗ ਗਈ ਕਿ ਇਸ ਤੋੜ ਨੂੰ 'ਓਪੀਓਇਡ ਮਹਾਂਮਾਰੀ' ਦੇ ਨਾਂ ਤੋਂ ਜਾਣਿਆ ਜਾਣ ਲੱਗਿਆ। 1996 ਤੋਂ 2016 ਤੱਕ 4,53,300 ਲੋਕਾਂ ਦੀਆਂ ਮੌਤਾਂ ਸਿਰਫ਼ ਇਸ ਦਵਾਈ ਦੀ ਤੋੜ ਕਰਕੇ ਅਤੇ ਓਪੀਓਇਡ ਓਵਰਡੋਸ ਕਰਕੇ ਹੋਈਆਂ। ਇਹ ਕੰਪਨੀ ਕਿੰਨੇ ਹੀ ਲੋਕਾਂ ਦੀਆਂ ਮੌਤਾਂ ਲਈ ਅਤੇ ਅਣਗਿਣਤ ਲੋਕਾਂ ਦੀਆਂ ਜ਼ਿੰਦਗੀਆਂ ਨਾਲ਼ ਖ਼ਿਲਵਾੜ ਕਰਨ ਲਈ ਜ਼ਿੰਮੇਵਾਰ ਸੀ। ਇਸ ਦੇ ਬਾਵਜੂਦ ਅਮਰੀਕੀ ਸਰਕਾਰ ਨੇ ਇਸ ਦੇ ਕਾਤਲ ਮਾਲਕ 'ਤੇ ਕੋਈ ਕਾਰਵਾਈ ਨਹੀਂ ਕੀਤੀ, ਉਸ ਨੂੰ ਕੋਈ ਸਜ਼ਾ ਨਹੀਂ ਸੁਣਾਈ ਗਈ ਸਗੋਂ ਜੁਰਮਾਨਾ ਭਰਵਾ ਕੇ ਇਨ੍ਹਾਂ ਨੂੰ ਛੱਡ ਦਿੱਤਾ। ਸਾਫ਼ ਹੈ ਕਿ ਦਵਾਈਆਂ ਦੀ ਇਹ ਸਾਰੀ ਖੇਡ ਮੁਨਾਫ਼ੇ ਉੱਤੇ ਟਿਕੀ ਹੋਈ ਹੈ। ਜਿਆਦਾ ਤੋਂ ਜਿਆਦਾ ਮੁਨਾਫ਼ਾ ਕਮਾਉਣ ਦੇ ਚੱਕਰ ਵਿੱਚ ਦਵਾਈਆਂ ਦੀ ਗੁਣਵੱਤਾ ਨਾਲ਼ ਸਮਝੌਤਾ ਕੀਤਾ ਜਾਂਦਾ ਹੈ, ਮਾਣਕਾਂ ਨੂੰ ਹੇਠਾਂ ਸੁੱਟਿਆ ਜਾਂਦਾ ਹੈ, ਜੋ ਮਾਣਕ ਹਨ ਉਨ੍ਹਾਂ ਅਨੁਸਾਰ ਵੀ ਕੰਮ ਨਹੀਂ ਕੀਤਾ ਜਾਂਦਾ। ਇਸ ਦੇ ਕਾਰਨ ਦਵਾਈ ਦੀ ਗੁਣਵੱਤਾ ਖ਼ਰਾਬ ਹੁੰਦੀ ਹੈ। ਜਾਂ ਫਿਰ ਜਾਣ ਬੁੱਝਕੇ ਮਿਲਾਵਟ ਕੀਤੀ ਜਾਂਦੀ ਹੈ, ਗਲਤ ਲੇਬਲਿੰਗ ਕੀਤੀ ਜਾਂਦੀ ਹੈ। ਇੱਕ ਤਾਂ ਭਾਰਤ ਦਾ ਬਿਮਾਰ ਸਰਕਾਰੀ ਸਿਹਤ ਢਾਂਚਾ ਪਹਿਲਾਂ ਹੀ ਆਮ ਲੋਕਾਂ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਰਿਹਾ, ਦੂਜਾ ਇਹਨਾਂ ਨਕਲੀ ਅਤੇ ਘਟੀਆ ਦਵਾਈਆਂ ਦੇ ਕਾਰੋਬਾਰ ਨੇ ਉਸਨੂੰ ਬਿਲਕੁਲ ਹੀ ਲੰਗੜਾ ਬਣਾ ਦਿੱਤਾ ਹੈ। ਇਸ ਸਭ ਦਾ ਸਿੱਟਾ ਭੁਗਤਣਾ ਪੈ ਰਿਹਾ ਹੈ। ਭਾਰਤ ਹੀ ਨਹੀਂ ਸਗੋਂ ਪੂਰੀ ਦੁਨੀਆਂ ਦੀ ਆਮ ਕਿਰਤੀ ਅਬਾਦੀ ਨੂੰ। ਇੱਕ ਤਾਂ ਪਹਿਲਾਂ ਹੀ ਕਿਰਤੀਆਂ ਨੂੰ ਸਿਹਤ ਸਹੂਲਤਾਂ ਨਹੀਂ ਮਿਲ਼ਦੀਆਂ, ਉੱਪਰੋਂ ਜੇਕਰ ਆਪਣੀ ਦਿਨ ਰਾਤ ਦੀ ਹੱਡ-ਭੰਨਵੀਂ ਮਿਹਨਤ ਦੀ ਕਮਾਈ ਨਾਲ਼ ਇਲਾਜ ਦੇ ਨਾਂ ਉੱਤੇ ਦਵਾਈ ਖ਼ਰੀਦਣੀ ਪਵੇ ਤਾਂ ਵੀ ਉਸਨੂੰ ਮਿਲਦਾ ਹੈ ਦਵਾਈ ਦੇ ਰੂਪ ਵਿੱਚ ਜ਼ਹਿਰ। ਮਤਲਬ ਇਹ ਕਿ ਗਰੀਬ ਮਜ਼ਦੂਰ ਉੱਤੇ ਤਾਂ ਤੀਹਰੀ ਮਾਰ ਪੈ ਰਹੀ ਹੈ। ਮਿਹਨਤ ਦੀ ਲੁੱਟ, ਸਿਹਤ ਦੀ ਲੁੱਟ ਅਤੇ ਫਿਰ ਕਮਾਈ ਦੀ ਲੁੱਟ ਦੇ ਬਦਲੇ ਜ਼ਹਿਰ ਦੀ ਪੂਰਤੀ।

ਦਵਾਈਆਂ ਦੇ ਕਾਰੋਬਾਰ ਵਿੱਚ ਇਸ ਲੋਕ ਮਾਰੂ ਧਾਂਦਲੀ ਦਾ ਸਿੱਧਾ ਜੁੜਾਅ ਇਸ ਵਿੱਚੋਂ ਕਮਾਏ ਜਾਂਦੇ ਅਥਾਹ ਮੁਨਾਫ਼ੇ ਨਾਲ਼ ਹੈ। ਜਦੋਂ ਤੱਕ ਮੁਨਾਫ਼ੇ ਉੱਤੇ ਟਿਕਿਆ ਮੌਜੂਦਾ ਢਾਂਚਾ ਰਹੇਗਾ, ਉਦੋਂ ਤੱਕ ਲੋਕਾਂ ਦੀ ਸਿਹਤ ਵੀ ਮੁਨਾਫ਼ੇ ਤੇ ਇਸ ਦੇ ਮਾਲਕਾਂ ਦੇ ਵੱਸ ਵਿੱਚ ਰਹੇਗੀ। ਸਭ ਸਿਹਤ ਸਹੂਲਤਾਂ ਸਮੇਤ ਦਵਾਈਆਂ ਦੇ ਨਿੱਜੀ ਕਾਰੋਬਾਰ ਨੂੰ ਪੂਰਨ ਤੌਰ 'ਤੇ ਬੰਦ ਕਰਕੇ ਇਸ ਨੂੰ ਸਰਕਾਰੀ ਕੰਟਰੋਲ ਹੇਠ ਲਿਆਂਦਾ ਜਾਣਾ ਚਾਹੀਦਾ ਹੈ ਤਾਂ ਜੋ ਸਿਹਤ ਸੇਵਾਵਾਂ ਦਾ ਕਿੱਤਾ ਮੁਨਾਫ਼ਾ ਕਮਾਉਣ ਦਾ ਧੰਦਾ ਨਾ ਬਣੇ। ਇਸ ਲਈ ਲੋਕਾਂ ਦੀ ਸਿਹਤ ਨਾਲ਼ ਖ਼ਿਲਵਾੜ ਹੋਣੋਂ ਰੋਕਣ ਲਈ ਅੱਜ ਇਸ ਪੂਰੇ ਸਰਮਾਏਦਾਰਾਂ ਢਾਂਚੇ ਨੂੰ ਬਦਲ ਕੇ ਸਮਾਜਵਾਦੀ ਪ੍ਰਬੰਧ ਸਿਰਜਣ ਦੀ ਲੋੜ ਹੈ ਕਿਉਂਕਿ ਸਮਾਜਵਾਦੀ ਪ੍ਰਬੰਧ ਵਿੱਚ ਹੀ ਦਵਾਈਆਂ ਸਮੇਤ ਸਭ ਸਿਹਤ ਸੇਵਾਵਾਂ ਵਿੱਚੋਂ ਨਿੱਜੀ ਮੁਨਾਫ਼ਾ ਖੋਰੀ ਨੂੰ ਖਤਮ ਕਰਕੇ ਇਸ ਨੂੰ ਲੋਕਾਂ ਦੀ ਸੇਵਾ ਦਾ ਸਾਧਨ ਬਣਾਇਆ ਜਾ ਸਕਦਾ ਹੈ।

***

## ਫਲਸਤੀਨ ਖ਼ਿਲਾਫ਼ ਜੰਗ 'ਚ

ਪਰ ਇਨ੍ਹਾਂ ਦੇ ਜਾਰੀ ਕਰਨ ਅਤੇ ਫ਼ੈਲਾਉਣ ਨਾਲ ਇਜ਼ਰਾਈਲ ਦੇ 'ਜਵਾਬੀ' ਹਮਲੇ ਦੀ ਕਰੂਰਤਾ ਨੂੰ ਹੱਕੀ ਅਤੇ ਜਾਇਜ਼ ਠਹਿਰਾਇਆ ਜਾ ਸਕਿਆ। 7 ਅਕਤੂਬਰ ਦੀਆਂ ਬਹੁਤ ਸਾਰੀਆਂ ਵੀਡੀਓਜ਼ ਅਤੇ ਖ਼ਬਰਾਂ ਇਜ਼ਰਾਈਲ ਭੰਡੀ ਪ੍ਰਚਾਰ ਸਾਬਿਤ ਹੋਈਆਂ ਹਨ।

ਸਵਾਲ ਹੈ ਕਿ ਜਦੋਂ ਏ. ਆਈ. ਸਿਸਟਮ ਆਮ ਸ਼ਹਿਰੀਆਂ, ਜਨਤਕ ਇਮਾਰਤਾਂ, ਮਿਲਟਰੀ ਸਰਵੇਲੈਂਸ ਤੋਂ ਇਕੱਠੀ ਕੀਤੀ ਜਾਣਕਾਰੀ ਨਾਲ ਸਿਖਲਾਈ ਹਾਸਿਲ ਕਰਦਾ ਹੈ ਤੇ ਇਸ ਟੀਚੇ ਨਾਲ ਕਿ ਵੱਧ ਤੋਂ ਵੱਧ ਜਾਨੀ ਨੁਕਸਾਨ ਪਹੁੰਚਾਇਆ ਜਾਵੇ ਤਾਂ ਦੋਸ਼ ਕਿਸ ਦਾ ਹੈ? ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦਾ ਜਾਂ ਸਿਆਸੀ ਤੰਤਰ ਦਾ ਜਿਸ ਵਿੱਚ ਇਸ ਦੀ ਵਰਤੋਂ ਹੁੰਦੀ ਹੈ?

ਜਵਾਬ ਸਿਆਸੀ ਵਿਦਵਾਨ ਲੈਂਗਡੋਨ ਵਿਨਰ ਦੇ ਖੋਜ ਪੱਤਰ 'ਕੀ ਚੀਜ਼ਾਂ ਵਿੱਚ ਸਿਆਸਤ ਹੁੰਦੀ ਹੈ?' ਨਿਊਯਾਰਕ ਸ਼ਹਿਰ ਦੇ ਯੋਜਨਾਕਾਰ ਰੌਬਰਟ ਮੋਜ਼ੇਜ ਦੀ ਮਿਸਾਲ ਦਿੰਦਾ ਹੈ ਜਿਸ ਨੇ ਲੌਂਗ ਆਈਲੈਂਡ ਟਾਪੂ ਦੇ ਪਾਰਕ, ਸ਼ਾਹਰਾਹ ਅਤੇ ਪੁਲ ਡਿਜ਼ਾਈਨ ਕਰਦਿਆਂ ਪੁਲਾਂ ਦੀ ਉਚਾਈ 9 ਫ਼ੁੱਟ ਰੱਖੀ ਜਿਸ ਨਾਲ ਕਾਰਾਂ ਤਾਂ ਲੰਘ ਜਾਣ ਜਿਨ੍ਹਾਂ ਵਿੱਚ ਗੋਰੇ ਅਮੀਰ ਸਫ਼ਰ ਕਰਦੇ ਸਨ ਪਰ ਬੱਸਾਂ ਨਾ ਲੰਘ ਸਕਣ ਜਿਸ ਵਿੱਚ ਹਮਾਤੜ ਜਿਆਦਾਤਾਰ ਸਿਆਹਫ਼ਾਮ ਸ਼ਹਿਰੀ ਸਫ਼ਰ ਕਰਦੇ ਸਨ। ਇਸ ਤਰ੍ਹਾਂ ਉਸ ਨੇ ਡਿਜ਼ਾਈਨ ਰਾਹੀਂ ਵਿਤਕਰਾ ਪੱਕਾ ਕਰ ਦਿੱਤਾ। ਤਕਨਾਲੋਜੀ ਅਤੇ ਇਸ ਦੀਆਂ ਵਸਤਾਂ ਸਿਆਸੀ ਹੋ ਸਕਦੀਆਂ ਹਨ, ਇਨ੍ਹਾਂ ਦੀ ਸਿਆਸਤ ਡਿਜ਼ਾਈਨ ਦੇ ਫ਼ੈਸਲਿਆਂ ਰਾਹੀਂ ਜਮਹੂਰੀ ਜਾਂ ਤਾਨਾਸ਼ਾਹੀ ਹੋ ਸਕਦੀ ਹੈ। ਆਰਟੀਫ਼ੀਸ਼ੀਅਲ ਇੰਟੈਲੀਜੈਂਸ ਵਿੱਚ ਸਿਆਸਤ ਹੈ? ਹਾਂ ਹੈ। ਮਨੁੱਖ ਨੂੰ ਏਆਈ ਤੋਂ ਖ਼ਤਰਾ ਇਸ ਕਰ ਕੇ ਨਹੀਂ ਕਿ ਬਹੁਤ ਸਾਰੀਆਂ ਨੌਕਰੀਆਂ ਚਲੀਆਂ ਜਾਣਗੀਆਂ ਪਰ ਇਸ ਕਰ ਕੇ ਹੈ ਕਿ ਵਿਤਕਰੇ ਅਤੇ ਜਬਰ ਜ਼ੁਲਮ ਦੀ ਲਗਾਤਾਰਤਾ ਮਨੁੱਖੀ ਦੁੱਖ ਦਰਦ ਨੂੰ ਹੋਰ ਵਧਾਏਗੀ। ਮਨੁੱਖਤਾ ਨੂੰ ਏ. ਆਈ. ਤੋਂ ਜੋ ਖਤਰਾ ਹੈ, ਉਹ ਸਾਡੀਆਂ ਅੱਖਾਂ ਸਾਹਮਣੇ ਹੋ ਰਹੇ ਫਲਸਤੀਨੀਆਂ ਦੇ ਕਤਲੇਆਮ ਵਿੱਚ ਜ਼ਾਹਿਰ ਹੈ। ਹਾਲੀਆ ਜੰਗ ਵਿੱਚ ਹਬਸੋਰਾ ਨੇ ਕਿੰਨੇ ਹੀ ਫ਼ੌਜੀ ਕਮਾਂਡਰਾਂ ਦੀ ਯੋਗਤਾ ਵਧਾ ਦਿੱਤੀ, ਅਸੀਂ ਏ.ਆਈ. ਰਾਹੀਂ ਅਸਲੀਅਤ ਵਿੱਚ ਲਿਆਂਦੇ ਕਿਆਮਤੀ ਵਰਤਮਾਨ ਦੇ ਚਸ਼ਮਦੀਦ ਹਾਂ ਜਿਹੜਾ ਫ਼ੌਜਾਂ ਦੇ ਹੱਥ ਵਿੱਚ ਹੈ ਜਿਸ ਦਾ ਟੀਚਾ ਫਲਸਤੀਨੀ ਨਸਲ ਦਾ ਘਾਣ ਕਰਨਾ ਹੈ। ਏ. ਆਈ. ਘਾਤਕ ਬਣ ਜਾਂਦੀ ਹੈ ਜਦ ਡਿਜ਼ਾਈਨ ਦੇ ਫ਼ੈਸਲੇ, ਮਤਲਬ ਜਾਣਕਾਰੀ ਦੇ ਸਰੋਤਾਂ ਦੀ ਚੋਣ ਜਾਂ ਫ਼ੌਜਾਂ ਦੇ ਖ਼ਤਰਨਾਕ ਇਰਾਦੇ ਇਸ ਨੂੰ ਨਿਰੰਕੁਸ਼ ਸੱਤਾ ਜ਼ਾਹਿਰ ਕਰਨ ਲਈ ਵਰਤਣ ਦੇ ਹੋਣ। ਏ.ਆਈ. ਲੋਕਾਈ ਲਈ ਤਾਂ ਖ਼ਤਰਨਾਕ ਹੈ ਕਿਉਂਕਿ ਇਸ ਦੀ ਵਰਤੋਂ ਖ਼ਤਰਨਾਕ ਹੱਥਾਂ ਵਿੱਚ ਹੈ।

*ਲੇਖਕ ਜਾਰਜ ਵਾਸ਼ਿੰਗਟਨ ਯੂਨੀਵਰਸਿਟੀ ਤੋਂ ਸਾਈਬਰ ਸਿਕਿਉਰਿਟੀ ਅਤੇ ਲੰਡਨ ਸਕੂਲ ਆਫ਼ ਇਕੋਨੋਮਿਕਸ ਤੋਂ ਏ.ਆਈ. ਦੀ ਪੜ੍ਹਾਈ ਕਰ ਚੁੱਕੀ ਹੈ।

****

## ਰਾਜ-ਜੋਗੀ ਤੇ ਸਰਬੱਤ ਦੇ ਭਲੇ

ਖ਼ਾਸ ਕਰ ਕੇ ਟੋਪ-ਟੋਪੀਆਂ ਦੀ ਬਹੁ-ਗਿਣਤੀ ਵਾਲੇ ਸੰਸਾਰ ਵਿੱਚ ਸਿੱਖ ਦੀ ਦਸਤਾਰ ਦੀ ਆਪਣੀ ਵੱਖਰੀ ਲਿਸ਼ਕਾਰ ਹੈ।

ਅਜੋਕੇ ਬਿਖੜੇ ਸਮੇਂ ਵਿੱਚ ਅਜੀਬੋ-ਗ਼ਰੀਬ ਹਾਲਤ ਇਹ ਹੈ ਕਿ ਇਹ ਉਚ-ਆਚਾਰੀ ਵਿਲੱਖਣ ਸਭਿਆਚਾਰ, ਸੰਸਾਰ ਸੱਭਿਆਚਾਰ ਦੇ ਵਿਗੜੇ ਵਿਹਾਰ ਵਿਰੁੱਧ ਬਿਲਕੁਲ ਕੱਲਮ-ਕੱਲਾ ਟਾਕਰੇ ਉੱਤੇ ਖੜੋਤਾ ਹੈ : ਸਾਰੀ ਦੁਨੀਆਂ ਤੰਬਾਕੂ-ਨੋਸ਼ੀ, ਸ਼ਰਾਬ-ਨੋਸ਼ੀ ਤੇ ਸਮੈਕ ਆਦਿਕ ਨਸ਼ਿਆਂ ਦੀ ਸ਼ਿਕਾਰ ਹੈ ਲੇਕਿਨ ਸਿੱਖ ਸੱਭਿਆਚਾਰ ਇਸ ਨੂੰ 'ਜਗਤ ਜੂਠ' ਕਹਿ ਕੇ ਤਿਰਸਕਾਰਦਾ ਆ ਰਿਹਾ ਹੈ। ਸਾਰੀ ਦੁਨੀਆਂ 'ਲਿੰਗ ਸੁਤੰਤਰਤਾ' ਨੂੰ ਕੁਦਰਤੀ ਅਧਿਕਾਰ ਦੱਸ ਕੇ ਬੇਹਯਾਈ ਨਾਲ ਵਿਭਚਾਰ ਦਾ ਪ੍ਰਚਾਰ-ਪ੍ਰਸਾਰ ਕਰ ਰਹੀ ਹੈ ਤੇ ਏਡਜ਼ ਵਰਗੀਆਂ ਬਿਮਾਰੀਆਂ ਦੀ ਮਾਰ ਖਾ ਰਹੀ ਹੈ ਲੇਕਿਨ ਸਿੱਖ ਸੱਭਿਆਚਾਰ ਹਦਾਇਤ ਕਰ ਰਿਹਾ ਹੈ:

ਦੇਖਿ ਪਰਾਈਆਂ ਚੰਗੀਆਂ; ਮਾਵਾਂ, ਧੀਆਂ, ਭੈਣਾਂ ਜਾਣੈ। (ਭਾਈ ਗੁਰਦਾਸ)

ਅਜੋਕੀ ਸਿਆਣੀ ਦੁਨੀਆਂ 'ਨਾਸਤਿਕਤਾ' ਨੂੰ ਅਗਾਂਹ ਵਧੂ ਹੋਣ ਦਾ ਲੱਛਣ ਮੰਨ ਕੇ ਅਪਣਾਅ ਰਹੀ ਹੈ ਲੇਕਿਨ ਸਿੱਖ ਸੱਭਿਆਚਾਰ 'ਨਾਮ ਦੀ ਚੜ੍ਹਦੀ ਕਲਾ' ਦੀ ਜੈ-ਜੈ ਕਾਰ ਕਰ ਰਿਹਾ ਹੈ। ਇਸ ਤਰ੍ਹਾਂ ਸਿੱਖ ਸੱਭਿਆਚਾਰ ਦਾ ਝੰਡਾ ਚੁੱਕਣਾ, ਸਾਰੀਆਂ ਦੁਨੀਆਂ ਨਾਲ ਮੱਥਾ ਲਾਉਣ ਵਾਲੀ ਗੱਲ ਹੈ।

***

## ਟਰੰਪ ਵਿਰੁੱਧ ਫ਼ੈਸਲੇ ਤੋਂ

ਉਨਾਂ ਕਿਹਾ ਕਿ ਉਹ ਕਿਸੇ ਵੀ ਧਮਕੀ ਦੀ ਡੂੰਘਾਈ ਨਾਲ ਜਾਂਚ ਕਰਨਗੇ ਤੇ ਮਾਮਲੇ ਦੀ ਤਹਿ ਤੱਕ ਜਾਇਆ ਜਾਵੇਗਾ। ਡੈਨਵਰ ਪੁਲਿਸ ਵਿਭਾਗ ਦੇ ਇੱਕ ਬੁਲਾਰੇ ਨੇ ਕਿਹਾ ਹੈ ਕਿ ਜੱਜਾਂ ਦੇ ਘਰਾਂ ਨੇੜੇ ਗਸ਼ਤ ਵਧਾ ਦਿੱਤੀ ਗਈ ਹੈ ਤੇ ਜੇਕਰ ਜੱਜਾਂ ਵੱਲੋਂ ਹੋਰ ਸੁਰੱਖਿਆ ਮੰਗੀ ਜਾਵੇਗੀ ਤਾਂ ਉਹ ਦਿੱਤੀ ਜਾਵੇਗੀ।

***

## ਪੰਜਾਬ ਸਰਕਾਰ ਸਾਰੇ ਪੁਲਿਸ

ਮਾਰੇ ਗਏ ਸਨ। ਸਬ ਇੰਸਪੈਕਟਰ ਸੁਰਜੀਤ ਸਿੰਘ ਜੋ ਸਿਪਾਹੀ ਭਰਤੀ ਹੋਇਆ ਸੀ, ਕਹਿੰਦਾ ਹੈ ਕਿ ਉਸ ਨੂੰ ਉਸ ਦੇ ਜੁਰਮਾਂ ਦੀ ਤੀਬਰਤਾ ਨੇ ਬਹੁਤ ਉਦਾਸ ਕਰ ਦਿੱਤਾ ਹੈ ਤੇ ਕਈ ਮੌਕਿਆਂ 'ਤੇ ਉਸ ਨੂੰ ਪਛਤਾਵੇ ਲਈ ਆਤਮ-ਹੱਤਿਆ ਹੀ ਸਾਧਨ ਜਾਪਿਆ ਹੈ। ਅਜਿਹੇ ਹਾਲਾਤ ਤੇ ਗਵਾਹੀਆਂ ਸਾਫ਼ ਕਰਦੀਆਂ ਹਨ ਕਿ ਉਸ ਕਾਲੇ ਦੌਰ ਦੇ ਇੱਕ ਕਾਲੇ ਸਿਆਹ ਵਰਕੇ ਦੀ ਜਾਂਚ ਜ਼ਰੂਰੀ ਹੈ। ਭਾਵੇਂ ਕਮਿਸ਼ਨ ਬਣਾਉਣ ਵਿੱਚ ਬਹੁਤ ਦੇਰ ਹੋ ਗਈ ਹੈ, ਪਰ ਏਨੀ ਦੇਰ ਅਜੇ ਵੀ ਨਹੀਂ ਹੋਈ ਕਿ ਕੁਝ ਕੀਤਾ ਹੀ ਨਾ ਜਾ ਸਕੇ। ਜੇ ਪਿਛਲੀਆਂ ਸਰਕਾਰਾਂ ਮੁਜਰਮਾਨਾ ਲਾਪਰਵਾਹੀ ਦੀਆਂ ਜ਼ਿੰਮੇਵਾਰ ਹਨ ਤਾਂ ਜੇਕਰ ਹੁਣ ਦੀ ਆਪ ਦੀ ਭਗਵੰਤ ਮਾਨ ਸਰਕਾਰ ਵੀ ਇਸ 'ਤੇ ਚੁੱਪ ਰਹਿੰਦੀ ਹੈ ਤਾਂ ਉਹ ਵੀ ਇਤਿਹਾਸ ਵਿੱਚ ਇਸੇ ਕਤਾਰ ਵਿੱਚ ਹੀ ਗਿਣੀ ਜਾਵੇਗੀ।

***

## ਭਾਰਤ 'ਚ ਹਾਈ-ਪ੍ਰੋਫ਼ਾਈਲ

ਇੱਥੋਂ ਤੱਕ ਕਿ ਦੇਸ਼ ਦੇ ਬਾਹਰੋਂ ਇੱਕ ਐਪਲ ਸੁਰੱਖਿਆ ਮਾਹਿਰ ਨੂੰ ਨਵੀਂ ਦਿੱਲੀ ਵਿੱਚ ਇੱਕ ਮੀਟਿੰਗ ਲਈ ਬੁਲਾਇਆ ਗਿਆ ਸੀ, ਜਿੱਥੇ ਸਰਕਾਰੀ ਨੁਮਾਇੰਦਿਆਂ ਨੇ ਐਪਲ ਅਧਿਕਾਰੀ 'ਤੇ ਖ਼ਪਤਕਾਰਾਂ ਨੂੰ ਚਿਤਾਵਨੀਆਂ ਸੰਬੰਧੀ ਸਪੱਸ਼ਟੀਕਰਨ ਦੇਣ ਲਈ ਦਬਾਅ ਪਾਇਆ।

ਵਾਸ਼ਿੰਗਟਨ ਪੋਸਟ ਦੀਆਂ ਖ਼ਬਰਾਂ ਤੋਂ ਬਾਅਦ, ਹੁਣ ਐਮਨੈਸਟੀ ਇੰਟਰਨੈਸ਼ਨਲ ਦੀ ਸੁਰੱਖਿਆ ਲੈਬ ਦੁਆਰਾ ਫੋਰੈਂਸਿਕ ਜਾਂਚ ਤੋਂ ਪੁਸ਼ਟੀ ਆਈਫੋਨ ਅਤੇ ਸਪਾਈਵੇਅਰ ਪੈਗਾਸਸ ਦੀ ਕੜੀ ਨੂੰ ਜੋੜਨ ਵਾਲੀ ਸਾਬਤ ਹੋ ਰਹੀ ਹੈ। ਐਮਨੈਸਟੀ ਇੰਟਰਨੈਸ਼ਨਲ ਦੇ ਅਨੁਸਾਰ, ਦ ਵਾਇਰ ਦੇ ਸੰਸਥਾਪਕ ਸੰਪਾਦਕ ਸਿਧਾਰਥ ਵਰਦਰਾਜਨ ਅਤੇ ਆਰਗੇਨਾਈਜ਼ਡ ਕਰਾਈਮ ਅਤੇ ਕੁਰਪਸ਼ਨ ਰਿਪੋਰਟ ਪ੍ਰੋਜੈਕਟ (ਓਸੀਸੀਆਰਪੀ) ਦੇ ਦੱਖਣ ਏਸ਼ੀਆ ਸੰਪਾਦਕ ਆਨੰਦ ਮੰਗਨਾਲੇ, ਉਨ੍ਹਾਂ ਪੱਤਰਕਾਰਾਂ ਵਿੱਚ ਸ਼ਾਮਲ ਸਨ, ਜਿਨ੍ਹਾਂ ਨੇ ਹਾਲ ਹੀ ਵਿੱਚ ਉਨ੍ਹਾਂ ਦੇ ਆਈਫੋਨਜ਼ 'ਤੇ ਪੈਗਾਸਸ ਸਪਾਈਵੇਅਰ ਨਾਲ ਨਿਸ਼ਾਨਾ ਬਣਾਇਆ ਗਿਆ ਸੀ। ਇਹ ਨਵਾਂ ਮਾਮਲਾ ਅਕਤੂਬਰ 2023 ਵਿੱਚ ਸਾਹਮਣੇ ਆਇਆ ਸੀ, ਜਿਸ ਬਾਰੇ ਆਈਫੋਨ ਕੰਪਨੀ ਨੇ ਭਾਰਤ ਵਿੱਚ ਆਪਣੇ ਗਾਹਕਾਂ ਨੂੰ ਮੈਸੇਜ ਕੀਤਾ ਸੀ। ਪੱਤਰ ਵਿੱਚ ਪੈਗਾਸਸ ਸਪਾਈਵੇਅਰ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਕਿਹਾ ਗਿਆ ਹੈ ਕਿ ਇਹ ਇਜ਼ਰਾਈਲੀ ਨਿਗਰਾਨੀ ਫਰਮ ਐਨਐਸਓ ਗਰੁੱਪ ਦੁਆਰਾ ਵਿਕਸਤ ਕੀਤਾ ਗਿਆ ਇੱਕ ਬਹੁਤ ਹੀ ਖਤਰਨਾਕ ਸਪਾਈਵੇਅਰ ਹੈ, ਜਿਸਦੀ ਵਰਤੋਂ ਭਾਰਤੀ ਅਧਿਕਾਰੀਆਂ ਦੁਆਰਾ ਸਿਵਲ ਸੁਸਾਇਟੀ ਸੰਗਠਨਾਂ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਲਈ ਕੀਤੀ ਜਾ ਰਹੀ ਹੈ, ਅਤੇ ਇਹ ਉਨ੍ਹਾਂ ਦੇ ਜੀਵਨ 'ਤੇ ਭਿਆਨਕ ਪ੍ਰਭਾਵ ਪੈ ਰਿਹਾ ਹੈ। ਐਮਨੈਸਟੀ ਇੰਟਰਨੈਸ਼ਨਲ ਦੀ ਸੁਰੱਖਿਆ ਲੈਬ ਦੇ ਮੁਖੀ ਡੋਨਚਾ ਓ ਸੀਅਰਭੈਲ ਨੇ ਕਿਹਾ, ਸਾਡੇ ਤਾਜ਼ਾ ਖੋਜਾਂ ਤੋਂ ਪਤਾ ਚੱਲਦਾ ਹੈ ਕਿ ਭਾਰਤ ਵਿੱਚ ਪੱਤਰਕਾਰਾਂ ਨੂੰ ਸਿਰਫ਼ ਆਪਣੀ ਪੱਤਰਕਾਰੀ ਕਰਨ ਲਈ ਸਖ਼ਤ ਕਾਨੂੰਨਾਂ ਦੇ ਤਹਿਤ ਗੈਰ-ਕਾਨੂੰਨੀ ਨਿਗਰਾਨੀ ਦੇ ਖ਼ਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਾਰ-ਵਾਰ ਖੁਲਾਸਿਆਂ ਦੇ ਬਾਵਜੂਦ, ਭਾਰਤ ਵਿੱਚ ਪੈਗਾਸਸ ਸਪਾਈਵੇਅਰ ਦੀ ਵਰਤੋਂ ਦੇ ਸਬੰਧ ਵਿੱਚ ਸਪਸ਼ਟੀਕਰਨ ਨਹੀਂ ਦਿਤਾ ਜਾ ਰਿਹਾ, ਜੋ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ।

***

## ਮੱਧ ਪ੍ਰਦੇਸ਼, ਰਾਜਸਥਾਨ ਤੇ

ਦਿਖਾਉਂਦਾ ਹੈ ਕਿ ਵੋਟ ਕਿਸ ਨੂੰ ਪੈ ਰਹੀ ਹੈ। ਇਸ ਕੁਨੈਕਟਰ ਵਿੱਚ ਵੋਟਾਂ ਪੈਣ ਤੋਂ ਪਹਿਲਾਂ ਪ੍ਰੋਗਰਾਮ ਲੋਡ ਕੀਤਾ ਜਾਂਦਾ ਹੈ। ਇਸ ਮੌਕੇ ਹੀ ਮਨਮਰਜ਼ੀ ਕੀਤੀ ਜਾ ਸਕਦੀ ਹੈ।

ਵਿਰੋਧੀ ਧਿਰਾਂ ਨੇ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਵੀ ਵੋਟਿੰਗ ਮਸ਼ੀਨਾਂ ਰਾਹੀਂ ਗੜਬੜ ਹੋਣ ਦੀਆਂ ਸ਼ੰਕਾਵਾਂ ਪ੍ਰਗਟ ਕੀਤੀਆਂ ਸਨ। ਉਸ ਸਮੇਂ 19 ਲੱਖ ਮਸ਼ੀਨਾਂ ਗਾਇਬ ਹੋਣ ਦੀਆਂ ਖ਼ਬਰਾਂ ਛਪੀਆਂ ਸਨ। ਚੋਣ ਕਮਿਸ਼ਨ ਹਮੇਸ਼ਾ ਈ. ਵੀ. ਐਮ. ਮਸ਼ੀਨਾਂ ਬਾਰੇ ਖੰਡਨ ਕਰਦਾ ਰਿਹਾ ਹੈ। ਹੁਣ ਸਪਾ ਪ੍ਰਧਾਨ ਅਖਿਲੇਸ਼ ਯਾਦਵ ਨੇ ਯੂ ਪੀ ਵਿੱਚ 800 ਮਸ਼ੀਨਾਂ ਅੱਗ ਵਿੱਚ ਸੜ ਜਾਣ ਦਾ ਮੁੱਦਾ ਉਠਾ ਕੇ ਮਸ਼ੀਨਾਂ ਦੀ ਦੁਰਵਰਤੋਂ ਦਾ ਸ਼ੱਕ ਜ਼ਾਹਰ ਕੀਤਾ ਹੈ। ਹੁਣ ਇਹ ਮਸਲਾ ਗੰਭੀਰ ਰੂਪ ਹਾਸਲ ਕਰਦਾ ਨਜ਼ਰ ਆ ਰਿਹਾ ਹੈ। ਚੋਣ ਕਮਿਸ਼ਨ ਨੂੰ ਇਸ ਦੀ ਸਚਾਈ ਸਾਹਮਣੇ ਲਿਆਉਣੀ ਚਾਹੀਦੀ ਹੈ।

***

## ਜਾਤੀ ਜਨਗਣਨਾ ਦੀ ਮੁਹਿੰਮ

ਸਾਡਾ ਮੰਨਣਾ ਹੈ ਕਿ ਇਸ ਦੀ ਵਰਤੋਂ ਸਮਾਜ ਦੇ ਬਹੁਪੱਖੀ ਵਿਕਾਸ ਲਈ ਹੋਵੇ। ਇਹ ਕਰਦਿਆਂ ਸਭ ਧਿਰਾਂ ਇਹ ਯਕੀਨੀ ਬਣਾਉਣ ਕਿ ਇਸ ਕਾਰਨ ਸਮਾਜਿਕ ਸਦਭਾਵ ਤੇ ਏਕਤਾ ਖੰਡਤ ਨਾ ਹੋਵੇ।'

ਅਸਲ ਵਿੱਚ ਸੰਘ ਨੂੰ ਲੱਗਣ ਲੱਗ ਪਿਆ ਹੈ ਕਿ ਹਿੰਦੂ-ਮੁਸਲਿਮ ਵਾਲੀ ਰਾਜਨੀਤੀ ਹੁਣ ਅੱਗੇ ਚੱਲਣ ਵਾਲੀ ਨਹੀਂ ਹੈ। ਰਾਮ ਮੰਦਰ ਦੇ ਉਦਘਾਟਨ ਤੋਂ ਬਾਅਦ ਇਹ ਮੁੱਦਾ ਵੀ ਖ਼ਤਮ ਹੋ ਜਾਣਾ ਹੈ। ਗਿਆਨਵਾਪੀ ਮਸਜਿਦ ਦੇ ਮੁੱਦੇ ਨੂੰ ਲੋਕਾਂ ਦਾ ਉਹ ਹੁੰਗਾਰਾ ਨਹੀਂ ਮਿਲਿਆ, ਜੋ ਰਾਮ ਜਨਮ ਭੂਮੀ ਨੂੰ ਮਿਲਿਆ ਸੀ। 'ਇੰਡੀਆ' ਗੱਠਜੋੜ ਨੇ ਜਾਤੀ ਜਨਗਣਨਾ ਦੇ ਸੁਆਲ ਨੂੰ ਆਪਣੀ ਚੋਣ ਮੁਹਿੰਮ ਦਾ ਮੁੱਖ ਮੁੱਦਾ ਬਣਾਇਆ ਹੋਇਆ ਹੈ। ਅਜਿਹੇ ਵਿੱਚ ਸੰਘ ਨੂੰ ਜਾਪ ਰਿਹਾ ਹੈ ਕਿ ਜਾਤੀ ਜਨਗਣਨਾ ਦਾ ਵਿਰੋਧ ਉਸ ਲਈ ਭਾਰੀ ਪੈ ਸਕਦਾ ਹੈ। ਸੰਘ ਨੂੰ ਇਹ ਵੀ ਡਰ ਹੈ ਕਿ ਜੇਕਰ ਜਾਤੀ ਜਨਗਣਨਾ ਦਾ ਸੁਆਲ ਭਖ ਪਿਆ ਤਾਂ ਇਹ ਉਸ ਦੀ ਨਫ਼ਰਤੀ ਮੁਹਿੰਮ ਦਾ ਭੋਗ ਪਾ ਦੇਵੇਗਾ। ਜਾਤੀ ਦੇ ਸੁਆਲ ਉੱਤੇ ਲੋਕਾਂ ਵਿੱਚ ਪੈਦਾ ਹੋ ਰਹੀ ਚੇਤਨਾ ਦਾ ਹਿੰਦੀ ਪੱਟੀ ਦੇ ਤਿੰਨ ਰਾਜਾਂ ਦੀਆਂ ਹਾਲੀਆ ਵਿਧਾਨ ਸਭਾ ਚੋਣਾਂ ਵਿੱਚ ਵੀ ਝਲਕਾਰਾ ਦੇਖਣ ਨੂੰ ਮਿਲਿਆ ਹੈ। ਰਾਜਸਥਾਨ ਤੇ ਮੱਧ ਪ੍ਰਦੇਸ਼ ਵਿੱਚ ਨਵੀਂ ਬਣੀ ਭਾਰਤ ਆਦਿਵਾਸੀ ਪਾਰਟੀ ਚਾਰ ਸੀਟਾਂ ਜਿੱਤ ਗਈ ਤੇ ਦੋ ਦਰਜਨ ਸੀਟਾਂ ਵਿੱਚ ਭਾਰੀ ਗਿਣਤੀ ਵਿੱਚ ਵੋਟਾਂ ਲੈਣ ਵਿੱਚ ਕਾਮਯਾਬ ਹੋ ਗਈ ਸੀ। ਇਸੇ ਤਰ੍ਹਾਂ ਗੋਂਡਵਾਨਾ ਗਣਤੰਤਰ ਪਾਰਟੀ ਨੂੰ ਛੱਤੀਸਗੜ੍ਹ ਵਿੱਚ ਭਾਰੀ ਸਮਰਥਨ ਮਿਲਿਆ ਸੀ। ਦਲਿਤਾਂ ਦੀ ਨਵੀਂ ਬਣੀ ਅਜ਼ਾਦ ਸਮਾਜ ਪਾਰਟੀ ਰਾਜਸਥਾਨ ਵਿੱਚ ਦੋ ਸੀਟਾਂ 'ਤੇ ਦੂਜੇ ਥਾਂ ਆਉਣ ਵਿੱਚ ਸਫ਼ਲ ਹੋ ਗਈ।

ਜਾਤੀ ਜਨਗਣਨਾ ਬਾਰੇ ਸੰਘ ਦੇ ਬਦਲੇ ਸਟੈਂਡ ਤੋਂ ਬਾਅਦ ਭਾਜਪਾ ਨੇ ਵੀ ਪੈਂਤੜਾ ਬਦਲ ਲਿਆ ਹੈ। ਭਾਜਪਾ ਨੂੰ ਪਤਾ ਲੱਗ ਗਿਆ ਹੈ ਕਿ ਜਾਤੀ ਜਨਗਣਨਾ ਦਾ ਵਿਰੋਧ ਅੱਗੇ ਦੀ ਰਾਜਨੀਤੀ ਵਿੱਚ ਸੰਭਵ ਨਹੀਂ ਹੈ। ਇਹੋ ਨਹੀਂ ਭਾਜਪਾ ਨੇ ਘੱਟਗਿਣਤੀਆਂ ਤੇ ਹਿੰਦੂ ਰਾਸ਼ਟਰ ਬਾਰੇ ਵੀ ਆਪਣੇ ਪ੍ਰਚੱਲਤ ਸਟੈਂਡ ਤੋਂ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਬਰਤਾਨੀਆ ਦੇ ਅਖ਼ਬਾਰ 'ਫਾਇਨੈਂਸ਼ੀਅਲ ਟਾਈਮਜ਼' ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਕਿਹਾ ਹੈ, "ਜੋ ਲੋਕ ਭਾਰਤ ਦੇ ਲੋਕਤੰਤਰ ਤੇ ਸੰਵਿਧਾਨ ਬਾਰੇ ਸੁਆਲ ਖੜੇ ਕਰਦੇ ਹਨ, ਉਹ ਜ਼ਮੀਨੀ ਹਕੀਕਤ ਤੋਂ ਦੂਰ ਹਨ। ਸੰਵਿਧਾਨ ਨੂੰ ਬਦਲਣ ਦੀ ਕਿਸੇ ਵੀ ਗੱਲ ਦਾ ਕੋਈ ਅਰਥ ਨਹੀਂ ਹੈ।"

ਪ੍ਰਧਾਨ ਮੰਤਰੀ ਦੇ ਇਸ ਬਿਆਨ ਵਿੱਚ ਕਈ ਗੱਲਾਂ ਛੁਪੀਆਂ ਹੋਈਆਂ ਹਨ। ਭਾਜਪਾ ਆਗੂ ਹੁਣ ਤੱਕ ਸੰਵਿਧਾਨ ਬਦਲਣ, ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨਣ ਤੇ ਸੰਵਿਧਾਨ ਵਿੱਚੋਂ ਸੈਕੂਲਰ ਸ਼ਬਦ ਹਟਾਉਣ ਦੀ ਮੰਗ ਕਰਦੇ ਰਹੇ ਹਨ। ਹੁਣ ਜਦੋਂ ਮੋਦੀ ਨੇ ਇਨ੍ਹਾਂ ਗੱਲਾਂ ਦਾ ਖੰਡਨ ਕਰ ਦਿੱਤਾ ਹੈ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਇਸ ਪਿੱਛੇ 2024 ਦੀਆਂ ਲੋਕ ਸਭਾ ਚੋਣਾਂ ਦੀ ਹਾਰ ਦਾ ਡਰ ਛੁਪਿਆ ਹੋਇਆ ਹੈ।

ਇਨ੍ਹਾਂ ਸਾਰੇ ਬਿਆਨਾਂ ਪਿੱਛੇ ਸੰਘ ਤੇ ਭਾਜਪਾ ਦੀ ਬੇਈਮਾਨ ਸਿਆਸਤ ਛੁਪੀ ਲੱਭਦੀ ਹੈ। ਉਨ੍ਹਾਂ ਲਈ ਚੋਣਾਂ ਜਿੱਤਣਾ ਹੀ ਮੁੱਖ ਮਕਸਦ ਹੈ। ਇਸ ਲਈ ਉਹ ਹਾਲ ਦੀ ਘੜੀ ਆਪਣੇ ਸਭ ਵਿਵਾਦਤ ਮੁੱਦੇ ਪਿੱਛੇ ਰੱਖ ਰਹੇ ਹਨ।

***

## ਸਖ਼ਤ ਮਿਹਨਤ ਤੇ ਜਜ਼ਬੇ ਨਾਲ

ਇਨ੍ਹਾਂ ਦੀ ਵਰਤੋਂ ਦੇ ਨਾਲ ਮਨੁੱਖ ਨੂੰ ਫ਼ੇਫ਼ੜਿਆਂ ਦਾ ਕੈਂਸਰ, ਨਾਮਰਦੀ, ਦਿਲ ਦਾ ਫ਼ੇਲ੍ਹ ਹੋਣਾ ਆਦਿ ਰੋਗ ਲੱਗ ਜਾਂਦੇ ਹਨ ਤੇ ਮਨੁੱਖ ਖੁਸਰਿਆਂ ਵਰਗੀਆਂ ਹਰਕਤਾਂ 'ਤੇ ਉੱਤਰ ਆਉਂਦੇ ਹਨ। ਔਰਤਾਂ ਵਿੱਚ ਬੱਚੇਦਾਨੀ ਦਾ ਕੈਂਸਰ, ਬਾਂਝਪਨ, ਮਾਹਵਾਰੀ ਦਾ ਬੰਦ ਹੋਣਾ ਤੇ ਛਾਤੀ ਚੌੜੀ ਹੋਣ ਵਰਗੇ ਭਿਆਨਕ ਰੋਗ ਲੱਗ ਜਾਂਦੇ ਹਨ, ਸੈਕਸ ਕਰਨ ਨਾਲ ਦਵਾਈਆਂ ਦੇ ਜੀਨਜ਼ ਇੱਕ ਦੂਜੇ ਵਿੱਚ ਪ੍ਰਵੇਸ਼ ਕਰ ਜਾਂਦੇ ਹਨ, ਜਿਨ੍ਹਾਂ ਨਾਲ ਪੈਦਾ ਹੋਣ ਵਾਲੀ ਸੰਤਾਨ 'ਤੇ ਵੀ ਮਾਰੂ ਅਸਰ ਪੈਂਦਾ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com